ਸ਼ੁੱਕਰਵਾਰ, 5 ਜੂਨ, 2026
22 ਜੇਠ { ਨਾਨਕਸ਼ਾਹੀ 558 / ਬਿਕਰਮੀ 2083 }
ਜਿਲਦ/VOL. : 75
ਅੰਕ/NO. : 4

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 5 JUNE, 2026 ਜਲੰਧਰ

| 'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in

# ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਸਿਮਰਤੀ ਸਮਾਗਮ 'ਤੇ ਵਿਸ਼ੇਸ਼

## ਤਰਾਸ਼ ਦਰ ਤਰਾਸ਼

**ਜਸ ਮੰਡ**

ਅਲਾਵਲਪੁਰ ਵਿਚ ਹਲਵਾਈਆਂ ਦੀਆਂ ਤਾਂ ਕਈ ਦੁਕਾਨਾਂ ਸਨ, ਪਰ ਢਾਬਾ ਇਕੋ ਸੀ। ਏਸ ਢਾਬੇ ਦੇ ਮਾਲਕ, ਪੰਡਤ ਜੀ ਸ਼ੇਅਰ ਓ ਸ਼ਾਇਰੀ ਦਾ ਸ਼ੌਕ ਵੀ ਫਰਮਾਂਦੇ ਸਨ। ਸ਼ਾਮ ਪਈ ਉਨ੍ਹਾ ਨਿੱਕਾ ਜਿਹਾ ਪੈੱਗ ਲਾ ਲੈਣਾ ਤੇ ਫੇਰ ਲੱਭਦੇ ਫਿਰਨਾ ਕੋਈ ਇਹੋ ਜਿਹਾ ਗਾਹਕ, ਜਿਹੜਾ ਉਨ੍ਹਾ ਦੇ ਸ਼ੇਅਰ ਉੱਤੇ ਗੌਰ ਫਰਮਾ ਸਕੇ। ਪੰਡਤ ਜੀ ਤੋਂ ਸੁਣੇ ਸ਼ੇਅਰਾਂ ਵਿਚੋਂ ਇਕ ਸ਼ੇਅਰ ਕੁਝ ਇਸ ਤਰ੍ਹਾਂ ਸੀ:

'ਬੁੱਤੋ, ਸ਼ਾਬਾਸ਼ ਹੈ ਤੁਮ ਪਰ, ਤਰੱਕੀ ਇਸ ਕੋ ਕਹਿਤੇ ਹੈਂ,
ਨਾ ਤਰਸ਼ੇ ਥੇ ਤੋ ਪੱਥਰ ਥੇ, ਜੋ ਤਰਸ਼ੇ ਤੋ ਖੁਦਾ ਠਹਿਰੇ।

ਅੱਜ, ਗੁਰਮੀਤ ਸਿੰਘ ਸ਼ੁਗਲੀ ਦੀ ਪਹਿਲੀ ਬਰਸੀ ਮੌਕੇ, ਜਦੋਂ ਮੈਂ ਉਨ੍ਹਾ ਬਾਰੇ ਕੁਝ ਸ਼ਬਦ ਝਰੀਟਣ ਲਈ ਲੈਪਟੌਪ 'ਤੇ ਬੈਠਿਆ, ਤਾਂ ਉਪਰਲਾ ਸ਼ੇਅਰ ਬਾਰ-ਬਾਰ ਮੇਰੇ ਚੇਤੇ ਵਿਚ ਉੱਭਰ ਰਿਹਾ ਸੀ। ਆਜ਼ਾਦੀ ਤੋਂ ਚਾਰ ਕੁ ਮਹੀਨੇ ਬਾਅਦ ਜਦੋਂ ਚਾਚਾ ਜੀ ਦਾ ਜਨਮ ਹੋਇਆ, ਉਦੋਂ ਮੰਡ ਮੌੜ ਵੀਹ ਕੁ ਕੱਚੇ ਘਰਾਂ ਵਾਲਾ ਪਿੰਡ ਸੀ। ਆਲੇ-ਦੁਆਲੇ ਰੇਤਾ ਦੇ ਐਸੇ ਟਿੱਬੇ, ਜਿਨ੍ਹਾਂ ਵਿਚੀਂ ਸਾਈਕਲ ਵੀ ਉਤਰ ਕੇ ਪਾਰ ਕਰਨਾ ਪੈਂਦਾ ਸੀ। ਬਹੁਤੀ ਜ਼ਮੀਨ ਬਰਾਨੀ ਸੀ, ਜਿਥੇ ਮੂੰਗਫਲੀ ਤੋਂ ਬਿਨਾ ਕੁਝ ਨਹੀਂ ਸੀ ਉਗਦਾ, ਉਹ ਵੀ ਜੇ ਸਿਲ੍ਹਾ ਦੀ ਮਾਰ ਤੋਂ ਬਚੀ ਰਹੇ। ਰਾਤ ਨੂੰ ਰੋਸ਼ਨੀ ਲਈ ਮਿੱਟੀ ਦੇ ਤੇਲ ਜਾਂ ਸਰ੍ਹੋਂ ਦੇ ਤੇਲ ਵਾਲੇ ਦੀਵੇ ਬਾਲ਼ੇ ਜਾਂਦੇ ਸਨ।

ਸ਼ੁਗਲੀ ਹੁਰੀਂ ਤਿੰਨ ਭਰਾ ਤੇ ਸੱਤ ਭੈਣਾਂ ਸਨ। ਉਨ੍ਹਾ ਦੇ ਮਾਂ ਬਾਪ ਨੇ ਕਦੇ ਸਕੂਲ ਦਾ ਮੂੰਹ ਨਹੀਂ ਸੀ ਵੇਖਿਆ। ਕਿਸੇ ਵੀ ਬੇਟੀ ਨੂੰ ਉਨ੍ਹਾਂ ਸਕੂਲ ਨਾ ਭੇਜਿਆ, ਪਰੰਤੂ ਜਦੋਂ ਉਨ੍ਹਾਂ ਦੇ ਵੱਡੇ ਬੇਟੇ ਸੋਹਣ ਸਿੰਘ (ਮੇਰੇ ਪਿਤਾ, ਜਿਹੜੇ ਉਮਰ ਵਿਚ ਸ਼ੁਗਲੀ ਚਾਚਾ ਜੀ ਤੋਂ ਵੀਹ ਸਾਲ ਵੱਡੇ ਸਨ) ਦੀ ਵਾਰੀ ਆਈ, ਤਾਂ ਉਹ ਅੜੀ ਕਰ ਕੇ ਸਕੂਲ ਗਏ। ਦਸਵੀਂ ਪਾਸ ਕਰਨ ਤੋਂ ਬਾਅਦ ਜਦੋਂ ਸੋਹਣ ਸਿੰਘ ਨੂੰ ਖੇਤੀ ਕਰਨ ਲਈ ਆਖਿਆ ਗਿਆ, ਤਾਂ ਉਹ ਘਰੋਂ ਭੱਜ ਕੇ ਦਿੱਲੀ ਚਲੇ ਗਏ। ਸੋਹਣ ਸਿੰਘ, ਬੀ ਏ ਬੀ ਟੀ, ਜਦੋਂ ਹਾਈ ਸਕੂਲ ਦੇ ਹੈੱਡਮਾਸਟਰ ਬਣੇ, ਉਦੋਂ ਉਨ੍ਹਾਂ ਦੀ ਉਮਰ ਮਸਾਂ ਚੌਂਤੀਆਂ ਸਾਲਾਂ ਦੀ ਸੀ। ਜਦੋਂ ਤੱਕ ਸ਼ੁਗਲੀ ਚਾਚਾ ਜੀ ਦੀ ਵਾਰੀ ਆਈ, ਉਦੋਂ ਤੱਕ ਪੜ੍ਹਾਈ ਤੋਂ ਰੋਕਣ ਵਾਲਾ ਤਾਂ ਕੋਈ ਕੀ ਹੋਣਾ ਸੀ, ਉਲਟਾ ਏਸ ਗੱਲ ਦਾ ਦਬਾਅ ਸੀ ਕਿ ਪੜ੍ਹਾਈ ਦਬੱਲ ਕੇ ਕਰੋ! ਏਸ ਦਬਾਅ ਨੂੰ ਸ਼ੁਗਲੀ ਸਾਬ੍ਹ ਮੋਹਰਿਓਂ ਹੋ ਕੇ ਟੱਕਰੇ।

ਦਸਵੀਂ ਵਿਚੋਂ ਸ਼ੁਗਲੀ ਸਾਬ੍ਹ ਨੂੰ ਮਿਲੇ ਨੰਬਰਾਂ ਤੋਂ ਉਨ੍ਹਾ ਦਾ ਵੱਡਾ ਭਰਾ ਖੁਸ਼ ਨਹੀਂ ਸੀ, ਇਸ ਲਈ ਉਨ੍ਹਾ ਨੂੰ ਕਿਸੇ ਕਾਲਜ ਵਿਚ ਉੱਚ ਵਿਦਿਆ ਲਈ ਭੇਜਣ ਦੀ ਬਜਾਏ ਪਾਲੀਟੈਕਨਿਕ ਵਿਚ ਆਰਟਸ ਐਂਡ ਕ੍ਰਾਫਟਸ ਦੇ ਕੋਰਸ ਵਿਚ ਦਾਖਲ ਕਰਵਾ ਦਿੱਤਾ ਗਿਆ। ਇਹ ਕੋਰਸ ਪਾਸ ਕਰਦਿਆਂ ਸਾਰ ਉਨ੍ਹਾਂ ਨੂੰ ਬਿਆਸ ਪਿੰਡ ਹਾਈ ਸਕੂਲ ਵਿਚ ਅਧਿਆਪਕ ਦੀ ਨੌਕਰੀ ਮਿਲ ਗਈ। ਕੁਝ ਦੇਰ ਬਾਅਦ ਉਥੋਂ ਬਦਲ ਕੇ ਉਹ ਅਲਾਵਲਪੁਰ ਹਾਈ ਸਕੂਲ ਵਿਚ ਆਣ ਲੱਗੇ। ਕੋਈ ਆਮ ਬੰਦਾ ਹੁੰਦਾ, ਤਾਂ ਸੋਚਦਾ ਪਈ ਸਕੂਲ ਅਧਿਆਪਕ ਦੀ ਨੌਕਰੀ ਮਿਲ ਗਈ ਹੈ, ਹੋਰ ਕੀ ਚਾਹੀਦਾ, ਪਰ ਸ਼ੁਗਲੀ ਸਾਬ੍ਹ ਦੇ ਅੰਦਰ ਕੋਈ ਚੰਗਿਆੜੀ ਸੁਲਘਦੀ ਸੀ, ਜਿਹੜੀ ਉਨ੍ਹਾ ਨੂੰ ਹੁੱਝਾਂ ਮਾਰ-ਮਾਰ ਕਹਿ ਰਹੀ ਸੀ, ਪਈ ਇਕ ਥਾਂ 'ਤੇ ਖੜੋਤੇ ਰਹਿਣ ਨਾਲ ਦੇਰ-ਸਵੇਰ ਸੜ੍ਹਾਂਦ ਪੈਦਾ ਹੁੰਦੀ ਹੈ, ਪਿੰਡ ਦੀ ਜੂਹ ਨਾਲ ਲਗਦੇ ਨਿੱਕੇ ਜਿਹੇ ਛੱਪੜ ਵਾਂਗ!

ਸ਼ੁਗਲੀ ਨੇ ਗਿਆਨੀ ਦਾ ਕੋਰਸ ਕੀਤਾ, ਤਾਂ ਕਿ ਬਾਦ ਵਿਚ ਪ੍ਰਾਈਵੇਟਲੀ ਬੀ ਏ ਕੀਤੀ ਜਾ ਸਕੇ, ਪਰੰਤੂ ਜਦੋਂ ਗਿਆਨੀ ਦਾ ਕੋਰਸ ਖਤਮ ਹੋਇਆ, ਉਸ ਨੇ ਮਨ ਬਦਲ ਕੇ ਈਵਨਿੰਗ ਕਾਲਜ ਵਿਚ ਰੈਗੂਲਰ ਦਾਖਲਾ ਲੈ ਲਿਆ। ਉਹ ਸ਼ਾਇਦ ਆਪਣੇ ਓਸ ਸੁਪਨੇ ਨੂੰ ਪੂਰਾ ਕਰਨਾ ਚਾਹੁੰਦਾ ਸੀ, ਜਿਹੜਾ ਦਸਵੀਂ ਪਾਸ ਕਰਨ ਤੋਂ ਬਾਅਦ ਅਧੂਰਾ ਰਹਿ ਗਿਆ ਸੀ। ਬੀ ਏ ਕੀਤੀ, ਫੇਰ ਐੱਮ ਏ ਵੀ ਕਰ ਲਈ। ਨੌਕਰੀ ਵੀ ਪ੍ਰਾਈਵੇਟ ਸਕੂਲ ਤੋਂ ਬਦਲ ਕੇ ਸਰਕਾਰੀ ਸਕੂਲ ਵਿਚ ਮਿਲ ਗਈ। ਬੱਬਰ ਸੁਰੈਣ ਸਿੰਘ ਦੀ ਧੀ ਮਹਿੰਦਰ ਕੌਰ ਨਾਲ ਵਿਆਹ ਵੀ ਹੋ ਗਿਆ, ਘਰ ਵਿਚ ਦੋ ਬੇਟੇ ਵੀ ਆ ਗਏ, ਪਰੰਤੂ ਸ਼ੁਗਲੀ ਨੂੰ ਚੈਨ ਅਜੇ ਵੀ ਨਹੀਂ ਸੀ ਪਈ। ਹੁਣ ਉਸ ਨੇ ਵਕਾਲਤ ਦਾ ਕੋਰਸ ਕੀਤਾ ਅਤੇ ਐੱਲ. ਐੱਲ. ਬੀ. ਦੀ ਡਿਗਰੀ ਮਿਲਦੇ ਸਾਰ ਹੀ ਸਰਕਾਰੀ ਨੌਕਰੀ ਨੂੰ ਅਲਵਿਦਾ ਕਹਿ ਕੇ ਜਲੰਧਰ ਦੀਆਂ ਕਚਹਿਰੀਆਂ ਵਿਚ ਵਕਾਲਤ ਕਰਨੀ ਸ਼ੁਰੂ ਕਰ ਦਿੱਤੀ। ਆਲੇ-ਦੁਆਲੇ ਦੇ ਪਿੰਡਾਂ ਵਿਚ ਉਸ ਦੀ ਵਾਹਵਾ (☛ ਬਾਕੀ ਸਫ਼ਾ 14 'ਤੇ)



## ਇੱਕ ਅੰਦਾਜ਼ ਦਾ ਨਾਂਅ ਸੀ ਐਡਵੋਕੇਟ ਸ਼ੁਗਲੀ

**ਸਤਨਾਮ ਚਾਨਾ**

15 ਜੂਨ ਗੁਰਮੀਤ ਸਿੰਘ ਸ਼ੁਗਲੀ ਨੂੰ ਯਾਦ ਕਰਨ ਦਾ ਹੀ ਦਿਨ ਨਹੀਂ, ਸਗੋਂ ਇਹ ਵੀ ਯਾਦ ਰੱਖਣ ਦਾ ਦਿਨ ਹੈ ਕਿ ਉਨ੍ਹਾਂ ਆਪਣੇ ਜੀਵਨ 'ਚ ਕੀ ਕੀਤਾ ਤੇ ਉਹ ਕੀ ਕਹਿੰਦੇ ਸੀ। ਉਨ੍ਹਾਂ ਸਾਰੀ ਉਮਰ ਜੋ ਵੀ ਕੀਤਾ, ਕਿਰਤ ਦੀ ਕਦਰ ਉੱਚੀ ਕਰਨ ਲਈ ਕੀਤਾ ਤੇ ਉਹ ਜੋ ਵੀ ਕਹਿੰਦੇ, ਉਹਦਾ ਪ੍ਰਸੰਗ ਹਮੇਸ਼ਾ ਮਾਨਵਤਾ ਹੁੰਦਾ ਸੀ। ਰਿਸ਼ਤਿਆਂ 'ਚ ਅਸੂਲ ਦੇ ਪੱਕੇ ਤੇ ਹਿੱਕ ਤਾਣ ਕੇ ਦੋਸਤੀ ਨਿਭਾਉਣ ਵਾਲੇ, ਦੁਬਿਧਾ ਤੋਂ ਦੂਰ। ਸ਼ੁਗਲੀ ਦੀ ਸਪੱਸ਼ਟਤਾ ਸਾਰਿਆਂ ਲਈ ਅਪਣਾਉਣ ਹੈ।

ਗੁਰਮੀਤ ਸਿੰਘ ਸ਼ੁਗਲੀ ਨੇ ਪਹਿਲਾਂ ਪੰਜਾਬ ਛੱਡਿਆ, ਫਿਰ ਧਰਤੀ ਹੀ ਛੱਡ ਗਿਆ, ਪਰ ਉਹਦੇ ਪਰਵਾਰ ਨੇ 5 ਜੂਨ ਨੂੰ ਉਹਦੀ ਜ਼ਿੰਦਗੀ ਦਾ 'ਜਸ਼ਨ ਮਨਾਉਣ' ਲਈ ਸਾਕ-ਸੰਬੰਧੀਆਂ ਅਤੇ ਮੇਰੇ ਵਰਗੇ ਮਿੱਤਰਾਂ ਨੂੰ ਬੁਲਾਇਆ ਹੈ। ਇਹ ਦੁਨੀਆ ਨਾਲੋਂ ਹਟਵਾਂ ਹੈ, ਕਿਉਂਕਿ ਉਹ ਦੁਨੀਆ ਵਰਗਾ ਨਹੀਂ ਸੀ। ਮੌਤ ਸ਼ਰਮਿੰਦਾ ਹੈ ਕਿ ਉਹ ਸ਼ੁਗਲੀ ਨੂੰ ਸੰਸਾਰ ਵਿੱਚੋਂ ਨਹੀਂ ਲਿਜਾ ਸਕੀ।

ਕੁਝ ਦਿਨਾਂ ਬਾਅਦ ਹੀ ਗੁਰਮੀਤ ਸਿੰਘ ਸ਼ੁਗਲੀ ਨੇ ਅਮਰੀਕਾ ਚਲੇ ਜਾਣਾ ਸੀ, ਜਦੋਂ ਅਜੈ ਯਾਦਵ ਨੇ ਮੈਨੂੰ ਘਰੋਂ ਚੁੱਕਿਆ ਅਤੇ ਸ਼ੁਗਲੀ ਦੇ ਪਿੰਡ ਉਹਦੇ ਗ੍ਰੀਨ ਹਾਊਸ ਵਿੱਚ ਲੈ ਗਿਆ। ਉਸ ਦਿਨ ਅਸੀਂ ਉਹਦੀ ਹਰੇ ਰੰਗ ਦੀ ਰਮਣੀਕ ਝੌਂਪੜੀ ਵਿੱਚ ਨਹੀਂ ਬੈਠੇ, ਗ਼ਰਮੀ ਸੀ, ਸਗੋਂ ਝੌਂਪੜੀ ਜਿੱਡੇ ਕਮਰੇ ਵਿੱਚ ਸੋਫਿਆਂ 'ਤੇ ਬੈਠੇ। ਸ਼ੁਗਲੀ ਦੇ ਉੱਸਲਵੱਟੇ ਦੱਸਦੇ ਸਨ, ਜਿਵੇਂ ਤਖ਼ਤਪੋਸ਼ ਉਹਨੂੰ ਚੁੱਭ ਰਿਹਾ ਹੋਵੇ। ਵਿਲਾਇਤੀ ਮਿਆਰ ਦਾ ਦੇਸੀ ਬੰਦਾ। ਚੁਟਕਲਿਆਂ ਵਿੱਚ ਚਿੰਤਨ ਅਤੇ ਹਾਸਿਆਂ ਵਿੱਚ ਹਿੰਮਤ ਝਲਕਦੀ ਸੀ। ਉਹ ਪੰਜਾਬੀਅਤ ਦਾ ਮਾਵੀਕਰਨ ਸੀ, ਜਿਸ ਵਿੱਚੋਂ ਪੂਰਾ ਸਮਾਜ ਝਲਕਦਾ ਸੀ। ਉਹ ਆਪ ਪਿੰਡ ਵਿੱਚ ਨਹੀਂ, ਸਗੋਂ ਪਿੰਡ ਉਹਦੇ ਵਿੱਚ ਵਸਦਾ ਸੀ। ਸ਼ੁਗਲੀ ਦੀ ਮਾਂ ਅਤੇ ਸ਼ੁਗਲੀ ਦਾ ਪਿੰਡ ਸ਼ੁਗਲੀ ਦੇ ਲਹੂ ਵਿੱਚ ਸੰਚਾਰ ਕਰਦਾ ਸੀ। ਭਾਵੁਕਤਾ ਵਿੱਚ ਉਹਨੂੰ ਪਰਵਾਰਕ ਅਤੇ ਸਮਾਜਿਕ ਜੀਵਨ ਦੀ ਸੁਖਾਂਤਕ ਅਤੇ ਦੁਖਾਂਤਕ ਕਹਾਣੀ ਦਾ ਪਾਤਰ ਬਣਿਆ ਦੇਖਿਆ ਜਾ ਸਕਦਾ ਸੀ। ਉਸ ਦਿਨ ਅਸੀਂ ਸਾਰੀ ਦੁਪਹਿਰ ਗੁਜ਼ਾਰੀ। ਖਾਣੇ ਨੇ ਬੈਠਕ ਨੂੰ ਹੋਰ ਵੀ ਲਜ਼ੀਜ਼ ਕਰ ਦਿੱਤਾ ਸੀ।

ਗੁਰਮੀਤ ਸਿੰਘ ਸ਼ੁਗਲੀ ਅਤੇ ਮੈਂ ਇੱਕ-ਦੂਜੇ ਦੇ ਨੇੜੇ ਉਦੋਂ ਹੋਏ ਸੀ, ਜਦੋਂ ਉਹ ਆਰੀਆ ਹਾਈ ਸਕੂਲ ਅਲਾਵਲਪੁਰ ਵਿੱਚ ਡਰਾਇੰਗ ਮਾਸਟਰ ਸੀ। ਇੱਕ ਮਿਸ਼ਨ ਸੀ, ਇੱਕ ਵਿਚਾਰਧਾਰਾ ਸੀ, ਜਿਹੜੀ ਮੈਨੂੰ ਜੰਡਿਆਲਾ ਮੰਜਕੀ ਤੋਂ ਤੋਰ ਕੇ ਅਲਾਵਲਪੁਰ ਤੱਕ ਲੈ ਆਈ ਸੀ। ਫਿਰ ਅਸੀਂ ਸੰਘਰਸ਼ ਦੇ ਸਾਥੀ ਬਣ ਗਏ, ਸੰਘਰਸ਼ੀਆਂ ਦੇ ਵੱਡੇ ਕਾਫਲੇ ਦੇ ਹਮਸਫ਼ਰ। ਇੱਕ ਤੋਂ ਬਾਅਦ ਮੋਰਚਾ ਅਤੇ ਇੱਕ ਤੋਂ ਬਾਅਦ ਇੱਕ ਟ੍ਰੇਨਿੰਗ ਕੈਂਪ ਅਤੇ ਸਕੂਲ, ਇਕੱਠੇ ਹੀ ਇਕੱਠੇ। ਇਨ੍ਹਾਂ ਸੰਘਰਸ਼ਾਂ ਵਿੱਚੋਂ ਹੀ ਝਕਾਨੀ ਦੇ ਕੇ ਸ਼ੁਗਲੀ ਇੱਕ ਤੋਂ ਬਾਅਦ ਇੱਕ ਡਿਗਰੀ ਪਾਸ ਕਰਦਾ ਗਿਆ। ਵਕੀਲ ਬਣ ਗਿਆ ਅਤੇ ਜਲਦੀ ਹੀ ਵਕੀਲਾਂ ਦੀਆਂ ਮਹਿਫਲਾਂ ਦਾ ਸ਼ਾਹਸਵਾਰ, ਪਰ ਉਹਦੀ ਗੁੜ੍ਹੀ ਹੋਈ ਵਕਾਲਤ, ਉਹਦੀ ਵਿਰਾਸਤੀ ਵਿਚਾਰਧਾਰਾ ਵਿਰੁੱਧ ਲੜ ਕੇ ਮੁਕੱਦਮਾ ਜਿੱਤ ਨਾ ਸਕੀ। ਗੁਰਮੀਤ ਸਿੰਘ ਸ਼ੁਗਲੀ, ਨਿਰਸੰਦੇਹ, ਇੱਕੋ-ਇੱਕ ਵਕੀਲ ਹੈ, ਜਿਹੜਾ ਆਮ ਲੋਕਾਂ ਨੂੰ ਸਲਾਹ ਦਿੰਦਾ ਹੈ ਕਿ ਉਹ ਵਕੀਲਾਂ ਦੇ ਵੱਸ ਨਾ ਪੈਣ। ਥਾਣੇ-ਕਚਹਿਰੀਆਂ ਤੋਂ ਬਚਣ। ਉਹਨੇ ਮੂੜ੍ਹ ਪੇਂਡੂਆਂ ਲਈ ਪਹਿਲਾਂ 'ਕਨੂੰਨੀ ਨੁਕਤੇ ਤੇ ਆਮ ਆਦਮੀ' ਕਿਤਾਬ ਲਿਖੀ ਅਤੇ ਫਿਰ 'ਪੇਂਡੂ ਆਬਾਦੀ ਲਈ ਕਨੂੰਨੀ ਰਾਹ' ਕਿਤਾਬ ਲਿਖੀ। ਐਡਵੋਕੇਟ ਸ਼ੁਗਲੀ ਨੇ ਜਿਸ ਸਾਦਗੀ ਨਾਲ ਕਾਨੂੰਨ ਸਮਝਾਏ ਹਨ, ਉਸ ਤੋਂ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਜੇਕਰ ਇਹ ਕਿਤਾਬਾਂ ਪਿੰਡਾਂ ਤੱਕ ਪਹੁੰਚ ਜਾਣ ਤਾਂ ਖਾਹਮੁਖਾਹ ਦੇ ਝਗੜੇ ਆਪਣੇ-ਆਪ ਹੀ ਖ਼ਤਮ ਹੋ ਜਾਣਗੇ। ਅਦਾਲਤਾਂ ਦਾ ਬਹੁਤਾ ਕੰਮ ਪੰਚਾਇਤਾਂ ਸੰਵਾਰ ਦੇਣਗੀਆਂ। ਗੁਰਮੀਤ ਸਿੰਘ ਸ਼ੁਗਲੀ ਰਵਾਇਤੀ ਅਰਥਾਂ ਵਾਲਾ ਵਕੀਲ ਨਹੀਂ ਸੀ, ਸਗੋਂ ਸਮਾਜੀ ਇਨਸਾਫ ਦੀ ਜੰਗ ਦਾ ਯੋਧਾ ਸੀ, ਜਿਹੜਾ ਆਪਣੀ ਵਕਾਲਤ ਨੂੰ ਵੀ ਇਸੇ ਜੰਗ ਵਿੱਚ ਹੀ ਝੋਕਣਾ ਚਾਹੁੰਦਾ ਸੀ।

ਗੁਰਮੀਤ ਸਿੰਘ ਸ਼ੁਗਲੀ ਸੰਘਰਸ਼ ਹੀ ਨਹੀਂ ਸੀ, ਸਗੋਂ ਇੱਕ ਅੰਦਾਜ਼ ਸੀ, ਜਿਹੜਾ ਦੁਖਾਂਤ ਦਾ ਮਜ਼ਾਕ ਅਤੇ ਮਜ਼ਾਕ ਦਾ ਫਲਸਫਾ ਬਣਾ ਸਕਦਾ ਸੀ। ਉਹ ਮਜ਼ਾਕ ਵਿੱਚ ਉਹ ਗੱਲ ਵੀ ਕਹਿ ਸਕਦਾ ਸੀ, ਜਿਹੜੀ ਆਮ ਭਾਸ਼ਾ ਵਿੱਚ ਕੀਤਿਆਂ ਝਗੜੇ ਦਾ ਖ਼ਤਰਾ ਪੈਦਾ ਕਰ ਸਕਦੀ ਹੈ। ਸਰੋਤਾ ਸਗੋਂ ਉਹਦਾ ਰਸ ਮਾਣਦਾ ਸੀ। ਜਿਸ ਵਹਿਮ-ਭਰਮ ਨੂੰ ਵਿਗਿਆਨਕ ਦਲੀਲ ਦੂਰ ਨਹੀਂ ਕਰ ਸਕਦੀ, ਸ਼ੁਗਲੀ (☛ ਬਾਕੀ ਸਫ਼ਾ 14 'ਤੇ)

## ਕਾਹਦੀ ਕਾਹਲ ਸੀ ਤੁਹਾਨੂੰ ਏਨੀ ਜਲਦੀ ਜਾਣ ਦੀ ਡੈਡ?

**ਰਮਨਜੀਤ ਮੰਡ**

ਡੇਢ ਮਹੀਨਾ ਹੋ ਗਿਆ ਤੁਹਾਡੇ ਨਾਲ ਗੱਲ ਨਹੀਂ ਹੋਈ, ਵਿਆਹ ਜਾਂ ਕਿਸੇ ਹੋਰ ਸਮਾਗਮ ਹੋਵੇ ਤੁਹਾਡੀ ਕਾਹਲ ਘਰਦਿਆਂ ਨੂੰ ਪਰੇਸ਼ਾਨ ਕਰਦੀ, ਮੰਮੀ ਆਖਦੀ ਫੀਤਾ ਕੱਟਣਾ ਉੱਥੇ ਜਾ ਕੇ ਅਜੇ ਤਾਂ ਆਪਾਂ ਤੁਹਾਡੇ ਅਮੇਰਿਕਾ ਆਉਣ ਤੋਂ ਬਾਅਦ ਦਿਲ ਭਰ ਕੇ ਗੱਲਾਂ ਵੀ ਨਹੀਂ ਸਨ ਕੀਤੀਆਂ, ਪਹਿਲਾਂ ਤੁਹਾਨੂੰ ਅਮੇਰੀਕਾ ਆਉਣ ਦੀ ਕਾਹਲ ਸੀ, ਕਿਉਂਕਿ ਦੋ ਪੋਤੀਆਂ ਨੂੰ ਤੁਸੀਂ ਪਹਿਲੀ ਵਾਰ ਮਿਲਣਾ ਸੀ, ਮਨਪ੍ਰੀਤ ਨੂੰ ਵੀ ਤੁਸਾਂ ਵਿਦੇਸ਼ੀ ਧਰਤੀ 'ਤੇ ਪਹਿਲੀ ਵਾਰ ਮਿਲਣਾ ਸੀ ਫਿਰ ਕੈਨੇਡਾ ਜਾਣ ਦੀ ਕਾਹਲ ਸੀ, ਪੋਤੇ ਨੂੰ ਵੀ ਵਿਦੇਸ਼ੀ ਧਰਤੀ 'ਤੇ ਪਹਿਲੀ ਵਾਰ ਮਿਲਣਾ ਸੀ, ਫਿਰ ਕੈਨੇਡਾ ਤੋਂ ਵਾਪਸੀ ਸਮੇਂ ਮੰਮੀ ਨੂੰ ਇਹ ਕਹਿਣਾ ਕਿ ਰੋਮੇ ਨੂੰ ਕਹੀਂ ਟਿਕਟ ਛੇਤੀ ਕਰਵਾ ਦੇਵੇ, ਪਿੰਡ ਜਾਣ ਦੀ ਕਾਹਲ। ਅਜੇ ਤਾਂ ਆਪਾਂ ਚਾਰ ਪੰਜ ਘੰਟੇ ਪਹਿਲਾਂ ਇਕੱਠਿਆਂ ਚਾਹ ਪੀਤੀ ਸੀ, ਮੈਨੂੰ ਕੀ ਪਤਾ ਸੀ ਕਿ ਇਹ ਚਾਹ ਤੁਹਾਡੇ ਨਾਲ ਆਖਰੀ ਹੈ, ਬਹੁਤ ਗੱਲਾ ਕਰਨੀਆਂ ਸਨ ਅਜੇ ਤੁਹਾਡੇ ਕੋਲੋਂ ਬਹੁਤ ਕੁਝ ਸਿੱਖਣਾ ਸੀ। ਮੇਰਾ ਪੜ੍ਹਨਾ-ਲਿਖਣਾ ਅਮਰੀਕਾ ਆਉਣ ਤੋਂ ਬਾਅਦ ਛੁੱਟ ਚੁੱਕਿਆ ਸੀ। ਤੁਹਾਡੀਆਂ ਅਮਰੀਕਾ ਫੇਰੀਆਂ ਮੈਨੂੰ ਲੋਕਾਂ ਨਾਲ ਵਿਚਰਨ ਦਾ ਢੰਗ ਸਿਖਾਉਂਦੀਆਂ, ਦੋਸਤ-ਮਿੱਤਰ ਕੀ ਹੁੰਦੇ ਹਨ, ਇਹ ਵੀ ਪਹਿਲੀ ਵਾਰ ਤੁਹਾਡੇ ਤੋਂ ਪਤਾ ਚੱਲਿਆ ਮੌਕਾ ਰਾਜਿੰਦਰ ਦੇ ਵਿਆਹ ਦਾ ਸੀ, ਅਸੀਂ ਯਾਰਾਂ-ਮਿੱਤਰਾਂ ਨੂੰ ਸੱਦਾ ਪੱਤਰ ਲਿਖ ਰਹੇ ਸਾਂ, ਤੁਸੀਂ ਬਾਥਰੂਮ ਉੱਠੇ ਤੇ ਦੇਰ ਰਾਤ ਜਾਗਣ ਦਾ ਕਾਰਨ ਪੁੱਛਿਆ, ਅਸੀਂ ਸਹਿ-ਸੁਭਾਅ ਕਿਹਾ ਕਿ ਡੈਡੀ ਜੀ ਅਸੀਂ ਯਾਦ ਕਰ ਰਹੇ ਹਾਂ ਕਿ ਕੋਈ ਯਾਰ ਬੇਲੀ ਰਹਿ ਨਾ ਜਾਵੇ ਤਾਂ ਤੁਸੀਂ ਆਖਿਆ ਸੌਂ ਜਾਓ, ਜਿਹੜਾ ਤੁਹਾਡੇ ਦਿਮਾਗ 'ਚ ਵਿੱਚ ਨਹੀਂ, ਉਹ ਦੋਸਤ ਬੇਲੀ ਹੋ ਹੀ ਨਹੀਂ ਸਕਦਾ, ਦੋਸਤਾਂ ਨੂੰ ਯਾਦ ਨਹੀਂ ਕਰਨਾ ਪੈਂਦਾ, ਉਹ ਤੁਹਾਡੇ ਜ਼ਿਹਨ 'ਚ ਹੁੰਦੇ ਹਨ, ਪ੍ਰੇਰਨਾਸਰੋਤ ਤੁਹਾਡੇ ਕਈ ਕਿੱਸੇ ਹਨ, ਪਰ ਇੱਕ ਹੋਰ ਘਟਨਾ ਜੋ ਮੈਨੂੰ ਟੁੰਬਦੀ ਹੈ, ਦੀ ਸਾਂਝ ਪਾਉਣਾ ਚਾਹੁੰਦਾ ਹਾਂ। ਦੋ ਭਰਾਵਾਂ ਦਾ ਝਗੜਾ ਸੀ, ਮੈਂ ਤੁਹਾਡੇ ਨਾਲ ਸੀ ਪਹਿਲਾਂ ਆਪਾਂ ਛੋਟੇ ਭਰਾ ਕੋਲ ਗਏ, ਉਸ ਆਖਿਆ ਵੱਡਾ ਬੇਈਮਾਨ ਹੈ, ਉਸ ਨੇ ਮੇਰੇ ਨਾਲ ਫਲਾਣਾ ਫਲਾਣਾ ਕੀਤਾ ਤੇ ਵਿਆਖਿਆ ਕਰਨ ਸਮੇਂ ਵੱਡੇ ਭਰਾ ਨੂੰ ਗਾਲ੍ਹਾਂ ਵੀ ਕੱਢੀਆਂ, ਫਿਰ ਆਪਾਂ ਵੱਡੇ ਭਰਾ ਕੋਲ ਗਏ, ਉਸ ਆਖਿਆ-ਸ਼ੁਗਲੀ ਜਿਵੇਂ ਮਰਜ਼ੀ ਵੰਡ ਕਰਦੇ ਜੇ ਭੋਰਾ ਵੱਧ ਵੀ ਚਲਿਆ ਗਿਆ ਤਾਂ ਛੋਟੇ ਭਰਾ ਕੋਲ ਹੀ ਜਾਣਾ! ਵਾਪਸੀ ਸਮੇਂ ਤੁਸੀਂ ਮੈਨੂੰ ਪੁੱਛਿਆ, ਕੌਣ ਸਹੀ ਆ ਤੇਰੇ ਹਿਸਾਬ ਨਾਲ, ਮੈਂ ਕਿਹਾ ਛੋਟੇ ਨਾਲ ਧੱਕਾ ਹੋਇਆ ਲੱਗਦਾ ਬਹੁਤ ਗੁੱਸੇ ਵਿੱਚ ਸੀ, ਤੁਸਾਂ ਆਖਿਆ ਤੂੰ ਵੱਡੇ ਭਰਾ ਨੂੰ ਇਹ ਕਹਿੰਦਿਆਂ ਨਹੀਂ ਸੁਣਿਆ, ਜਿਵੇਂ ਮਰਜੀ ਵੰਡ ਕਰਦੇ ਸ਼ੁਗਲੀ ਵੱਧ ਵੀ ਚਲ ਗਿਆ, ਤਾਂ ਛੋਟੇ ਭਰਾ ਕੋਲ ਹੀ ਜਾਣਾ ਹੈ, ਬੇਈਮਾਨ ਬੰਦੇ ਦੇ ਇਹ ਬੋਲ ਨਹੀਂ ਹੋ ਸਕਦੇ ਅਜੇ ਤਾਂ ਬਹੁਤ ਕੁਝ ਤੁਹਾਡੇ ਕੋਲ ਸਿੱਖਣਾ ਸੀ ਤੁਸੀਂ ਕੋਲੋ, ਤੁਸੀਂ ਪਹਿਲਾਂ ਹੀ ਹੱਥ ਛੁਡਾ ਲਿਆ। ਕਹਿੰਦੇ ਤਾਂ ਤੁਸੀਂ ਮੰਮੀ ਨੂੰ ਸੀ ਕਿ ਮਿੰਦਰ ਮੇਰਾ ਹੱਥ ਨਾ ਛੱਡੀਂ ਤੇ ਹੱਥ ਤੁਸਾਂ ਖੁਦ ਛੁਡਾ ਲਿਆ।

ਤੁਹਾਡੇ ਅੰਤਮ ਦਰਸ਼ਨਾਂ ਸਮੇਂ ਤੁਹਾਡੇ ਦੋਸਤ ਨੇ ਤੁਹਾਨੂੰ ਦੇਖ ਕਿਹਾ-ਸ਼ੁਗਲੀ ਅੱਜ ਵੀ ਉਦਾਂ ਦਾ ਹੈ, ਜਿਵੇਂ 35-40 ਸਾਲ ਪਹਿਲਾਂ ਹੁੰਦਾ ਸੀ, ਕੁਝ ਨਹੀਂ ਬਦਲਿਆ, ਉਸ ਆਖਿਆ ,ਪਰ ਉਸ ਨੂੰ ਕੀ ਪਤਾ ਕਿ ਸਾਡਾ ਤਾਂ ਸਭ ਕੁਝ ਬਦਲ ਗਿਆ, ਸਾਡੇ ਸਿਰ ਤੋਂ ਪਿਓ ਦਾ ਹੱਥ ਉੱਠ ਚੁੱਕਿਆ ਹੈ। ਤੁਸਾਂ ਸ਼ੁਗਲ 'ਚ ਆਖਦੇ ਸੀ-ਰੋਮਿਆਂ ਤੂੰ ਜ਼ਿੰਮੇਵਾਰ ਕਦੋਂ ਬਨਣਾ, ਤੇਰੇ ਮੈਂ ਆਪਣੇ ਜਿਉਂਦੇ ਜੀ ਪੱਗ ਨਾ ਬੰਨ੍ਹਾ ਦੇਵਾਂ, ਪੁੱਤ ਅਜੇ ਤਾਂ ਜ਼ਿੰਮੇਵਾਰੀ ਲੈਣਾ ਸਿੱਖ ਹੀ ਰਿਹਾ ਸੀ ਕਿ ਤੁਸੀਂ ਹੱਥ ਹੀ ਛੁਡਾ ਲਿਆ, ਨਹੀਂ ਸੀ ਜਾਣਾ ਅਜੇ ਬਾਪੂ ,ਤੁਸੀ ਤਾਂ ਆਪਣੇ ਪਿੰਡ ਜਾਣਾ ਸੀ, ਜਿਹੜਾ ਸ਼ਬਦ ਤੁਹਾਡੇ ਜਿਓਦੇ ਜੀ ਨਹੀਂ ਕਹਿ ਸਕਿਆ, love you,Miss You ਇੱਕ ਅਜਿਹਾ ਖੱਤ ਜਿਹੜਾ ਤੁਹਾਡੇ ਕੋਲ ਕਦੇ ਨਹੀਂ ਪਹੁੰਚਣਾ,

ਤੁਹਾਡਾ ਆਪਣਾ

## ਸ਼ੁਗਲੀ ਸਾਬ੍ਹ ਨੂੰ ਜਿਵੇਂ ਮੈਂ ਜਾਣ ਸਕਿਆ!

**ਨੀਰਜ ਕੌਸ਼ਿਕ, ਐਡਵੋਕੇਟ**

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਜੀ, ਜਿਨ੍ਹਾਂ ਨੂੰ ਆਮ ਤੌਰ 'ਤੇ ਸ਼ੁਗਲੀ ਸਾਬ੍ਹ ਕਹਿ ਕੇ ਪੁਕਾਰਿਆ ਜਾਂਦਾ ਸੀ, ਇੱਕ ਜੀਵੰਤ ਅਤੇ ਦਿਲਚਸਪ ਵਿਰੋਧਾਭਾਸਾਂ ਨਾਲ ਭਰਪੂਰ ਵਿਅਕਤੀ ਸਨ। ਉਹ ਕਈ ਤਰੀਕਿਆਂ ਨਾਲ ਅਨੋਖੇ ਸਨ। ਇੱਕ ਵਕੀਲ ਜਿਸ ਨੇ ਕਾਨੂੰਨ ਨੂੰ ਬੱਚਿਆਂ ਦੀ ਖੇਡ ਬਣਾ ਦਿੱਤਾ। ਇੱਕ ਲੇਖਕ ਜਿਹੜਾ ਲੇਖ ਅਤੇ ਕਿਤਾਬਾਂ ਆਮ ਲੋਕਾਂ ਲਈ ਲਿਖਦਾ ਸੀ, ਨਾ ਕਿ ਭਾਸ਼ਾਈ ਕੌਤਕਾਂ ਦੇ ਮੁਨਾਰਿਆਂ 'ਤੇ ਬੈਠੇ ਵਿਦਵਾਨਾਂ ਲਈ। ਇੱਕ ਅਜਿਹਾ ਵਿਅਕਤੀ ਜੋ ਇੱਕ ਉਦਾਸ ਚਿਹਰਿਆਂ ਨਾਲ ਭਰੇ ਕਮਰੇ ਨੂੰ ਹਾਸੇ-ਖੁਸ਼ੀਆਂ ਨਾਲ ਭਰੀ ਉਜਾਲੀ ਮਹਿਫਲ ਵਿਚ ਬਦਲ ਦਿੰਦਾ ਸੀ ਅਤੇ ਇੱਕ ਬੋਰਿੰਗ ਸਾਥੀ ਨੂੰ ਖੁਸ਼ਨੁਮਾ ਦੋਸਤ ਬਣਾ ਦਿੰਦਾ ਸੀ। ਉਸ ਦੀ ਵਿਅੰਗ-ਸ਼ਕਤੀ ਅਦੁੱਤੀ ਸੀ ਅਤੇ ਉਹ ਚੁਟਕਲੇ ਅਤੇ ਮਜ਼ਾਕੀਆ ਟੋਟਕਿਆਂ ਦਾ ਖਜ਼ਾਨਾ ਸੀ।

ਲੈਨਿਨ ਦੀ ਦਾੜ੍ਹੀ ਵਾਲੇ ਇਸ ਸ਼ਖਸ ਨੂੰ ਜਦੋਂ ਮੈਂ ਪਹਿਲੀ ਵਾਰ ਦੇਖਿਆ, ਉਹ ਸੀਨੀਅਰ ਐਡਵੋਕੇਟ ਦਰਬਾਰਾ ਸਿੰਘ ਢਿੱਲੋਂ ਦੇ ਨਾਲ ਬੈਠਾ ਸੀ, ਜਿਹੜਾ ਉਹ ਸ਼ਖਸ ਸੀ, ਜਿਸ ਦਾ ਮੁਕਾਬਲਾ ਕਰਨ ਲਈ ਸ਼ਸ਼ੀ ਥਰੂਰ ਨੂੰ ਵੀ ਜ਼ੋਰ ਲਾਉਣਾ ਪਵੇ। ਮੈਂ ਸੋਚਿਆ ਕਿ ਇਹ ਬਜ਼ੁਰਗ ਜ਼ਰੂਰ ਵਕੀਲਾਂ ਦਾ ਕੋਈ ਫਿਲਾਸਫ਼ਰ ਹੋਵੇਗਾ, ਪਰ ਸ਼ੁਗਲੀ ਸਾਬ੍ਹ ਨੇ ਮੈਨੂੰ ਹੈਰਾਨ ਕਰ ਦਿੱਤਾ ਜਦੋਂ ਉਨ੍ਹਾਂ ਨੇ ਢਿੱਲੋਂ ਸਾਬ੍ਹ ਦੀ ਹਲਕੀ-ਫੁਲਕੀ ਖਿਚਾਈ ਕਰਕੇ ਉਨ੍ਹਾਂ ਨੂੰ ਚਾਹ ਅਤੇ ਬਿਸਕੁਟ ਆਰਡਰ ਕਰਨ ਲਈ ਮਜਬੂਰ ਕਰ ਦਿੱਤਾ। ਫੇਰ ਮੈਨੂੰ ਪਤਾ ਲੱਗਾ ਕਿ ਇਹ ਉਸ ਦਾ ਰੋਜ਼ ਦਾ ਕੰਮ ਸੀ ਕਿ ਕਿਸੇ ਇਕ ਵਕੀਲ ਨੂੰ ਨਿਸ਼ਾਨਾ ਬਣਾ ਕੇ ਖਿਚਾਈ ਕਰਨੀ ਤਾਂ ਕਿ ਉਹ ਵਕੀਲਾਂ ਦੇ ਵਰਾਂਡੇ ਲਈ ਚਾਹ, ਬਿਸਕੁਟ ਆਰਡਰ ਕਰਨ 'ਤੇ ਮਜਬੂਰ ਹੋ ਜਾਏ।

ਸਮੇਂ ਨਾਲ ਮੈਨੂੰ ਪਤਾ ਲੱਗਾ ਕਿ ਇਹ ਵਿਅਕਤੀ ਆਪਣੀ ਅਨੋਖੀ ਸ਼ਖਸੀਅਤ ਨਾਲ ਹਮੇਸ਼ਾ ਹੈਰਾਨ ਕਰਦਾ ਰਹੇਗਾ। ਉਹ ਇੱਕ ਸਮਾਜਵਾਦੀ ਅਤੇ ਕਾਮਰੇਡ ਸੀ, ਜੋ ਸੱਚ ਨੂੰ ਸੱਚ ਕਹਿੰਦਾ ਸੀ, ਚਾਹੇ ਉਹ ਆਪਣੀ ਵਿਚਾਰਧਾਰਾ ਵਾਲਿਆਂ ਨੂੰ ਹੀ ਕਿਉਂ ਨਾ ਕਹਿਣਾ ਪਵੇ। ਉਸ ਦੀ ਵਿਅੰਗ-ਸ਼ਕਤੀ ਦੀ ਕੋਈ ਸੀਮਾ ਨਹੀਂ ਸੀ, ਪਰ ਉਹ ਆਪਣੇ ਵਿਅੰਗ ਰਾਹੀਂ ਦੂਜਿਆਂ ਨੂੰ ਅਸਹਿਜ ਨਹੀਂ ਸੀ ਕਰਦਾ। ਅਜਿਹਾ ਵਕੀਲ ਜੋ ਜ਼ੀਰੋ ਆਵਰ, ਲੰਚ ਆਵਰ ਜਾਂ ਲੰਚ ਤੋਂ ਬਾਅਦ ਵੀ ਕਦੇ ਕਾਨੂੰਨ ਦੀ ਗੱਲ ਨਹੀਂ ਕਰਦਾ ਸੀ, ਨੇ ਪੰਜ ਤੋਂ ਵੱਧ ਕਿਤਾਬਾਂ ਲਿਖੀਆਂ ਤਾਂ ਜੋ ਇੱਕ ਆਮ ਮੁਕੱਦਮੇਬਾਜ਼ ਜਾਂ ਨਵਾਂ ਨਵਾਂ ਵਕੀਲ ਕਾਨੂੰਨ ਦੀਆਂ ਮੁੱਢਲੀਆਂ ਗੱਲਾਂ ਸਮਝ ਸਕੇ ਅਤੇ ਸਮਾਂ ਅਤੇ ਪੈਸਾ ਬਚਾ ਸਕੇ।

ਇੱਕ ਵਕੀਲ-ਜ਼ਮੀਂਦਾਰ ਹੋਣ ਦੇ ਨਾਤੇ, ਉਸ ਨੇ ਆਪਣੇ ਪਿੰਡ ਦੇ ਇਤਿਹਾਸ, ਭੂਗੋਲ ਅਤੇ ਸਮਾਜ ਸ਼ਾਸਤਰ ਬਾਰੇ ਲਿਖਿਆ, ਜੋ ਮੇਰੇ ਵਿਚਾਰ ਵਿੱਚ ਉਸ ਦੀ ਸਭ ਤੋਂ ਵਧੀਆ ਲਿਖਤ ਹੈ। ਉਸ ਦੇ ਪਾਸ ਹਰ ਕਿਸੇ ਲਈ ਇੱਕ ਮਜ਼ਾਕੀਆ ਟਿੱਪਣੀ ਹੁੰਦੀ ਸੀ ਅਤੇ ਉਹ ਆਪਣੇ-ਆਪ 'ਤੇ ਤਨਜ਼ ਕੱਸ ਕੇ ਗੱਲ ਸ਼ੁਰੂ ਕਰਦਾ ਸੀ, ਜਿਸ ਨਾਲ ਪੂਰਾ ਮਾਹੌਲ ਹੱਸਦਾ-ਖੇਡਦਾ ਰਹਿੰਦਾ ਸੀ।

ਇੱਕ ਗੱਲ ਜੋ ਉਹ ਅਕਸਰ ਮਹਿਸੂਸ ਕਰਦਾ ਸੀ, ਉਹ ਇਹ ਸੀ ਕਿ ਉਸ ਦੇ ਸਭ ਤੋਂ ਵਧੀਆ ਦੋਸਤ ਪਹਿਲਾਂ ਹੀ ਦੂਜੇ ਸੰਸਾਰ ਨੂੰ ਕੂਚ ਕਰ ਚੁੱਕੇ ਸਨ। ਮੇਰੇ ਹਿਸਾਬ ਨਾਲ ਏਥੇ ਉਨ੍ਹਾਂ ਦਾ ਪੁੱਤਰ ਐਡਵੋਕੇਟ ਰਾਜਿੰਦਰ ਮੰਡ ਉਨ੍ਹਾਂ ਦਾ ਸਹਾਈ ਬਣਿਆ, ਜਿਸ ਨੇ ਪਿਛਲੇ ਇਕ ਦਹਾਕੇ ਤੋਂ ਵੱਧ ਸਮੇਂ ਤੱਕ ਉਨ੍ਹਾਂ ਨੂੰ ਦੁਨੀਆਵੀ ਜੀਵਨ ਨਾਲ ਬੰਨ੍ਹੇ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ, ਤਾਂ ਜੋ ਉਹ ਆਪਣੇ ਹਾਸੇ-ਖੁਸ਼ੀ, ਗਿਆਨ ਅਤੇ ਮਜ਼ਾਕ ਨਾਲ ਲੋਕਾਂ ਦੀ ਸੇਵਾ ਕਰ ਸਕਣ। ਪਰ ਹੁਣ ਲੱਗਦਾ ਹੈ ਕਿ ਸ਼ੁਗਲੀ ਸਾਬ੍ਹ ਦੂਜੇ ਸੰਸਾਰ ਵਿੱਚ ਖੁਸ਼ੀਆਂ ਫੈਲਾਉਣ ਵਿੱਚ ਵਧੇਰੇ ਦਿਲਚਸਪੀ ਰੱਖਦੇ ਸਨ। ਵਾਹਿਗੁਰੂ ਤੁਹਾਡੇ 'ਤੇ ਹਮੇਸ਼ਾ ਮਿਹਰ ਭਰਿਆ ਹੱਥ ਰੱਖੇ, ਸ਼ੁਗਲੀ ਸਾਬ੍ਹ!

## ਸ਼ੁਗਲੀ ਜੀ ਨੂੰ ਯਾਦ ਕਰਦਿਆਂ...

**ਸੁਰਿੰਦਰ ਸੋਹਲ**

ਗ਼ਦਰੀ ਬਾਬਿਆਂ ਦੀ ਯਾਦ 'ਚ ਹੋ ਰਹੇ ਇਕ ਸਮਾਗਮ 'ਚ ਲੈਨਿਨ-ਕੱਟ ਦਾਹੜੀ ਵਾਲਾ ਬੰਦਾ ਸਟੇਜ 'ਤੇ ਬੈਠਾ ਦੇਖਿਆ। ਚਿਹਰੇ ਦੀ ਗੰਭੀਰਤਾ ਦੱਸ ਰਹੀ ਸੀ ਕਿ ਇਸ ਅੰਦਰ ਚਿੰਤਨ ਦਾ ਕੋਈ ਦਰਿਆ ਵਗ ਰਿਹਾ ਹੈ। ਜਦੋਂ ਸਟੇਜ ਸੈਕਟਰੀ ਨੇ ਪੇਸ਼ ਕਰਨ ਲਈ ਉਸ ਦਾ ਨਾਂਅ ਲਿਆ 'ਐਡਵੋਕੇਟ ਗੁਰਮੀਤ ਸ਼ੁਗਲੀ' ਤਾਂ ਮੇਰਾ ਭਰਮ-ਭੁਲੇਖਾ ਦੂਰ ਹੁੰਦਾ ਜਾਪਿਆ। ਜਿਸ ਦਾ ਨਾਂਅ ਹੀ 'ਸ਼ੁਗਲੀ' ਹੈ, ਮੈਂ ਉਸ ਬਾਰੇ ਏਨਾ ਗਹਿਰਾ ਕਿਵੇਂ ਸੋਚ ਲਿਆ ਸੀ! ਉਹ ਸਟੇਜ ਵੱਲ ਵਧ ਰਿਹਾ ਸੀ ਤੇ ਮੈਂ ਸੋਚ ਰਿਹਾ ਸਾਂ ਇਹ ਬੰਦਾ ਸਟੇਜ 'ਤੇ ਜਾਏਗਾ, ਦੋ ਚਾਰ-ਮਿੰਟ 'ਸ਼ੁਗਲ' ਮਾਰੇਗਾ, ਗੰਭੀਰ ਭਾਸ਼ਣ ਸੁਣ-ਸੁਣ ਕੇ ਨਿੱਸਲ ਹੋਏ ਸਰੋਤੇ ਖਿੜ-ਖਿੜ ਹੱਸਣਗੇ, ਮੌਰ ਸਿੱਧੇ ਕਰਨਗੇ ਤੇ ਇਹ ਵਕਤਾ ਆਪਣੀ ਸ਼ੁਰਲੀ ਚਲਾ ਕੇ ਤੁਰਦਾ ਬਣੇਗਾ।

ਪਰ ਲੈਨਿਨ-ਕੱਟ ਦਾਹੜੀ ਵਾਲ਼ੇ ਸ਼ੁਗਲੀ ਨੇ ਗੱਲ ਹੀ ਏਥੋਂ ਸ਼ੁਰੂ ਕੀਤੀ- "ਦੋਸਤੋ! ਸੋਚਣ ਵਾਲੀ ਗੱਲ ਇਹ ਐ ਬਈ ਭਗਤ ਸਿੰਘ ਦੇ ਹੱਥੋਂ ਕਿਤਾਬ ਖੋਹ ਕੇ ਪਿਸਤੌਲ ਫੜਾਇਆ ਕਿਹਨੇ? ਭਗਤ ਸਿੰਘ ਨੇ ਤਾਂ ਸਾਰੀ ਉਮਰ ਕਿਤਾਬ ਛੱਡੀ ਨਹੀਂ। ਫਾਂਸੀ ਲੱਗਣ ਤੱਕ ਨਹੀਂ ਛੱਡੀ। ਉਸ ਨੇ ਗੋਲੀ ਜ਼ਿੰਦਗੀ 'ਚ ਸਿਰਫ਼ ਇਕ ਵਾਰ ਚਲਾਈ ਤੇ ਪਿਸਤੌਲ ਉਸਦੇ ਹੱਥ 'ਚ ਹਮੇਸ਼ਾ ਲਈ ਫੜਾ ਦਿੱਤਾ ਗਿਆ।"

ਉਦੋਂ ਤੱਕ ਮੈਨੂੰ ਵੀ ਪਤਾ ਨਹੀਂ ਸੀ ਕਿ ਭਗਤ ਸਿੰਘ ਨੇ ਜੀਵਨ 'ਚ ਗੋਲੀ ਸਿਰਫ ਇਕ ਵਾਰ ਚਲਾਈ ਸੀ। ਉਹ ਸਟੇਜ ਤੋਂ ਬੋਲੀ ਜਾ ਰਿਹਾ ਸੀ, "ਸਾਨੂੰ ਇਹ ਗੱਲ ਲੋਕਾਂ ਨੂੰ ਦੱਸਣੀ ਚਾਹੀਦੀ ਹੈ। ਭਗਤ ਸਿੰਘ ਦੇ ਪਿਸਤੌਲ ਦੀ ਨਹੀਂ, ਉਸਦੇ ਵਿਚਾਰਾਂ ਦੀ ਚਰਚਾ ਕਰਨੀ ਚਾਹੀਦੀ ਹੈ।"

ਸ਼ੁਗਲੀ ਏਨਾ ਗੰਭੀਰ ਹੋਏਗਾ, ਮੈਂ ਤਾਂ ਸੋਚ ਵੀ ਨਹੀਂ ਸੀ ਸਕਦਾ। ਆਪਣੇ ਵਿਸ਼ੇ ਤੇ ਵਿਚਾਰਧਾਰਾ ਪ੍ਰਤੀ ਉਸ ਦੀ ਸਪੱਸ਼ਟਤਾ ਗੂੜ੍ਹਾ ਪ੍ਰਭਾਵ ਛੱਡ ਰਹੀ ਸੀ।

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਨਾਲ਼ ਮੈਂ ਪੰਦਰਾਂ ਮਿੰਟ ਵੀ ਬਿਤਾਏ ਹਨ ਤੇ ਪੰਜ-ਪੰਜ ਘੰਟੇ ਦਾ ਕਾਰ 'ਚ ਸਫ਼ਰ ਵੀ ਕੀਤਾ ਹੈ। ਕਮਾਲ ਦੀ ਗੱਲ ਹੈ ਕਿ ਉਸ ਕੋਲ ਪੰਦਰਾਂ ਮਿੰਟਾਂ 'ਚ ਗੱਲ ਸਮੇਟਣ ਦੀ ਕਲਾ ਵੀ ਹੈ ਅਤੇ ਪੰਜ-ਪੰਜ ਘੰਟੇ ਮਾਹੌਲ ਨੂੰ ਖੁਸ਼ਗਵਾਰ ਬਣਾਈ ਰੱਖਣ ਦਾ ਹੁਨਰ ਵੀ।

ਜ਼ਿਲ੍ਹਾ ਜਲੰਧਰ ਦੇ ਪਿੰਡ ਮੰਡ ਮੌੜ 'ਚ 1947 ਨੂੰ ਉਸ ਦਾ ਜਨਮ ਹੋਇਆ। ਸਾਰੀ ਉਮਰ ਉਸ ਨੇ ਸੰਘਰਸ਼ 'ਚ ਲੰਘਾਈ। 1965 'ਚ 'ਟੀਚਰ ਟਰੇਨਿੰਗ' ਦਾ ਕੋਰਸ ਕਰ ਕੇ ਉਹ ਸਕੂਲ ਮਾਸਟਰ ਬਣ ਗਿਆ। ਨਾਲ ਦੀ ਨਾਲ ਈਵਨਿੰਗ ਕਾਲਜ, ਜਲੰਧਰ 'ਚ ਪਰੈੱਪ 'ਚ ਦਾਖਲ ਹੋ ਗਿਆ। ਦਿਨੇ ਪੜ੍ਹਾਉਂਦਾ। ਸ਼ਾਮ ਨੂੰ ਪੜ੍ਹਦਾ। ਇੰਞ 1971 'ਚ ਬੀ ਏ ਕੀਤੀ। ਫਿਰ ਪੱਤਰ-ਵਿਹਾਰ ਰਾਹੀਂ ਰਾਜਨੀਤੀ ਸ਼ਾਸਤਰ ਦੀ ਐੱਮ ਏ ਤੇ ਫਿਰ ਗਿਆਨੀ ਪਾਸ ਕਰ ਕੇ ਐੱਮ ਏ ਪੰਜਾਬੀ ਵੀ ਕਰ ਲਈ।

ਹੌਲੀ-ਹੌਲੀ ਪਾਉੜੀਆਂ ਚੜ੍ਹਦੇ ਗੁਰਮੀਤ ਸ਼ੁਗਲੀ ਨੂੰ ਪਤਾ ਹੀ ਨਾ ਲੱਗਾ, ਕਦੋਂ ਉਸ ਨੇ ਵਕਾਲਤ ਪਾਸ ਕਰ ਕੇ ਜਲੰਧਰ ਕਚਹਿਰੀਆਂ 'ਚ ਆਪਣਾ ਮੇਜ਼ ਤੇ ਕੁਰਸੀਆਂ ਸੰਗਲ ਨਾਲ ਬੰਨ੍ਹ ਲਈਆਂ।

ਨਾ ਸਿਰਫ ਆਪ ਵਕਾਲਤ ਪਾਸ ਕੀਤੀ, ਸਗੋਂ ਦੋਵੇਂ ਬੇਟੇ ਵੀ ਵਕੀਲ ਬਣਾਏ। ਇਕ ਵਾਰ ਇਕ ਬੰਦਾ ਪੰਜਾਬ 'ਚ ਪੈਟਰੋਲ-ਪੰਪ 'ਤੇ ਤੇਲ ਪਾਉਂਦਾ ਸੀ। ਜਦੋਂ ਸ਼ੁਗਲੀ ਨੂੰ ਉਸ ਦੀ ਪੜ੍ਹਾਈ ਦਾ ਪਤਾ ਲੱਗਾ ਤਾਂ ਉਸ ਨੂੰ ਕਹਿਣ ਲੱਗਾ- 'ਛੱਡ ਤੇਲ ਪਾਉਣਾ। ਆ ਤੈਨੂੰ ਵਕਾਲਤ ਕਰਾ ਦਿਆਂ।'

ਤੇ ਉਹ ਬੰਦਾ ਵੀ ਵਕੀਲ ਬਣ ਗਿਆ।

ਨਿੱਕੇ-ਨਿੱਕੇ ਸ਼ੁਗਲ ਕਰਨ ਦੀ ਆਦਤ ਉਸ ਨੂੰ ਬਚਪਨ ਤੋਂ ਹੀ ਸੀ। ਫਿਰ ਸ਼ੁਗਲੀ ਉਸ ਦਾ ਤਖ਼ੱਲਸ ਨਹੀਂ ਪਛਾਣ ਹੀ ਬਣ ਗਿਆ।

ਕੁਝ ਮਹੀਨੇ ਪਹਿਲਾਂ ਉਸ ਦੀ ਕਿਤਾਬ ਛਪੀ ਸੀ 'ਕਾਨੂੰਨੀ ਨੁਕਤੇ ਤੇ ਆਮ ਆਦਮੀ'। ਇਹ ਕਿਤਾਬ ਦੇਖ ਕੇ ਮੈਨੂੰ ਬੱਸਾਂ 'ਚ ਵਿਕਦੀ ਕਿਤਾਬ 'ਘਰ ਦਾ ਵੈਦ' ਦੀ ਯਾਦ ਆ ਜਾਂਦੀ ਹੈ। ਉਸ ਕਿਤਾਬ ਵਿਚ ਘਰੇਲੂ ਟੋਟਕਿਆਂ ਨਾਲ ਦੰਦ-ਦਾੜ੍ਹ ਦਾ ਦਰਦ, ਸਿਰ-ਦਰਦ, ਬੁਖਾਰ, ਜ਼ੁਕਾਮ ਆਦਿ ਸਾਰੇ ਰੋਗਾਂ ਦਾ ਇਲਾਜ ਸਸਤਾ ਤੇ ਸੌਖਾ ਦੱਸਿਆ ਹੁੰਦਾ ਹੈ। ਸ਼ੁਗਲੀ ਦੀ ਕਿਤਾਬ ਵਿਚ ਲਗਭਗ 54 ਨਿਬੰਧ ਹਨ, ਜਿਹਨਾਂ ਵਿਚ ਆਮ ਬੰਦੇ ਦੇ ਜੀਵਨ ਵਿਚ ਘਟਣ ਵਾਲੀਆਂ ਘਟਨਾਵਾਂ ਨੂੰ ਕਾਨੂੰਨੀ ਨੁਕਤਾ-ਨਿਗਾਹ ਤੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਕੇਸ 'ਚ ਵਰਤੇ ਜਾਣ ਵਾਲੇ ਨੁਕਤਿਆਂ ਨੂੰ ਆਮ ਬੰਦੇ ਦੀ ਬੋਲੀ 'ਚ ਹੀ ਸਮਝਾਇਆ ਗਿਆ ਹੈ। ਕਿਤਾਬ ਪੜ੍ਹ ਕੇ ਸਾਧਾਰਨ ਬੰਦਾ ਵੀ ਅੱਧਾ ਵਕੀਲ ਬਣ ਜਾਂਦਾ ਹੈ। ਇਸ ਕਿਤਾਬ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਪਹਿਲੀ ਗੱਲ ਤਾਂ ਬੰਦਾ ਗਲਤ ਕੰਮ ਕਰਨ ਬਾਰੇ ਸੋਚਦਾ ਹੀ ਨਹੀਂ। ਜੇ ਮਜਬੂਰੀਵਸ ਉਸ ਤੋਂ ਕੋਈ ਅਜਿਹਾ ਕੰਮ ਹੋ ਜਾਂਦਾ ਹੈ ਤਾਂ ਅਦਾਲਤੀ ਲੜਾਈ ਲੜਨ ਲਈ ਕਿਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਹੈ, ਉਸ ਦੀ ਸੋਝੀ ਹੋ ਜਾਂਦੀ ਹੈ।

ਜਿਵੇਂ ਕਿਸੇ ਜ਼ਮਾਨੇ 'ਚ ਯੂਨੀਵਰਸਿਟੀਆਂ ਨੇ ਮਨੋ-ਵਿਗਿਆਨ, ਸਮਾਜ-ਵਿਗਿਆਨ ਆਦਿ ਵਿਸ਼ਿਆਂ ਨਾਲ ਸੰਬੰਧਤ ਕਿਤਾਬਾਂ ਪੰਜਾਬੀ 'ਚ ਲਿਆਉਣ ਦਾ ਉਪਰਾਲਾ ਕੀਤਾ ਸੀ ਸ਼ੁਗਲੀ ਦੀ ਇਹ ਕਿਤਾਬ ਵੀ ਓਹੋ ਜਿਹਾ ਹੀ ਉਪਰਾਲਾ ਹੈ। ਦੂਜੇ ਸ਼ਬਦਾਂ 'ਚ ਜਿਹੜਾ ਕੰਮ ਯੂਨੀਵਰਸਿਟੀਆਂ ਨੂੰ ਕਰਨਾ ਚਾਹੀਦਾ ਸੀ, ਸ਼ੁਗਲੀ ਨੇ ਸ਼ੁਗਲ-ਸ਼ੁਗਲ 'ਚ ਹੀ ਕਰ ਦਿੱਤਾ ਹੈ।



(ਖੱਬਿਓਂ-ਸੱਜੇ) ਗੁਰਮੀਤ ਸ਼ੁਗਲੀ, ਸੰਗੀਤ ਨੂੰ ਸਮਰਪਤ ਸ਼ਖ਼ਸੀਅਤ ਰੀਟਾ ਕੋਹਲੀ, ਪਾਕਿਸਤਾਨ ਵਸਦੀ ਉਰਦੂ-ਪੰਜਾਬੀ ਦੀ ਪ੍ਰਸਿੱਧ ਸ਼ਾਇਰਾ ਰਖਸ਼ੰਦਾ ਨਵੀਦ ਅਤੇ ਨਿਊਯਾਰਕ ਵਸਦੇ ਉਰਦੂ ਦੇ ਪ੍ਰਸਿੱਧ ਸ਼ਾਇਰ ਮਾਮੂਨ ਏਮਨ

ਗੁਰਮੀਤ ਸਿਸ਼ੁਗਲੀ 'ਨਵਾਂ ਜ਼ਮਾਨਾ' ਅਖ਼ਬਾਰ ਚਲਾ ਰਹੀ ਸੰਸਥਾ 'ਅਰਜਨ ਸਿੰਘ ਗੜਗੱਜ ਫਾਊਂਡੇਸ਼ਨ' ਦਾ ਸਕੱਤਰ ਹੈ। ਉਸ ਦੇ ਲੇਖ ਅਕਸਰ ਅਖਬਾਰ 'ਚ ਛਪਦੇ ਰਹਿੰਦੇ ਹਨ। ਉਹ ਪਾਠਕ ਨੂੰ ਸਾਹਮਣੇ ਰੱਖ ਕੇ ਲਿਖਦਾ ਹੈ। ਇਸੇ ਕਰਕੇ ਉਸ ਦੇ ਲੇਖ ਸੰਖੇਪ ਤਾਂ ਹੁੰਦੇ ਹੀ ਨੇ, ਭਾਸ਼ਾ ਵੀ ਅਤਿ ਸਰਲ ਹੁੰਦੀ ਹੈ। ਉਸ ਦਾ ਕਾਲਮ 'ਸੁਲਘਦੇ ਮਸਲੇ' ਲਗਾਤਾਰ ਨਵਾਂ ਜ਼ਮਾਨਾ 'ਚ ਛਪਦਾ ਰਿਹਾ ਹੈ, ਜਿਸ ਦੀ ਪਾਠਕਾਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਜਾਂਦੀ ਰਹੀ ਹੈ।

ਗੁਰਮੀਤ ਸ਼ੁਗਲੀ ਕੋਲ ਗਰੀਨ ਕਾਰਡ ਹੈ। ਉਹ ਛੇ ਮਹੀਨੇ ਇੰਡੀਆ ਰਹਿੰਦਾ ਹੈ, ਛੇ ਮਹੀਨੇ ਆਪਣੇ ਛੋਟੇ ਬੇਟੇ ਰਮਨ ਮੰਡ ਕੋਲ ਨਿਊਯਾਰਕ। ਮਗਰੋਂ ਵਕਾਲਤ ਦਾ ਦਫਤਰ ਉਸ ਦਾ ਐਡਵੋਕੇਟ ਬੇਟਾ ਰਜਿੰਦਰ ਮੰਡ ਸੰਭਾਲਦਾ ਹੈ।

ਗੁਰਮੀਤ ਸ਼ੁਗਲੀ ਬਹੁਤ ਗੰਭੀਰ ਹੈ,ਪਰ ਜਦੋਂ ਉਹ ਮਹਿਫ਼ਲ 'ਚ ਯਾਰਾਂ ਨਾਲ ਖੁੱਲ੍ਹਦਾ ਜਾਂਦਾ ਹੈ ਤਾਂ ਲਤੀਫੇਬਾਜ਼ੀ ਨਾਲ ਮਹਿਫਲ ਲੁੱਟ ਲੈਂਦਾ ਹੈ। ਏਹੋ ਜਿਹੇ ਮਿਹਨਤੀ, ਸਾਫ-ਗੋਅ, ਉਦਮੀ ਅਤੇ ਪ੍ਰੇਰਣਾ ਦੇ ਸਰੋਤ ਬੰਦਿਆਂ ਦੀ ਸਮਾਜ ਨੂੰ ਬਹੁਤ ਲੋੜ ਹੈ।

ਪੋਸਟ-ਸਕ੍ਰਿਪਟ- 5 ਜੂਨ 2025 ਨੂੰ ਉਂਕਾਰ ਸਿੰਘ ਡੁਮੇਲੀ ਦਾ ਫੋਨ ਆਇਆ। ਉਸ ਨੇ ਖ਼ਬਰ ਦਿੱਤੀ-ਗੁਰਮੀਤ ਸਿੰਘ ਸ਼ੁਗਲੀ ਹੋਰਾਂ ਦੀ ਹਾਰਟ-ਅਟੈਕ ਨਾਲ਼ ਮੌਤ ਹੋ ਗਈ ਸੀ। ਉਸ ਦੇ ਜਾਣ ਦਾ ਮੈਨੂੰ ਬਹੁਤ ਦੁੱਖ ਹੋਇਆ। ਮੈਨੂੰ ਆਪਣਾ ਸ਼ਿਅਰ ਵੀ ਯਾਦ ਆਇਆ-

ਚਲਾ ਗਿਆ ਹੈ ਜੋ ਵਾਪਸ ਕਦੇ ਨਹੀਂ ਮੁੜਿਆ,
ਕੋਈ ਤਾਂ ਦਿਲਕਸ਼ੀ ਹੋਵੇਗੀ ਇਸ ਜਹਾਨ ਤੋਂ ਬਾਦ।

## ਜ਼ਿਲ੍ਹਾ ਚੋਣ ਅ.ਫ਼ਸਰ ਵੱਲੋਂ ਸਪੈਸ਼ਲ ਇੰਟੈਂਸਿਵ ਰਵੀਜ਼ਨ ਸੰਬੰਧੀ ਰਾਜਨੀਤਕ ਪਾਰਟੀਆਂ ਨਾਲ ਮੀਟਿੰਗ



**ਕੋਟਕਪੂਰਾ (ਰਛਪਾਲ ਭੁੱਲਰ)**-ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਵੱਲੋਂ ਪੰਜਾਬ ਰਾਜ ਵਿੱਚ ਸਪੈਸ਼ਲ ਇੰਟੈਂਸਿਵ ਰਵੀਜ਼ਨ ਦਾ ਸ਼ਡਿਊਲ ਜਾਰੀ ਕੀਤਾ ਗਿਆ ਹੈ।ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅ.ਫ਼ਸਰ ਸ੍ਰੀ ਰਾਹੁਲ ਚਾਬਾ, ਆਈ.ਏ.ਐੱਸ. ਵੱਲੋਂ ਸਮੂਹ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਗਈ।ਜ਼ਿਲ੍ਹਾ ਚੋਣ ਅ.ਫ਼ਸਰ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਗਏ ਸ਼ਡਿਊਲ ਅਨੁਸਾਰ 25 ਜੂਨ ਤੋਂ 24 ਜੁਲਾਈ ਤੱਕ ਬੂਥ ਲੈਵਲ ਅਫ਼ਸਰਾਂ (ਬੀ.ਐੱਲ.ਓਜ਼) ਵੱਲੋਂ ਘਰ-ਘਰ ਜਾ ਕੇ ਐਨਯੂਮਰੇਸ਼ਨ ਫਾਰਮ ਭਰਾਏ ਜਾਣਗੇ।ਇਸੇ ਸਮੇਂ ਦੌਰਾਨ 24 ਜੁਲਾਈ ਤੱਕ ਪੋਲਿੰਗ ਸਟੇਸ਼ਨਾਂ ਦੀ ਰੈਸ਼ਨਲਾਈਜ਼ੇਸ਼ਨ ਦੀ ਪ੍ਰਕਿਰਿਆ ਵੀ ਮੁਕੰਮਲ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਜਿਨ੍ਹਾਂ ਵੋਟਰਾਂ ਤੋਂ ਐਨਯੂਮਰੇਸ਼ਨ ਫਾਰਮ ਪ੍ਰਾਪਤ ਹੋਣਗੇ, ਉਨ੍ਹਾਂ ਨੂੰ ਵੋਟਰ ਸੂਚੀ ਵਿੱਚ ਸ਼ਾਮਲ ਕਰਨ ਉਪਰੰਤ 3 ਅਗਸਤ 2026 ਨੂੰ ਡਰਾਫਟ ਵੋਟਰ ਸੂਚੀ ਪ੍ਰਕਾਸ਼ਿਤ ਕੀਤੀ ਜਾਵੇਗੀ।ਇਸ ਤੋਂ ਬਾਅਦ 3 ਅਗਸਤ ਤੋਂ 2 ਸਤੰਬਰ ਤੱਕ ਦਾਅਵੇ ਤੇ ਇਤਰਾਜ਼ ਪ੍ਰਾਪਤ ਕੀਤੇ ਜਾਣਗੇ।ਇਸ ਦੌਰਾਨ ਹੀ 3 ਅਗਸਤ ਤੋਂ 28 ਸਤੰਬਰ ਤੱਕ ਪ੍ਰਾਪਤ ਦਾਅਵਿਆਂ ਤੇ ਇਤਰਾਜ਼ਾਂ ਦਾ ਨਿਪਟਾਰਾ ਕੀਤਾ ਜਾਵੇਗਾ।ਜ਼ਿਲ੍ਹਾ ਚੋਣ ਅ.ਫ਼ਸਰ ਨੇ ਕਿਹਾ ਕਿ ਐਸ.ਆਈ.ਆਰ. ਦੌਰਾਨ ਡਰਾਫਟ ਵੋਟਰ ਸੂਚੀ ਵਿੱਚ ਕੀਤੀਆਂ ਗਈਆਂ ਸੋਧਾਂ, ਨਵੀਆਂ ਸ਼ਮੂਲੀਅਤਾਂ, ਨਾਮ ਕਟੌਤੀਆਂ ਤੇ ਪੋਲਿੰਗ ਸਟੇਸ਼ਨਾਂ ਦੀ ਰੈਸ਼ਨਲਾਈਜ਼ੇਸ਼ਨ ਦੇ ਆਧਾਰ 'ਤੇ 1 ਅਕਤੂਬਰ 2026 ਨੂੰ ਅਪਡੇਟ ਕੀਤੀ ਅੰਤਮ ਵੋਟਰ ਸੂਚੀ ਪ੍ਰਕਾਸ਼ਤ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਸਪੈਸ਼ਲ ਇੰਟੈਂਸਿਵ ਰਵੀਜ਼ਨ ਦੀ ਇਸ ਮਹੱਤਵਪੂਰਨ ਪ੍ਰਕਿਰਿਆ ਨੂੰ ਪਾਰਦਰਸ਼ੀ ਤੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਰਾਜਨੀਤਿਕ ਪਾਰਟੀਆਂ ਦੀ ਸਰਗਰਮ ਭੂਮਿਕਾ ਬਹੁਤ ਜ਼ਰੂਰੀ ਹੈ।ਉਨ੍ਹਾਂ ਰਾਜਨੀਤਕ ਪਾਰਟੀਆਂ ਨੂੰ ਆਪਣੇ ਬੂਥ ਲੈਵਲ ਏਜੰਟ ਨਿਯੁਕਤ ਕਰਨ ਤੇ ਐਸ.ਆਈ.ਆਰ. ਦੌਰਾਨ ਬੀ.ਐੱਲ.ਓਜ਼ ਦਾ ਪੂਰਾ ਸਹਿਯੋਗ ਕਰਨ ਦੀ ਅਪੀਲ ਕੀਤੀ।

## ਕੈਂਬਰਿਜ ਕਾਨਵੈਂਟ ਸਕੂਲ ਦੇ ਐਨ ਸੀ ਸੀ ਕੈਡਿਟਾਂ ਦੀ ਆਲ ਇੰਡੀਆ ਟ੍ਰੈਕਿੰਗ ਲਈ ਚੋਣ



**ਕੋਟ ਈਸੇ ਖਾਂ (ਅਰੋੜਾ)**-ਕੈਂਬਰਿਜ ਕਾਨਵੈਂਟ ਸਕੂਲ ਕੋਟ ਈਸੇ ਖਾਂ ਲਈ ਇਹ ਬਹੁਤ ਹੀ ਮਾਣ ਅਤੇ ਖੁਸ਼ੀ ਦੀ ਗੱਲ ਹੈ ਕਿ ਸਕੂਲ ਦੇ ਐਨ.ਸੀ.ਸੀ. ਕੈਡਿਟਾਂ ਦੀ ਚੋਣ ਆਲ ਇੰਡੀਆ ਟੈਕਿੰਗ ਐਕਸਪੀਡੀਸ਼ਨ ਅਮਰਕੰਟਕ ਟ੍ਰੈਕ-2026 ਲਈ ਹੋਈ ਹੈ।ਇਹ ਰਾਸ਼ਟਰੀ ਪੱਧਰ ਦਾ ਟ੍ਰੈਕਿੰਗ ਕੈਂਪ 1 ਜੂਨ ਤੋਂ 10 ਜੂਨ ਤੱਕ ਮੱਧ ਪ੍ਰਦੇਸ਼ ਦੇ ਪ੍ਰਸਿੱਧ ਸਥਾਨ ਅਮਰਕੰਟਕ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ।ਇਸ ਕੈਂਪ ਦਾ ਆਯੋਜਨ 13-ਪੰਜਾਬ ਬਟਾਲੀਅਨ ਐਨ.ਸੀ.ਸੀ., ਫਿਰੋਜ਼ਪੁਰ ਵੱਲੋਂ ਕੀਤਾ ਜਾ ਰਿਹਾ ਹੈ।ਦਸ ਦਿਨਾਂ ਤੱਕ ਚੱਲਣ ਵਾਲੇ ਇਸ ਟ੍ਰੈਕਿੰਗ ਅਭਿਆਨ ਦੌਰਾਨ ਕੈਡਿਟਾਂ ਨੂੰ ਪਹਾੜੀ ਇਲਾਕਿਆਂ ਵਿੱਚ ਟ੍ਰੈਕਿੰਗ, ਜੰਗਲਾਂ ਵਿੱਚ ਰਹਿਣ-ਸਹਿਣ ਦੀਆਂ ਤਕਨੀਕਾਂ, ਮੁਢਲੀ ਸਹਾਇਤਾ (ਫ੍ਰਸਟ ਏਡ), ਨਕਸ਼ਾ ਪੜ੍ਹਨ ਦੀ ਕਲਾ, ਵਾਤਾਵਰਣ ਸੰਭਾਲ, ਟੀਮ ਵਰਕ ਅਤੇ ਲੀਡਰਸ਼ਿਪ ਦੇ ਗੁਣਾਂ ਬਾਰੇ ਵਿਸ਼ੇਸ਼ ਸਿਖਲਾਈ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਉਨ੍ਹਾਂ ਨੂੰ ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਆਏ ਐਨ.ਸੀ.ਸੀ. ਕੈਡਿਟਾਂ ਨਾਲ ਮਿਲਣ ਅਤੇ ਉਨ੍ਹਾਂ ਦੇ ਸੱਭਿਆਚਾਰ ਬਾਰੇ ਜਾਣਨ ਦਾ ਮੌਕਾ ਵੀ ਮਿਲੇਗਾ।ਸਕੂਲ ਦੇ ਚੇਅਰਮੈਨ ਮਨਦੀਪ ਮਲਹੋਤਰਾ, ਪ੍ਰਿੰਸੀਪਲ ਗੁਰਵਿੰਦਰ ਸਿੰਘ ਅਤੇ ਸਮੂਹ ਸਟਾਫ ਨੇ ਚੁਣੇ ਗਏ ਕੈਡਿਟਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਪੂਰੇ ਸਕੂਲ ਲਈ ਮਾਣ ਵਾਲੀ ਪ੍ਰਾਪਤੀ ਹੈ।

## ਡਿਪਸ ਵਿਖੇ ਇੰਕਲੂਸਿਵ ਐਜੂਕੇਸ਼ਨ ਵਿਸ਼ੇ 'ਤੇ ਦੋ ਦਿਨਾ ਵਰਕਸ਼ਾਪ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਦਸ਼ਮੇਸ਼ ਇੰਟਰਨੈਸ਼ਨਲ ਪਬਲਿਕ ਸਕੂਲ ਥੇਹੜੀ ਵਿਖੇ ਇੰਕਲੂਸਿਵ ਐਜੂਕੇਸ਼ਨ (ਸਮਾਵੇਸ਼ੀ ਸਿੱਖਿਆ) ਵਿਸ਼ੇ 'ਤੇ ਦੋ ਦਿਨਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦਾ ਉਦੇਸ਼ ਅਧਿਆਪਕਾਂ ਨੂੰ ਸਮਾਵੇਸ਼ੀ ਸਿੱਖਿਆ ਦੇ ਸਿਧਾਂਤਾਂ, ਰਣਨੀਤੀਆਂ ਅਤੇ ਕਲਾਸਰੂਮ ਵਿੱਚ ਇਸ ਦੇ ਪ੍ਰਭਾਵਸ਼ਾਲੀ ਲਾਗੂ ਕਰਨ ਬਾਰੇ ਜਾਣੂ ਕਰਵਾਉਣਾ ਸੀ।ਵਰਕਸ਼ਾਪ ਦੇ ਰਿਸੋਰਸ ਪਰਸਨ ਡਾ. ਅਜੈ ਖੋਸਲਾ ਅਤੇ ਮਿਸ ਪ੍ਰਿਯੰਕਾ ਬਰਾੜ ਸਨ।ਡਾ. ਅਜੈ ਖੋਸਲਾ ਅਤੇ ਮਿਸ ਪ੍ਰਿਯੰਕਾ ਬਰਾੜ ਨੇ ਆਪਣੇ ਤਜਰਬੇ ਅਤੇ ਗਿਆਨ ਰਾਹੀਂ ਅਧਿਆਪਕਾਂ ਨੂੰ ਸਮਾਵੇਸ਼ੀ ਸਿੱਖਿਆ ਦੀ ਮਹੱਤਤਾ, ਵਿਭਿੰਨ ਸਿੱਖਣ ਦੀਆਂ ਲੋੜਾਂ ਵਾਲੇ ਵਿਦਿਆਰਥੀਆਂ ਦੀ ਸਹਾਇਤਾ ਅਤੇ ਇੱਕ ਸਹਿਯੋਗੀ ਸਿੱਖਣ ਵਾਲਾ ਵਾਤਾਵਰਣ ਸਿਰਜਣ ਬਾਰੇ ਜਾਣਕਾਰੀ ਦਿੱਤੀ। ਸਕੂਲ ਦੇ ਪ੍ਰਿੰਸੀਪਲ ਮੈਡਮ ਮੋਨਿਕਾ ਸ਼ਰਮਾ ਨੇ ਰਿਸੋਰਸ ਪਰਸਨਜ਼ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਵੀ ਅਜਿਹੇ ਸਿੱਖਿਆਤਮਕ ਪ੍ਰੋਗਰਾਮ ਕਰਵਾਉਣ ਦਾ ਭਰੋਸਾ ਦਿੱਤਾ।

## ਕੋਟਾਂ ਕਾਲਜ 'ਚ ਉਦਮਤਾ ਤੇ ਇੰਟਰਨਸ਼ਿਪ ਪ੍ਰੋਗਰਾਮਾਂ 'ਤੇ ਆਨਲਾਈਨ ਵਿਸਥਾਰ ਲੈਕਚਰ



**ਦੋਰਾਹਾ (ਹਰਮਿੰਦਰ ਸੇਠ)**-ਮਾਤਾ ਗੰਗਾ ਖ਼ਾਲਸਾ ਕਾਲਜ ਮੰਜੀ ਸਾਹਿਬ, ਕੋਟਾਂ (ਪ੍ਰਬੰਧ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ) ਦੇ ਗਣਿਤ, ਵਿਗਿਆਨ, ਕੰਪਿਊਟਰ ਸਾਇੰਸ ਅਤੇ ਕਾਮਰਸ ਵਿਭਾਗਾਂ ਵੱਲੋਂ 2 ਜੂਨ ਨੂੰ ਬੀ.ਐੱਸ.ਸੀ. ਨਾਨ-ਮੈਡੀਕਲ, ਬੀ.ਐੱਸ.ਸੀ. ਮੈਡੀਕਲ, ਬੀ.ਏ., ਬੀ.ਐੱਸ.ਸੀ. ਫੈਸ਼ਨ ਡਿਜ਼ਾਈਨਿੰਗ, ਬੀ.ਸੀ.ਏ. ਅਤੇ ਬੀ.ਕਾਮ ਸਮੈਸਟਰ ਚੌਥਾ ਦੇ ਵਿਦਿਆਰਥੀਆਂ ਲਈ ਉਦਯਮਿਤਾ ਅਤੇ ਇੰਟਰਨਸ਼ਿਪ ਪ੍ਰੋਗਰਾਮ ਵਿਸ਼ੇ 'ਤੇ ਇੱਕ ਜਾਣਕਾਰੀ ਭਰਪੂਰ ਆਨਲਾਈਨ ਵਿਸਥਾਰ ਲੈਕਚਰ ਕਰਵਾਇਆ ਗਿਆ।ਇਸ ਲੈਕਚਰ ਦੇ ਮੁੱਖ ਵਕਤਾ ਰਵਿੰਦਰ ਦੇਵ, ਟ੍ਰੇਨਿੰਗ ਐਂਡ ਪਲੇਸਮੈਂਟ ਅਫਸਰ, ਐਚ.ਆਰ. ਮੈਨੇਜਰ ਅਤੇ ਮੈਨੇਜਮੈਂਟ ਵਿਭਾਗ ਵਿੱਚ ਸਹਾਇਕ ਪ੍ਰੋਫੈਸਰ, ਸਾਇੰਸ ਐਂਡ ਟੈਕਨੋਲੋਜੀ ਐਂਟਰਪ੍ਰਿਨਿਊਰਜ਼ ਪਾਰਕ (ਸਟੈਪ), ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ, ਲੁਧਿਆਣਾ ਸਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਉਦਯਮਿਤਾ, ਸਟੈਪ ਵਿੱਚ ਉਪਲਬਧ ਇੰਟਰਨਸ਼ਿਪ ਪ੍ਰੋਗਰਾਮਾਂ, ਕੋਰਸ ਵਰਕ, ਹੁਨਰ ਵਿਕਾਸ ਅਤੇ ਰੁਜ਼ਗਾਰ ਸੰਬੰਧੀ ਮੌਕਿਆਂ ਬਾਰੇ ਜਾਣਕਾਰੀ ਦਿੱਤੀ।ਇਸ ਲੈਕਚਰ ਦਾ ਸਫ਼ਲ ਸੰਚਾਲਨ ਪ੍ਰੋ. ਹਰਿੰਦਰ ਕੌਰ (ਮੁਖੀ ਗਣਿਤ ਵਿਭਾਗ) ਵੱਲੋਂ ਕੀਤਾ ਗਿਆ।ਇਸ ਲੈਕਚਰ ਵਿੱਚ ਸਾਰੇ ਵਿਭਾਗਾਂ ਦੇ ਵਿਦਿਆਰਥੀਆਂ ਨੇ ਆਪਣੇ ਇੰਟਰਨਸ਼ਿਪ ਮੈਨਟਰਾਂ/ਸੁਪਰਵਾਈਜ਼ਰਾਂ ਸਮੇਤ ਸ਼ਮੂਲੀਅਤ ਕੀਤੀ। ਇਸ ਮੌਕੇ ਪ੍ਰੋ. ਮਨਜੀਤ ਕੌਰ ਭੱਟੀ, ਪ੍ਰੋ. ਨੀਰੂ ਗਰਗ, ਪ੍ਰੋ. ਰਜਿੰਦਰ ਕੌਰ, ਡਾ. ਮੰਜੂ ਸੱਦੀ, ਡਾ. ਅੰਮ੍ਰਿਤ ਬਾਂਸਲ, ਡਾ. ਕਮਰੁਨਿਸ਼ਾ, ਪ੍ਰੋ. ਗੁਰਪ੍ਰੀਤ ਕੌਰ ਪ੍ਰੋ. ਦਲਵੀਰ ਕੌਰ ਪ੍ਰੋ. ਪਵਨਜੀਤ ਕੌਰ ਅਤੇ ਪ੍ਰੋ. ਕਿਰਨਦੀਪ ਕੌਰ ਵੀ ਹਾਜ਼ਰ ਸਨ।ਇਸ ਮੌਕੇ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਨੇ ਗਣਿਤ, ਵਿਗਿਆਨ ਅਤੇ ਕਾਮਰਸ ਵਿਭਾਗਾਂ ਦੇ ਯਤਨਾਂ ਦੀ ਸਰਾਹਨਾ ਕੀਤੀ ਅਤੇ ਕਿਹਾ ਕਿ ਅਜਿਹੇ ਵਿਸਥਾਰ ਲੈਕਚਰ ਵਿਦਿਆਰਥੀਆਂ ਦੇ ਗਿਆਨ, ਹੁਨਰ ਅਤੇ ਕਰੀਅਰ ਸੰਬੰਧੀ ਜਾਗਰੂਕਤਾ ਵਿੱਚ ਵਾਧਾ ਕਰਨ ਲਈ ਬਹੁਤ ਮਹੱਤਵਪੂਰਨ ਹੁੰਦੇ ਹਨ।

## ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾ ਕੇ ਪੰਜਾਬ ਸਰਕਾਰ ਨੇ ਇਤਿਹਾਸਕ ਫੈਸਲਾ ਲਿਆ : ਬਰਸਟ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਪੰਜਾਬ ਸਰਕਾਰ ਵੱਲੋਂ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾਏ ਜਾਣ 'ਤੇ ਹਲਕਾ ਸਮਾਣਾ ਦੇ ਪਿੰਡ ਰਾਮਗੜ੍ਹ ਵਿਖੇ ਪੰਚਾਇਤ ਅਤੇ ਸਮੂਹ ਪਿੰਡ ਵਾਸੀਆਂ ਵੱਲੋਂ ਸ਼ੁਕਰਾਨੇ ਵਜੋਂ ਧਾਰਮਿਕ ਸਮਾਗਮ ਕੀਤਾ ਗਿਆ।ਇਸ ਦੌਰਾਨ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ।ਇਸ ਮੌਕੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਨੇ ਗੁਰੂ ਚਰਨਾਂ ਵਿੱਚ ਨਤਮਸਤਕ ਹੋ ਕੇ ਹਾਜ਼ਰੀ ਲਗਾਈ ਅਤੇ ਸਰਬੱਤ ਦੇ ਭਲੇ, ਪੰਜਾਬ ਦੀ ਤਰੱਕੀ ਅਤੇ ਸਮੁੱਚੀ ਮਨੁੱਖਤਾ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ।ਇਸ ਮੌਕੇ ਬਰਸਟ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਬੇਅਦਬੀਆਂ ਦੇ ਮਾਮਲੇ ਵਿੱਚ ਉਮਰ ਕੈਦ ਤੱਕ ਦੀ ਸਜ਼ਾ ਦਾ ਕਾਨੂੰਨ ਬਣਾ ਕੇ ਇੱਕ ਇਤਿਹਾਸਕ ਫੈਸਲਾ ਲਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਗੁਰੂਆਂ-ਪੀਰਾਂ ਦੀ ਧਰਤੀ ਹੈ, ਜਿੱਥੇ ਧਾਰਮਿਕ ਕਦਰਾਂ-ਕੀਮਤਾਂ ਅਤੇ ਆਸਥਾ ਨੂੰ ਹਮੇਸ਼ਾ ਸਰਵਉੱਚ ਸਥਾਨ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਸਿਰਫ਼ ਵੋਟਾਂ ਦੀ ਰਾਜਨੀਤੀ ਕੀਤੀ, ਪਰ ਮੁੱਖ ਮੰਤਰੀ ਮਾਨ ਨੇ ਸੰਗਤ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾਇਆ ਹੈ ਅਤੇ ਪੰਜਾਬ ਦਾ ਹਰ ਨਾਗਰਿਕ ਇਸ ਫੈਸਲੇ ਤੋਂ ਬੇਹੱਦ ਖੁਸ਼ ਹੈ।ਇਸ ਮੌਕੇ ਅੰਗਰੇਜ਼ ਸਿੰਘ ਰਾਮਗੜ੍ਹ ਮੈਂਬਰ ਸਿਹਤ ਵਿਭਾਗ ਪੰਜਾਬ, ਮਨਦੀਪ ਕੌਰ ਸਰਪੰਚ, ਗੁਰਜੀਤ ਸਿੰਘ, ਸੰਦੀਪ ਕੌਰ, ਬਲਵਿੰਦਰ ਸਿੰਘ ਮੈਂਬਰ, ਮੀਨਾ ਰਾਣੀ ਪੰਚ, ਬਲਵਿੰਦਰ ਸਿੰਘ (ਰਾਜੂ), ਦਵਿੰਦਰ ਸਿੰਘ ਪੰਚ, ਸੁਰਿੰਦਰ ਸਿੰਘ, ਹਾਕਮ ਸਿੰਘ, ਸੂਬਾ ਸਿੰਘ, ਜਸਮੇਲ ਸਿੰਘ ਨੰਬਰਦਾਰ, ਬਹਾਦਰ ਸਿੰਘ, ਬੈਲਾ ਸਮੇਤ ਸਮੂਹ ਇਲਾਕਾ ਨਿਵਾਸੀ ਮੌਜੂਦ ਰਹੇ।

## ਜ਼ਿਲ੍ਹੇ ਦੇ ਸਮੂਹ ਪੋਲਿੰਗ ਬੂਥਾਂ 'ਤੇ ਵਿਸ਼ੇਸ਼ ਵੋਟਰ ਮੈਪਿੰਗ ਕੈਂਪ 7 ਨੂੰ

**ਮਾਲੇਰਕੋਟਲਾ (ਅਸਗਰ ਪਰਿਹਾਰ)**-ਭਾਰਤ ਚੋਣ ਕਮਿਸ਼ਨ ਅਤੇ ਮੁੱਖ ਚੋਣ ਅਫ਼ਸਰ, ਪੰਜਾਬ ਦੀਆਂ ਹਦਾਇਤਾਂ ਤਹਿਤ ਵਿਸ਼ੇਸ਼ ਇੰਟੈਂਸਿਵ ਰਿਵੀਜ਼ਨ-2026 ਦੇ ਮੱਦੇਨਜ਼ਰ ਜ਼ਿਲ੍ਹਾ ਮਾਲੇਰਕੋਟਲਾ ਦੇ ਸਮੂਹ ਪੋਲਿੰਗ ਬੂਥਾਂ 'ਤੇ 7 ਜੂਨ, 2026 (ਐਤਵਾਰ) ਨੂੰ ਸਵੇਰੇ 10:00 ਵਜੇ ਤੋਂ ਸ਼ਾਮ 04:00 ਵਜੇ ਤੱਕ ਵਿਸ਼ੇਸ਼ ਵੋਟਰ ਮੈਪਿੰਗ ਕੈਂਪ ਲਗਾਏ ਜਾਣਗੇ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਵਿਰਾਜ ਐਸ. ਤਿੜਕੇ ਨੇ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਸਾਲ 2003 ਦੀ ਵੋਟਰ ਸੂਚੀ ਵਿੱਚ ਦਰਜ ਵੋਟਰਾਂ ਨੂੰ ਮੌਜੂਦਾ ਸਾਲ 2025 ਦੀ ਵੋਟਰ ਸੂਚੀ ਨਾਲ ਮੈਪ ਕਰਨ ਦੀ ਪ੍ਰਕਿਰਿਆ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਇਹ ਵਿਸ਼ੇਸ਼ ਕੈਂਪ ਆਯੋਜਿਤ ਕੀਤੇ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਸਮੂਹ ਬੂਥ ਲੈਵਲ ਅਫ਼ਸਰਾਂ (ਬੀ.ਐਲ.ਓਜ਼) ਨੂੰ ਆਪਣੇ-ਆਪਣੇ ਬੂਥਾਂ 'ਤੇ ਅਣ-ਮੈਪਡ ਵੋਟਰਾਂ ਦੀਆਂ ਸੂਚੀਆਂ ਮੁਹੱਈਆ ਕਰਵਾ ਦਿੱਤੀਆਂ ਗਈਆਂ ਹਨ। ਕੈਂਪ ਦੌਰਾਨ ਬੀ.ਐਲ.ਓਜ਼, ਬੂਥ ਲੈਵਲ ਏਜੰਟਾਂ (ਬੀ.ਐਲ.ਏਜ਼) ਦੇ ਸਹਿਯੋਗ ਨਾਲ ਸਾਲ 2003 ਦੀਆਂ ਵੋਟਰ ਸੂਚੀਆਂ ਵਿੱਚ ਦਰਜ ਵੋਟਰਾਂ ਦੀ ਮੌਜੂਦਾ ਵੋਟਰ ਸੂਚੀ ਨਾਲ ਮੈਪਿੰਗ ਯਕੀਨੀ ਬਣਾਉਣਗੇ।

# ਸਕੂਲਾਂ 'ਚ ਖ਼ਾਲੀ ਪਈਆਂ ਹਜ਼ਾਰਾਂ ਅਸਾਮੀਆਂ ਰੈਗੂਲਰ ਭਰਤੀ ਰਾਹੀਂ ਭਰੀਆਂ ਜਾਣ : ਸਰਾਭਾ, ਕਾਲੀਆ



**ਚੌਂਕੀਮਾਨ (ਇੰਜੀ ਬਲਬੀਰ ਸਿੰਘ ਮਾਨ)**-ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਲੁਧਿਆਣਾ ਦੀ ਹੰਗਾਮੀ ਮੀਟਿੰਗ ਸੂਬਾ ਸਰਪ੍ਰਸਤ ਚਰਨ ਸਿੰਘ ਸਰਾਭਾ, ਜਨਰਲ ਸਕੱਤਰ ਪਰਮਿੰਦਰ ਪਾਲ ਸਿੰਘ ਕਾਲੀਆ ਤੇ ਜ਼ਿਲ੍ਹਾ ਪ੍ਰਧਾਨ ਟਹਿਲ ਸਿੰਘ ਸਰਾਭਾ, ਵਾਈਸ ਪ੍ਰਧਾਨ ਮਨੀਸ਼ ਸ਼ਰਮਾ ਦੀ ਅਗਵਾਈ ਹੇਠ ਈਸੜੂ ਭਵਨ ਲੁਧਿਆਣਾ ਵਿਖੇ ਹੋਈ। ਜਿਸ ਵਿੱਚ ਆਗੂਆਂ ਵੱਲੋਂ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪਿਛਲੇ ਇੱਕ ਸਾਲ ਦੌਰਾਨ ਲਗਪਗ 2 ਲੱਖ ਦੇ ਕਰੀਬ ਵਿਦਿਅਰਥੀਆਂ ਦੀ ਗਿਣਤੀ ਘਟਣ ਦੀਆਂ ਖ਼ਬਰਾਂ ਸਬੰਧੀ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਇਹ ਪੰਜਾਬ ਸਰਕਾਰ ਦੀਆਂ ਸਰਕਾਰੀ ਸਕੂਲਾਂ ਪ੍ਰਤੀ ਗੈਰ ਸੰਜੀਦਾ ਨੀਤੀਆਂ ਤੇ ਲਾਪਰਵਾਹੀ ਦਾ ਨਤੀਜਾ ਹੈ। ਆਗੂਆਂ ਦੱਸਿਆ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਨਵੀਂ ਸਿੱਖਿਆ ਨੀਤੀ 2020 ਨੂੰ ਸਿੱਧੇ ਅਤੇ ਅਸਿੱਧੇ ਢੰਗ ਨਾਲ ਲਾਗੂ ਕਰਕੇ ਕੋਠਾਰੀ ਸਿੱਖਿਆ ਕਮਿਸ਼ਨ (1964-66) ਤੇ 1968 ਦੀ ਸਿੱਖਿਆ ਨੀਤੀ ਵਲੋਂ ਪ੍ਰਵਾਨਿਤ ਕਾਮਨ ਸਕੂਲ ਸਿਸਟਮ ਨੂੰ ਤੋੜਿਆ ਜਾ ਰਿਹਾ। ਸਕੂਲ ਆਫ ਐਮੀਨੈਂਸ, ਸਕੂਲ ਆਫ ਹੈਪੀਨੈਸ, ਪੀਐਮ ਸ਼੍ਰੀ ਸਕੂਲ, ਆਦਰਸ਼ ਮਾਡਲ, ਮੈਰੀਟੋਰੀਅਸ ਸਕੂਲ, ਆਦਿ ਰਾਹੀਂ ਸਰਕਾਰੀ ਸਕੂਲਾਂ ਵਿੱਚ ਵਖਰੇਵਾਂ ਪੈਦਾ ਕੀਤਾ ਜਾ ਰਿਹਾ ਹੈ।ਆਗੂਆਂ ਵਲੋਂ ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ 'ਤੇ ਤਿੱਖੀ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਕੁਝ ਕੁ ਸਕੂਲਾਂ ਤੇ ਕੁਝ ਕੁ ਵਿਦਿਅਰਥੀਆਂ ਨੂੰ ਵੱਧ ਸਹੂਲਤਾਂ ਦੇਣ ਨੂੰ ਸਿੱਖਿਆ ਕ੍ਰਾਂਤੀ ਨਹੀਂ ਕਿਹਾ ਜਾਂਦਾ। ਸਕੂਲ ਆਫ ਐਮੀਨੈਂਸ ਦੇ ਵਿਦਿਆਰਥੀਆਂ ਨੂੰ 3000 ਰੁਪਏ ਪ੍ਰਤੀ ਵਿਦਿਆਰਥੀ ਤੇ ਜਦਕਿ ਦੂਜੇ ਸਰਕਾਰੀ ਸਕੂਲਾਂ ਲਈ 600 ਰੁਪਏ ਪ੍ਰਤੀ ਵਿਦਿਆਰਥੀ ਵਰਦੀ ਦੀ ਰਕਮ ਜਾਰੀ ਕੀਤੀ ਜਾਂਦੀ ਹੈ।ਸਕੂਲ ਆਫ ਐਮੀਨੈਂਸ ਲਈ ਸਾਰੀਆਂ ਅਸਾਮੀਆਂ ਭਰਨੀਆਂ ਤੇ ਦੂਜੇ ਸਰਕਾਰੀ ਸਕੂਲਾਂ ਲਈ ਹਜ਼ਾਰਾਂ ਅਸਾਮੀਆਂ ਖਾਲੀ ਹਨ ਤੇ ਕਈ ਪ੍ਰਾਇਮਰੀ ਤੇ ਮਿਡਲ ਸਕੂਲਾਂ ਨੂੰ ਕੇਵਲ ਇੱਕ ਅਧਿਆਪਕ ਹੀ ਚਲਾ ਰਹੇ ਹਨ। ਬੜੇ ਅਫਸੋਸ ਦੀ ਗੱਲ ਹੈ ਕਿ ਅੱਜ ਸਰਕਾਰੀ ਅਧਿਆਪਕਾਂ ਨੂੰ ਵੱਖ ਵੱਖ ਤਰ੍ਹਾਂ ਦੇ ਗੈਰ ਵਿੱਦਿਅਕ ਕੰਮਾਂ ਬੀ. ਐੱਲ. ਓ., ਮਰਦਮ ਸ਼ੁਮਾਰੀ, ਡਰੱਗ ਸੈਂਸਸ, ਤੀਰਥ ਯਾਤਰਾ ਪ੍ਰੋਗਰਾਮ, 10 ਲੱਖ ਤੱਕ ਦੇ ਇਲਾਜ ਦੇ ਕਾਰਡ ਬਣਾਉਣ ਆਦਿ ਵਿੱਚ ਉਲਝਾ ਕੇ ਰੱਖ ਦਿੱਤਾ। ਜਥੇਬੰਦੀ ਮੰਗ ਕਰਦੀ ਹੈ ਕਿ ਪੰਜਾਬ ਸਰਕਾਰ ਅਧਿਆਪਕਾਂ ਦੀਆਂ ਹਰ ਪ੍ਰਕਾਰ ਦੀਆਂ ਗੈਰ ਵਿੱਦਿਅਕ ਡਿਊਟੀਆਂ ਤੁਰੰਤ ਰੱਦ ਕੀਤੀਆਂ ਜਾਣ, ਪ੍ਰਾਇਮਰੀ ਪੱਧਰ ਤੋਂ ਲੈ ਕੇ ਸੈਕੰਡਰੀ ਪੱਧਰ ਤੱਕ ਅਧਿਆਪਕਾਂ ਤੇ ਨਾਨ ਟੀਚਿੰਗ ਸਟਾਫ ਦੀਆਂ ਖਾਲੀ ਪਈਆਂ ਹਜ਼ਾਰਾਂ ਅਸਾਮੀਆਂ ਰੈਗੂਲਰ ਭਰਤੀ ਰਾਹੀਂ ਭਰੀਆਂ ਜਾਣ, ਸਿੱਖਿਆ ਲਈ ਕੁੱਲ ਬਜਟ ਦਾ 30% ਰਾਖਵਾਂ ਰੱਖਿਆ ਜਾਵੇ, ਕੰਪਿਊਟਰ ਅਧਿਆਪਕਾਂ ਤੇ ਐਸੋਸੀਏਟ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਲਿਆ ਕੇ ਪੂਰੀਆਂ ਤਨਖਾਹਾਂ ਸਮੇਤ ਰੈਗੂਲਰ , ਪੁਰਾਣੀ ਪੈਨਸ਼ਨ ਸਕੀਮ, ਮਹਿੰਗਾਈ ਭੱਤਾ, ਪੇਂਡੂ ਭੱਤਾ ਬਾਰਡਰ ਭੱਤਾ ਆਦਿ ਵੱਖ-ਵੱਖ ਮੰਗਾਂ ਲਾਗੂ ਕੀਤੀਆਂ ਜਾਣ। ਆਦਰਸ਼ ਸਕੂਲ, ਮੈਰੀਟੋਰੀਅਸ ਸਕੂਲ ਅਤੇ ਐਨ ਐਸ.ਕਿਉ.ਐੱਫ ਪ੍ਰੋਜੈਕਟਾਂ ਨੂੰ ਸਟਾਫ ਸਮੇਤ ਸਿੱਖਿਆ ਵਿਭਾਗ ਵਿੱਚ ਮਰਜ ਕੀਤਾ ਜਾਵੇ। ਆਗੂਆਂ ਵੱਲੋਂ ਪੰਜਾਬ ਸਰਕਾਰ ਦੇ ਅਫਸਰਸ਼ਾਹੀ , ਮੁੱਖ ਮੰਤਰੀ, ਵਜ਼ੀਰਾਂ, ਐਮ ਐਲ ਏ ਆਦਿ ਨੂੰ ਮਹਿੰਗਾਈ ਭੱਤਾ ਦੇ ਕੇ ਅਤੇ ਬਾਕੀ ਮੁਲਾਜ਼ਮਾਂ ਨੂੰ ਉਨਾਂ ਦਾ ਜਾਇਜ਼ ਅਤੇ ਹੱਕੀ ਮਹਿਗਾਈ ਭੱਤਾ ਰੋਕਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਇਸ ਸਮੇਂ ਬਲਵੀਰ ਸਿੰਘ ਕੰਗ, ਕੁਲਦੀਪ ਸਿੰਘ ਅਕਾਲਗੜ੍ਹ, ਚਰਨ ਸਿੰਘ ਤਾਜਪੁਰੀ, ਅਰਵਿੰਦ ਕੁਮਾਰ, ਆਦਿ ਆਗੂ ਹਾਜ਼ਰ ਸਨ।

## ਨਸ਼ਾ ਮੁਕਤ ਭਾਰਤ ਮੁਹਿੰਮ ਸ਼ੁਰੂ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਵਧੀਕ ਡਿਪਟੀ ਕਮਿਸ਼ਨਰ (ਜਨ.) ਡਾ. ਮਨਦੀਪ ਕੌਰ ਨੇ ਦੱਸਿਆ ਕਿ ਸਮਾਜਿਕ ਨਿਆਂ ਤੇ ਅਧਿਕਾਰਤਾ ਮੰਤਰਾਲਾ, ਭਾਰਤ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਨੈਸ਼ਨਲ ਐਕਸ਼ਨ ਪਲਾਨ ਫਾਰ ਡਰੱਗ ਡਿਮਾਂਡ ਰਿਡਕਸ਼ਨ ਤਹਿਤ ਨਸ਼ਾ ਮੁਕਤ ਭਾਰਤ ਅਭਿਆਨ ਸ਼ੁਰੂ ਕੀਤਾ ਗਿਆ, ਜਿਸ ਰਾਹੀਂ ਨੌਜਵਾਨਾਂ, ਔਰਤਾਂ ਤੇ ਵਿੱਦਿਅਕ ਅਦਾਰਿਆ ਤੇ ਖਾਸ ਧਿਆਨ ਦਿੱਤਾ ਜਾ ਰਿਹਾ ਹੈ।ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਹੁਣ ਤੱਕ 26.24 ਕਰੋੜ ਤੋਂ ਵੱਧ ਲੋਕਾਂ ਨੂੰ ਜਾਗਰੂਕ ਕੀਤਾ ਜਾ ਚੁੱਕਾ ਹੈ, ਜਿਨ੍ਹਾਂ ਵਿੱਚ 9.54 ਕਰੋੜ ਤੋਂ ਵੱਧ ਨੌਜਵਾਨ ਤੇ 6.50 ਕਰੋੜ ਤੋਂ ਵੱਧ ਔਰਤਾਂ ਸ਼ਾਮਲ ਹਨ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰ ਤੇ ਜਗਰੂਕਤਾ ਦੇ ਪ੍ਰਭਾਵ ਨੂੰ ਮਾਪਣ ਅਤੇ ਲੋਕਾਂ ਦੀ ਹਿੱਸੇਦਾਰੀ ਵਧਾਉਣ ਅਤੇ ਵੱਧ ਤੋਂ ਵੱਧ ਪ੍ਰਚਾਰ ਕਰਨ ਲਈ ਜਾਰੀ ਕੀਤਾ ਗਿਆ ਹੈ। ਉਨ੍ਹਾਂ ਸਬੰਧਤ ਵਿਭਾਗਾਂ ਨੂੰ ਨਸ਼ਾ ਮੁਕਤ ਭਾਰਤ ਅਭਿਆਨ ਨਾਲ ਸਬੰਧਤ ਸਾਰੇ ਪ੍ਰੋਗਰਾਮਾਂ ਤੋਂ ਇਲਾਵਾ ਸਕੂਲਾਂ, ਕਾਲਜਾਂ, ਪੰਚਾਇਤਾਂ, ਦਫ਼ਤਰਾਂ ਅਤੇ ਜਨਤਕ ਥਾਵਾਂ 'ਤੇ ਕੋਡ ਦਾ ਪ੍ਰਚਾਰ ਕਰਨ ਲਈ ਕਿਹਾ ਤੇ ਵਿਦਿਆਰਥੀਆਂ, ਯੂਥ ਕਲੱਬਾਂ, ਐੱਨ.ਸੀ.ਸੀ./ਐੱਨ.ਐੱਸ.ਐੱਸ ਵਲੰਟੀਅਰਾਂ ਤੇ ਆਮ ਲੋਕਾਂ ਨੂੰ ਇਸ ਵਿੱਚ ਵੱਧ ਤੋਂ ਵੱਧ ਹਿੱਸਾ ਲੈਣ ਲਈ ਪ੍ਰੇਰਿਤ ਕਰਨ ਲਈ ਕਿਹਾ।

# ਹੱਕੀ ਮੰਗਾਂ ਲਈ ਸੋਸ਼ਲ ਸਟਾ.ਫ ਦਾ ਸੰਘਰਸ਼ ਤੇਜ਼

- ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਪਰਵਾਰਾਂ ਸਮੇਤ ਵਿਸ਼ਾਲ ਰੋਸ ਧਰਨੇ ਦਾ ਐਲਾਨ

**ਜਲਾਲਾਬਾਦ (ਜੀਤ ਕੁਮਾਰ)**

ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਅਧੀਨ ਸੇਵਾਵਾਂ ਨਿਭਾਅ ਰਹੇ ਸਮੂਹ ਸੋਸ਼ਲ ਸਟਾਫ਼ (ਬੀਆਰਸੀ, ਆਈਈਸੀ, ਸੀਡੀਐਸ) ਕ੍ਰਮਚਾਰੀਆਂ ਨੇ ਆਪਣੀਆਂ ਲੰਮੇ ਸਮੇਂ ਤੋਂ ਲਟਕ ਰਹੀਆਂ ਹੱਕੀ ਤੇ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ ਨੂੰ ਹੋਰ ਤੇਜ਼ ਕਰਨ ਦਾ ਐਲਾਨ ਕੀਤਾ ਹੈ। ਇਸ ਸਬੰਧੀ 7 ਜੂਨ ਨੂੰ ਮੁੱਖ ਮੰਤਰੀ ਦੀ ਸੰਗਰੂਰ ਸਥਿਤ ਰਿਹਾਇਸ਼ ਅੱਗੇ ਆਪਣੇ ਬੱਚਿਆਂ ਤੇ ਪਰਵਾਰਾਂ ਸਮੇਤ ਵਿਸ਼ਾਲ ਰੋਸ ਧਰਨਾ ਦਿੱਤਾ ਜਾਵੇਗਾ। ਜ਼ਿਲ੍ਹਾ ਫ਼ਾਜ਼ਿਲਕਾ ਦੇ ਪ੍ਰਧਾਨ ਮੈਡਮ ਸ਼ਿਮਲਾ ਰਾਣੀ ਨੇ ਕਿਹਾ ਕਿ ਸੋਸ਼ਲ ਸਟਾਫ਼ ਪਿਛਲੇ ਕਈ ਸਾਲਾਂ ਤੋਂ ਵਿਭਾਗ ਦੀਆਂ ਪਾਣੀ ਸਪਲਾਈ ਤੇ ਸੈਨੀਟੇਸ਼ਨ ਸਬੰਧੀ ਯੋਜਨਾਵਾਂ ਨੂੰ ਪਿੰਡ-ਪਿੰਡ ਤੱਕ ਪੁਚਾਉਣ ਵਿੱਚ ਅਹਿਮ ਭੂਮਿਕਾ ਨਿਭਾਅ ਰਿਹਾ ਹੈ। ਸਵੱਛ ਭਾਰਤ ਮਿਸ਼ਨ ਤੇ ਲੋਕਾਂ ਨੂੰ ਸਾਫ਼ ਪੀਣਯੋਗ ਪਾਣੀ ਪ੍ਰਤੀ ਜਾਗਰੂਕ ਕਰਨ ਵਿੱਚ ਵੀ ਕਰਮਚਾਰੀਆਂ ਦਾ ਵੱਡਾ ਯੋਗਦਾਨ ਰਿਹਾ ਹੈ। ਆਗੂਆਂ ਨੇ ਦੱਸਿਆ ਕਿ ਵਿਭਾਗ ਵੱਲੋਂ ਕ੍ਰਮਚਾਰੀਆਂ ਦੀ ਭਰਤੀ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਅਨੁਸਾਰ ਲਿਖਤੀ ਟੈਸਟ ਅਤੇ ਪੂਰੀ ਪਾਰਦਰਸ਼ਤਾ ਨਾਲ ਮੈਰਿਟ ਦੇ ਆਧਾਰ 'ਤੇ ਕੀਤੀ ਗਈ ਸੀ, ਪਰ ਅੱਜ ਵੀ ਕਰਮਚਾਰੀ ਵਿਭਾਗੀ ਕੰਟਰੈਕਟ 'ਤੇ ਸੇਵਾਵਾਂ ਨਿਭਾਉਣ ਲਈ ਮਜਬੂਰ ਹਨ। ਜਥੇਬੰਦੀ ਆਗੂਆਂ ਨੇ ਦੋਸ਼ ਲਾਇਆ ਕਿ ਹਾਲ ਹੀ ਵਿੱਚ ਜਾਰੀ ਕੀਤੀ ਗਈ ਐਕਸਟੈਂਸ਼ਨ ਦੌਰਾਨ ਕ੍ਰਮਚਾਰੀਆਂ ਦਾ ਬਣਦਾ 10 ਫੀਸਦੀ ਸਲਾਨਾ ਇੰਕਰੀਮੈਂਟ ਰੋਕ ਦਿੱਤਾ ਗਿਆ, ਜਿਸ ਕਾਰਨ ਸਮੂਹ ਕ੍ਰਮਚਾਰੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਟਰੈਵਲਿੰਗ ਅਲਾਉਂਸ ਬੰਦ ਹੋਣ ਦੇ ਬਾਵਜੂਦ ਕ੍ਰਮਚਾਰੀ ਆਪਣੀਆਂ ਜੇਬਾਂ ਵਿੱਚੋਂ ਖਰਚ ਕਰਕੇ ਸਰਕਾਰੀ ਫੀਲਡ ਡਿਊਟੀਆਂ ਨਿਭਾਅ ਰਹੇ ਹਨ। ਉਨ੍ਹਾਂ ਕਿਹਾ ਕਿ ਕਈ ਵਾਰ ਵਿਭਾਗ ਅਤੇ ਪੰਜਾਬ ਸਰਕਾਰ ਦਾ ਧਿਆਨ ਇਨ੍ਹਾਂ ਮੰਗਾਂ ਵੱਲ ਦਿਵਾਇਆ ਗਿਆ, ਪਰ ਅਜੇ ਤੱਕ ਕੋਈ ਠੋਸ ਹੱਲ ਨਹੀਂ ਕੀਤਾ ਗਿਆ। ਜਥੇਬੰਦੀ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕ੍ਰਮਚਾਰੀਆਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਤੁਰੰਤ ਹੱਲ ਨਾ ਕੀਤਾ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ 7 ਜੂਨ ਦੇ ਵਿਸ਼ਾਲ ਰੋਸ ਧਰਨੇ ਦੌਰਾਨ ਹੋਣ ਵਾਲੇ ਕਿਸੇ ਵੀ ਜਾਨੀ ਜਾਂ ਮਾਲੀ ਨੁਕਸਾਨ ਦੀ ਜ਼ਿੰਮੇਵਾਰੀ ਸਬੰਧਤ ਵਿਭਾਗ ਤੇ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੌਕੇ ਸਮੂਹ ਸ਼ੋਸ਼ਲ ਸਟਾਫ ਜ਼ਿਲ੍ਹਾ ਫ਼ਾਜ਼ਿਲਕਾ ਹਾਜ਼ਰ ਰਿਹਾ।

# ਵਿਜੀਲੈਂਸ ਵੱਲੋਂ ਏ ਐੱਸ ਆਈ 1.30 ਲੱਖ ਰੁਪਏ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਪੰਜਾਬ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਤਹਿਤ ਇਕ ਵੱਡੀ ਸਫਲਤਾ ਹਾਸਲ ਕਰਦਿਆਂ ਵਿਜੀਲੈਂਸ ਬਿਊਰੋ ਮੁਹਾਲੀ ਦੀ ਟੀਮ ਨੇ ਫ਼ਿਰੋਜ਼ਪੁਰ ਵਿਖੇ ਛਾਪੇਮਾਰੀ ਕੀਤੀ ਹੈ। ਵਿਜੀਲੈਂਸ ਨੇ ਸੀ.ਆਈ.ਏ. ਸਟਾਫ਼ ਫ਼ਿਰੋਜ਼ਪੁਰ ਵਿੱਚ ਤਾਇਨਾਤ ਏ.ਐੱਸ.ਆਈ. ਗੁਰਜੀਤ ਸਿੰਘ ਉਰਫ਼ ਗੋਲਡੀ ਨੂੰ 1 ਲੱਖ 30 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦਿਆਂ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮ ਖ਼ਿਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਸਰਕਾਰੀ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ ਸਾਰਾ ਮਾਮਲਾ ਨਸ਼ਾ ਤਸਕਰੀ ਨਾਲ ਜੁੜੇ ਇੱਕ ਕੇਸ ਦੀ ਜਾਂਚ ਦੌਰਾਨ ਸਾਹਮਣੇ ਆਇਆ। ਬੀਤੀ 19 ਮਈ ਨੂੰ ਥਾਣਾ ਸਦਰ ਫ਼ਿਰੋਜ਼ਪੁਰ ਵਿਖੇ ਐੱਨ.ਡੀ.ਪੀ.ਐੱਸ. ਐਕਟ ਤਹਿਤ ਇੱਕ ਮੁਕੱਦਮਾ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿੱਚ ਨੌਰੰਗ ਕੇ ਲੇਲੀ ਵਾਲਾ ਪਿੰਡ ਦੇ ਰਹਿਣ ਵਾਲੇ ਬੋਹੜਾ ਪੁੱਤਰ ਬਲਵੀਰ ਸਿੰਘ ਨੂੰ ਨਾਮਜ਼ਦ ਕੀਤਾ ਗਿਆ ਸੀ। ਸੀ.ਆਈ.ਏ. ਸਟਾਫ਼ ਵਿੱਚ ਤਾਇਨਾਤ ਏ.ਐੱਸ.ਆਈ. ਗੁਰਜੀਤ ਸਿੰਘ ਗੋਲਡੀ ਇਸ ਕੇਸ ਦੀ ਪੈਰਵੀ ਕਰ ਰਿਹਾ ਸੀ। ਉਸ ਨੇ ਮੁਲਜ਼ਮ ਬੋਹੜਾ ਨੂੰ ਗ੍ਰਿਫ਼ਤਾਰ ਨਾ ਕਰਨ ਤੇ ਕੇਸ ਵਿੱਚੋਂ ਰਾਹਤ ਦੇਣ ਦੇ ਬਦਲੇ 2 ਲੱਖ 50 ਹਜ਼ਾਰ ਰੁਪਏ ਦੀ ਵੱਡੀ ਰਿਸ਼ਵਤ ਦੀ ਮੰਗ ਕੀਤੀ। ਦੋਵਾਂ ਧਿਰਾਂ ਵਿਚਾਲੇ ਹੋਈ ਗੱਲਬਾਤ ਤੋਂ ਬਾਅਦ ਇਹ ਸੌਦਾ 2 ਲੱਖ 30 ਹਜ਼ਾਰ ਰੁਪਏ ਵਿੱਚ ਤੈਅ ਹੋ ਗਿਆ। ਨਿਰਧਾਰਤ ਕੀਤੇ ਗਏ ਇਸ ਸੌਦੇ ਦੇ ਤਹਿਤ ਮੁਲਜ਼ਮ ਏ.ਐੱਸ.ਆਈ. ਵੱਲੋਂ 1 ਲੱਖ ਰੁਪਏ ਦੀ ਰਕਮ ਪਹਿਲਾਂ ਹੀ ਪੇਸ਼ਗੀ (ਐਡਵਾਂਸ) ਵਜੋਂ ਵਸੂਲ ਕੀਤੀ ਜਾ ਚੁੱਕੀ ਸੀ। ਬਾਕੀ ਰਹਿੰਦੀ 1 ਲੱਖ 30 ਹਜ਼ਾਰ ਰੁਪਏ ਦੀ ਰਕਮ ਲੈਣ ਲਈ ਏ.ਐੱਸ.ਆਈ. ਲਗਾਤਾਰ ਦਬਾਅ ਬਣਾ ਰਿਹਾ ਸੀ। ਇਸ ਦੌਰਾਨ ਪੀੜਤ ਪੱਖ ਨੇ ਹਿੰਮਤ ਦਿਖਾਉਂਦਿਆਂ ਇਸ ਭ੍ਰਿਸ਼ਟਾਚਾਰ ਦੀ ਸ਼ਿਕਾਇਤ ਮੁਹਾਲੀ ਸਥਿਤ ਵਿਜੀਲੈਂਸ ਬਿਊਰੋ ਦੇ ਮੁੱਖ ਦਫ਼ਤਰ ਵਿੱਚ ਕਰ ਦਿੱਤੀ। ਸ਼ਿਕਾਇਤ ਮਿਲਣ ਤੋਂ ਤੁਰੰਤ ਬਾਅਦ ਵਿਜੀਲੈਂਸ ਦੇ ਉੱਚ ਅਧਿਕਾਰੀਆਂ ਨੇ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਤੇ ਇੱਕ ਵਿਸ਼ੇਸ਼ ਰੇਡਿੰਗ ਟੀਮ ਦਾ ਗਠਨ ਕੀਤਾ। ਇਸ ਕਾਰਵਾਈ ਨੂੰ ਪਾਰਦਰਸ਼ੀ ਤੇ ਕਾਨੂੰਨੀ ਤੌਰ 'ਤੇ ਮਜ਼ਬੂਤ ਬਣਾਉਣ ਲਈ ਦੋ ਸਰਕਾਰੀ ਗਵਾਹਾਂ ਨੂੰ ਵੀ ਟੀਮ ਦੇ ਨਾਲ ਸ਼ਾਮਲ ਕੀਤਾ ਗਿਆ ਸੀ। ਜਿਵੇਂ ਹੀ ਸ਼ਿਕਾਇਤਕਰਤਾ ਨੇ ਏ.ਐੱਸ.ਆਈ. ਗੁਰਜੀਤ ਸਿੰਘ ਨੂੰ ਬਾਕੀ ਰਹਿੰਦੇ 1.30 ਲੱਖ ਰੁਪਏ ਸੌਂਪੇ, ਤਾਂ ਘਾਤ ਲਗਾ ਕੇ ਬੈਠੀ ਵਿਜੀਲੈਂਸ ਦੀ ਟੀਮ ਨੇ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਰਿਸ਼ਵਤ ਦੀ ਰਕਮ ਸਮੇਤ ਮੁਲਜ਼ਮ ਨੂੰ ਮੌਕੇ 'ਤੇ ਹੀ ਦਬੋਚ ਲਿਆ। ਵਿਜੀਲੈਂਸ ਬਿਊਰੋ ਮੋਹਾਲੀ ਦੇ ਥਾਣੇ ਵਿੱਚ ਮੁਲਜ਼ਮ ਏ.ਐੱਸ.ਆਈ. ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ (ਪ੍ਰੀਵੈਂਸ਼ਨ ਆਫ਼ ਕੱਪੜਸ਼ਨ ਐਕਟ) ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁਲਜ਼ਮ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਇਸ ਮਾਮਲੇ ਵਿੱਚ ਕੋਈ ਹੋਰ ਉੱਚ ਅਧਿਕਾਰੀ ਜਾਂ ਕਰਮਚਾਰੀ ਤਾਂ ਸ਼ਾਮਲ ਨਹੀਂ ਸੀ। ਮੁਲਜ਼ਮ ਨੂੰ ਜਲਦੀ ਹੀ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ।

## ਚਾਲੂ ਭੱਠੀ, ਸਮਾਨ ਤੇ 150 ਲੀਟਰ ਲਾਹਣ ਸਣੇ ਇੱਕ ਗ੍ਰਿ.ਫ਼ਤਾਰ, ਮੁਕੱਦਮਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਨੇ ਚਾਲੂ ਭੱਠੀ ਦਾ ਸਮਾਨ ਤੇ 150 ਲੀਟਰ ਲਾਹਣ ਬਰਾਮਦ ਕੀਤੀ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਰਣਜੀਤ ਸਿੰਘ ਨੇ ਦੱਸਿਆ ਕਿ ਮੁਖਬਰ ਖਾਸ ਨੇ ਇਤਲਾਹ ਦਿੱਤੀ ਸੀ ਕਿ ਗਗਨ ਉਰਫ਼ ਗੱਗੀ ਪੁੱਤਰ ਵਜੀਰ ਸਿੰਘ ਵਾਸੀ ਢਾਣੀ ਪ੍ਰੇਮ ਸਿੰਘ ਦਾਖਲੀ ਮਹਾਲਮ ਆਪਣੇ ਘਰ ਵਿੱਚ ਨਜਾਇਜ਼ ਸ਼ਰਾਬ ਕੱਢਣ ਤੇ ਵੇਚਣ ਦਾ ਆਦੀ ਹੈ, ਜੇਕਰ ਹੁਣੇ ਰੇਡ ਕੀਤਾ ਜਾਵੇ ਤਾਂ ਰੰਗੇ ਹੱਥੀਂ ਕਾਬੂ ਆ ਸਕਦਾ ਹੈ, ਜਿਸ 'ਤੇ ਪੁਲਸ ਨੇ ਰੇਡ ਕਰਕੇ ਗਗਨ ਉਰਫ਼ ਗੱਗੀ ਨੂੰ ਚਾਲੂ ਭੱਠੀ ਦਾ ਸਮਾਨ, ਲੋਹੇ ਦਾ ਡਰੰਮ, ਸਿਲਵਰ ਬੱਠਲ, ਨਾਲੀ ਪਾਇਪ ਤੇ 150 ਲੀਟਰ ਦੇ ਨਾਲ ਕਾਬੂ ਕੀਤਾ ਹੈ। ਥਾਣਾ ਵੈਰੋਕੇ ਕੇ ਵਿਖੇ ਪੁਲਸ ਨੇ ਧਾਰਾ 61/1/14 ਐਕਸਾਇਜ਼ ਐਕਟ ਅਧੀਨ ਮੁਕੱਦਮਾ ਨੰਬਰ 77 ਦਰਜ ਕੀਤਾ ਹੈ।

## ਸ਼੍ਰੋਮਣੀ ਅਕਾਲੀ ਦਲ ਹਲਕਾ ਸੁਨਾਮ ਦੀ ਸਮੁੱਚੀ ਜਥੇਬੰਦੀ ਭੰਗ

**ਜੂਨ ਮਹੀਨੇ ਦੇ ਅਖੀਰ ਤੱਕ ਨਵੀਂ ਜਥੇਬੰਦੀ ਦਾ ਐਲਾਨ ਕੀਤਾ ਜਾਵੇਗਾ**

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਸ੍ਰ. ਤਜਿੰਦਰ ਸਿੰਘ ਸੰਘਰੇੜੀ ਵੱਲੋਂ ਹਲਕਾ ਸੁਨਾਮ ਦੇ ਇੰਚਾਰਜ ਵਿਨਰਜੀਤ ਸਿੰਘ ਖਡਿਆਲ ਦੀ ਸਿਫਾਰਸ਼ ਤੇ ਹਲਕਾ ਸੁਨਾਮ ਦਾ ਸਮੁੱਚਾ ਜਥੇਬੰਦਕ ਢਾਂਚਾ ਭੰਗ ਕਰ ਦਿੱਤਾ ਹੈ। ਸ੍ਰ. ਤਜਿੰਦਰ ਸਿੰਘ ਸੰਘਰੇੜੀ ਬਿਆਨ ਕਰਦਿਆਂ ਦੱਸਿਆ ਕਿ ਪਿਛਲੇ ਦਿਨੀਂ ਪਾਰਟੀ ਦੇ ਪ੍ਰਧਾਨ ਸ੍ਰ. ਸੁਖਬੀਰ ਸਿੰਘ ਬਾਦਲ ਸਾਹਿਬ ਵੱਲੋਂ ਚੰਡੀਗੜ੍ਹ ਵਿਖੇ ਸਮੂਹ ਜ਼ਿਲ੍ਹਾ ਪ੍ਰਧਾਨਾਂ ਤੇ ਹਲਕਾ ਇੰਚਾਰਜ ਸਾਹਿਬਾਨ ਦੀ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਕਿ ਹਰ ਹਲਕੇ ਵਿੱਚ 15000 ਵੋਟ ਤੱਕ ਇੱਕ ਸਰਕਲ ਪ੍ਰਧਾਨ ਲਾਇਆ ਜਾਵੇ, ਸ਼ਹਿਰੀ ਤੇ ਦਿਹਾਤੀ ਖੇਤਰਾਂ ਦੇ ਸਰਕਲ ਪ੍ਰਧਾਨ ਤੇ ਅਹੁਦੇਦਾਰ ਵੱਖੋ-ਵੱਖਰੇ ਬਣਾਏ ਜਾਣਗੇ, ਪਾਰਟੀ ਦੇ ਜਥੇਬੰਦਕ ਢਾਂਚੇ ਵਿੱਚ ਹਰ ਵਰਗ ਨੂੰ ਬਿਨਾਂ ਕਿਸੇ ਭੇਦਭਾਵ ਜਾਤ-ਪਾਤ ਤੋਂ ਹਟ ਕੇ ਮਾਣ ਸਨਮਾਨ ਦਿੱਤਾ ਜਾਵੇਗਾ, ਜਿਹੜੇ ਵੀ ਵਰਕਰ ਪਾਰਟੀ ਦੀ ਵਿਚਾਰਧਾਰਾ, ਪਾਰਟੀ ਚੋਣ ਨਿਸ਼ਾਨ ਤੇ ਪਾਰਟੀ ਦੇ ਪ੍ਰਧਾਨ ਸਾਹਿਬ ਦੇ ਫੈਸਲਿਆਂ 'ਤੇ ਪਹਿਰਾ ਦੇਣਗੇ, ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ। ਵਿਨਰਜੀਤ ਸਿੰਘ ਨੇ ਦੱਸਿਆ ਕਿ ਪਾਰਟੀ ਸੁਨਾਮ ਹਲਕੇ ਵਿੱਚ ਆਉਣ ਵਾਲੀ ਵਿਧਾਨ ਸਭਾ ਚੋਣ ਪੂਰੀ ਤਿਆਰੀ ਤੇ ਤਨਦੇਹੀ ਨਾਲ ਲੜੇਗੀ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਪਾਰਟੀ ਹਰ ਘਰ, ਹਰ ਪਿੰਡ ਤੇ ਹਰ ਮੁਹੱਲੇ ਤੱਕ ਪਹੁੰਚ ਕਰੇਗੀ ਤੇ ਸ਼੍ਰੋਮਣੀ ਅਕਾਲੀ ਦਲ ਦਾ ਪੰਜਾਬ ਪ੍ਰਤੀ ਏਜੰਡਾ ਲੋਕਾਂ ਵਿੱਚ ਲੈ ਕੇ ਜਾਵਾਂਗੇ।

## ਹੋਲੀ ਹਾਰਟ ਸਕੂਲ ਵਿਖੇ ਵਿਸ਼ੇਸ਼ ਮੋਟੀਵੇਸ਼ਨਲ ਸੈਮੀਨਾਰ



**ਅਜੀਤਵਾਲ (ਨਛੱਤਰ ਸੰਧੂ)**-ਅਜੀਤਵਾਲ ਦੇ ਪ੍ਰਸਿੱਧ ਵਿੱਦਿਅਕ ਅਦਾਰੇ ਹੋਲੀ ਹਾਰਟ ਸਕੂਲ ਵਿਖੇ ਅਧਿਆਪਕਾਂ ਦੇ ਵਿਅਕਤੀਗਤ ਤੇ ਪੇਸ਼ੇਵਰ ਵਿਕਾਸ ਨੂੰ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਇੱਕ ਵਿਸ਼ੇਸ਼ ਮੋਟੀਵੇਸ਼ਨਲ ਸੈਮੀਨਾਰ ਕੀਤਾ ਗਿਆ।ਇਸ ਸੈਮੀਨਾਰ ਦਾ ਮੁੱਖ ਮਕਸਦ ਅਧਿਆਪਕਾਂ ਵਿੱਚ ਨਵੀਂ ਊਰਜਾ, ਆਤਮ-ਵਿਸ਼ਵਾਸ ਤੇ ਸਕਾਰਾਤਮਕ ਸੋਚ ਦਾ ਸੰਚਾਰ ਕਰਨਾ ਸੀ ਤਾਂ ਜੋ ਉਹ ਸਿੱਖਿਆ ਦੇ ਖੇਤਰ ਵਿੱਚ ਹੋਰ ਵਧੀਆ ਯੋਗਦਾਨ ਪਾ ਸਕਣ।ਸੈਮੀਨਾਰ ਵਿੱਚ ਸਕੂਲ ਦੇ ਸਮੂਹ ਅਧਿਆਪਕਾਂ ਤੇ ਸਟਾਫ਼ ਮੈਂਬਰਾਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ।ਸੈਮੀਨਾਰ ਦੌਰਾਨ ਬੁਲਾਰਿਆਂ ਨੇ ਅਧਿਆਪਕਾਂ ਨੂੰ ਪ੍ਰਭਾਵਸ਼ਾਲੀ ਪੜ੍ਹਾਈ ਦੇ ਤਰੀਕਿਆਂ, ਵਿਦਿਆਰਥੀਆਂ ਨਾਲ ਬਿਹਤਰ ਸੰਚਾਰ ਸਥਾਪਤ ਕਰਨ, ਕਲਾਸਰੂਮ ਮੈਨੇਜਮੈਂਟ, ਸਮੇਂ ਦੀ ਮਹੱਤਤਾ ਤੇ ਸਿੱਖਿਆ ਵਿੱਚ ਨਵੀਨਤਾ ਲਿਆਉਣ ਸਬੰਧੀ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ।ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕਿਸੇ ਵੀ ਵਿੱਦਿਅਕ ਸੰਸਥਾ ਦੀ ਸਫਲਤਾ ਉਸ ਦੇ ਅਧਿਆਪਕਾਂ ਦੀ ਮਿਹਨਤ, ਲਗਨ ਤੇ ਇਮਾਨਦਾਰੀ 'ਤੇ ਨਿਰਭਰ ਕਰਦੀ ਹੈ।ਅਧਿਆਪਕ ਸਮਾਜ ਦੇ ਅਸਲ ਨਿਰਮਾਤਾ ਹੁੰਦੇ ਹਨ, ਜੋ ਆਪਣੇ ਗਿਆਨ ਤੇ ਤਜਰਬੇ ਨਾਲ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਹੀ ਦਿਸ਼ਾ ਦਿੰਦੇ ਹਨ।ਉਨ੍ਹਾਂ ਕਿਹਾ ਕਿ ਹੋਲੀ ਹਾਰਟ ਸਕੂਲ ਹਮੇਸ਼ਾ ਆਪਣੇ ਅਧਿਆਪਕਾਂ ਦੇ ਸਰਵਪੱਖੀ ਵਿਕਾਸ ਲਈ ਯਤਨਸ਼ੀਲ ਰਹਿੰਦਾ ਹੈ ਤੇ ਭਵਿੱਖ ਵਿੱਚ ਵੀ ਅਜਿਹੇ ਪ੍ਰੇਰਨਾਦਾਇਕ ਸੈਮੀਨਾਰ ਕਰਵਾਏ ਜਾਂਦੇ ਰਹਿਣਗੇ।

ਅੰਤ ਵਿੱਚ ਸਕੂਲ ਪ੍ਰਬੰਧਨ ਵੱਲੋਂ ਸਾਰੇ ਭਾਗੀਦਾਰਾਂ ਦਾ ਧੰਨਵਾਦ ਕੀਤਾ ਗਿਆ ਤੇ ਇਹ ਵਿਸ਼ਵਾਸ ਪ੍ਰਗਟਾਇਆ ਗਿਆ ਕਿ ਇਸ ਸੈਮੀਨਾਰ ਤੋਂ ਪ੍ਰਾਪਤ ਕੀਤੀ ਪ੍ਰੇਰਨਾ ਤੇ ਗਿਆਨ ਅਧਿਆਪਕਾਂ ਨੂੰ ਵਿਦਿਆਰਥੀਆਂ ਦੀ ਬਿਹਤਰ ਸਿੱਖਿਆ ਤੇ ਉਨ੍ਹਾਂ ਦੇ ਸਰਵਪੱਖੀ ਵਿਕਾਸ ਲਈ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਲਈ ਪ੍ਰੇਰਿਤ ਕਰੇਗਾ।

# ਸੇਵਾ ਕੇਂਦਰ ਕਰਮਚਾਰੀਆਂ ਦੀ ਹੜਤਾਲ ਨੌਵੇਂ ਦਿਨ 'ਚ ਦਾਖ਼ਲ

**ਬਠਿੰਡਾ (ਪਰਵਿੰਦਰ ਜੀਤ ਸਿੰਘ)**



ਸੇਵਾ ਕੇਂਦਰਾਂ ਦੇ ਕ੍ਰਮਚਾਰੀਆਂ ਦੀ ਪੰਜਾਬ ਪੱਧਰ ਤੇ ਚੱਲ ਰਹੀ ਹੜਤਾਲ ਨੌਵੇਂ ਦਿਨ ਵਿੱਚ ਸ਼ਾਮਲ ਹੋ ਗਈ ਹੈ।ਪੰਜਾਬ ਸਰਕਾਰ ਜਾਂ ਪ੍ਰਸ਼ਾਸਨ ਵੱਲੋਂ ਇਹਨਾਂ ਕ੍ਰਮਚਾਰੀਆਂ ਦੀਆਂ ਮੰਗਾਂ ਬਾਰੇ ਕੋਈ ਗੱਲਬਾਤ ਨਹੀਂ ਕੀਤੀ ਜਾ ਰਹੀ।ਨਿੱਤ ਦੇ ਕੰਮ ਧੰਦੇ ਕਰਾਉਣ ਲਈ ਹਜ਼ਾਰਾਂ ਲੋਕ ਖਰਚਾ ਕਰਕੇ ਸੇਵਾ ਕੇਂਦਰਾਂ ਵਿੱਚ ਪਹੁੰਚਦੇ ਹਨ, ਪਰ ਹੜਤਾਲ ਕਾਰਨ ਉਹ ਨਿਰਾਸ ਹੋ ਕੇ ਮੁੜ ਜਾਂਦੇ ਹਨ।ਬਹੁਤ ਸਾਰੇ ਕਮ ਅਜਿਹੇ ਹਨ, ਜਿਹਨਾਂ ਵਿੱਚ ਦੇਰੀ ਹੋਣ ਸਦਕਾ ਲੱਖਾਂ ਹਜ਼ਾਰਾਂ ਰੁਪਏ ਦਾ ਨੁਕਸਾਨ ਹੋ ਜਾਂਦਾ ਹੈ ਜਾਂ ਉਨ੍ਹਾਂ ਦਾ ਭਵਿੱਖ ਖਤਰੇ ਵਿੱਚ ਪੈ ਜਾਂਦਾ ਹੈ।

ਮਿਸਾਲ ਵਜੋਂ ਵਿਦੇਸ਼ ਤੋਂ ਭਾਰਤ ਆਏ ਕਿਸੇ ਲੜਕੇ ਜਾਂ ਲੜਕੀ ਨੇ ਮੈਰਿਜ ਰਜਿਸਟਰਡ ਕਰਾਉਣੀ ਹੈ, ਪਰ ਹੜਤਾਲ ਕਾਰਨ ਉਹ ਨਹੀਂ ਕਰਾ ਸਕਦੇ।ਉਨ੍ਹਾਂ ਦਾ ਵੀਜ਼ਾ ਲੱਗਾ ਹੋਣ ਕਾਰਨ ਉਹਨ ਦੇ ਵਿਦੇਸ਼ ਜਾਣ ਵਿੱਚ ਅੜਿੱਕਾ ਲੱਗ ਜਾਂਦਾ ਹੈ। ਇਸ ਤਰਾਂ ਉਨ੍ਹਾਂ ਦਾ ਭਾਰੀ ਨੁਕਸਾਨ ਹੁੰਦਾ ਹੈ ਅਤੇ ਜੀਵਨ ਵਿੱਚ ਵੀ ਕੁੱਝ ਸਮੇਂ ਲਈ ਖੜੋਤ ਆ ਜਾਂਦੀ ਹੈ।ਇਸੇ ਤਰ੍ਹਾਂ ਅਸਲਾ ਲਾਇਸੰਸ ਨਵੀਨ ਕਵਾਉਣ ਦਾ ਸਮਾਂ ਲੰਘ ਜਾਣ ਤੇ ਹਜ਼ਾਰਾਂ ਰੁਪਏ ਦਾ ਜੁਰਮਾਨ ਲਾਇਸੰਸਧਾਰਕ ਨੂੰ ਬਰਦਾਸ਼ਤ ਕਰਨਾ ਪਵੇਗਾ।ਜਾਤੀ ਸਰਟੀਫਿਕੇਟ ਨਾ ਬਣ ਸਕਣ ਕਾਰਨ ਨਵੇਂ ਭਰਤੀ ਹੋਏ ਕਿਸੇ ਨੌਜਵਾਨ ਨੂੰ ਨੌਕਰੀ ਜੁਆਇਣ ਕਰਨ ਵਿੱਚ ਦਿੱਕਤ ਆਵੇਗੀ।ਸੁਆਲ ਉੱਠਦਾ ਹੈ ਕਿ ਇਸ ਭਾਰੀ ਨੁਕਸਾਨ ਦਾ ਜ਼ਿੰਮੇਵਾਰ ਕੌਣ ਹੋਵੇਗਾ, ਸਰਕਾਰ ਜਾਂ ਸੇਵਾ ਕੇਂਦਰ ਕ੍ਰਮਚਾਰੀ।

ਸਥਾਨਕ ਸੇਵਾ ਕੇਂਦਰ ਦੇ ਬਾਹਰ ਧਰਨੇ 'ਤੇ ਬੈਠੇ ਕ੍ਰਮਚਾਰੀਆਂ ਵੱਲੋਂ ਸੇਵਾ ਕੇਂਦਰ ਯੂਨੀਅਨ ਦੇ ਪ੍ਰਧਾਨ ਸ੍ਰੀ ਜਿੰਨੀ ਸ਼ਰਮਾ ਨੇ ਦੱਸਿਆ ਕਿ ਮੌਜੂਦਾ ਸਰਕਰ ਬਣਨ ਤੋਂ ਪਹਿਲਾਂ ਸੱਤਾਧਾਰੀ ਪਾਰਟੀ ਨੇ ਵਾਅਦਾ ਕੀਤਾ ਸੀ ਕਿ ਸੇਵਾ ਕੇਂਦਰਾਂ ਦੇ ਕ੍ਰਮਚਾਰੀਆਂ ਨੂੰ ਨੌਕਰੀ 'ਤੇ ਪੱਕਾ ਕੀਤਾ ਜਾਵੇਗਾ ਅਤੇ ਠੇਕੇਦਾਰੀ ਸਿਸਟਮ ਖਤਮ ਕਰ ਦਿੱਤਾ ਜਾਵੇਗਾ।ਉਸ ਨੇ ਦੱਸਿਆ ਕਿ ਉਹ ਅਗਸਤ 2016 ਤੋਂ ਲਗਾਤਾਰ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਸਿਰਫ਼ ਦਸ ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਮਿਲਦੀ ਹੈ।ਸਫ਼ਾਈ ਝਾੜੂ ਪੋਚਾ ਕਰਨ ਵਾਲੇ ਸੇਵਾਦਾਰਾਂ ਨੂੰ ਤਾਂ ਨਿਗੂਣੀ ਜਿਹੀ ਸਿਰਫ਼ ਅੱਠ ਸੌ ਰੁਪਏ ਤਨਖਾਹ ਮਿਲਦੀ ਹੈ। ਇਹ ਤਨਖਾਹ ਦੇਣ ਲਈ ਵੀ ਕੋਈ ਤਰੀਕ ਤਹਿ ਨਹੀਂ ਕੀਤੀ ਹੋਈ।

ਜਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਬਠਿੰਡਾ ਜਿਲ੍ਹੇ ਵਿੱਚ ਕਰੀਬ ਡੇਢ ਸੌ ਅਪ੍ਰੇਟਰ ਹਨ ਅਤੇ ਕੁੱਝ ਹੋਰ ਕਰਮਚਾਰੀ ਤੇ ਸਫ਼ਾਈ ਸੇਵਕ ਹਨ।ਇੱਕ ਸਵਾਲ ਦੇ ਜਵਾਬ ਵਿੱਚ ਉਸ ਨੇ ਦੱਸਿਆ ਕਿ ਪੰਜ ਕੁ ਕ੍ਰਮਚਾਰੀ ਸੇਵਾ ਕੇਂਦਰ ਵਿੱਚ ਹਾਜ਼ਰੀ ਲਾ ਰਹੇ ਹਨ ਅਤੇ ਉਹ ਪੰਜ ਸੱਤ ਐਂਟਰੀਆਂ ਹੀ ਕਰ ਸਕਦੇ ਹਨ।ਉਸ ਨੇ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਧੱਕੇ ਨਾਲ ਐਂਟਰੀਆਂ ਕਰਵਾਉਣ ਦਾ ਯਤਨ ਵੀ ਕੀਤਾ ਗਿਆ ਸੀ, ਪਰ ਉਹ ਸਫ਼ਲ ਨਹੀਂ ਹੋ ਸਕਿਆ।

ਜਿਲ੍ਹਾ ਪ੍ਰਧਾਨ ਨੇ ਕਿਹਾ ਕਿ ਯੂਨੀਅਨ ਦੀ ਮੰਗ ਹੈ ਕਿ ਠੇਕੇਦਾਰੀ ਸਿਸਟਮ ਬੰਦ ਕਰਕੇ ਕ੍ਰਮਚਾਰੀਆਂ ਨੂੰ 'ਬਰਾਬਰ ਕੰਮ ਬਰਾਬਰ ਤਨਖਾਹ' ਦੇ ਆਧਾਰ ਤੇ ਬਣਦੀ ਸਹੂਲਤੀ ਦਿੱਤੀ ਜਾਵੇ।ਕਿਸਾਨ ਆਗੂ ਅਮਰਜੀਤ ਸਿੰਘ ਹਨੀ ਨੇ ਕ੍ਰਮਚਾਰੀਆਂ ਦੀਆਂ ਮੰਗਾਂ ਦਾ ਸਮਰਥਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੂੰ ਵਾਅਦਾ ਨਿਭਾਉਣਾ ਚਾਹੀਦਾ ਹੈ।ਇਨ੍ਹਾਂ ਕ੍ਰਮਚਾਰੀਆਂ ਨੂੰ ਪੱਕੇ ਕਰਕੇ ਮਸਲੇ ਦਾ ਸਥਾਈ ਹੱਲ ਕਰਨਾ ਚਾਹੀਦਾ ਹੈ।

## ਡੀ ਐੱਸ ਪੀ ਸਤਵਿੰਦਰ ਸਿੰਘ ਵਿਰਕ ਵੱਲੋਂ ਪੱਤਰਕਾਰਾਂ ਨਾਲ ਪਲੇਠੀ ਮੀਟਿੰਗ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੁਲਸ ਸਬ-ਡਵੀਜ਼ਨ ਦੇ ਨਵ-ਨਿਯੁਕਤ ਡੀ ਐਸ ਪੀ ਸਤਵਿੰਦਰ ਸਿੰਘ ਵਿਰਕ ਨੇ ਅਹੁਦਾ ਸੰਭਾਲਣ ਉਪਰੰਤ ਹਲਕਾ ਮਹਿਲ ਕਲਾਂ ਦੇ ਪੱਤਰਕਾਰ ਭਾਈਚਾਰੇ ਨਾਲ ਪਲੇਠੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਬ ਡਵੀਜ਼ਨ ਅੰਦਰ ਅਮਨ-ਸ਼ਾਂਤੀ, ਕਾਨੂੰਨ ਵਿਵਸਥਾ, ਨਸ਼ਿਆਂ ਦੀ ਰੋਕਥਾਮ, ਟ੍ਰੈਫਿਕ ਨਿਯਮਾਂ ਦੀ ਪਾਲਣਾ ਅਤੇ ਲੋਕਾਂ ਨਾਲ ਪੁਲਸ ਦੇ ਤਾਲਮੇਲ ਸਬੰਧੀ ਅਹਿਮ ਨੁਕਤੇ ਸਾਂਝੇ ਕੀਤੇ।ਡੀ ਐਸ ਪੀ ਵਿਰਕ ਨੇ ਕਿਹਾ ਕਿ ਭਗਵੰਤ ਮਾਨ, ਡੀ ਜੀ ਪੀ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤੇ ਐਸ ਐਸ ਪੀ ਸਰਫ਼ਰਾਜ ਆਲਮ ਦੀ ਗਤੀਸ਼ੀਲ ਅਗਵਾਈ ਹੇਠ ਸਬ ਡਵੀਜ਼ਨ ਮਹਿਲ ਕਲਾਂ ਅਧੀਨ ਪੈਂਦੇ ਥਾਣਾ ਮਹਿਲ ਕਲਾਂ, ਟੱਲੇਵਾਲ, ਠੁੱਲੀਵਾਲ ਦੇ ਪਿੰਡਾਂ ਵਿੱਚ ਅਮਨ-ਸ਼ਾਂਤੀ ਅਤੇ ਕਾਨੂੰਨ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ।ਉਨ੍ਹਾਂ ਕਿਹਾ ਕਿ ਹਰ ਇਕ ਨਾਗਰਿਕ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ, ਅਮਨ ਸ਼ਾਂਤੀ ਬਣਾਈ ਰੱਖਣਾ ਪੰਜਾਬ ਪੁਲਿਸ ਦਾ ਮੁੱਖ ਟੀਚਾ ਹੈ।ਪੰਜਾਬ ਪੁਲਸ ਵੱਲੋਂ ਨਸ਼ਿਆਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਨੂੰ ਹੋਰ ਮਜ਼ਬੂਤੀ ਨਾਲ ਤੇਜ਼ ਕੀਤਾ ਜਾਵੇਗਾ ਅਤੇ ਨਸ਼ਾ ਤਸਕਰਾਂ ਨੂੰ ਕਿਸੇ ਵੀ ਹਾਲਤ ਵਿੱਚ ਬਖ਼ਸ਼ਿਆ ਨਹੀਂ ਜਾਵੇਗਾ। ਡੀ ਐਸ ਪੀ ਵਿਰਕ ਨੇ ਇਲਾਕੇ ਦੇ ਸਮੂਹ ਲੋਕਾਂ ਨੂੰ ਕਿਹਾ ਕਿ ਜੇਕਰ ਕੋਈ ਵੀ ਵਿਅਕਤੀ ਨਸ਼ਾ ਤਸਕਰਾਂ, ਅਪਰਾਧਕ ਅਨਸਰਾਂ ਜਾਂ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀ ਸਬੰਧੀ ਜਾਣਕਾਰੀ ਰੱਖਦਾ ਹੋਵੇ ਤਾਂ ਉਹ ਬੇਝਿਜਕ ਸਿੱਧੇ ਤੌਰ 'ਤੇ ਨਾਲ ਸਾਂਝੀ ਕਰਨ। ਉਨ੍ਹਾਂ ਆਪਣੇ ਵਲੋਂ ਪੂਰਨ ਸਹਿਯੋਗ ਦਾ ਭਰੋਸਾ ਦਿਵਾਇਆ।ਇਸ ਮੌਕੇ ਥਾਣਾ ਮਹਿਲ ਕਲਾਂ ਦੇ ਮੁਖ ਅਫਸਰ ਇੰਸਪੈਕਟਰ ਕੁਲਵਿੰਦਰ ਸਿੰਘ ਧਾਲੀਵਾਲ ਨੇ ਨਵ-ਨਿਯੁਕਤ ਡੀ ਐਸ ਪੀ ਸਤਵਿੰਦਰ ਸਿੰਘ ਵਿਰਕ ਦਾ ਨਿੱਘਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਜੀ ਆਇਆਂ ਆਖਿਆ।

## ਬਹੁਜਨ ਸਮਾਜ ਪਾਰਟੀ ਦੀ ਮੀਟਿੰਗ



**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਬਹੁਜਨ ਸਮਾਜ ਪਾਰਟੀ ਦੇ ਦਿਹਾਤੀ ਹਲਕਾ ਪਟਿਆਲਾ ਦੇ ਮੈਂਬਰਾਂ ਦੀ ਮੀਟਿੰਗ ਤਰਕਸ਼ੀਲ ਭਵਨ ਵਿਖੇ ਬੜੀ ਸਦਭਾਵਨਾ ਨਾਲ ਕੀਤੀ ਗਈ।ਮੀਟਿੰਗ ਵਿੱਚ ਸਾਰੇ ਮੈਂਬਰਾਂ ਨੇ ਬਹੁਤ ਉਤਸ਼ਾਹ ਦਿਖਾਇਆ।ਮੀਟਿੰਗ ਵਿੱਚ ਜੋਗਾ ਸਿੰਘ ਪਨੌਦੀਆਂ, ਜਨਰਲ ਸਕੱਤਰ, ਪੰਜਾਬ ਤੇ ਲੋਕ ਸਭਾ ਇੰਚਾਰਜ, ਬਹੁਜਨ ਸਮਾਜ ਪਾਰਟੀ ਪਟਿਆਲਾ ਦੀ ਸਰਪ੍ਰਸਤੀ ਹੇਠ ਹੋਈ।ਇਸ ਵਿੱਚ ਮੇਜਰ ਸਿੰਘ ਟਿੱਬੀ, ਜ਼ਿਲ੍ਹਾ ਪ੍ਰਧਾਨ, ਬਹੁਜਨ ਸਮਾਜ ਪਾਰਟੀ ਪਟਿਆਲਾ ਨੇ ਵੀ ਅਗਵਾਈ ਕੀਤੀ।ਮੀਟਿੰਗ ਬਹੁਤ ਸਾਰੇ ਪਟਿਆਲਾ ਦਿਹਾਤੀ ਦੇ ਆਹੁਦੇਦਾਰ, ਸੈਕਟਰ ਕਮੇਟੀਆਂ ਦੇ ਚੁਣੇ ਹੋਏ ਮੈਂਬਰਾਂ ਤੇ ਹੋਰ ਵਿਧਾਨ ਸਭਾ ਦਿਹਾਤੀ ਮੈਂਬਰਾਂ ਨੇ ਬਹੁਤ ਜ਼ਿਆਦਾ ਗਿਣਤੀ ਵਿੱਚ ਹਿੱਸਾ ਲਿਆ।ਮੀਟਿੰਗ ਵਿੱਚ ਜੋਗਾ ਸਿੰਘ ਪਨੌਦੀਆਂ, ਜਨਰਲ ਸਕੱਤਰ ਬਸਪਾ ਤੇ ਹੋਰ ਸਾਰੇ ਆਹੁਦੇਦਾਰਾਂ ਸਰਬਸੰਮਤੀ ਨਾਲ ਐਡਵੋਕੇਟ ਜਰਨੈਲ ਸਿੰਘ ਆਈ.ਟੀ.ਓ. (ਰਿਟਾਇਰਡ) ਨੂੰ ਇੰਚਾਰਜ ਦਿਹਾਤੀ ਹਲਕਾ ਪਟਿਆਲਾ ਅਤੇ ਸੁਰਜੀਤ ਸਿੰਘ ਗੋਰੀਆ ਨੂੰ ਇੰਚਾਰਜ ਦਿਹਾਤੀ ਹਲਕਾ ਪਟਿਆਲਾ ਨਿਯੁਕਤ ਕੀਤਾ ਗਿਆ ਹੈ।ਮੀਟਿੰਗ ਵਿੱਚ ਇਨ੍ਹਾਂ ਤੋਂ ਇਲਾਵਾ ਦਿਹਾਤੀ ਪਟਿਆਲਾ ਬਸਪਾ ਦੇ ਨਵੇਂ ਅਹੁਦੇਦਾਰ ਵੀ ਨਿਯੁਕਤ ਕੀਤੇ ਗਏ ਹਨ ਤਾਂ ਜੁ ਬਹੁਜਨ ਸਮਾਜ ਪਾਰਟੀ ਆਉਣ ਵਾਲੀ ਵਿਧਾਨ ਸਭਾ ਚੋਣ 2027 ਵਿੱਚ ਪੰਜਾਬ ਸੰਭਾਲੋ ਮੁਹਿਮ ਦੇ ਤਹਿਤ ਸਤਾ ਪ੍ਰਾਪਤ ਕੀਤੀ ਜਾਵੇ।

## 'ਮੇਰੀ ਰਸੋਈ' ਸਕੀਮ ਤਹਿਤ ਦਦਹੇੜਾ 'ਚ ਰਾਸ਼ਨ ਕਿੱਟਾਂ ਵੰਡੀਆਂ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਲੋਕ ਭਲਾਈ ਲਈ ਚਲਾਈਆਂ ਜਾ ਰਹੀਆਂ ਯੋਜਨਾਵਾਂ ਤਹਿਤ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਵੱਲੋਂ ਹਲਕਾ ਸਮਾਣਾ ਦੇ ਪਿੰਡ ਦਦਹੇੜਾ ਵਿਖੇ ਮੇਰੀ ਰਸੋਈ ਸਕੀਮ ਤਹਿਤ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ ਗਈਆਂ।ਇਸ ਮੌਕੇ ਲੋਕਾਂ ਨੂੰ ਰੋਜ਼ਾਨਾ ਦੀ ਵਰਤੋਂ ਵਾਲੀ ਰਾਸ਼ੀ ਸਮੱਗਰੀ ਨਾਲ ਭਰੀਆਂ ਕਿੱਟਾਂ ਮੁਹੱਈਆ ਕਰਾਈਆਂ ਗਈਆਂ।ਬਰਸਟ ਨੇ ਕਿਹਾ ਕਿ ਮੇਰੀ ਰਸੋਈ ਸਕੀਮ ਦਾ ਮੁੱਖ ਮਕਸਦ ਆਰਥਿਕ ਤੌਰ 'ਤੇ ਕਮਜ਼ੋਰ ਅਤੇ ਲੋੜਵੰਦ ਪਰਵਾਰਾਂ ਦੀ ਮਦਦ ਕਰਨਾ ਹੈ, ਤਾਂ ਜੁ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਵੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕ ਭਲਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਅਜਿਹੀਆਂ ਹੋਰ ਵੀ ਸਕੀਮਾਂ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਦਾ ਸਿੱਧਾ ਲਾਭ ਆਮ ਲੋਕਾਂ ਨੂੰ ਮਿਲ ਰਿਹਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਵਰਗ ਦੀ ਭਲਾਈ ਲਈ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਕੰਮ ਕਰ ਰਹੀ ਹੈ।ਸਰਕਾਰ ਦਾ ਮੁੱਖ ਉਦੇਸ਼ ਸਾਰਿਆਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਮਕਸਦ ਹਰ ਘਰ ਤੱਕ ਸੁਵਿਧਾਵਾਂ ਪਹੁੰਚਾਉਣਾ ਤੇ ਸਮਾਜ ਦੇ ਹਰ ਵਰਗ ਨੂੰ ਨਾਲ ਲੈ ਕੇ ਤਰੱਕੀ ਦੀ ਰਾਹ ਤੇ ਅੱਗੇ ਵੱਧਣਾ ਹੈ।

## ਬਾਬਾ ਨਾਮਦੇਵ ਵੈੱਲਫੇਅਰ ਸਭਾ ਵੱਲੋਂ ਚਹਿਲ ਨੂੰ ਚੇਅਰਮੈਨ ਬਣਨ 'ਤੇ ਵਧਾਈ



**ਭੀਖੀ (ਧਰਮਵੀਰ ਸ਼ਰਮਾ, ਗੁਰਿੰਦਰ ਔਲਖ)**-ਬਾਬਾ ਨਾਮਦੇਵ ਵੈਲਫੇਅਰ ਸਭਾ ਭੀਖੀ ਦੇ ਨੁਮਾਇੰਦਿਆਂ ਵਲੋਂ ਜਿਲ੍ਹਾ ਪ੍ਰੀਸ਼ਦ ਮਾਨਸਾ ਦਾ ਚੇਅਰਮੈਨ ਬਨਣ 'ਤੇ ਚੁਸਪਿੰਦਰਬੀਰ ਚਹਿਲ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਵਧਾਈ ਦਿੱਤੀ।ਇਸ ਮੌਕੇ ਸਭਾ ਦੇ ਅਹੁਦੇਦਾਰਾਂ ਵੱਲੋਂ ਉਹਨਾਂ ਦਾ ਮੂੰਹ ਮਿੱਠਾ ਕਰਵਾ ਕੇ ਅਤੇ ਸਿਰਪਾਓ ਪਾ ਕੇ ਸਨਮਾਨਿਤ ਵੀ ਕੀਤਾ।ਇਸ ਮੌਕੇ ਟਾਂਕ ਕਸ਼ੱਤਰੀ ਸਭਾ ਦੇ ਕੌਮੀ ਮੀਤ ਪ੍ਰਧਾਨ ਅਤੇ ਜਿਲਾ ਯੋਜਨਾ ਬੋਰਡ ਦੇ ਸਾਬਕਾ ਮੈਂਬਰ ਡਾ. ਪਵਿੱਤਰ ਸਿੰਘ ਔਲਖ ਨੇ ਕਿਹਾ ਕਿ ਚੁਸਪਿੰਦਰਬੀਰ ਚਹਿਲ ਦੀ ਇਸ ਨਿਯੁਕਤੀ ਨਾਲ ਆਮ ਆਦਮੀ ਪਾਰਟੀ ਦੀ ਮਾਨਸਾ ਜ਼ਿਲ੍ਹੇ ਵਿੱਚ ਮਜਬੂਤੀ ਹੋਰ ਵਧੇਗੀ ਕਿਉਂਕਿ ਚਹਿਲ ਜਿੱਥੇ ਨੌਜਵਾਨ ਵਰਗ ਦੇ ਚਹੇਤਾ ਨੇਤਾ ਹਨ ਉਥੇ ਹਰ ਵਰਗ ਦੇ ਲੋਕਾਂ ਨਾਲ ਉਨ੍ਹਾਂ ਦੀ ਹਰਮਨ ਪਿਆਰਤਾ ਹੈ।ਇਸ ਮੌਕੇ ਉਹਨਾਂ ਭੀਖੀ ਨੂੰ ਸਬ ਤਹਿਸੀਲ ਦਾ ਦਰਜਾ ਦਿਵਾਉਣ ਅਤੇ ਭੀਖੀ ਦੇ ਰਹਿੰਦੇ ਵਿਕਾਸ ਦੇ ਕੰਮ ਕਰਵਾਏ ਜਾਣ ਦੀ ਮੰਗ ਵੀ ਰੱਖੀ।ਇਸ ਮੌਕੇ ਉਹਨਾਂ ਨਾਲ ਜਨਕ ਸਿੰਘ, ਜੋਗਿੰਦਰ ਸਿੰਘ ਮਾਨ, ਹਰਜਿੰਦਰ ਸਿੰਘ ਮੋਹਲ, ਅਤੇ ਟਿੰਕੂ ਸਿੰਘ ਔਲਖ ਆਦਿ ਹਾਜ਼ਰ ਸਨ।

## ਮੁੱਖ ਮੰਤਰੀ ਨੇ ਧੂਰੀ ਦੇ ਜੇਤੂ ਕੌਂਸਲਰਾਂ ਨਾਲ ਕੀਤੀ ਮੀਟਿੰਗ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਆਪਣੇ ਵਿਧਾਨ ਸਭਾ ਹਲਕੇ ਧੂਰੀ ਦੇ ਨਗਰ ਕੌਂਸਲ ਚੋਣਾਂ ਵਿੱਚ ਸ਼ਾਨਦਾਰ ਜਿੱਤ ਹਾਸਲ ਕਰਨ ਵਾਲੇ ਨਵੇਂ ਚੁਣੇ ਗਏ ਉਮੀਦਵਾਰਾਂ ਤੇ ਕੌਂਸਲਰਾਂ ਨਾਲ ਮੁਲਾਕਾਤ ਕੀਤੀ ਗਈ।ਇਸ ਉੱਚ ਪੱਧਰੀ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਸਾਰੇ ਜੇਤੂ ਨੁਮਾਇੰਦਿਆਂ ਨੂੰ ਮੁਬਾਰਕਬਾਦ ਦਿੱਤੀ। ਮੀਟਿੰਗ ਦੌਰਾਨ ਨਵੇਂ ਚੁਣੇ ਗਏ ਨੁਮਾਇੰਦਿਆਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਅਪੀਲ ਕੀਤੀ ਕਿ ਉਹ ਹਮੇਸ਼ਾ ਆਮ ਲੋਕਾਂ ਦੇ ਵਿਚਕਾਰ ਰਹਿ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨ।ਉਨ੍ਹਾਂ ਭਰੋਸਾ ਦਿੱਤਾ ਕਿ ਧੂਰੀ ਸ਼ਹਿਰ ਦੇ ਸਰਵਪੱਖੀ ਵਿਕਾਸ ਤੇ ਲੋਕ ਭਲਾਈ ਕਾਰਜਾਂ ਲਈ ਪੰਜਾਬ ਸਰਕਾਰ ਵੱਲੋਂ ਫੰਡਾਂ ਦੀ ਕੋਈ ਵੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਜਨਤਾ ਨੇ ਜਿਸ ਉਮੀਦ ਨਾਲ ਉਨ੍ਹਾਂ ਨੂੰ ਚੁਣਿਆ ਹੈ, ਉਸ 'ਤੇ ਖ਼ਰਾ ਉਤਰਨਾ ਸਾਰਿਆਂ ਦਾ ਫ਼ਰਜ਼ ਹੈ।ਉਨ੍ਹਾਂ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਮੌਜੂਦਾ ਸਰਕਾਰ ਬਿਨਾਂ ਕਿਸੇ ਪੱਖਪਾਤ ਜਾਂ ਸਿਆਸੀ ਭੇਦਭਾਵ ਦੇ ਪੰਜਾਬ ਦੇ ਹਰ ਵਰਗ, ਹਰ ਧਰਮ ਤੇ ਹਰ ਇਲਾਕੇ ਦੀ ਸੇਵਾ ਕਰ ਰਹੀ ਹੈ ਅਤੇ ਸਭ ਦੇ ਸਹਿਯੋਗ ਨਾਲ ਮੁੜ 'ਰੰਗਲਾ ਪੰਜਾਬ' ਸਿਰਜਿਆ ਜਾਵੇਗਾ।

## ਸਕੂਲ .ਫ਼ੀਸਾਂ 'ਤੇ ਲਗਾਮ ਕੱਸਣ ਲਈ ਮੁੱਖ ਮੰਤਰੀ ਦਾ ਇਤਿਹਾਸਕ ਫੈਸਲਾ : ਨੂਰ ਔਲਖ

**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਆਮ ਆਦਮੀ ਪਾਰਟੀ ਯੂਥ ਵਿੰਗ ਦੇ ਸੂਬਾਈ ਆਗੂ ਪਰਮਿੰਦਰ ਸਿੰਘ ਨੂਰ ਔਲਖ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਵਿਦਿਆਰਥੀਆਂ ਦੇ ਮਾਪਿਆਂ ਦੇ ਹੱਕ ਵਿੱਚ ਲਏ ਗਏ ਇੱਕ ਵੱਡੇ ਤੇ ਇਤਿਹਾਸਕ ਫੈਸਲੇ ਦੀ ਜ਼ੋਰਦਾਰ ਸ਼ਲਾਘਾ ਕੀਤੀ ਹੈ।ਉਨ੍ਹਾਂ ਇਸ ਫੈਸਲੇ ਨੂੰ ਸੂਬੇ ਦੇ ਲੱਖਾਂ ਮਾਪਿਆਂ ਲਈ ਇੱਕ ਬਹੁਤ ਵੱਡੀ ਰਾਹਤ ਦੱਸਦਿਆਂ ਕਿਹਾ ਕਿ ਮਾਨ ਸਰਕਾਰ ਦੇ ਇਸ ਕਦਮ ਨਾਲ ਸਿੱਖਿਆ ਦੇ ਨਾਂ 'ਤੇ ਚੱਲ ਰਹੀ ਵਪਾਰਕ ਤੇ ਆਰਥਿਕ ਲੁੱਟ ਨੂੰ ਹੁਣ ਹਮੇਸ਼ਾ ਲਈ ਨੱਥ ਪੈ ਜਾਵੇਗੀ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਯੂਥ ਆਗੂ ਨੇ ਦੱਸਿਆ ਕਿ ਨਵੇਂ ਨਿਯਮਾਂ ਮੁਤਾਬਕ ਹੁਣ ਕੋਈ ਵੀ ਪ੍ਰਾਈਵੇਟ ਸਕੂਲ ਸਾਲਾਨਾ 5 ਫੀਸਦੀ ਤੋਂ ਵੱਧ ਫੀਸ ਨਹੀਂ ਵਧਾ ਸਕੇਗਾ।ਸਭ ਤੋਂ ਅਹਿਮ ਗੱਲ ਇਹ ਹੈ ਕਿ ਇਸ 5% ਦੇ ਦਾਇਰੇ ਵਿੱਚ ਸਕੂਲ ਵੱਲੋਂ ਲਏ ਜਾਣ ਵਾਲੇ ਸਾਰੇ ਲਾਜ਼ਮੀ ਫੰਡ ਵੀ ਸ਼ਾਮਲ ਹੋਣਗੇ, ਤਾਂ ਜੋ ਸਕੂਲ ਪ੍ਰਬੰਧਕ ਕਿਸੇ ਹੋਰ ਬਹਾਨੇ ਮਾਪਿਆਂ ਦੀ ਜੇਬ 'ਤੇ ਡਾਕਾ ਨਾ ਮਾਰ ਸਕਣ।ਉਨ੍ਹਾਂ ਦੱਸਿਆ ਕਿ ਇਸ ਇਤਿਹਾਸਕ ਨਿਯਮ ਨੂੰ ਪੂਰੀ ਸਖ਼ਤੀ ਤੇ ਪਾਰਦਰਸ਼ਤਾ ਨਾਲ ਲਾਗੂ ਕਰਨ ਲਈ ਪੰਜਾਬ ਸਰਕਾਰ ਵੱਲੋਂ ਬਹੁਤ ਜਲਦ ਇੱਕ ਵਿਸ਼ੇਸ਼ ਆਰਡੀਨੈਂਸ ਲਿਆਂਦਾ ਜਾ ਰਿਹਾ ਹੈ।ਇਸ ਆਰਡੀਨੈਂਸ ਦੇ ਲਾਗੂ ਹੋਣ ਤੋਂ ਬਾਅਦ ਸੂਬੇ ਦੇ ਕਿਸੇ ਵੀ ਪ੍ਰਾਈਵੇਟ ਸਕੂਲ ਨੂੰ ਕੋਈ ਛੂਟ ਜਾਂ ਰਿਆਇਤ ਨਹੀਂ ਮਿਲੇਗੀ। ਜੇਕਰ ਕੋਈ ਵੀ ਸਕੂਲ ਪ੍ਰਬੰਧਕ ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕਰਨ ਦੀ ਕੋਸ਼ਿਸ਼ ਕਰੇਗਾ, ਤਾਂ ਉਸ ਖ਼ਿਲਾਫ਼ ਕਾਨੂੰਨ ਮੁਤਾਬਕ ਸਖ਼ਤ ਤੋਂ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਅਖੀਰ ਵਿੱਚ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਵਰਗ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ।

ਸ਼ੁੱਕਰਵਾਰ, 5 ਜੂਨ, 2026
22 ਜੇਠ ਨਾਨਕਸ਼ਾਹੀ 558 ਬਿਕਰਮੀ 2083
ਜਿਲਦ/VOL. : 75
ਅੰਕ/NO. : 4

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 5 JUNE, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14

# 'ਕਾਕਰੋਚਾਂ' ਨੇ ਸਿੱਖਿਆ ਮੰਤਰੀ ਦੇ ਅਸਤੀਫੇ ਲਈ ਦਬਾਅ ਵਧਾਇਆ

**ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)**

ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਨੇ ਆਪਣੇ 6 ਜੂਨ ਦੇ ਵਿਰੋਧ ਪ੍ਰਦਰਸ਼ਨ ਤੋਂ ਪਹਿਲਾਂ ਕਲਾਊਡ ਸਟੋਰੇਜ ਕੌਂਫਿਗਰੇਸ਼ਨ ਮੁੱਦੇ ਕਾਰਨ ਜੇ ਈ ਈ (ਐਡਵਾਂਸਡ) 2026 ਦੇ ਉਮੀਦਵਾਰਾਂ ਦਾ ਡਾਟਾ ਸਾਹਮਣੇ ਆਉਣ ਦੀ ਰਿਪੋਰਟ 'ਤੇ ਵੀਰਵਾਰ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਬੋਲਿਆ ਅਤੇ ਸਿੱਖਿਆ ਮੰਤਰਾਲੇ ਤੋਂ ਜਵਾਬਦੇਹੀ ਦੀ ਮੰਗ ਕੀਤੀ।

ਪਾਰਟੀ ਦੇ ਬੁਲਾਰਿਆਂ ਨੇ ਪ੍ਰੈੱਸ ਕਾਨਫਰੰਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੂੰ ਤੁਰੰਤ ਬਰਖਾਸਤ ਕਰਨ ਦੀ ਅਪੀਲ ਵੀ ਕੀਤੀ, ਕਿਉਂਕਿ ਉਹ ਸਿੱਖਿਆ ਖੇਤਰ ਵਿੱਚ ਜਵਾਬਦੇਹੀ ਯਕੀਨੀ ਬਣਾਉਣ ਵਿੱਚ ਅਸਫਲ ਰਹੇ ਹਨ। ਉਨ੍ਹਾਂ ਕਿਹਾ ਕਿ ਡਾਟਾ ਲੀਕ ਹੋਣ ਦੀ ਘਟਨਾ ਨੇ ਵਿਦਿਆਰਥੀਆਂ ਦੇ ਡਾਟਾ ਦੀ ਸੁਰੱਖਿਆ ਤੇ ਸਰਕਾਰ ਦੀਆਂ ਪ੍ਰੀਖਿਆ ਪ੍ਰਣਾਲੀਆਂ ਦੇ ਪ੍ਰਬੰਧਨ ਬਾਰੇ ਨਵੀਆਂ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ। ਬੁਲਾਰੇ ਆਸ਼ੂਤੋਸ਼ ਰੰਕਾ ਨੇ ਕਿਹਾ ਕਿ ਉਮੀਦਵਾਰਾਂ ਦੀ ਜਾਣਕਾਰੀ ਦਾ ਖੁਲਾਸਾ ਸਾਈਬਰ ਸੁਰੱਖਿਆ ਉਪਾਵਾਂ ਦੀ ਮਾੜੀ ਸਥਿਤੀ ਨੂੰ ਦਰਸਾਉਂਦਾ ਹੈ। ਉਨ੍ਹਾ ਕਿਹਾ, 'ਲਗਭਗ ਦੋ ਲੱਖ ਵਿਦਿਆਰਥੀਆਂ ਦੇ ਨਾਂਅ, ਫੋਨ ਨੰਬਰ ਅਤੇ ਤਸਵੀਰਾਂ ਸਾਹਮਣੇ ਆਈਆਂ ਹਨ। ਇੱਕ ਅਜਿਹੇ ਦੇਸ਼, ਜਿਸ ਨੇ ਦੁਨੀਆ ਭਰ ਦੀਆਂ ਚੋਟੀ ਦੀਆਂ ਤਕਨਾਲੋਜੀ ਕੰਪਨੀਆਂ ਦੇ ਮੋਹਰੀ ਤਕਨੀਕੀ ਮਾਹਰ ਪੈਦਾ ਕੀਤੇ ਹਨ, ਦੇ ਸਿੱਖਿਆ ਮੰਤਰੀ ਤੇ ਸਰਕਾਰ ਏਨੇ ਅਯੋਗ ਹਨ ਕਿ ਉਹ ਬੁਨਿਆਦੀ ਪ੍ਰਣਾਲੀਆਂ ਨੂੰ ਸੁਰੱਖਿਅਤ ਢੰਗ ਨਾਲ ਚਲਾਉਣ ਦੇ ਸਮਰੱਥ ਨਹੀਂ। ਸਿੱਖਿਆ ਮੰਤਰੀ ਪੂਰੀ ਤਰ੍ਹਾਂ ਅਯੋਗ ਹਨ। ਉਨ੍ਹਾ ਸਿੱਖਿਆ ਪ੍ਰਣਾਲੀ ਦਾ ਬੇੜਾ ਗਰਕ ਕਰ ਦਿੱਤਾ ਹੈ। ਅਸੀਂ ਪ੍ਰਧਾਨ ਮੰਤਰੀ ਨੂੰ ਅਪੀਲ ਕਰਦੇ ਹਾਂ ਕਿ ਧਰਮਿੰਦਰ ਪ੍ਰਧਾਨ ਨੂੰ ਤੁਰੰਤ ਬਰਖਾਸਤ ਕੀਤਾ ਜਾਵੇ। ਇਹ ਸਾਡੇ ਵਿਦਿਆਰਥੀਆਂ ਦੇ ਭਵਿੱਖ ਦਾ ਸਵਾਲ ਹੈ

• ਬਾਕੀ ਸਫ਼ਾ 6 'ਤੇ



ਮੁੱਖ ਬੁਲਾਰੇ ਆਸ਼ੂਤੋਸ਼ ਰੰਕਾ (ਖੱਬੇ) ਤੇ ਸੌਰਵ ਦਾਸ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਨ ਵੇਲੇ।

## ਸਿੱਖਿਆ ਪ੍ਰਣਾਲੀ ਤਬਾਹ ਕੀਤੀ : ਰਾਹੁਲ

**ਨਵੀਂ ਦਿੱਲੀ** : ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਵੀਰਵਾਰ ਨੂੰ ਇੱਕ ਨੀਟ ਉਮੀਦਵਾਰ ਦੀ ਕਥਿਤ ਖੁਦਕੁਸ਼ੀ ਸਾਹਮਣੇ ਆਉਣ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਭਾਰਤ ਦੇ ਨੌਜਵਾਨਾਂ ਦੀ ਇੱਕ ਪੂਰੀ ਪੀੜ੍ਹੀ ਉਸ ਹੱਦ ਤੱਕ ਕੀਮਤ ਚੁਕਾ ਰਹੀ ਹੈ, ਜਿਸ ਹੱਦ ਤੱਕ ਪ੍ਰਧਾਨ ਮੰਤਰੀ ਨੇ ਪਿਛਲੇ 12 ਸਾਲਾਂ ਵਿੱਚ ਸਿੱਖਿਆ ਪ੍ਰਣਾਲੀ ਨੂੰ ਬਰਬਾਦ ਕੀਤਾ ਹੈ। ਮੋਦੀ ਸਰਕਾਰ 'ਤੇ ਗਾਂਧੀ ਦਾ ਇਹ ਹਮਲਾ ਮੀਡੀਆ ਰਿਪੋਰਟਾਂ ਤੋਂ ਬਾਅਦ ਆਇਆ ਹੈ, ਜਿਨ੍ਹਾਂ ਵਿੱਚ ਕਿਹਾ ਗਿਆ ਹੈ ਕਿ ਮੱਧ ਪ੍ਰਦੇਸ਼ ਦੇ ਮੌਗੰਜ ਜ਼ਿਲ੍ਹੇ ਦੀ ਇੱਕ ਨੀਟ ਉਮੀਦਵਾਰ ਆਕਾਂਕਸ਼ਾ ਚਤੁਰਵੇਦੀ ਨੇ ਨੀਟ-ਯੂ ਜੀ ਪ੍ਰੀਖਿਆ ਵਿੱਚ ਬੇਨਿਯਮੀਆਂ ਦੀਆਂ ਰਿਪੋਰਟਾਂ ਤੋਂ ਬਾਅਦ ਡਿਪ੍ਰੈਸ਼ਨ ਵਿੱਚ ਆ ਕੇ ਨਾਗਪੁਰ ਵਿੱਚ ਕਥਿਤ ਤੌਰ 'ਤੇ ਖੁਦਕੁਸ਼ੀ ਕਰ ਲਈ। ਗਾਂਧੀ ਨੇ ਐਕਸ 'ਤੇ ਹਿੰਦੀ ਵਿੱਚ ਆਪਣੀ ਪੋਸਟ ਵਿੱਚ ਕਿਹਾ, 'ਆਕਾਂਕਸ਼ਾ ਡਾਕਟਰ ਬਣ ਕੇ ਆਪਣੇ ਦੇਸ਼ ਅਤੇ ਸਮਾਜ ਦੀ ਸੇਵਾ ਕਰਨਾ ਚਾਹੁੰਦੀ ਸੀ। ਆਕਾਂਕਸ਼ਾ ਦੇ ਪਿਤਾ ਇੱਕ ਕਿਸਾਨ ਹਨ। ਆਪਣੀ ਧੀ ਦੇ ਡਾਕਟਰ ਬਣਨ ਦੇ ਸੁਪਨੇ ਨੂੰ ਪੂਰਾ ਕਰਨ ਲਈ, ਉਨ੍ਹਾਂ ਨੇ ਆਪਣੇ ਕਿਸਾਨ ਕ੍ਰੈਡਿਟ ਕਾਰਡ 'ਤੇ 3 ਲੱਖ ਰੁਪਏ ਦਾ ਕਰਜ਼ਾ ਲਿਆ। ਉਨ੍ਹਾਂ ਨੇ ਖੁਦ ਨਾਗਪੁਰ ਵਿੱਚ ਰਸੋਈਏ ਵਜੋਂ ਕੰਮ ਵੀ ਕੀਤਾ, ਤਾਂ ਜੋ ਉਨ੍ਹਾਂ ਦੀ ਧੀ ਉੱਥੇ ਕੋਚਿੰਗ ਕਲਾਸਾਂ ਵਿੱਚ ਜਾ ਸਕੇ।' ਵਿਰੋਧੀ ਧਿਰ ਦੇ ਨੇਤਾ ਨੇ ਕਿਹਾ, 'ਇੱਕ ਪਿਤਾ ਨੇ ਹਰ ਸੰਭਵ ਕੋਸ਼ਿਸ਼ ਕੀਤੀ। ਫਿਰ ਨੀਟ ਦਾ ਪੇਪਰ ਲੀਕ ਹੋ ਗਿਆ। ਪ੍ਰੀਖਿਆ ਰੱਦ ਕਰ ਦਿੱਤੀ ਗਈ। ਉਸ ਅਨਿਸ਼ਚਿਤਤਾ ਦੇ ਵਿਚਕਾਰ, ਆਕਾਂਕਸ਼ਾ ਸਾਨੂੰ ਹਮੇਸ਼ਾ ਲਈ ਛੱਡ ਗਈ।' ਗਾਂਧੀ ਨੇ ਦੋਸ਼ ਲਾਇਆ ਕਿ ਆਕਾਂਕਸ਼ਾ ਦੀ ਮੌਤ ਖੁਦਕੁਸ਼ੀ ਨਹੀਂ ਸੀ-ਇਹ ਪ੍ਰਧਾਨ ਮੰਤਰੀ ਮੋਦੀ ਦੇ ਅਧੀਨ ਇੱਕ ਭ੍ਰਿਸ਼ਟ ਅਤੇ ਟੁੱਟੀ ਹੋਈ ਪ੍ਰਣਾਲੀ ਦਾ

• ਬਾਕੀ ਸਫ਼ਾ 6 'ਤੇ

## 'ਦੁਬਾਰਾ ਪ੍ਰੀਖਿਆ ਦੇਣ ਦੀ ਹਿੰਮਤ ਨਹੀਂ, ਮੈਨੂੰ ਮਾਫ਼ ਕਰਨਾ'

**ਨਾਗਪੁਰ** : "ਮੇਰੇ ਵਿੱਚ ਹੁਣ ਦੁਬਾਰਾ ਐੱਨ ਈ ਈ ਪ੍ਰੀਖਿਆ ਦੇਣ ਦੀ ਹਿੰਮਤ ਨਹੀਂ ਹੈ" ਮੱਧ ਪ੍ਰਦੇਸ਼ ਦੀ 18 ਸਾਲਾ ਆਕਾਂਕਸ਼ਾ ਚਤੁਰਵੇਦੀ, ਜੋ ਨਾਗਪੁਰ ਵਿੱਚ ਇੱਕ ਕੋਚਿੰਗ ਵਿੱਚ ਮੈਡੀਕਲ ਪ੍ਰਵੇਸ਼ ਪ੍ਰੀਖਿਆ ਦੀ ਤਿਆਰੀ ਕਰ ਰਹੀ ਸੀ, ਨੇ 21 ਮਈ ਨੂੰ ਖੁਦਕੁਸ਼ੀ ਕਰਨ ਤੋਂ ਪਹਿਲਾਂ ਆਪਣੇ ਮਾਪਿਆਂ ਨੂੰ ਸੰਬੋਧਿਤ ਇੱਕ ਨੋਟ ਵਿੱਚ ਲਿਖਿਆ। ਦੋ ਹਫ਼ਤਿਆਂ ਤੋਂ ਵੱਧ ਸਮੇਂ ਬਾਅਦ, ਜਦੋਂ ਉਸ ਦੇ ਦੁਖੀ ਰਿਸ਼ਤੇਦਾਰ ਉਸ ਦੇ ਕਮਰੇ ਵਿੱਚ ਉਸ ਦੇ ਸਮਾਨ ਨੂੰ ਛਾਂਟ ਰਹੇ ਸਨ, ਤਾਂ ਉਹਨਾਂ ਨੂੰ ਇੱਕ ਹੱਥ ਲਿਖਤ ਨੋਟ ਮਿਲਿਆ, ਜੋ ਉਹਨਾਂ ਨੂੰ ਜ਼ਿੰਦਗੀ ਭਰ ਲਈ ਪਰੇਸ਼ਾਨ ਕਰਦਾ ਰਹੇਗਾ। "ਮੰਮੀ ਅਤੇ ਪਿਤਾ ਜੀ, ਤੁਹਾਨੂੰ ਵਿਸ਼ਵਾਸ ਸੀ ਕਿ ਤੁਹਾਡੀ ਧੀ ਸਖ਼ਤ ਪੜ੍ਹਾਈ ਕਰੇਗੀ ਅਤੇ ਡਾਕਟਰ ਬਣੇਗੀ, ਪਰ ਮੇਰੇ ਵਿੱਚ ਹੁਣ ਦੁਬਾਰਾ ਪ੍ਰੀਖਿਆ ਦੇਣ ਦੀ ਹਿੰਮਤ ਨਹੀਂ ਹੈ", ਆਕਾਂਕਸ਼ਾ ਨੇ ਲਿਖਿਆ। "ਮੈਂ ਆਪਣੀ ਪਹਿਲੀ ਕੋਸ਼ਿਸ਼ ਵਿੱਚ ਚੰਗੇ ਅੰਕ ਪ੍ਰਾਪਤ ਕੀਤੇ ਹੁੰਦੇ, ਪਰ ਹੁਣ ਇਸ ਗੱਲ ਦੀ ਕੋਈ ਗਰੰਟੀ ਨਹੀਂ ਹੈ ਕਿ ਮੈਂ ਦੁਬਾਰਾ ਚੰਗਾ ਪ੍ਰਦਰਸ਼ਨ ਕਰਾਂਗੀ। ਮੈਨੂੰ ਮਾਫ਼ ਕਰਨਾ, ਮੰਮੀ ਅਤੇ ਪਿਤਾ ਜੀ। ਮੈਂ ਸਭ ਕੁਝ ਬਰਬਾਦ ਕਰ ਦਿੱਤਾ ਹੈ", ਉਸ ਨੇ ਅੱਗੇ ਕਿਹਾ। ਆਕਾਂਕਸ਼ਾ ਦੇ ਪਿਤਾ, ਕ੍ਰਿਸ਼ਨ ਕੁਮਾਰ ਚਤੁਰਵੇਦੀ ਨੇ ਕਿਹਾ ਕਿ ਪ੍ਰੀਖਿਆ ਰੱਦ ਹੋਣ ਤੋਂ ਬਾਅਦ ਉਸ ਦੇ ਵਿਵਹਾਰ ਵਿੱਚ ਭਾਰੀ ਤਬਦੀਲੀ ਆਈ। ਉਸ ਨੇ ਪ੍ਰੀਖਿਆ ਦੇਣ ਤੋਂ ਬਾਅਦ ਫ਼ੋਨ ਕੀਤਾ ਸੀ। ਉਹ ਆਪਣੇ ਪ੍ਰਦਰਸ਼ਨ ਤੋਂ ਬਹੁਤ ਖੁਸ਼ ਸੀ ਪਰ ਜਿਵੇਂ ਹੀ ਪੇਪਰ ਲੀਕ ਅਤੇ ਰੱਦ ਹੋਣ ਦੀ ਖ਼ਬਰ ਆਈ, ਉਹ ਟੁੱਟ ਗਈ। ਉਸ ਨੂੰ ਮਹਿਸੂਸ ਹੋਇਆ ਕਿ ਉਸ ਦੀ ਸਾਰੀ ਮਿਹਨਤ ਬਰਬਾਦ ਹੋ ਗਈ ਹੈ । ਚਤੁਰਵੇਦੀ, ਜੋ ਕਿ ਲੱਗਭੱਗ ਦੋ ਦਹਾਕਿਆਂ ਤੋਂ ਨਾਗਪੁਰ ਵਿੱਚ ਰਸੋਈਏ ਵਜੋਂ ਕੰਮ ਕਰਦਾ ਹੈ ਅਤੇ ਉੱਥੇ ਆਪਣੇ ਪਰਵਾਰ ਨਾਲ ਰਹਿੰਦਾ ਹੈ, ਨੇ ਕਿਹਾ ਕਿ ਉਨ੍ਹਾਂ ਨੇ ਵਿੱਤੀ ਮੁਸ਼ਕਲਾਂ ਦੇ ਬਾਵਜੂਦ ਆਕਾਂਕਸ਼ਾ ਦੀ ਸਿੱਖਿਆ ਵਿੱਚ ਭਾਰੀ ਨਿਵੇਸ਼ ਕੀਤਾ।

# ਮਕਾਨ ਮਾਲਕ ਨੂੰ ਆਪਣੀ ਜਗ੍ਹਾ ਖਾਲੀ ਕਰਵਾਉਣ ਦਾ ਪੂਰਾ ਹੱਕ : ਹਾਈ ਕੋਰਟ

**ਚੰਡੀਗੜ੍ਹ (ਨ ਜ਼ ਸ)**-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇੱਕ ਵੱਡਾ ਫੈਸਲਾ ਸੁਣਾਉਂਦੇ ਹੋਏ ਕਿਹਾ ਹੈ ਕਿ ਕੋਈ ਵੀ ਕਿਰਾਏਦਾਰ ਮਕਾਨ ਮਾਲਕ ਨੂੰ ਇਹ ਨਹੀਂ ਦੱਸ ਸਕਦਾ ਕਿ ਉਹ ਆਪਣੀ ਕਿਰਾਏ ਦੀ ਜਾਇਦਾਦ (ਦੁਕਾਨ ਜਾਂ ਮਕਾਨ) ਵਾਪਸ ਲਏ ਬਿਨਾਂ ਆਪਣਾ ਗੁਜ਼ਾਰਾ ਜਾਂ ਲੋੜਾਂ ਕਿਵੇਂ ਪੂਰੀਆਂ ਕਰੇ। ਅਦਾਲਤ ਨੇ ਇਹ ਟਿੱਪਣੀ ਲੁਧਿਆਣਾ ਦੇ ਇੱਕ ਦੁਕਾਨਦਾਰ (ਕਿਰਾਏਦਾਰ) ਨੂੰ ਕੱਢਣ ਦੇ ਫੈਸਲੇ ਨੂੰ ਸਹੀ ਠਹਿਰਾਉਂਦੇ ਹੋਏ ਕੀਤੀ। ਦਰਅਸਲ, ਮਕਾਨ ਮਾਲਕ ਨੇ ਆਪਣੇ ਵਿਆਹੇ ਹੋਏ ਪੁੱਤਰ ਲਈ ਨਵਾਂ ਅਤੇ ਸੁਤੰਤਰ ਕਾਰੋਬਾਰ ਸ਼ੁਰੂ ਕਰਨ ਲਈ ਇਹ ਦੁਕਾਨ ਖਾਲੀ ਕਰਵਾਉਣ ਦੀ ਮੰਗ ਕੀਤੀ ਸੀ। ਅਦਾਲਤ ਨੇ ਸਾਫ਼ ਕਿਹਾ ਕਿ ਕਿਰਾਏਦਾਰ ਮਕਾਨ ਮਾਲਕ ਨੂੰ ਹੋਰ ਤਰੀਕੇ ਜਾਂ ਸਲਾਹਾਂ ਸੁਝਾ ਕੇ ਉਸ ਦੀ ਅਸਲ ਲੋੜ ਨੂੰ ਗਲਤ ਸਾਬਤ ਨਹੀਂ ਕਰ ਸਕਦਾ। ਜਸਟਿਸ ਸੁਦੀਪਤੀ ਸ਼ਰਮਾ ਨੇ ਫੈਸਲਾ ਸੁਣਾਉਂਦਿਆਂ ਕਿਹਾ, "ਸੁਪਰੀਮ ਕੋਰਟ ਨੇ ਇਹ ਬਿਲਕੁਲ ਸਪੱਸ਼ਟ ਕੀਤਾ ਹੋਇਆ ਹੈ ਕਿ ਰੈਂਟ ਕੰਟਰੋਲਰ ਨੂੰ ਇਹੀ ਮੰਨ ਕੇ ਚੱਲਣਾ ਚਾਹੀਦਾ ਹੈ ਕਿ ਮਕਾਨ ਮਾਲਕ ਦੀ ਲੋੜ ਸੱਚੀ (ਅਸਲ) ਹੈ। ਇਹ ਕਿਰਾਏਦਾਰ ਦਾ ਕੰਮ ਨਹੀਂ ਹੈ ਕਿ ਉਹ ਮਕਾਨ ਮਾਲਕ ਨੂੰ ਇਹ ਸਿਖਾਏ ਕਿ ਉਹ ਜਗ੍ਹਾ ਖਾਲੀ ਕਰਵਾਏ ਬਿਨਾਂ ਕਿੱਥੇ ਅਤੇ ਕਿਵੇਂ ਐਡਜਸਟ ਕਰੇ।" ਅਦਾਲਤ ਵਿੱਚ ਮਕਾਨ ਮਾਲਕ ਦਾ ਪੱਖ ਐਡਵੋਕੇਟ ਵੀਰੇਨ ਸਿੱਬਲ ਅਤੇ ਸ਼ਾਇਨ ਸੇਨ ਨੇ ਰੱਖਿਆ। ਸੁਣਵਾਈ ਦੌਰਾਨ ਜਸਟਿਸ ਸ਼ਰਮਾ ਨੂੰ ਦੱਸਿਆ ਗਿਆ ਕਿ ਮਕਾਨ ਮਾਲਕ ਦੇ ਪੁੱਤਰ ਕੋਲ ਕੋਈ ਹੋਰ ਦੁਕਾਨ ਨਹੀਂ, ਜਿਸ ਕਾਰਨ ਉਸ ਦੀ ਇਹ ਲੋੜ ਬਿਲਕੁਲ ਸੱਚੀ ਹੈ। ਦੂਜੇ ਪਾਸੇ, ਕਿਰਾਏਦਾਰ ਨੇ ਦਲੀਲ ਦਿੱਤੀ ਸੀ ਕਿ ਜਵਾਬਦੇਹ (ਮਕਾਨ ਮਾਲਕ) ਕੋਲ ਇਸ ਜਾਇਦਾਦ ਦੀ ਮਲਕੀਅਤ ਦੇ ਪੂਰੇ ਸਬੂਤ ਨਹੀਂ ਹਨ, ਇਸ ਲਈ ਉਹ ਉਸ ਨੂੰ ਕੱਢਣ ਦੀ ਪਟੀਸ਼ਨ ਦਾਇਰ ਨਹੀਂ ਕਰ ਸਕਦਾ। ਹਾਈ ਕੋਰਟ ਨੇ ਕਿਰਾਏਦਾਰ ਦੀ ਇਸ ਦਲੀਲ ਨੂੰ ਰੱਦ ਕਰਦਿਆਂ ਨੋਟ ਕੀਤਾ ਕਿ ਰਿਕਾਰਡ ਦੇ ਮੁਤਾਬਕ ਇਹ ਜਾਇਦਾਦ ਪਹਿਲਾਂ ਇੱਕ ਫੈਮਿਲੀ ਟਰੱਸਟ (ਪਰਵਾਰਕ ਟਰੱਸਟ) ਦੀ ਸੀ, ਪਰ ਹੁਣ ਇਸ ਦੀ ਪੂਰੀ ਮਲਕੀਅਤ ਮਕਾਨ ਮਾਲਕ ਕੋਲ ਹੀ ਹੈ। ਅਦਾਲਤ ਸਾਹਮਣੇ ਪੇਸ਼ ਕੀਤੇ ਗਏ ਦਸਤਾਵੇਜ਼ਾਂ ਅਤੇ ਪੁੱਛਗਿੱਛ (ਕਰਾਸ-ਐਗਜ਼ਾਮੀਨੇਸ਼ਨ) ਤੋਂ ਉਸ ਦੀ ਮਲਕੀਅਤ ਪੂਰੀ ਤਰ੍ਹਾਂ ਸਾਬਤ ਹੁੰਦੀ ਹੈ। ਅਦਾਲਤ ਨੇ ਕਿਹਾ—ਰਿਕਾਰਡ ਤੋਂ ਸਾਫ਼ ਹੈ ਕਿ ਜਵਾਬਦੇਹ ਹੀ ਇਸ ਜਾਇਦਾਦ ਦਾ ਅਸਲ ਮਾਲਕ ਮਕਾਨ ਮਾਲਕ ਹੈ, ਇਸ ਲਈ ਉਹ ਕਿਰਾਇਆ ਲੈਣ ਅਤੇ ਕਿਰਾਏਦਾਰ ਨੂੰ ਕੱਢਣ ਦਾ ਪੂਰਾ ਹੱਕ ਰੱਖਦਾ ਹੈ। ਹਾਈ ਕੋਰਟ ਨੇ ਕਿਹਾ ਕਿ ਜੇਕਰ ਮਲਕੀਅਤ ਦੇ ਸਵਾਲ ਨੂੰ ਇੱਕ ਪਾਸੇ ਵੀ ਰੱਖ ਦਿੱਤਾ ਜਾਵੇ, ਤਾਂ ਵੀ ਕਿਰਾਏਦਾਰ ਦੀ ਚੁਣੌਤੀ ਟਿਕ ਨਹੀਂ ਸਕਦੀ। 'ਈਸਟ ਪੰਜਾਬ ਅਰਬਨ ਰੈਂਟ ਰੈਸਟ੍ਰਿਕਸ਼ਨ ਐਕਟ, 1949' ਦੇ ਕਾਨੂੰਨ ਦਾ ਹਵਾਲਾ ਦਿੰਦੇ ਹੋਏ ਅਦਾਲਤ ਨੇ ਕਿਹਾ ਕਿ ਮਕਾਨ ਮਾਲਕ ਦੀ ਪਰਿਭਾਸ਼ਾ ਵਿੱਚ 'ਟਰੱਸਟੀ' ਵੀ ਸ਼ਾਮਲ ਹੁੰਦਾ ਹੈ। ਇਸ ਲਈ, ਕਿਰਾਇਆ ਲੈਣ ਵਾਲਾ ਇੱਕ ਟਰੱਸਟੀ ਵੀ ਕਿਰਾਏਦਾਰ ਵਿਰੁੱਧ ਕੇਸ ਦਾਇਰ ਕਰ ਸਕਦਾ ਹੈ। ਜਸਟਿਸ ਸ਼ਰਮਾ ਨੇ ਕਿਹਾ ਕਿ ਕਾਨੂੰਨ ਦੀ ਧਾਰਾ 13 ਦੇ ਤਹਿਤ ਸਿਰਫ਼ ਇਹੀ ਜ਼ਰੂਰੀ ਹੈ ਕਿ ਕੇਸ ਕਰਨ ਵਾਲਾ ਵਿਅਕਤੀ ਮਕਾਨ ਮਾਲਕ ਹੋਵੇ ਅਤੇ ਇਸ ਮਾਮਲੇ ਵਿੱਚ ਉਹ ਇਸ ਕਾਨੂੰਨ ਦੇ ਦਾਇਰੇ ਵਿੱਚ ਆਉਂਦਾ ਹੈ।

# ਟਰੰਪ ਨੂੰ ਝਟਕਾ : ਪ੍ਰਤੀਨਿਧ ਸਦਨ 'ਚ ਈਰਾਨ ਨਾਲ ਜੰਗ ਰੋਕਣ ਦਾ ਮਤਾ ਪਾਸ



**ਵਾਸ਼ਿੰਗਟਨ** : ਅਮਰੀਕਾ ਦੇ ਪ੍ਰਤੀਨਿਧੀ ਸਦਨ (ਹਾਊਸ ਆਫ ਰਿਪ੍ਰਜ਼ੈਂਟੇਟਿਵਜ਼) ਨੇ ਬੁੱਧਵਾਰ ਨੂੰ ਇੱਕ ਅਹਿਮ ਮਤਾ ਪਾਸ ਕਰਕੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਈਰਾਨ ਵਿਰੁੱਧ ਜੰਗ ਜਾਰੀ ਰੱਖਣ ਤੋਂ ਰੋਕ ਦਿੱਤਾ ਹੈ। 208 ਦੇ ਮੁਕਾਬਲੇ 215 ਵੋਟਾਂ ਨਾਲ ਪਾਸ ਹੋਏ ਇਸ ਮਤੇ ਵਿੱਚ ਟਰੰਪ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਉਹ ਈਰਾਨ ਤੋਂ ਅਮਰੀਕੀ ਫੌਜਾਂ ਵਾਪਸ ਬੁਲਾਉਣ, ਜਦੋਂ ਤੱਕ ਕਾਂਗਰਸ ਖੁਦ ਜੰਗ ਦਾ ਐਲਾਨ ਨਹੀਂ ਕਰਦੀ ਜਾਂ ਫੌਜੀ ਕਾਰਵਾਈ ਨੂੰ ਮਨਜ਼ੂਰੀ ਨਹੀਂ ਦਿੰਦੀ। ਇਸ ਵੋਟਿੰਗ ਦੌਰਾਨ ਟਰੰਪ ਦੀ ਆਪਣੀ ਪਾਰਟੀ ਦੇ 4 ਰਿਪਬਲਿਕਨ ਮੈਂਬਰਾਂ ਨੇ ਵੀ ਡੈਮੋਕ੍ਰੇਟਸ ਦਾ ਸਾਥ ਦਿੱਤਾ, ਜੋ ਕਿ ਟਰੰਪ ਲਈ ਵੱਡਾ ਸਿਆਸੀ ਝਟਕਾ ਮੰਨਿਆ ਜਾ ਰਿਹਾ ਹੈ। ਇਹ ਕਦਮ ਈਰਾਨ ਨਾਲ ਚੱਲ ਰਹੇ ਤਿੰਨ ਮਹੀਨੇ ਪੁਰਾਣੇ ਸੰਘਰਸ਼ ਬਾਰੇ ਅਮਰੀਕੀ ਸੰਸਦ ਮੈਂਬਰਾਂ ਦੀ ਵਧਦੀ ਚਿੰਤਾ ਨੂੰ ਦਰਸਾਉਂਦਾ ਹੈ। ਹਾਲਾਂਕਿ ਇਹ ਮਤਾ ਅਜੇ ਪ੍ਰਤੀਕਾਤਮਿਕ ਹੈ, ਕਿਉਂਕਿ ਇਸ ਨੂੰ ਕਾਨੂੰਨ ਬਣਨ ਲਈ ਸੈਨੇਟ ਤੋਂ ਪਾਸ ਹੋਣਾ ਜ਼ਰੂਰੀ ਹੈ, ਪਰ ਇਹ ਟਰੰਪ ਦੀਆਂ ਨੀਤੀਆਂ ਪ੍ਰਤੀ ਅੰਦਰੂਨੀ ਵਿਰੋਧ ਦਾ ਸਪੱਸ਼ਟ ਸੰਕੇਤ ਹੈ।

## ਪ੍ਰਾਈਵੇਟ ਹਸਪਤਾਲ 'ਚ ਅੱਗ ਲੱਗਣ ਕਾਰਨ 5 ਮੌਤਾਂ

**ਮੁਜ਼ੱਫਰਪੁਰ** : ਬਿਹਾਰ ਦੇ ਮੁਜ਼ੱਫਰਪੁਰ ਜ਼ਿਲ੍ਹੇ ਦੇ ਇੱਕ ਪ੍ਰਾਈਵੇਟ ਹਸਪਤਾਲ ਦੇ ਆਈ ਸੀ ਯੂ ਵਿੱਚ ਵੀਰਵਾਰ ਤੜਕੇ ਲੱਗੀ ਅੱਗ ਵਿੱਚ ਘੱਟੋ-ਘੱਟ ਪੰਜ ਲੋਕਾਂ ਦੀ ਮੌਤ ਹੋ ਗਈ ਹੈ। ਅੱਗ ਬ੍ਰਹਮਪੁਰਾ ਇਲਾਕੇ ਦੇ ਪ੍ਰਸਾਦ ਹਸਪਤਾਲ ਵਿੱਚ ਸਵੇਰੇ 3 ਵਜੇ ਦੇ ਕਰੀਬ ਲੱਗੀ ਅਤੇ ਤੇਜ਼ੀ ਨਾਲ ਇੰਟੈਂਸਿਵ ਕੇਅਰ ਯੂਨਿਟ ਵਿੱਚ ਫੈਲ ਗਈ, ਜਿਸ ਨਾਲ ਇਹ ਸੰਘਣੇ ਧੂੰਏਂ ਨਾਲ ਭਰ ਗਿਆ। ਮੁਜ਼ੱਫਰਪੁਰ ਦੇ ਮਿਊਂਸਪਲ ਕਮਿਸ਼ਨਰ ਰਿਤੁਰਾਜ ਸਿੰਘ ਨੇ ਕਿਹਾ ਕਿ ਕੁੱਲ 5 ਮੌਤਾਂ ਦੀ ਪੁਸ਼ਟੀ ਹੋਈ ਹੈ। ਕਈ ਵਿਅਕਤੀ ਜ਼ਖਮੀ ਹਨ, ਜਿਨ੍ਹਾਂ ਦਾ ਵੱਖ-ਵੱਖ ਹਸਪਤਾਲਾਂ ਵਿੱਚ ਇਲਾਜ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਡੀ ਐੱਮ ਨੇ ਘਟਨਾ ਦੀ ਜਾਂਚ ਲਈ ਪੰਜ ਮੈਂਬਰੀ ਟੀਮ ਦਾ ਗਠਨ ਕੀਤਾ ਹੈ।

## ਵਿਰਾਟ ਕੋਹਲੀ ਬਾਹਰ

**ਨਵੀਂ ਦਿੱਲੀ** : ਭਾਰਤੀ ਬੈਟਿੰਗ ਦੇ ਸੁਪਰਸਟਾਰ ਵਿਰਾਟ ਕੋਹਲੀ ਵੀਰਵਾਰ ਨੂੰ ਹੈਮਸਟ੍ਰਿੰਗ (ਲੱਤ ਦੀ ਮਾਸਪੇਸ਼ੀ) ਦੀ ਸੱਟ ਕਾਰਨ ਅਫ਼ਗਾਨਿਸਤਾਨ ਖ਼ਿਲਾਫ਼ ਹੋਣ ਵਾਲੀ ਵਨ ਡੇਅ ਸੀਰੀਜ਼ ਤੋਂ ਬਾਹਰ ਹੋ ਗਏ ਹਨ। ਦੋਵਾਂ ਟੀਮਾਂ ਵਿਚਾਲੇ ਤਿੰਨ ਮੈਚਾਂ ਦੀ ਇਹ ਸੀਰੀਜ਼ 13 ਜੂਨ ਤੋਂ ਧਰਮਸ਼ਾਲਾ ਵਿੱਚ ਸ਼ੁਰੂ ਹੋ ਰਹੀ ਹੈ। ਕੋਹਲੀ, ਜੋ ਕਿ 37 ਸਾਲ ਦੀ ਉਮਰ ਵਿੱਚ ਵੀ ਆਪਣੀ ਬੇਮਿਸਾਲ ਫਿਟਨੈਸ ਲਈ ਜਾਣੇ ਜਾਂਦੇ ਹਨ, ਹਾਲ ਹੀ ਵਿੱਚ ਖ਼ਤਮ ਹੋਏ ਆਈ ਪੀ ਐਲ ਵਿੱਚ ਸ਼ਾਨਦਾਰ ਫਾਰਮ ਵਿੱਚ ਸਨ। ਉਨ੍ਹਾਂ ਨੇ ਰਾਇਲ ਚੈਲੰਜ ਬੰਗਲੂਰੂ ਨੂੰ ਲਗਾਤਾਰ ਦੂਜੀ ਵਾਰ ਟਰਾਫੀ ਜਿਤਾਉਣ ਵਿੱਚ ਅਹਿਮ ਭੂਮਿਕਾ ਨਿਭਾਈ।

## 12 'ਚੋਂ 8 ਸੈਂਪਲ ਫੇਲ੍ਹ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਡਾ. ਜੀ ਐੱਸ ਪੰਨੂ, ਸਹਾਇਕ ਕਮਿਸ਼ਨਰ ਫੂਡ ਦੀ ਅਗਵਾਈ ਹੇਠ ਗਠਿਤ ਕੀਤੀ ਟੀਮ ਵੱਲੋਂ ਬੀਤੀ 21 ਮਈ ਨੂੰ ਅੰਮ੍ਰਿਤਸਰ ਸ਼ਹਿਰ ਦੀਆਂ ਵੱਖ-ਵੱਖ ਡੇਅਰੀਆਂ ਤੋਂ ਦੁੱਧ ਅਤੇ ਦੁੱਧ ਤੋਂ ਬਣੀਆਂ ਵਸਤੂਆਂ ਦੇ ਜੋ 12 ਸੈਂਪਲ ਲੈ ਕੇ ਜਾਂਚ ਲਈ ਫੂਡ ਲੈਬਾਰਟਰੀ, ਖਰੜ ਵਿਖੇ ਭੇਜੇ ਗਏ ਸਨ, ਉਨ੍ਹਾਂ ਵਿਚੋਂ 2 ਸੈਂਪਲ ਨਾ-ਖਾਣ ਯੋਗ ਅਤੇ 6 ਸੈਂਪਲ ਗੈਰ-ਮਿਆਰੀ ਪਾਏ ਗਏ ਹਨ। ਇਹਨਾਂ ਵਿੱਚੋਂ ਕੁਝ ਨਮੂਨਿਆਂ ਵਿੱਚ ਵਾਧੂ ਫੈਟ ਮਿਲਾਉਣ ਦਾ ਮਾਮਲਾ ਵੀ ਸਾਹਮਣੇ ਆਇਆ। ਇਸ ਤੋਂ ਇਲਾਵਾ 4 ਸੈਂਪਲ ਪਾਸ ਹੋਏ ਹਨ। ਡਾ. ਪੰਨੂ ਨੇ ਦੱਸਿਆ ਕਿ ਜਿਨ੍ਹਾਂ ਡੇਅਰੀਆਂ ਦੇ ਸੈਂਪਲ ਫੇਲ੍ਹ ਪਾਏ ਗਏ ਹਨ, ਉਨ੍ਹਾਂ ਦੇ ਵਿਰੁੱਧ ਫੂਡ ਸੇਫ਼ਟੀ ਅਤੇ ਸਟੈਂਡਰਡ ਐਕਟ-2006 ਅਧੀਨ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

## ਕੈਪਟਨ ਸਾਡੇ ਸੰਪਰਕ 'ਚ : ਹੁੱਡਾ

**ਚੰਡੀਗੜ੍ਹ** : ਪੰਜਾਬ ਵਿਚ 2027 ਦੀਆਂ ਵਿਧਾਨ ਸਭਾ ਚੋਣਾਂ ਜਿਵੇਂ-ਜਿਵੇਂ ਨੇੜੇ ਆ ਰਹੀਆਂ ਸਨ, ਸਿਆਸੀ ਮਾਹੌਲ ਗਰਮਾ ਰਿਹਾ ਹੈ। ਇਸ ਦਰਮਿਆਨ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਵਿਚ ਵਾਪਸੀ ਦੀਆਂ ਚਰਚਾਵਾਂ ਤੇਜ਼ ਹੋ ਗਈਆਂ ਹਨ। ਇਹ ਵੱਡਾ ਦਾਅਵਾ ਹਰਿਆਣਾ ਦੇ ਸਾਬਕਾ ਸੀ ਐੱਮ ਭੁਪਿੰਦਰ ਹੁੱਡਾ ਵੱਲੋਂ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਸਾਡੇ ਸੰਪਰਕ ਵਿਚ ਹਨ। ਉਹ ਕਾਂਗਰਸ ਦੇ ਸੀਨੀਅਰ ਨੇਤਾ ਰਹੇ ਹਨ ਤੇ ਸਾਡੇ ਸੀਨੀਅਰ ਸਾਥੀ ਹਨ। ਦੱਸ ਦੇਈਏ ਕਿ ਕੈਪਟਨ ਅਮਰਿੰਦਰ ਸਿੰਘ ਮੌਜੂਦਾ ਸਮੇਂ ਭਾਜਪਾ ਵਿਚ ਹਨ ਤੇ ਉਨ੍ਹਾਂ ਵੱਲੋਂ ਕੁਝ ਦਿਨ ਪਹਿਲਾਂ ਬਿਆਨ ਦਿੱਤਾ ਗਿਆ ਸੀ ਕਿ ਭਾਜਪਾ ਉਨ੍ਹਾਂ ਦੀ ਕੋਈ ਵੀ ਸਲਾਹ ਨਹੀਂ ਲੈਂਦੀ ਹੈ ਤੇ ਜੇਕਰ ਪੰਜਾਬ ਵਿਚ ਕੋਈ ਵੀ ਫੈਸਲਾ ਲਿਆ ਜਾਂਦਾ ਹੈ ਤੇ ਮੇਰੇ ਕੋਲੋਂ ਪੁੱਛਿਆ ਨਹੀਂ ਜਾਂਦਾ ਤੇ ਨਾਲ ਹੀ ਉਨ੍ਹਾਂ ਵੱਲੋਂ ਇਹ ਵੀ ਕਿਹਾ ਗਿਆ ਸੀ ਕਿ ਜਦੋਂ ਮੈਂ ਬੀਮਾਰ ਸੀ, ਉਦੋਂ ਕਿਸੇ ਵੱਲੋਂ ਮੇਰਾ ਪਤਾ ਤੱਕ ਨਹੀਂ ਲਿਆ ਗਿਆ ਤੇ ਹੁਣੇ ਜਿਹੇ ਮੇਰੇ ਭਰਾ ਰਣਧੀਰ ਦੇ ਦੇਹਾਂਤ 'ਤੇ ਵੀ ਰਾਹੁਲ ਜੀ ਦਾ ਸੋਕ ਸੰਦੇਸ਼ ਆਇਆ, ਪਰ ਭਾਜਪਾ ਵੱਲੋਂ ਕਿਸੇ ਨੇ ਵੀ ਹਮਦਰਦੀ ਨਹੀਂ ਪ੍ਰਗਟਾਈ।

# ਫੀਸਾਂ 'ਚ ਵਾਧੇ 'ਤੇ ਰੋਕ ਲਈ ਕਾਨੂੰਨ ਦਾ ਖਰੜਾ ਬਣਾਉਣ ਦੇ ਹੁਕਮ

**ਚੰਡੀਗੜ੍ਹ (ਗੁਰਜੀਤ ਬਿੱਲਾ/ਸੁਰਜੀਤ ਸੁਮਨ/ਕ੍ਰਿਸ਼ਨ ਗਰਗ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪ੍ਰਾਈਵੇਟ ਸਕੂਲਾਂ ਵੱਲੋਂ ਮਨਮਾਨੇ ਢੰਗ ਨਾਲ ਫੀਸਾਂ ਵਿੱਚ ਵਾਧੇ ਨੂੰ ਰੋਕਣ ਲਈ ਵਿਆਪਕ ਸੁਧਾਰਾਂ ਦੇ ਐਲਾਨ ਦੇ 24 ਘੰਟਿਆਂ ਤੋਂ ਵੀ ਘੱਟ ਸਮੇਂ ਅੰਦਰ ਪੰਜਾਬ ਸਰਕਾਰ ਨੇ ਇਸ ਫੈਸਲੇ ਨੂੰ ਕਾਨੂੰਨ 'ਚ ਬਦਲਣ ਲਈ ਤੇਜ਼ੀ ਨਾਲ ਕਦਮ ਚੁੱਕੇ ਹਨ। ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਕੂਲ ਸਿੱਖਿਆ ਵਿਭਾਗ ਦੇ ਸਕੱਤਰ ਨੂੰ ਪੱਤਰ ਲਿਖ ਕੇ ਤੁਰੰਤ ਕਾਨੂੰਨ ਦਾ ਖਰੜਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਨੂੰ ਨਿਯਮਤ ਕਰਨ ਦੇ ਨਾਲ-ਨਾਲ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਇਆ ਜਾ ਸਕੇ, ਜਿਸ ਨਾਲ 32 ਲੱਖ ਤੋਂ ਵੱਧ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਨਾਜਾਇਜ਼ ਵਿੱਤੀ ਬੋਝ ਤੋਂ ਨਿਜਾਤ ਮਿਲੇਗੀ।ਇਹ ਪ੍ਰਸਤਾਵਿਤ ਕਾਨੂੰਨ ਸਾਲਾਨਾ ਫੀਸ ਵਾਧੇ ਨੂੰ 5 ਫੀਸਦ ਤੱਕ ਸੀਮਤ ਕਰੇਗਾ ਅਤੇ ਪਿਛਲੇ ਤਿੰਨ ਸਾਲਾਂ ਵਿੱਚ ਨਿਰਧਾਰਤ 15 ਫੀਸਦ ਸੀਮਾ ਤੋਂ ਵੱਧ ਫੀਸਾਂ ਵਧਾਉਣ ਵਾਲੇ ਸਕੂਲਾਂ ਨੂੰ ਵਿਦਿਆਰਥੀਆਂ ਦੇ ਮਾਪਿਆਂ ਤੋਂ ਲਈ ਗਈ ਵਾਧੂ ਫੀਸ ਵਾਪਸ ਕਰਨੀ ਹੋਵੇਗੀ। ਇਹ ਕਦਮ ਪੰਜਾਬ ਸਰਕਾਰ ਦੁਆਰਾ ਸਿੱਖਿਆ ਖੇਤਰ ਵਿੱਚ ਮੁਨਾਫ਼ਾਖੋਰੀ ਨੂੰ ਰੋਕਣ ਅਤੇ ਇਹ ਯਕੀਨੀ ਬਣਾਉਣ ਲਈ ਇੱਕ ਫੈਸਲਾਕੁੰਨ ਕਦਮ ਹੈ ਕਿ ਪ੍ਰਾਈਵੇਟ ਸਕੂਲ ਵਪਾਰਕ ਲਾਭ ਦੀ ਬਜਾਏ ਵਿਦਿਆਰਥੀਆਂ ਅਤੇ ਮਾਪਿਆਂ ਦੇ ਹਿੱਤ ਲਈ ਕੰਮ ਕਰਨ।ਇਸ ਸਮੇਂ ਪੰਜਾਬ ਭਰ ਦੇ ਲਗਭਗ 7,800 ਪ੍ਰਾਈਵੇਟ ਸਕੂਲਾਂ ਵਿੱਚ 32 ਲੱਖ ਤੋਂ ਵੱਧ ਵਿਦਿਆਰਥੀ ਪੜ੍ਹ ਰਹੇ ਹਨ। ਇਹ ਵਿਦਿਆਰਥੀ ਅਤੇ ਉਨ੍ਹਾਂ ਦੇ ਪਰਵਾਰ ਮਨਮਾਨੇ ਢੰਗ ਨਾਲ ਫੀਸਾਂ ਵਿੱਚ ਵਾਧੇ ਵਿਰੁੱਧ ਮਜ਼ਬੂਤ ਸੁਰੱਖਿਆ ਉਪਾਵਾਂ ਅਤੇ ਇਨ੍ਹਾਂ ਸੰਸਥਾਵਾਂ ਦੇ ਕੰਮ ਕਰਨ ਦੇ ਢੰਗ-ਤਰੀਕੇ ਬਾਰੇ ਪੂਰੀ ਪਾਰਦਰਸ਼ਤਾ ਨਾਲ ਜਾਣਨ ਦੇ ਹੱਕਦਾਰ ਹਨ। ਪ੍ਰਸਤਾਵਿਤ ਕਾਨੂੰਨ ਦੇ ਹਿੱਸੇ ਵਜੋਂ ਪੰਜਾਬ ਸਰਕਾਰ ਪ੍ਰਾਈਵੇਟ ਸਕੂਲਾਂ ਲਈ ਇੱਕ ਸਖ਼ਤ ਸਾਲਾਨਾ ਫੀਸ ਹੱਦ ਲਾਗੂ ਕਰੇਗੀ। ਇਸ ਨਵੇਂ ਢਾਂਚੇ ਤਹਿਤ ਪ੍ਰਾਈਵੇਟ ਸਕੂਲਾਂ ਨੂੰ ਇੱਕ ਸਾਲ ਵਿੱਚ 5 ਫੀਸਦੀ ਤੋਂ ਵੱਧ ਫੀਸਾਂ ਵਧਾਉਣ ਦੀ ਇਜਾਜ਼ਤ ਨਹੀਂ ਹੋਵੇਗੀ।ਇਹ ਕਾਨੂੰਨ ਮਾਪਿਆਂ ਨੂੰ ਪਿਛਲੀ ਤਰੀਕ ਤੋਂ ਰਾਹਤ ਵੀ ਪ੍ਰਦਾਨ ਕਰੇਗਾ। ਕੋਈ ਵੀ ਪ੍ਰਾਈਵੇਟ ਸਕੂਲ, ਜਿਸ ਨੇ ਲਗਾਤਾਰ ਪਿਛਲੇ ਤਿੰਨ ਸਾਲਾਂ ਦੌਰਾਨ ਆਪਣੀਆਂ ਫੀਸਾਂ ਵਿੱਚ 15 ਫੀਸਦੀ ਤੋਂ ਵੱਧ ਵਾਧਾ ਕੀਤਾ ਹੈ, ਉਸ ਨੂੰ ਕਾਨੂੰਨੀ ਤੌਰ 'ਤੇ ਨਿਰਧਾਰਤ ਸੀਮਾ ਤੋਂ ਵੱਧ ਲਈ ਫੀਸ ਮਾਪਿਆਂ ਨੂੰ ਵਾਪਸ ਕਰਨੀ ਹੋਵੇਗੀ।

## ਰਾਜ ਸਭਾ ਉਮੀਦਵਾਰਾਂ 'ਚ ਬਿੱਟੂ ਦਾ ਨਾਂਅ ਨਹੀਂ

**ਨਵੀਂ ਦਿੱਲੀ** : ਭਾਰਤੀ ਜਨਤਾ ਪਾਰਟੀ ਨੇ ਰਾਜ ਸਭਾ ਚੋਣਾਂ ਲਈ 11 ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ ਹੈ, ਜਿਨ੍ਹਾਂ ਵਿੱਚ ਰਵਨੀਤ ਸਿੰਘ ਬਿੱਟੂ ਦਾ ਨਾਂਅ ਸ਼ਾਮਲ ਨਹੀਂ। ਪਾਰਟੀ ਨੇ ਆਪਣੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਨੂੰ ਮੱਧ ਪ੍ਰਦੇਸ਼ ਤੋਂ ਚੋਣ ਮੈਦਾਨ ਵਿੱਚ ਉਤਾਰਦੇ ਹੋਏ ਇੱਕ ਮਹੱਤਵਪੂਰਨ ਮੌਕਾ ਦਿੱਤਾ ਹੈ। ਉਨ੍ਹਾ ਦੇ ਨਾਲ ਰਜਨੀਸ਼ ਅਗਰਵਾਲ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ। ਰਾਜਸਥਾਨ ਵਿੱਚ ਪਾਰਟੀ ਨੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਟਿਕਟ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾ ਦੀ ਜਗ੍ਹਾ ਡਾ. ਅਲਕਾ ਗੁਰਜਰ ਅਤੇ ਡਾ. ਸਤੀਸ਼ ਪੂਨੀਆ ਨੂੰ ਮੈਦਾਨ ਵਿੱਚ ਉਤਾਰਿਆ ਗਿਆ ਹੈ। ਭਾਜਪਾ ਦੀ ਸੂਚੀ ਵਿੱਚ ਤਜਰਬੇਕਾਰ ਨੇਤਾਵਾਂ ਨੂੰ ਤਰਜੀਹ ਦਿੱਤੀ ਗਈ ਹੈ। ਰਾਜਸਥਾਨ ਵਿੱਚ ਨਵੇਂ ਚਿਹਰਿਆਂ ਨੂੰ ਮੌਕਾ ਦੇ ਕੇ ਪਾਰਟੀ ਨੇ ਸੰਗਠਨਾਤਮਕ ਸੰਤੁਲਨ ਬਣਾਈ ਰੱਖਣ ਦਾ ਸੰਦੇਸ਼ ਦਿੱਤਾ ਹੈ। ਰਾਜ ਸਭਾ ਚੋਣਾਂ ਵਿੱਚ ਇਨ੍ਹਾਂ ਉਮੀਦਵਾਰਾਂ ਦੀ ਜਿੱਤ ਲਗਭਗ ਤੈਅ ਮੰਨੀ ਜਾ ਰਹੀ ਹੈ, ਕਿਉਂਕਿ ਭਾਜਪਾ ਇਨ੍ਹਾਂ ਰਾਜਾਂ ਵਿੱਚ ਮਜ਼ਬੂਤ ਸਥਿਤੀ ਰੱਖਦੀ ਹੈ।

## ਚੋਰੀਆਂ ਤੋਂ ਅੱਕੇ ਕਿਸਾਨਾਂ ਦੀ ਚੋਰਾਂ ਨੂੰ ਪੇਸ਼ਕਸ਼




**ਫਰੀਦਕੋਟ** : ਫ਼ਰੀਦਕੋਟ ਦੇ ਪਿੰਡ ਪੱਖੀ ਕਲਾਂ ਵਿੱਚ ਇੱਕ ਅਨੋਖਾ ਪਰ ਦੁਖਦਾਈ ਮਾਮਲਾ ਸਾਹਮਣੇ ਆਇਆ ਹੈ। ਇੱਥੇ ਚੋਰੀਆਂ ਤੋਂ ਪਰੇਸ਼ਾਨ ਕਿਸਾਨਾਂ ਨੇ ਸਿੱਧੇ ਚੋਰਾਂ ਨੂੰ ਹੀ ਇੱਕ ਜਨਤਕ ਅਪੀਲ ਜਾਰੀ ਕਰ ਦਿੱਤੀ ਹੈ। ਕਿਸਾਨਾਂ ਨੇ ਪੇਸ਼ਕਸ਼ ਕੀਤੀ ਹੈ ਕਿ ਚੋਰ ਉਨ੍ਹਾਂ ਦੇ ਖੇਤਾਂ ਵਿੱਚੋਂ ਟਿਊਬਵੈੱਲ ਦੀਆਂ ਮੋਟਰਾਂ ਚੋਰੀ ਨਾ ਕਰਨ, ਬਲ ਕਿ ਉਸ ਦੇ ਬਦਲੇ ਯੂ ਪੀ ਆਈ ਰਾਹੀਂ ਸਿੱਧੇ ਪੈਸੇ ਲੈ ਲੈਣ। ਕਿਸਾਨਾਂ ਨੇ ਇਹ ਨਿਰਾਸ਼ਾਜਨਕ ਕਦਮ ਇੱਕੋ ਰਾਤ ਵਿੱਚ ਹੋਈ ਵੱਡੀ ਚੋਰੀ ਤੋਂ ਬਾਅਦ ਚੁੱਕਿਆ ਹੈ। ਇਸ ਵਾਰਦਾਤ ਦੌਰਾਨ ਚੋਰਾਂ ਨੇ ਪਿੰਡ ਦੇ ਖੇਤਾਂ ਵਿੱਚੋਂ 25 ਮੋਟਰਾਂ ਨੂੰ ਖੋਲ੍ਹ ਕੇ ਚੋਰੀ ਕਰ ਲਿਆ ਸੀ। ਵਾਰ-ਵਾਰ ਹੋਣ ਵਾਲੀ ਇਸ ਚੋਰੀ ਦੀ ਸਮੱਸਿਆ ਨੂੰ ਰੋਕਣ ਵਿੱਚ ਸਥਾਨਕ ਪੁਲੀਸ ਅਤੇ ਅਧਿਕਾਰੀਆਂ ਨਾਕਾਮ ਰਹੇ, ਤਾਂ ਕਿਸਾਨਾਂ ਦਾ ਉਨ੍ਹਾਂ ਤੋਂ ਭਰੋਸਾ ਉੱਠ ਗਿਆ। ਇਸ ਤੋਂ ਬਾਅਦ ਕਿਸਾਨਾਂ ਨੇ

• ਬਾਕੀ ਸਫ਼ਾ 6 'ਤੇ

# ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟ ਦੀਆਂ ਤਿਆਰੀਆਂ ਜ਼ੋਰਾਂ 'ਤੇ

**ਜਲੰਧਰ (ਨਵਾਂ ਜ਼ਮਾਨਾ ਸਰਵਿਸ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਐਲਾਨ ਅਨੁਸਾਰ ਜਲੰਧਰ ਵਿਖੇ ਹੋਣ ਵਾਲੇ ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟ ਲਈ ਤਿਆਰੀਆਂ ਅਤੇ ਸਟੇਡੀਅਮ ਦੇ ਨਵੀਨੀਕਰਨ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਵੀਰਵਾਰ ਆਮ ਆਦਮੀ ਪਾਰਟੀ ਦੇ ਜਲੰਧਰ ਸੈਂਟਰਲ ਹਲਕਾ ਇੰਚਾਰਜ ਨਿਤਿਨ ਕੋਹਲੀ ਤੇ ਹਾਕੀ ਪੰਜਾਬ, ਖੇਡ ਵਿਭਾਗ, ਪੀ ਡਬਲਯੂ ਡੀ ਦੀ ਟੀਮ ਤੇ ਹਾਕੀ ਇੰਡੀਆ ਦੇ ਟੂਰਨਾਮੈਂਟ ਡਾਇਰੈਕਟਰ ਵੱਲੋਂ ਵੀਰਵਾਰ ਸਟੇਡੀਅਮ ਦਾ ਸਾਂਝਾ ਦੌਰਾ ਕਰਕੇ ਕੰਮਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਗਿਆ।



ਕੋਹਲੀ ਨੇ ਕਿਹਾ ਕਿ ਜਲੰਧਰ ਵਾਸੀਆਂ ਤੇ ਪੰਜਾਬ ਵਾਸੀਆਂ ਨੂੰ ਬਹੁਤ-ਬਹੁਤ ਮੁਬਾਰਕਾਂ, ਪੰਜਾਬ ਮੁੱਖ ਮੰਤਰੀ ਭਗਵੰਤ ਮਾਨ ਸਦਕਾ ਕੋਈ ਅੰਤਰਰਾਸ਼ਟਰੀ ਟੂਰਨਾਮੈਂਟ ਪੰਜਾਬ ਵਿਚ ਹੋਣ ਜਾ ਰਿਹਾ ਹੈ। ਮੁੱਖ ਮੰਤਰੀ ਹਾਕੀ ਵਿਚ ਕੁਝ ਵੱਡਾ ਕਰਨਾ ਚਾਹੁੰਦੇ ਸਨ। ਪੰਜਾਬ ਵਿਚ ਅੰਤਰਰਾਸ਼ਟਰੀ ਮੈਚ ਹੋਣ ਜਾ ਰਹੇ ਹਨ। ਜਲੰਧਰ ਵਿਚ ਏਸ਼ੀਅਨ ਚੈਂਪੀਅਨਸ਼ਿਪ ਹੋਣ ਜਾ ਰਹੀ ਹੈ। ਪਾਕਿਸਤਾਨ ਸਣੇ 6 ਟੀਮਾਂ

• ਬਾਕੀ ਸਫ਼ਾ 6 'ਤੇ

## ਭਾਰਤ ਨਾਲ ਵਪਾਰ ਸਮਝੌਤਾ ਬਹੁਤ ਨੇੜੇ : ਰੂਬੀਓ

**ਵਾਸ਼ਿੰਗਟਨ** : ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਭਾਰਤ ਨੂੰ ਅਮਰੀਕਾ ਦਾ ਇਕ ਮਹੱਤਵਪੂਰਨ ਰਣਨੀਤਕ ਸਹਿਯੋਗੀ ਦੱਸਿਆ ਅਤੇ ਕਿਹਾ ਕਿ ਦੋਵਾਂ ਦੇਸ਼ਾਂ ਵਿਚਕਾਰ ਵਪਾਰਕ ਗੱਲਬਾਤ ਪੂਰੀ ਹੋਣ ਦੇ ਨੇੜੇ ਹੈ। ਉਨ੍ਹਾ ਇਹ ਟਿੱਪਣੀ ਹਾਊਸ ਫਾਰੇਨ ਅਫੇਅਰਜ਼ ਕਮੇਟੀ ਵਿਚ ਗਵਾਹੀ ਦਿੰਦੇ ਹੋਏ ਕੀਤੀ।

ਜਦੋਂ ਪ੍ਰਤੀਨਿਧੀ ਬਿੱਲ ਹੁਈਜ਼ੇਂਗਾ ਦੁਆਰਾ ਉਨ੍ਹਾ ਦੀ ਹਾਲੀਆ ਭਾਰਤ ਫੇਰੀ ਦੇ ਨਤੀਜਿਆਂ ਬਾਰੇ ਪੁੱਛਿਆ ਗਿਆ ਕਿ ਟਰੰਪ ਪ੍ਰਸ਼ਾਸਨ ਕਿਵੇਂ ਸਾਂਝੇਦਾਰੀ ਨੂੰ ਮਜ਼ਬੂਤ ਕਰ ਰਿਹਾ ਹੈ ਅਤੇ ਨਾਲ ਹੀ ਬਾਜ਼ਾਰ ਪਹੁੰਚ 'ਤੇ ਵੀ ਚਰਚਾ ਕਰ ਰਿਹਾ ਹੈ, ਤਾਂ ਰੂਬੀਓ ਨੇ ਭਾਰਤ ਨੂੰ 'ਮਹੱਤਵਪੂਰਨ ਰਣਨੀਤਕ ਸਹਿਯੋਗੀ' ਕਿਹਾ। ਉਨ੍ਹਾ ਕਿਹਾ, 'ਭਾਰਤ ਸੰਯੁਕਤ ਰਾਜ ਅਮਰੀਕਾ ਦਾ ਇਕ ਮਹੱਤਵਪੂਰਨ ਰਣਨੀਤਕ ਸਹਿਯੋਗੀ ਹੈ। ਅਸੀਂ ਇਕੱਠੇ ਬਹੁਤ ਸਾਰੀਆਂ ਚੀਜ਼ਾਂ ਕਰਦੇ ਹਾਂ ਅਤੇ ਹੋਰ ਵੀ ਕਰਨ ਦੇ ਬਹੁਤ ਮੌਕੇ ਹਨ।'

## ਅੱਜ-ਨਾਮਾ

ਅਫਰਾ-ਤਫਰੀ ਸਮਾਜ ਵਿੱਚ ਪਈ ਜਿੱਦਾਂ,
ਘਰ ਦੇ ਜੀਅ ਰਹੇ ਜੀਆਂ ਨੂੰ ਮਾਰ ਬੇਲੀ।
ਖਤਰਾ ਬਾਹਰੋਂ ਤਾਂ ਰਹੇ ਸਾਂ ਬੜਾ ਸੁਣਦੇ,
ਖਤਰਾ ਆ ਗਿਆ ਅੰਦਰ ਪਰਵਾਰ ਬੇਲੀ।
ਮੁੰਡਾ ਮੋਬਾਈਲ ਜੇ ਵਰਤਣੋਂ ਹਟੇ ਨਾਹੀਂ,
ਪਿਉ ਜੇ ਝਿੜਕਿਆ ਨਾਲ ਪਿਆਰ ਬੇਲੀ।
ਏਨੀ ਝਿੜਕ ਵੀ ਪੁੱਤਰ ਸਹਾਰਦਾ ਨਹੀਂ,
ਜਾਂਦਾ ਗੁੱਸਾ ਬਰਦਾਸ਼ਤ ਤੋਂ ਪਾਰ ਬੇਲੀ।
ਕੁਲੱਤਣ ਵਧੀ ਸਮਾਜ ਵਿੱਚ ਰੋਜ਼ ਜਾਵੇ,
ਸਮਝੇ ਸਰਕਾਰ ਤੇ ਨਹੀਂ ਸਮਾਜ ਬੇਲੀ।
ਲੀਹੇ ਪਤਾ ਨਹੀਂ ਕਿਸ ਸਮਾਜ ਤੁਰਿਆ,
ਵਕਤ ਨਾ ਬੰਦੇ ਦਾ ਕਦੀ ਮੁਥਾਜ ਬੇਲੀ।

-ਤੀਸ ਮਾਰ ਖਾਂ

# ਕਾਕਰੋਚ ਜਨਤਾ ਪਾਰਟੀ ਦੇ ਬਾਨੀ ਨੂੰ ਸਾਰਥਕ ਸਿਧਾਂਤ ਦਾ ਨੇਕ ਮਸ਼ਵਰਾ

**ਨਵੀਂ ਦਿੱਲੀ (ਨ ਜ਼ ਸ)**



ਸੀ ਬੀ ਐੱਸ ਈ ਦੇ ਪੇਪਰਾਂ ਦੀ ਆਨ ਸਕ੍ਰੀਨ ਮਾਰਕਿੰਗ (ਓ ਐੱਸ ਐੱਮ) ਦੇ ਸਕੈਂਡਲ ਨੂੰ ਬੇਨਕਾਬ ਕਰਨ ਵਾਲੇ ਤਿੰਨ ਨੌਜਵਾਨਾਂ ਵਿੱਚੋਂ ਇੱਕ ਸਾਰਥਕ ਸਿਧਾਂਤ ਨੇ ਕਾਕਰੋਚ ਜਨਤਾ ਪਾਰਟੀ ਦੇ ਬਾਨੀ ਅਭਿਜੀਤ ਦੀਪਕੇ ਨੂੰ ਸਲਾਹ ਦਿੱਤੀ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਸਿੱਖਿਆ ਖੇਤਰ ਵਿੱਚ ਸੁਧਾਰ ਲਿਆਉਣ ਲਈ ਅੰਦੋਲਨ ਇੱਕ ਅਸਲੀ ਕਾਜ਼ ਨਾਲ ਚਲਾਇਆ ਜਾਵੇਗਾ, ਨਾ ਕਿ ਇੰਟਰਨੈੱਟ 'ਤੇ ਧਿਆਨ 'ਤੇ ਧਿਆਨ ਖਿੱਚਣ ਲਈ। ਉਸ ਨੇ ਕਿਹਾ ਕਿ ਵਿਦਿਆਰਥੀਆਂ ਦੇ ਰੋਹ ਨੂੰ ਅਰਥਪੂਰਨ ਐਕਸ਼ਨ ਵਿੱਚ ਬਦਲਣਾ ਪੈਣਾ ਹੈ। 17 ਸਾਲਾ ਸਾਰਥਕ ਸਿਧਾਂਤ ਨੇ ਭਾਰਤ ਦੇ ਚੀਫ ਜਸਟਿਸ ਦੀਆਂ ਹਾਲੀਆ ਟਿੱਪਣੀਆਂ ਦੇ ਵਿਅੰਗਮਈ ਜਵਾਬ ਵਜੋਂ ਵਾਇਰਲ ਆਨਲਾਈਨ ਅੰਦੋਲਨ ਬਾਰੇ ਗੱਲ ਕਰਦਿਆਂ ਕਿਹਾ ਕਿ ਉਹ ਸਿਆਸਤ ਨਹੀਂ ਕਰੇਗਾ, ਪਰ ਚਾਹੁੰਦਾ ਹੈ ਕਿ ਕਿਸੇ ਵੀ ਪਾਰਟੀ ਜਾਂ ਵਿਦਿਆਰਥੀਆਂ ਦੇ ਅੰਦੋਲਨ ਦਾ 'ਅਸਲ ਕਾਰਨ' ਸਪੱਸ਼ਟ ਹੋਣਾ ਚਾਹੀਦਾ ਹੈ।

ਖੋਜ ਤੋਂ ਪੈਦਾ ਹੋਣ ਵਾਲੇ ਕ੍ਰਿਆਵਾਦ (ਐਕਟੀਵਿਜ਼ਮ) ਅਤੇ ਸੋਸ਼ਲ ਮੀਡੀਆ-ਸੰਚਾਲਤ ਰੁਝਾਨਾਂ ਵਿਚਾਲੇ ਅੰਤਰ ਸਮਝਾਉਂਦਿਆਂ ਸਿਧਾਂਤ ਨੇ ਕਿਹਾ, 'ਜਿਵੇਂ ਮੈਂ ਕੁਝ ਜਾਂਚ ਕੀਤੀ, ਨਿਸਰਗ ਨੇ ਕੁਝ ਜਾਂਚ ਕੀਤੀ—ਅਸੀਂ ਇਸ ਨੂੰ ਵਿਦਿਆਰਥੀਆਂ ਦੀ ਮਦਦ ਲਈ ਪੇਸ਼ ਕੀਤਾ।'

ਸਿਧਾਂਤ, ਵੇਦਾਂਤ ਅਤੇ 'ਨੈਤਿਕ ਹੈਕਰ' ਨਿਸਰਗ ਅਧਿਕਾਰੀ ਕਾਫੀ ਚਰਚਿਤ ਹੋਏ ਹਨ, ਜਿਨ੍ਹਾਂ 12ਵੀਂ ਜਮਾਤ ਦੀਆਂ ਮਾਰਕਸ਼ੀਟਾਂ ਵਿੱਚ ਖਾਮੀਆਂ ਦਾ ਪਤਾ ਲਗਾਉਣ ਤੋਂ ਬਾਅਦ ਓ ਐੱਸ ਐੱਮ ਮੁਲਾਂਕਣ ਪ੍ਰਣਾਲੀ ਵਿਚਲੀਆਂ ਸਮੱਸਿਆਵਾਂ ਨੂੰ ਉਭਾਰਿਆ ਹੈ। ਸਿਧਾਂਤ ਨੇ ਸਰਗਰਮੀ ਨੂੰ ਆਨਲਾਈਨ ਸਪੇਸ ਤੱਕ ਸੀਮਤ ਕਰਨ ਵਿਰੁੱਧ ਚੇਤਾਵਨੀ ਦਿੰਦਿਆਂ ਕਿਹਾ ਕਿ ਇੰਟਰਨੈੱਟ ਸਰਗਰਮੀ ਠੀਕ ਹੈ, ਪਰ ਪਿਛਲੀਆਂ ਸੀਟਾਂ 'ਤੇ ਬੈਠਣਾ ਅਤੇ ਕੁਝ ਨਾ ਕਰਨਾ ਠੀਕ ਨਹੀਂ। ਉਹ ਸਿਰਫ ਆਨਲਾਈਨ ਖਿੱਚ ਪ੍ਰਾਪਤ ਕਰਨ ਦੇ ਉਦੇਸ਼ ਨਾਲ ਕੀਤੇ ਗਏ ਅੰਦੋਲਨ ਦਾ ਸਮਰਥਨ ਨਹੀਂ ਕਰੇਗਾ।

ਸਿਧਾਂਤ ਨੇ ਪੇਪਰ ਚੈੱਕ ਕਰਨ ਲਈ ਕੇਂਦਰੀ ਜਨਤਕ ਖਰੀਦ ਪੋਰਟਲ 'ਤੇ ਜਾਰੀ ਟੈਂਡਰ ਦਸਤਾਵੇਜ਼ਾਂ ਦੀ ਸਮੀਖਿਆ ਕਰਨ ਵਿੱਚ ਕਈ ਦਿਨ ਬਿਤਾਏ। ਸੀ ਬੀ ਐੱਸ ਈ ਦੀ ਪਾਸ ਪ੍ਰਤੀਸ਼ਤਤਾ ਵਿੱਚ ਗਿਰਾਵਟ ਦੇ ਕਾਰਨ ਓ ਐੱਸ ਐੱਮ ਸਿਸਟਮ 'ਤੇ ਸਵਾਲ ਉੱਠਣ ਅਤੇ ਕੁਝ ਵਿਦਿਆਰਥੀਆਂ ਵੱਲੋਂ ਗਲਤੀਆਂ, ਮਿਸਮੈਚ ਅਤੇ ਮਿਕਸ-ਅਪ ਉਭਾਰਨ ਤੋਂ ਬਾਅਦ ਉਸ ਨੇ ਇਹ ਕੀਤਾ। ਸਿਧਾਂਤ ਨੇ ਸਾਹਮਣੇ ਲਿਆਂਦਾ ਕਿ 'ਕੋਇਮਪਟ ਐਜੂਟੈਕ' ਨੂੰ ਟੈਂਡਰ ਦੇਣ ਲਈ ਬੋਰਡ ਨੇ ਲਗਾਤਾਰ ਤਿੰਨ ਟੈਂਡਰ ਗੇੜਾਂ ਵਿੱਚ ਯੋਗਤਾ ਅਤੇ ਤਕਨੀਕੀ ਜ਼ਰੂਰਤਾਂ ਨੂੰ ਯੋਜਨਾਬੱਧ ਢੰਗ ਨਾਲ ਸੋਧਿਆ ਹੈ, ਜਿਸ ਨਾਲ ਅੰਤ ਵਿੱਚ ਹੈਦਰਾਬਾਦ ਦੀ ਕੋਇਮਪਟ ਐਜੂਟੈਕ ਪ੍ਰਾਈਵੇਟ ਲਿਮਟਿਡ ਨੂੰ ਫਾਇਦਾ ਹੋਇਆ। ਇਹ ਇੱਕ ਕਹਾਣੀ ਹੈ ਕਿ ਕਿਵੇਂ ਇੱਕ ਵਿਸ਼ਾਲ ਜਨਤਕ ਸੰਸਥਾ ਨੇ ਜਾਣਬੁੱਝ ਕੇ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕੀਤਾ। ਸਿਧਾਂਤ ਨੂੰ ਮੰਗਲਵਾਰ ਸਿੱਖਿਆ, ਮਹਿਲਾਵਾਂ, ਬੱਚਿਆਂ, ਯੁਵਾ ਅਤੇ ਖੇਡਾਂ ਬਾਰੇ ਸੰਸਦੀ ਸਥਾਈ ਕਮੇਟੀ ਨੇ ਸੱਦਿਆ ਸੀ, ਜਿੱਥੇ ਸਿਧਾਂਤ ਨੇ ਕਮੇਟੀ ਨੂੰ ਦੱਸਿਆ ਕਿ ਓ ਐੱਸ ਐੱਮ ਸਿਸਟਮ ਲਈ ਤਿੰਨ ਵੱਖ-ਵੱਖ ਟੈਂਡਰ ਜਾਰੀ ਕੀਤੇ ਗਏ। ਪਹਿਲਾ, ਫਰਵਰੀ 2025 ਵਿੱਚ ਜਾਰੀ ਕੀਤਾ ਗਿਆ, ਪਰ ਸਫਲ ਬੋਲੀਕਾਰ ਨਾ ਮਿਲਣ 'ਤੇ ਰੱਦ ਕਰ ਦਿੱਤਾ ਗਿਆ। ਦੂਜਾ, ਮਈ 2025 ਵਿੱਚ ਜਾਰੀ ਕੀਤਾ ਗਿਆ, ਚਾਰ ਬੋਲੀਆਂ ਪ੍ਰਾਪਤ ਹੋਈਆਂ, ਪਰ ਕਿਸੇ ਦਾ ਟੈਂਡਰ ਪਾਸ ਨਹੀਂ ਕੀਤਾ ਗਿਆ। ਤੀਜਾ, ਅਗਸਤ 2025 ਵਿੱਚ ਜਾਰੀ ਕੀਤਾ ਗਿਆ। ਰੈਂਕਗੁਰੂ, ਟੀ ਸੀ ਐੱਸ ਅਤੇ ਕੋਇਮਪਟ ਨੇ ਬੋਲੀ ਦਿੱਤੀ। ਰੈਂਕਗੁਰੂ ਦੇ ਤਕਨੀਕੀ ਪੜਾਅ ਨੂੰ ਪੂਰਾ ਕਰਨ ਵਿੱਚ ਅਸਫਲ ਰਹਿਣ ਤੋਂ ਬਾਅਦ ਠੇਕਾ ਅੰਤ ਵਿੱਚ ਕੋਇਮਪਟ ਨੂੰ ਦਿੱਤਾ ਗਿਆ।

## ਕਾਮਰੇਡ ਅਵਤਾਰ ਉੱਪਲ ਦੇ ਸਦੀਵੀ ਵਿਛੋੜੇ 'ਤੇ ਸੀ ਪੀ ਆਈ ਪੰਜਾਬ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ

**ਚੰਡੀਗੜ੍ਹ (ਨ ਜ਼ ਸ)**-ਪੰਜਾਬ ਸੂਬਾ ਕੌਂਸਲ ਸੀ ਪੀ ਆਈ ਕਾਮਰੇਡ ਅਵਤਾਰ ਸਿੰਘ ਉਪਲ ਵਰਗੀ ਅਸੀਮ ਗੁਣਾਂ ਦੀ ਮਾਲਕ ਅਤੇ ਸੰਪੂਰਨ ਇਨਸਾਨੀ ਕਦਰਾਂ-ਕੀਮਤਾਂ ਦੀ ਪਹਿਰੇਦਾਰੀ ਕਰਨ ਵਾਲੀ ਸ਼ਖ਼ਸੀਅਤ ਦੇ ਵਿਛੋੜੇ ਨੂੰ ਬੇਇਨਸਾਫੀਆਂ, ਗਰੀਬੀ, ਜ਼ਿਆਦਤੀਆਂ, ਆਰਥਿਕ ਅਤੇ ਸਮਾਜਿਕ ਸ਼ੋਸ਼ਣ ਦੇ ਪੀੜਤ ਅਤੇ ਅਨੇਕਾਂ ਹੋਰ ਮੁਸੀਬਤਾਂ ਦੀ ਮਾਰ ਝੱਲ ਰਹੇ ਲੋਕਾਂ ਲਈ ਇਕ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਸਮਝਦੀ ਹੈ। ਸੂਬਾ ਸਕੱਤਰ ਨਿਰਮਲ ਸਿੰਘ ਧਾਲੀਵਾਲ ਤੇ ਸੂਬਾ ਐਗਜ਼ੈਕਟਿਵ ਮੈਂਬਰ ਗੁਰਨਾਮ ਕੰਵਰ ਨੇ ਕਿਹਾ ਕਿ ਬਰਤਾਨੀਆ 'ਚ ਰਹਿੰਦੇ ਕਾਮਰੇਡ ਅਵਤਾਰ ਸਿੰਘ ਉਪਲ ਜਿੱਥੇ ਪ੍ਰਗਤੀਸ਼ੀਲ ਲੇਖਕ ਸੰਘ ਦੇ ਕਿਰਿਆਸ਼ੀਲ ਮੈਂਬਰ ਸਨ, ਉਥੇ ਉਹ ਦੇਸ਼ ਅਤੇ ਦੁਨੀਆ ਵਿਚ ਕਿਸੇ ਵੀ ਤਰ੍ਹਾਂ ਦੇ ਮਾਨਵਤਾ-ਵਿਰੋਧੀ ਵਰਤਾਰਿਆਂ ਦੇ ਵਿਰੁੱਧ ਡਟ ਕੇ ਖੜ੍ਹਨ ਤੇ ਲੜਨ ਵਾਲੇ ਸੁਚੇਤ ਮਨੁੱਖ ਸਨ। ਅੱਜ ਦੇ ਦੌਰ ਵਿਚ ਜਦੋਂ ਭਾਰਤ ਵਿਚ ਫਿਰਕੂ ਧਰੁਵੀਕਰਨ ਦੀ ਚੰਦਰੀ ਖੇਡ ਨਾਲ ਸਮਾਜ ਨੂੰ ਫਿਰਕਿਆਂ ਤੇ ਜਾਤਾਂ-ਪਾਤਾਂ ਵਿਚ ਵੰਡ ਕੇ ਨਫ਼ਰਤ ਦਾ ਜ਼ਹਿਰ ਫੈਲਾਉਣ ਦੀ ਸਿਰਤੋੜ ਕੋਸ਼ਿਸ਼ ਹੋ ਰਹੀ ਹੈ ਤਾਂ ਅਜਿਹੇ ਮਹੌਲ ਵਿਰੁੱਧ ਉਹ ਬੇਬਾਕੀ ਨਾਲ ਆਪਣਾ ਲੋਕ-ਪੱਖੀ ਪ੍ਰਤੀਕਰਮ ਬੇਖੌਫ਼ ਹੋ ਕੇ ਦਿੰਦੇ ਸਨ।

ਸਾਮਰਾਜੀਆਂ ਖਾਸ ਕਰ ਅਮਰੀਕਾ ਵੱਲੋਂ, ਜੋ ਦੁਨੀਆ ਦੇ ਅਨੇਕਾਂ ਦੇਸ਼ਾਂ ਨੂੰ ਜੰਗ ਦੀ ਭੱਠੀ ਵਿਚ ਝੋਕ ਕੇ ਤਬਾਹੀ ਕੀਤੀ ਜਾ ਰਹੀ ਹੈ ਅਤੇ ਫਲਸਤੀਨ, ਈਰਾਨ ਅਤੇ ਲਿਬਨਾਨ ਵਰਗੇ ਦੇਸ਼ਾਂ ਵਿਚ ਲੱਖਾਂ ਦੀ ਗਿਣਤੀ ਵਿਚ ਬੱਚੇ, ਬੁੱਢੇ, ਬਿਮਾਰ ਅਤੇ ਆਮ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਹੈ ਅਤੇ ਕਮਜ਼ੋਰ ਦੇਸ਼ਾਂ ਦੇ ਤੇਲ ਅਤੇ ਹੋਰ ਕੀਮਤੀ ਸਾਧਨਾਂ ਉਪਰ ਕਬਜ਼ੇ ਦੀ ਹਵਸ ਨਾਲ ਅੰਨ੍ਹਾ ਹੋ ਕੇ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ, ਅਜਿਹੇ ਹਾਲਾਤ ਤੋਂ ਉਪਲ ਜੀ ਡਾਢੇ

• ਬਾਕੀ ਸਫ਼ਾ 6 'ਤੇ

## ਪੰਜਾਬ ਸਟੇਟ ਵੁਸ਼ੂ ਚੈਂਪੀਅਨਸ਼ਿਪ ਮੁਕਾਬਲੇ 'ਚ ਲੜਕੀਆਂ ਦਾ ਸ਼ਾਨਦਾਰ ਪ੍ਰਦਰਸ਼ਨ

ਲੋਹੀਆਂ ਖਾਸ (ਯੋਗੇਸ਼ਵਰ)-ਬੀ.ਕੇ ਇੰਟਰਨੈਸ਼ਨਲ ਕਾਨਵੇਂਟ ਸਕੂਲ ਅਤੇ ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ ਵਾੜਾ ਜੋਧ ਸਿੰਘ ਦੀ ਲੜਕੀਆਂ ਨੇ ਬਠਿੰਡਾ ਵਿੱਚ ਆਯੋਜਿਤ 28ਵੀਂ ਪੰਜਾਬ ਸਟੇਟ ਵੁਸ਼ੂ ਚੈਂਪੀਅਨਸ਼ਿਪ (ਲੜਕੀਆਂ) ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸੰਤ ਬਾਬਾ ਨਾਹਰ ਸਿੰਘ ਅਤੇ ਸੰਤ ਬਾਬਾ ਕਪੂਰ ਸਿੰਘ ਦੇ ਅਸ਼ੀਰਵਾਦ ਨਾਲ ਗੋਲਡ ਮੈਡਲ, ਸਿਲਵਰ ਮੈਡਲ ,ਬਰੋਂਜ ਮੈਡਲ ਜਿੱਤਣ ਦਾ ਮਾਣ ਹਾਸਿਲ ਕੀਤਾ। ਵਿਦਿਆਰਥੀਆਂ ਵੱਲੋਂ ਵੱਖ-ਵੱਖ ਰਾਊਂਡ ਦੇ ਮੁਕਾਬਲਿਆਂ ਵਿੱਚ ਕੜੀ ਟੱਕਰ ਦਿੰਦੇ ਹੋਏ ਸ਼ਾਨਦਾਰ ਜਿੱਤ ਹਾਸਿਲ ਕੀਤੀ ਗਈ ਅਤੇ ਨੈਸ਼ਨਲ ਲੈਵਲ ਮੁਕਾਬਲਿਆਂ ਲਈ ਕੁਆਵਾਲੀਫਾਈ ਕੀਤਾ। ਸਕੂਲ ਦੇ ਸਪੋਰਟਸ ਅਧਿਆਪਕ ਹਰਪ੍ਰੀਤ ਕੌਰ ਦੀ ਅਗਵਾਈ ਵਿੱਚ ਪੇਸ਼ੇਵਰ ਕੋਚਾ ਦੀ ਵਿਸ਼ੇਸ਼ ਟੀਮ ਵੱਲੋਂ ਵਿਦਿਆਰਥੀਆਂ ਨੂੰ ਇਹਨਾਂ ਮੁਕਾਬਲਿਆਂ ਲਈ ਤਿਆਰ ਕੀਤਾ ਗਿਆ। ਸਕੂਲ ਦੇ ਹੋਣਹਾਰ ਖਿਡਾਰਣਾ ਅੰਸ਼ਪ੍ਰੀਤ ਕੌਰ ਨੇ ਗੋਲਡ ਮੈਡਲ ਮਨਜੋਤ ਕੌਰ, ਦਮਨਪ੍ਰੀਤ ਕੌਰ, ਅਸ਼ਮੀਤ ਕੌਰ, ਸੁਖਮਨਪ੍ਰੀਤ ਕੌਰ, ਸੀਰਤ ਕੌਰ ਨੇ ਸਿਲਵਰ ਮੈਡਲ ਜੈਸਮੀਨ ਕੌਰ ਅਤੇ ਸੁਖਮਨਪ੍ਰੀਤ ਕੌਰ ਨੇ ਬਰੋਂਜ ਮੈਡਲ ਜਿੱਤਣ ਦਾ ਮਾਨ ਹਾਸਿਲ ਕੀਤਾ। ਇਹਨਾਂ ਵਿੱਚੋਂ ਗੋਲਡ ਅਤੇ ਸਿਲਵਰ ਮੈਡਲ ਜਿੱਤਣ ਵਾਲੀ ਖਿਡਾਰਣਾ ਨੇ ਨੈਸ਼ਨਲ ਮੁਕਾਬਲਿਆਂ ਲਈ ਕੁਆਲੀਫਾਈ ਕੀਤਾ।



ਇਸ ਮੌਕੇ ਸਕੂਲ ਡਾਇਰੈਕਟਰ ਸੱਦਾਮ ਖਾਨ,ਪ੍ਰਿੰਸੀਪਲ ਨੀਤੀਮਾ ਪੁਰੀ ਨੇ ਵਿਦਿਆਰਥੀਆਂ, ਸਪੋਰਟਸ ਅਧਿਆਪਕ, ਕੋਚ ਅਤੇ ਸਮੂਹ ਸਟਾਫ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਵਿਦਿਆਰਥੀਆਂ ਦੀ ਇਸ ਉਪਲਬਧੀ ਨੇ ਇਲਾਕੇ ਵਿੱਚ ਪੜ੍ਹਾਈ ਦੇ ਨਾਲ ਖੇਡਾਂ ਵਿੱਚ ਵੀ ਸਕੂਲ ਦਾ ਨਾਂਅ ਰੋਸ਼ਨ ਕੀਤਾ ਹੈ ਅਤੇ ਸਕੂਲ ਵਿਦਿਆਰਥੀਆਂ ਨੂੰ ਸਰਵਪੱਖੀ ਵਿਕਾਸ ਲਈ ਸੁਵਿਧਾਵਾਂ ਦੇਣ ਲਈ ਵਚਨਬੱਧ ਹੈ।

## ਕੰਬੋਜ ਫਾਊਂਡੇਸ਼ਨ ਦੇ ਅਹੁਦੇਦਾਰਾਂ ਵੱਲੋਂ ਡਾ. ਸੰਦੀਪ ਸਿੰਘ ਕੌੜਾ ਖਿਲਾਫ ਲਗਾਏ ਦੋਸ਼ਾਂ ਦਾ ਖੰਡਨ

### ਅਦਾਲਤ ਵੱਲੋਂ ਭਗੌੜੇ ਕਰਾਰ ਦਿੱਤੇ ਨਿਰਮਲ ਸਿੰਘ ਰਿਆਤ ਵਿਰੁੱਧ ਕੰਬੋਜ ਭਾਈਚਾਰੇ ਵਿੱਚ ਭਾਰੀ ਰੋਹ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-** ਕੰਬੋਜ ਫਾਊਂਡੇਸ਼ਨ ਨੇ ਆਪਣੇ ਸਰਪ੍ਰਸਤ ਡਾ. ਸੰਦੀਪ ਸਿੰਘ ਕੌੜਾ, ਜੋ ਕਿ ਐਸ.ਯੂ.ਐਸ. ਐਜੂਕੇਸ਼ਨਲ ਸੋਸਾਇਟੀ ਦੇ ਚੇਅਰਮੈਨ ਅਤੇ ਪੰਜਾਬ ਦੀ ਆਉਣ ਵਾਲੀ ਊਧਮ ਸਿੰਘ ਸ਼ਹੀਦ ਸਕਿੱਲ ਡਿਵੈਲਪਮੈਂਟ ਐਂਡ ਐਂਟਰਪ੍ਰੈਨਿਓਰਸ਼ਿਪ ਯੂਨੀਵਰਸਿਟੀ ਦੇ ਸੰਸਥਾਪਕ ਚਾਂਸਲਰ (ਨਾਮਜ਼ਦ) ਵੀ ਹਨ, ਦੇ ਖਿਲਾਫ ਝੂਠੇ ਦੋਸ਼ਾਂ ਦੀ ਇੱਕ ਦੁਰਭਾਵਨਾਪੂਰਨ, ਅਪਮਾਨਜਨਕ ਅਤੇ ਯੋਜਨਾਬੱਧ ਮੁਹਿੰਮ ਨੂੰ ਸਪੱਸ਼ਟ ਰੂਪ ਵਿੱਚ ਖਾਰਜ ਅਤੇ ਨਿੰਦਾ ਕਰਦਿਆਂ ਇੱਕ ਸਖ਼ਤ ਬਿਆਨ ਜਾਰੀ ਕੀਤਾ ਹੈ।ਫਾਊਂਡੇਸ਼ਨ ਨੇ ਕਿਹਾ ਕਿ ਜਿਹੜੇ ਦੋਸ਼ ਫੈਲਾਏ ਜਾ ਰਹੇ ਹਨ, ਉਹ ਪੂਰੀ ਤਰ੍ਹਾਂ ਬੇਬੁਨਿਆਦ, ਗੁੰਮਰਾਹਕੁੰਨ ਅਤੇ ਨਿੱਜੀ ਹਿੱਤਾਂ ਤੋਂ ਪ੍ਰੇਰਿਤ ਹਨ, ਜਿਨ੍ਹਾਂ ਦਾ ਮਕਸਦ ਡਾ. ਕੌੜਾ ਦੀ ਸਾਖ ਨੂੰ ਖਰਾਬ ਕਰਨਾ ਹੈ, ਜਿਨ੍ਹਾਂ ਨੇ ਉੱਚ ਸਿੱਖਿਆ, ਹੁਨਰ ਵਿਕਾਸ (ਸਕਿੱਲ ਡਿਵੈਲਪਮੈਂਟ), ਉੱਦਮਤਾ ਪ੍ਰੋਤਸਾਹਨ (ਐਂਟਰਪ੍ਰੈਨਿਓਰਸ਼ਿਪ ਪ੍ਰਮੋਸ਼ਨ) ਅਤੇ ਜਨਤਕ ਸੇਵਾ ਵਿੱਚ ਇੱਕ ਵਿਲੱਖਣ ਰਿਕਾਰਡ ਬਣਾਇਆ ਹੈ।ਫਾਊਂਡੇਸ਼ਨ ਦੇ ਅਨੁਸਾਰ, ਇਹ ਦੋਸ਼ ਨਿਰਮਲ ਸਿੰਘ ਰਾਇਤ ਦੁਆਰਾ ਪ੍ਰਚਾਰੇ ਗਏ ਹਨ, ਜੋ ਵਰਤਮਾਨ ਵਿੱਚ ਟੈਕ ਸਕਿੱਲਜ਼ ਯੂਨੀਵਰਸਿਟੀ ਦੇ ਚਾਂਸਲਰ ਹੋਣ ਦਾ ਦਾਅਵਾ ਕਰ ਰਿਹਾ ਹੈ। ਫਾਊਂਡੇਸ਼ਨ ਨੇ ਨੋਟ ਕੀਤਾ ਕਿ ਰਾਇਤ ਖੁਦ ਕਥਿਤ ਤੌਰ 'ਤੇ ਕਈ ਕਾਨੂੰਨੀ ਅਤੇ ਵਿੱਤੀ ਕਾਰਵਾਈਆਂ ਦਾ ਸਾਹਮਣਾ ਕਰ ਰਿਹਾ ਹੈ। ਇਸ ਵਿੱਚ ਅੱਗੇ ਕਿਹਾ ਗਿਆ ਹੈ ਕਿ ਜਨਤਕ ਤੌਰ 'ਤੇ ਉਪਲਬਧ ਅਦਾਲਤੀ ਰਿਕਾਰਡਾਂ ਅਨੁਸਾਰ ਰਾਇਤ ਨੂੰ ਰੂਪਨਗਰ ਦੀਆਂ ਅਦਾਲਤਾਂ ਦੁਆਰਾ ਕਥਿਤ ਤੌਰ 'ਤੇ ਇਸ਼ਤਿਹਾਰੀ ਮੁਲਜ਼ਮ (ਪ੍ਰੋਕਲੇਮਡ ਔਫੈਂਡਰ)/ਪਬਲਿਕ ਔਫੈਂਡਰ ਘੋਸ਼ਿਤ ਕੀਤਾ ਗਿਆ ਹੈ ਅਤੇ ਉਸ ਖਿਲਾਫ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ ਹਨ।ਫਾਊਂਡੇਸ਼ਨ ਨੇ ਅੱਗੇ ਕਿਹਾ ਕਿ ਇਹ ਜਨਤਕ ਰਿਕਾਰਡ ਦਾ ਮਾਮਲਾ ਹੈ ਕਿ ਵਿੱਤੀ ਸੰਸਥਾਵਾਂ ਦੇ ਕਥਿਤ ਡਿਫਾਲਟ (ਬਕਾਏ ਨਾ ਚੁਕਾਉਣ) ਦੇ ਸਬੰਧ ਵਿੱਚ, ਡੈੱਟ ਰਿਕਵਰੀ ਟ੍ਰਿਬਿਊਨਲ , ਚੰਡੀਗੜ੍ਹ ਦੇ ਸਾਹਮਣੇ ਕਥਿਤ ਤੌਰ ਤੇ ਮੋਟੀ ਵਿੱਤੀ ਦੇਣਦਾਰੀਆਂ ਵਾਲੀ ਵਸੂਲੀ ਦੀ ਕਾਰਵਾਈ (ਰਿਕਵਰੀ ਪ੍ਰੋਸੀਡਿੰਗਜ਼) ਸ਼ੁਰੂ ਕੀਤੀ ਗਈ ਹੈ।ਬਿਆਨ ਵਿੱਚ ਕਿਹਾ ਗਿਆ, ਕੰਬੋਜ ਫਾਊਂਡੇਸ਼ਨ ਦਾ ਪੱਕਾ ਵਿਸ਼ਵਾਸ ਹੈ ਕਿ ਇਹ ਦੋਸ਼ ਪਾਰਦਰਸ਼ਤਾ ਜਾਂ ਜਵਾਬਦੇਹੀ ਦੀ ਕਿਸੇ ਅਸਲ ਚਿੰਤਾ ਤੋਂ ਪ੍ਰੇਰਿਤ ਨਹੀਂ ਹਨ। ਬਲਕਿ, ਇਹ ਡਾ. ਕੌੜਾ ਦੀ ਸਾਖ ਨੂੰ ਖਰਾਬ ਕਰਨ ਅਤੇ ਸਿੱਖਿਆ, ਹੁਨਰ ਵਿਕਾਸ, ਉੱਦਮਤਾ, ਅਤੇ ਰਾਸ਼ਟਰ-ਨਿਰਮਾਣ ਦੇ ਕਾਰਜਾਂ ਵਿੱਚ ਉਨ੍ਹਾਂ ਦੇ ਚੱਲ ਰਹੇ ਯੋਗਦਾਨ ਵਿੱਚ ਰੁਕਾਵਟ ਪਾਉਣ ਦਾ ਇੱਕ ਜਾਣਬੁੱਝ ਕੇ ਕੀਤਾ ਗਿਆ ਅਤੇ ਗਿਣਿਆ-ਮਿਥਿਆ ਯਤਨ ਹਨ। ਬਿਆਨ ਵਿੱਚ ਅੱਗੇ ਕਿਹਾ ਗਿਆ, ਇਹ ਬਹੁਤ ਹੀ ਵਿਅੰਗਮਈ (ਹਾਸੋਹੀਣੀ) ਗੱਲ ਹੈ ਕਿ ਇੱਕ ਵਿਅਕਤੀ ਜੋ ਖੁਦ ਕਥਿਤ ਤੌਰ 'ਤੇ ਗੰਭੀਰ ਕਾਨੂੰਨੀ ਕਾਰਵਾਈਆਂ ਦਾ ਸਾਹਮਣਾ ਕਰ ਰਿਹਾ ਹੈ, ਜਿਸ ਵਿੱਚ ਇਸ਼ਤਿਹਾਰੀ ਮੁਲਜ਼ਮ ਦੇ ਦਰਜੇ ਅਤੇ ਵਿੱਤੀ ਵਸੂਲੀ ਦੀਆਂ ਕਾਰਵਾਈਆਂ ਨਾਲ ਸਬੰਧਤ ਮਾਮਲੇ ਸ਼ਾਮਲ ਹਨ, ਦੂਜਿਆਂ ਦੇ ਚਰਿੱਤਰ ਅਤੇ ਭਰੋਸੇਯੋਗਤਾ 'ਤੇ ਉਂਗਲ ਚੁੱਕਣ ਦੀ ਕੋਸ਼ਿਸ਼ ਕਰ ਰਿਹਾ ਹੈ।



## ਆਪ ਦੀ ਪ੍ਰਧਾਨ ਦੱਸ ਕੇ ਔਰਤ ਨੇ 2 ਲੱਖ ਦੀ ਠੱਗੀ ਮਾਰਨ ਦੀ ਕੀਤੀ ਕੋਸ਼ਿਸ਼

**ਮਜੀਠਾ (ਸੋਇਮ ਆਨੰਦ)-** ਐਸ.ਸੀ. ਵਿੰਗ ਜ਼ਿਲ੍ਹਾ ਦਿਹਾਤੀ ਆਮ ਆਦਮੀ ਦੀ ਪ੍ਰਧਾਨ ਵੱਲੋਂ ਐਨ.ਆਰ ਆਈ ਕੋਲੋਂ 2 ਲੱਖ ਦੀ ਮਾਰੀ ਠੱਗੀ ਮਾਰਨ ਦੀ ਕੋਸ਼ਿਸ਼ ਕਰਨ ਦਾ ਸਮਾਚਾਰ ਹੈ। ਐਨ.ਆਰ.ਆਈ ਪ੍ਰਿੰਸੀਪਲ ਗੁਰਦੀਪ ਸਿੰਘ ਪੁੱਤਰ ਸਰੈਣ ਸਿੰਘ ਵਾਸੀ ਪਿੰਡ ਪਾਖਰਪੁਰਾ ਨੇ ਦੱਸਿਆ ਕਿ ਪਿੰਡ ਦੇ ਸਕੂਲ ਵਿਖੇ ਖੇਡ ਮੇਲਾ ਕਰਵਾਇਆ ਜਾ ਰਿਹਾ ਸੀ । ਉਸ ਵਕਤ ਬਾਬਾ ਸੁਖਚੈਨ ਸਿੰਘ ਪਿੰਡ ਤਲਵੰਡੀ ਖੁੰਮਣ ਅਤੇ ਸੁਪਿੰਦਰ ਕੌਰ ਵਾਸੀ ਕਾਲੇਕੇ ਦਾ ਫੋਨ ਆਇਆ ਤੇ ਕਿਹਾ ਮੈਂ ਐਸ.ਸੀ. ਵਿੰਗ ਜ਼ਿਲ੍ਹਾ ਅੰਮ੍ਰਿਤਸਰ ਆਮ ਆਦਮੀ ਪਾਰਟੀ ਦੀ ਪ੍ਰਧਾਨ ਬੋਲਦੀ ਹਾਂ ਤੇ ਮੇਰੇ ਪਤੀ ਦੀ ਐਕਸੀਡੈਂਟ ਹੋ ਗਿਆ ਜਿਸ ਕਰਕੇ ਮੈਨੂੰ 2 ਲੱਖ ਰੁਪਏ ਦੀ ਮਦਦ ਦਿੱਤੀ ਜਾਵੇ। ਜਦੋਂ ਮੇਰੇ ਵੱਲੋਂ ਇਸ ਸੰਬੰਧੀ ਜਾਚ ਪੜਤਾਲ ਕੀਤੀ ਗਈ ਤਾਂ ਬਾਬਾ ਸੁਖਚੈਨ ਸਿੰਘ ਅਤੇ ਉਸ ਦੀ ਸਾਥੀ ਸੁਪਿੰਦਰ ਕੌਰ ਵੱਲੋਂ ਮੇਰੇ ਨਾਲ ਬਣਾਈ ਗਈ ਸਾਜਿਸ਼ ਤਹਿਤ ਠੱਗੀ ਮਾਰਨ ਦੀ ਕੋਸ਼ਿਸ਼ ਕੀਤੀ ਗਈ।ਜਿਸ ਦੀ ਲਿਖਤੀ ਦਰਖਾਸਤ ਥਾਣਾ ਕੱਥੂਨੰਗਲ ਵਿਖੇ ਦਿੱਤੀ ਸੀ,ਪਰ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ।ਉਨ੍ਹਾਂ ਪੰਜਾਬ ਸਰਕਾਰ ਤੇ ਪੁਲਸ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਕਿ ਇਹੋ ਜਿਹੇ ਧੋਖਾਧੜੀ ਕਰਨ ਵਾਲੇ ਵਿਅਕਤੀਆਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕਰਕੇ ਇਨਸਾਫ ਦਿਵਾਇਆ ਜਾਵੇ।



## 'ਆਪ' ਦੀ ਜੰਡਿਆਲਾ ਗੁਰੂ ਨਗਰ ਕੌਂਸਲ 'ਚ ਇਤਿਹਾਸਕ ਜਿੱਤ ਹੋਈ : ਸੁਨੀਲ ਪਾਸੀ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ):** ਕੈਬਨਿਟ ਮੰਤਰੀ ਪੰਜਾਬ ਅਤੇ ਹਲਕਾ ਜੰਡਿਆਲਾ ਗੁਰੂ ਦੇ ਵਿਧਾਇਕ ਹਰਭਜਨ ਸਿੰਘ ਈਟੀਓ ਨੇ ਦੱਸਿਆ ਕਿ ਨਗਰ ਕੌਂਸਲ ਜੰਡਿਆਲਾ ਗੁਰੂ ਦੀਆਂ ਚੋਣਾਂ ਪੂਰੀ ਤਰ੍ਹਾਂ ਸ਼ਾਂਤੀਪੂਰਵਕ ਤੇ ਪਾਰਦਰਸ਼ੀ ਢੰਗ ਨਾਲ ਹੋਈਆਂ। ਆਮ ਆਦਮੀ ਪਾਰਟੀ ਦੀ 13 ਕੌਂਸਲਰਾਂ ਦੀ ਇਤਿਹਾਸਕ ਜਿੱਤ ਹੋਈ ਜੋ ਵਿਕਾਸ ਦੀ ਹਨੇਰੀ ਅਤੇ ਲੋਕਾਂ ਦੇ ਵਿਸ਼ਵਾਸ ਦਾ ਪ੍ਰਤੀਕ ਹੈ।ਜੰਡਿਆਲਾ ਗੁਰੂ ਦੇ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਸੁਨੀਲ ਪਾਸੀ ਨੇ ਕਿਹਾ ਕਿ ਜੰਡਿਆਲਾ ਗੁਰੂ ਦੇ ਲੋਕਾਂ ਨੇ ਵਿਕਾਸ ਦੀ ਰਾਜਨੀਤੀ 'ਤੇ ਮੋਹਰ ਲਾਈ ਹੈ।ਉਨ੍ਹਾਂ ਕਿਹਾ ਕਿ ਜੰਡਿਆਲਾ ਗੁਰੂ ਨਗਰ ਕੌਂਸਲ ਦੀਆਂ 15 ਸੀਟਾਂ ਵਿੱਚੋਂ 13 ਸੀਟਾਂ 'ਤੇ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ ਨੇ ਇਹ ਸਾਬਤ ਕੀਤਾ ਕਿ ਲੋਕਾਂ ਨੇ ਪੰਜਾਬ ਦੇ ਮੁੱਖ ਮੰਤਰੀ ਤੇ ਭਗਵੰਤ ਸਿੰਘ ਮਾਨ ਅਤੇ ਕੈਬਨਿਟ ਮੰਤਰੀ ਪੰਜਾਬ ਅਤੇ ਹਲਕਾ ਜੰਡਿਆਲਾ ਗੁਰੂ ਦੇ ਵਿਧਾਇਕ ਹਰਭਜਨ ਸਿੰਘ ਈਟੀਓ ਦੀ ਅਗਵਾਈ ਹੇਠ ਪਿਛਲੇ ਚਾਰ ਸਾਲ ਦੌਰਾਨ ਹੋਏ ਰਿਕਾਰਡਤੋੜ ਵਿਕਾਸ ਕਾਰਜਾਂ ਨੂੰ ਮੁੱਖ ਰੱਖ ਕੇ ਫਤਵਾ ਦਿੱਤਾ ।



## ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਸੰਬੰਧੀ ਵਿਸ਼ੇਸ਼ ਕੀਰਤਨ ਸਮਾਗਮ 11 ਨੂੰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-** ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੂਬਾ ਪੱਧਰੀ ਸਮਾਗਮਾਂ ਦੀ ਲੜੀ ਤਹਿਤ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਵੀ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਜਾਗਰੂਕਤਾ ਭਰਪੂਰ ਪ੍ਰੋਗਰਾਮ ਕਰਵਾਏ ਜਾਣਗੇ।ਇਨ੍ਹਾਂ ਸਮਾਗਮਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਪਰਮਜੀਤ ਕੌਰ ਦੀ ਅਗਵਾਈ ਹੇਠ ਇੱਕ ਅਹਿਮ ਮੀਟਿੰਗ ਕੀਤੀ ਗਈ, ਜਿਸ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਸ਼ਮੂਲੀਅਤ ਕੀਤੀ।ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਪਰਮਜੀਤ ਕੌਰ ਨੇ ਦੱਸਿਆ ਕਿ 11 ਜੂਨ ਨੂੰ ਦੁਸਹਿਰਾ ਗਰਾਊਂਡ, ਰਣਜੀਤ ਐਵੀਨਿਊ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ੍ਰੀ ਗੁਰੂ ਰਵੀਦਾਸ ਮਹਾਰਾਜ ਜੀ ਨੂੰ ਸਮਰਪਿਤ ਇੱਕ ਵਿਸ਼ੇਸ਼ ਕੀਰਤਨ ਸਮਾਗਮ ਕਰਵਾਇਆ ਜਾਵੇਗਾ।ਇਸ ਸਮਾਗਮ ਵਿੱਚ ਪ੍ਰਸਿੱਧ ਕੀਰਤਨੀ ਜੱਥਿਆਂ ਵੱਲੋਂ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਉਸੇ ਦਿਨ ਸਮਾਗਮ ਸਥਾਨ ਤੇ ਇੱਕ ਵਿਸ਼ੇਸ਼ ਖ਼ੂਨਦਾਨ ਕੈਂਪ ਵੀ ਲਗਾਇਆ ਜਾਵੇਗਾ, ਜਿਸ ਵਿੱਚ ਵੱਧ ਤੋਂ ਵੱਧ ਲੋਕਾਂ ਨੂੰ ਖ਼ੂਨਦਾਨ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਜੂਨ ਮਹੀਨੇ ਦੌਰਾਨ ਜ਼ਿਲ੍ਹੇ ਦੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਜੀਵਨ, ਸਿੱਖਿਆਵਾਂ ਅਤੇ ਸਮਾਜ ਨੂੰ ਦਿੱਤੇ ਅਮੁੱਲੇ ਯੋਗਦਾਨ ਬਾਰੇ ਜਾਣੂ ਕਰਵਾਉਣ ਲਈ ਡਰੋਨ ਸ਼ੋਅ ਕਰਵਾਏ ਜਾਣਗੇ।ਇਸ ਤੋਂ ਇਲਾਵਾ ਪਿੰਡ ਪੱਧਰ 'ਤੇ ਡਾਕੂਮੈਂਟਰੀ ਸ਼ੋਅ ਵੀ ਦਿਖਾਏ ਜਾਣਗੇ ਤਾਂ ਜੋ ਨੌਜਵਾਨ ਪੀੜ੍ਹੀ ਮਹਾਨ ਸੰਤਾਂ ਦੇ ਜੀਵਨ ਅਤੇ ਵਿਚਾਰਧਾਰਾ ਤੋਂ ਪ੍ਰੇਰਨਾ ਲੈ ਸਕੇ।ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਾਤਾਵਰਣ ਸੰਭਾਲ ਮੁਹਿੰਮ ਤਹਿਤ ਜ਼ਿਲ੍ਹਾ ਅੰਮ੍ਰਿਤਸਰ ਵਿੱਚ 6 ਲੱਖ 50 ਹਜ਼ਾਰ ਬੂਟੇ ਲਗਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਇਹ ਉਪਰਾਲਾ ਵਾਤਾਵਰਣ ਨੂੰ ਹਰਿਆ-ਭਰਿਆ ਬਣਾਉਣ ਦੇ ਨਾਲ-ਨਾਲ ਲੋਕਾਂ ਨੂੰ ਕੁਦਰਤ ਦੀ ਸੰਭਾਲ ਲਈ ਵੀ ਪ੍ਰੇਰਿਤ ਕਰੇਗਾ।ਮੀਟਿੰਗ ਦੌਰਾਨ ਸਮਾਗਮਾਂ ਦੀ ਰੂਪ-ਰੇਖਾ, ਸੁਰੱਖਿਆ ਪ੍ਰਬੰਧਾਂ, ਟਰੈਫਿਕ ਵਿਵਸਥਾ, ਸਫ਼ਾਈ, ਸਿਹਤ ਸੇਵਾਵਾਂ, ਪੀਣ ਵਾਲੇ ਪਾਣੀ ਅਤੇ ਹੋਰ ਬੁਨਿਆਦੀ ਸਹੂਲਤਾਂ ਸਬੰਧੀ ਵਿਸਥਾਰ ਨਾਲ ਚਰਚਾ ਕੀਤੀ ਗਈ।



ਇਸ ਮੌਕੇ ਐੱਸ. ਡੀ. ਐੱਮ. ਅੰਮ੍ਰਿਤਸਰ-2 ਸ੍ਰੀ ਗੁਰਮੰਦਰ ਸਿੰਘ, ਰਿਜਨਲ ਟਰਾਂਸਪੋਰਟ ਅਥਾਰਟੀ ਸ੍ਰੀ ਹਿਤੇਸ਼ ਕੁਮਾਰ, ਐਸ.ਈ. ਨਗਰ ਨਿਗਮ ਸੰਦੀਪ ਸਿੰਘ, ਸੈਰ ਸਪਾਟਾ ਅਫ਼ਸਰ ਸੁਖਮਨ ਸਿੰਘ, ਜ਼ਿਲ੍ਹਾ ਸਿਹਤ ਅਫ਼ਸਰ ਡਾ. ਰਮਾ, ਸਹਾਇਕ ਸਿਵਲ ਸਰਜਨ ਡਾ. ਰਜਿੰਦਰਪਾਲ ਕੌਰ ਅਤੇ ਹੋਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## 6 ਤੇ 7 ਨੂੰ ਬੂਥਾਂ 'ਤੇ ਲੱਗਣਗੇ ਐੱਸ ਆਈ ਆਰ ਮੈਪਿੰਗ ਕੈਂਪ : ਮਨਦੀਪ ਮਾਨ

**ਪਠਾਨਕੋਟ, (ਦਵਿੰਦਰ ਸਿੰਘ)-** ਮਾਨਯੋਗ ਮੁੱਖ ਚੋਣ ਅਫਸਰ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਪਠਾਨਕੋਟ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਚੋਣਕਾਰ ਰਜਿਸਟ੍ਰੇਸ਼ਨ ਅਫਸਰ 003 ਪਠਾਨਕੋਟ-ਕਮ-ਉਪ ਮੰਡਲ ਮੈਜਿਸਟ੍ਰੇਟ ਪਠਾਨਕੋਟ ਮਨਦੀਪ ਮਾਨ ਵੱਲੋਂ ਹਲਕਾ 003 ਪਠਾਨਕੋਟ ਦੇ ਸਮੂਹ ਸੈਕਟਰ ਅਫਸਰਾਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਮਨਦੀਪ ਮਾਨ ਨੇ ਸੈਕਟਰ ਅਫਸਰਾਂ ਨੂੰ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਜਿਨ੍ਹਾਂ ਬੀਐੱਲਓਜ਼ ਵੱਲੋਂ ਪ੍ਰੀ-ਮੈਪਿੰਗ ਐੱਸ. ਆਈ. ਆਰ. (ਸਪੈਸ਼ਲ ਇੰਟੈਂਸਿਵ ਰਿਵੀਜ਼ਨ) ਦਾ ਕੰਮ 90 ਫੀਸਦੀ ਤੋਂ ਘੱਟ ਮੁਕੰਮਲ ਕੀਤਾ ਗਿਆ ਹੈ, ਉਹ 6 ਜੂਨ ਅਤੇ 7 ਜੂਨ ਨੂੰ ਆਪਣੇ-ਆਪਣੇ ਬੂਥਾਂ 'ਤੇ ਵਿਸ਼ੇਸ਼ ਕੈਂਪ ਲਗਾ ਕੇ ਐੱਸ. ਆਈ. ਆਰ. ਮੈਪਿੰਗ ਦਾ ਕੰਮ ਯਕੀਨੀ ਬਣਾਉਣ।

ਉਨ੍ਹਾਂ ਸੈਕਟਰ ਅਫਸਰਾਂ ਨੂੰ ਇਨ੍ਹਾਂ ਕੈਂਪਾਂ ਦੀ ਨਿਗਰਾਨੀ ਅਤੇ ਚੈਕਿੰਗ ਵੀ ਸੁਚਾਰੂ ਢੰਗ ਨਾਲ ਕਰਨ ਲਈ ਕਿਹਾ।ਉਨ੍ਹਾਂ ਆਮ ਜਨਤਾ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਉਕਤ ਮਿਤੀਆਂ ਦੌਰਾਨ ਆਪਣੇ ਇਲਾਕੇ ਦੇ ਬੀ. ਐੱਲ. ਓ. ਨਾਲ ਸੰਪਰਕ ਕਰਕੇ ਲੋੜੀਂਦਾ ਵੇਰਵਾ ਮੁਹੱਈਆ ਕਰਵਾਉਣ ਅਤੇ ਆਪਣੀ ਵੋਟ ਦੀ ਮੈਪਿੰਗ ਜ਼ਰੂਰ ਕਰਵਾਉਣ।ਉਨ੍ਹਾਂ ਐੱਮ. ਸੀ., ਸਰਪੰਚਾਂ, ਪੰਚਾਂ ਅਤੇ ਸਮਾਜ ਸੇਵੀ ਜਥੇਬੰਦੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਵੋਟ ਮੈਪਿੰਗ ਮੁਹਿੰਮ ਵਿੱਚ ਸਰਗਰਮ ਭੂਮਿਕਾ ਨਿਭਾਉਣ ਅਤੇ ਆਪਣੇ ਖੇਤਰ ਵਿੱਚ ਰਹਿ ਗਈਆਂ ਵੋਟਾਂ ਦੀ ਮੈਪਿੰਗ ਲਈ ਬੀਐੱਲ ਓਜ਼ ਦਾ ਸਹਿਯੋਗ ਕਰਨ ਤਾਂ ਜੋ ਕੋਈ ਵੀ ਯੋਗ ਵੋਟਰ ਇਸ ਪ੍ਰਕਿਰਿਆ ਤੋਂ ਵਾਂਝਾ ਨਾ ਰਹੇ।

## ਆਧੁਨਿਕ ਖੇਤੀ ਤਕਨੀਕਾਂ ਸੰਬੰਧੀ ਦੋ ਰੋਜ਼ਾ ਵਰਕਸ਼ਾਪ

**ਬਿਆਸ (ਪਰਮਜੀਤ ਸਿੰਘ ਰੱਖੜਾ)** ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਏ ਆਈ ਟੀ ਏ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਇਲੈਕਟ੍ਰੋਨਿਕ ਵਿਭਾਗ ਦੇ ਸਹਿਯੋਗ ਨਾਲ ਆਧੁਨਿਕ ਖੇਤੀ ਤਕਨੀਕਾਂ ਦੇ ਸੰਬੰਧ ਵਿਚ 2 ਰੋਜ਼ਾ ਵਰਕਸ਼ਾਪ ਲਗਾਈ ਗਈ । ਜਿਸ ਮੌਕੇ ਸਾਬਕਾ ਆਈ ਏ ਐੱਸ ਅਧਿਕਾਰੀ ਕਾਹਨ ਸਿੰਘ ਪੰਨੂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਸਮਾਰੋਹ ਵਿਚ ਵੱਖ-ਵੱਖ ਸ਼ਖ਼ਸੀਅਤਾਂ ਨੇ ਕਿਸਾਨਾਂ ਨੂੰ ਸੰਬੋਧਨ ਕੀਤਾ ਅਤੇ ਨਵੀਂ ਤਕਨਾਲੋਜੀ ਨੂੰ ਅਪਨਾਉਣ ਦੀ ਅਪੀਲ ਕੀਤੀ ਅਤੇ ਇਹਨਾਂ ਸਾਰੀਆਂ ਤਕਨਾਲੋਜੀਆਂ ਬਾਰੇ ਜਾਣੂ ਕਰਵਾਇਆ। ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਕਿਸਾਨਾਂ ਨੂੰ ਸਰਕਾਰ ਦੁਆਰਾ ਮਿਲਣ ਵਾਲੀਆਂ ਸਹੂਲਤਾਂ ਬਾਰੇ ਜਾਣੂ ਕਰਵਾਇਆ ਅਤੇ ਉਹਨਾਂ ਨੂੰ ਕਿਹਾ ਕਿ ਸਾਨੂੰ ਅਜਿਹੀਆਂ ਸਹੂਲਤਾਂ ਪ੍ਰਤੀ ਜਾਗਰੂਕ ਰਹਿਣਾ ਚਾਹੀਦਾ ਹੈ ਤੇ ਸਰਕਾਰ ਦੀ ਦਿੱਤੀ ਸਹੂਲਤ ਦਾ ਸਹੀ ਮਾਇਨੇ ਵਿਚ ਲਾਭ ਲੈਣਾ ਚਾਹੀਦਾ ਹੈ। ਇਸ ਮੌਕੇ ਸਮਾਜ ਸੇਵਾ ਹੈਲਪ ਲਾਈਨ ਅਤੇ ਐਂਟੀ ਕੁਰੱਪਸ਼ਨ ਦੇ ਜ਼ਿਲ੍ਹਾ ਪ੍ਰਧਾਨ ਰਜਿੰਦਰ ਸਿੰਘ ਸਹੋਤਾ, ਸਮਾਜ ਸੇਵਕ ਸਭਾ ਰਈਆ ਦੇ ਪ੍ਰਧਾਨ ਸੁਖਵਿੰਦਰ ਸਿੰਘ ਮੱਤੇਵਾਲ, ਜ਼ਿਲ੍ਹਾ ਪ੍ਰੀਸ਼ਦ ਅੰਮ੍ਰਿਤਸਰ ਦੇ ਚੇਅਰਮੈਨ ਸਰਬਜੀਤ ਸਿੰਘ ਬੱਲ, ਹਲਕਾ ਰਾਜਾਸਾਂਸੀ ਤੋਂ ਦਲਜੀਤ ਸਿੰਘ ਮਿਆਦੀਆਂ, ਸਤਵੰਤ ਸਿੰਘ ਸੰਧੂ, ਮਨਜੀਤ ਸਿੰਘ ਰਈਆ, ਰੋਸ਼ਨ ਲਾਲ ਰੇਗਰ, ਸਵਿੰਦਰ ਸਿੰਘ ਨੰਗਲੀ ਆਦਿ ਆਗੂ ਹਾਜ਼ਰ ਸਨ।



## ਲਾਈਨਮੈਨ ਜੋਗਿੰਦਰ ਸਿੰਘ ਦੀ ਸੇਵਾਮੁਕਤੀ 'ਤੇ ਦਿੱਤੀ ਵਿਦਾਇਗੀ ਪਾਰਟੀ

**ਚੋਹਲਾ ਸਾਹਿਬ (ਰਮਨ ਚੱਢਾ)-** ਪਿੰਡ ਚੋਹਲਾ ਸਾਹਿਬ ਦੇ ਸੀਨੀਅਰ ਆਗੂ ਪੀਏਡੀ ਬੈਂਕ ਦੇ ਚੇਅਰਮੈਨ ਦਇਆ ਸਿੰਘ ਅਤੇ ਉਨ੍ਹਾਂ ਦੇ ਨੇੜਲੇ ਸਾਥੀ ਮੈਂਬਰ ਪੰਚਾਇਤ ਡਾਕਟਰ ਇੰਦਰਜੀਤ ਸਿੰਘ ਵੱਲੋਂ ਲਾਈਨਮੈਨ ਜੋਗਿੰਦਰ ਸਿੰਘ ਨੂੰ ਰਿਟਾਇਰ ਹੋਣ 'ਤੇ ਵਿਦਾਇਗੀ ਪਾਰਟੀ ਮੌਕੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚੇਅਰਮੈਨ ਦਇਆ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਜੋਗਿੰਦਰ ਸਿੰਘ ਨੂੰ ਵਧਾਈਆਂ ਦਿੱਤੀਆਂ ਗਈਆਂ। ਜ਼ਿਕਰਯੋਗ ਹੈ ਕਿ ਉਨ੍ਹਾਂ ਪਿੰਡ ਚੋਹਲਾ ਸਾਹਿਬ ਵਿੱਚ ਲੰਮੇ ਸਮੇਂ ਤੱਕ ਬਤੌਰ ਲਾਈਨਮੈਨ ਡਿਊਟੀ ਨਿਭਾਈ। ਸਾਥੀਆਂ ਵੱਲੋਂ ਅਰਦਾਸ ਕੀਤੀ ਗਈ ਕਿ ਪਰਮਾਤਮਾ ਜੋਗਿੰਦਰ ਸਿੰਘ ਨੂੰ ਹਮੇਸ਼ਾ ਚੜ੍ਹਦੀ ਕਲਾ ਵਿੱਚ ਰੱਖਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਿਜਲੀ ਬੋਰਡ ਦੇ ਵੱਖ-ਵੱਖ ਅਧਿਕਾਰੀ ਜਿਨ੍ਹਾਂ ਵਿੱਚ ਐੱਸਡੀਓ ਹਰਜੀਤ ਸਿੰਘ, ਜੇਈ ਮਲਕੀਤ ਸਿੰਘ, ਆਰ. ਏ. ਜਗਵਿੰਦਰ ਸਿੰਘ, ਪੰਚਾਇਤ ਮੈਂਬਰ ਸੰਦੀਪ ਸਿੰਘ, ਡਾ. ਇੰਦਰਜੀਤ ਸਿੰਘ ਮੈਂਬਰ ਪੰਚਾਇਤ ਆਦਿ ਪਤਵੰਤੇ ਸੱਜਣ ਹਾਜ਼ਰ ਸਨ।



## ਰਸਤੇ 'ਤੇ ਕੀਤੇ ਨਜਾਇਜ਼ ਕਬਜ਼ੇ ਵਿਰੁੱਧ ਜਮਹੂਰੀ ਕਿਸਾਨ ਸਭਾ ਵਿੱਢੇਗੀ ਸੰਘਰਸ਼

**ਚੇਤਨਪੁਰਾ (ਸੁਖਵੰਤ ਚੇਤਨਪੁਰੀ)-** ਕਾਮਰੇਡ ਟਹਿਲ ਸਿੰਘ ਚੇਤਨਪੁਰਾ ਅਤੇ ਸਾਬਕਾ ਬਲਾਕ ਸੰਮਤੀ ਮੈਂਬਰ ਗੁਰਜੀਤ ਸਿੰਘ ਚੇਤਨਪੁਰਾ ਵੱਲੋਂ ਪ੍ਰੈਸ ਨੂੰ ਦਿੱਤੇ ਇੱਕ ਸੰਯੁਕਤ ਬਿਆਨ ਰਾਹੀਂ ਦੱਸਿਆ ਗਿਆ ਕਿ ਉਹਨਾਂ ਵੱਲੋਂ ਪਿੰਡ ਚੇਤਨਪੁਰਾ ਵਿਖੇ ਵਿਹੜਾ ਸ਼ਗਨਾਂ ਦਾ ਪੈਲਸ ਤੋਂ ਨੰਬਰਦਾਰ ਰਘਬੀਰ ਸਿੰਘ ਦੇ ਘਰ ਵੱਲ ਨੂੰ ਜਾਂਦੇ ਰਸਤੇ ਦੀ ਨਿਸ਼ਾਨਦੇਹੀ ਲੈ ਕੇ ਮਿੱਟੀ ਪਾਈ ਗਈ ਸੀ। ਮਾਲ ਮਹਿਕਮੇ ਵੱਲੋਂ ਨਿਸ਼ਾਨਦੇਹੀ ਕਰਕੇ ਪਿੱਲਰ ਲਗਾ ਦਿੱਤੇ ਗਏ ਸਨ, ਜਿਸ 'ਤੇ ਨਿਸ਼ਾਨਦੇਹੀ ਮੁਤਾਬਕ ਤਕਰੀਬਨ 10 ਫੁੱਟ ਚੌੜੇ ਪਹੇ 'ਤੇ ਮਿੱਟੀ ਪਾ ਕੇ ਰਸਤਾ ਬਣਾਇਆ ਗਿਆ। ਉਨਾਂ ਦੱਸਿਆ ਕਿ ਬੀਤੇ ਦਿਨੀਂ ਬਲਵਿੰਦਰ ਸਿੰਘ ਬਾਊ ਪੁੱਤਰ ਕਸ਼ਮੀਰ ਸਿੰਘ ਪਿੰਡ ਚੇਤਨਪੁਰਾ, ਮਲਕੀਅਤ ਸਿੰਘ ਪੁੱਤਰ ਲੱਖਾ ਸਿੰਘ ਪਿੰਡ ਚੇਤਨਪੁਰਾ ਅਤੇ ਬਲਬੀਰ ਸਿੰਘ ਪੁੱਤਰ ਅਰਜਨ ਸਿੰਘ ਪਿੰਡ ਮੱਜੂਪੁਰਾ ਨੇ ਉਨ੍ਹਾਂ ਵੱਲੋਂ ਬੱਧੇ ਪਹੇ ਨੂੰ ਆਪਣੀ ਪੈਲੀ ਵਿੱਚ ਰਲਾ ਲਿਆ ਅਤੇ ਕੱਦੂ ਕਰਕੇ ਝੋਨਾ ਲਗਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹਨਾਂ ਵੱਲੋਂ ਐਸ.ਡੀ.ਐਮ. ਅਜਨਾਲਾ ਨੂੰ ਇੱਕ ਲਿਖਤੀ ਦਰਖਾਸਤ ਦੇ ਕੇ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਗਈ। ਉਨਾਂ ਦੱਸਿਆ ਕਿ ਐਸ ਡੀ ਐਮ ਅਜਨਾਲਾ ਵੱਲੋਂ ਡੀ ਐਸ ਪੀ ਅਜਨਾਲਾ ਨੂੰ ਕਾਰਵਾਈ ਕਰਨ ਲਈ ਕਿਹਾ ਗਿਆ। ਇਸ ਮਾਮਲੇ ਨੂੰ ਉਹਨਾ ਵਲੋਂ ਐਸ. ਐਚ. ਓ. ਝੰਡੇਰ ਦੇ ਧਿਆਨ ਵਿੱਚ ਵੀ ਲਿਆਂਦਾ ਗਿਆ ਅਤੇ ਢੁਕਵੀਂ ਕਾਰਵਾਈ ਕਰਨ ਦੀ ਮੰਗ ਕੀਤੀ, ਪਰ ਐਸ ਐਚ ਓ ਝੰਡੇਰ ਦੀ ਢਿੱਲੀ ਕਾਰਵਾਈ ਕਾਰਨ ਉਕਤ ਵਿਅਕਤੀਆਂ ਵੱਲੋਂ ਨਿਸ਼ਾਨਦਹੀ ਲੈ ਕੇ ਪਾਈ ਗਈ ਮਿੱਟੀ ਸਮੇਤ ਪਹੇ ਨੂੰ ਵਾਹ ਕੇ ਆਪਣੀ ਪੈਲੀ ਵਿੱਚ ਰਲਾ ਲਿਆ ਹੈ, ਜੋ ਗੈਰ ਕਾਨੂੰਨੀ ਹੈ। ਦੂਸਰੇ ਪਾਸੇ ਜਮਹੂਰੀ ਕਿਸਾਨ ਸਭਾ ਤੇ ਆਗੂ ਸਤਨਾਮ ਸਿੰਘ ਅਜਨਾਲਾ ਅਤੇ ਕੁਲਵੰਤ ਸਿੰਘ ਮੱਲੂ ਨੰਗਲ ਨੇ ਵੀ ਇਸ ਨਜਾਇਜ਼ ਕਬਜ਼ੇ ਦਾ ਨੋਟਿਸ ਲੈਂਦਿਆਂ ਸੰਘਰਸ਼ ਵਿੱਢਣ ਦਾ ਫੈਸਲਾ ਕੀਤਾ ਹੈ। ਉਹਨਾਂ ਕਿਹਾ ਕਿ ਐਸ ਐਚ ਓ ਝੰਡੇਰ ਵੱਲੋਂ ਇੱਕ ਦੋ ਦਿਨਾਂ ਵਿੱਚ ਜੇਕਰ ਕੋਈ ਢੁਕਵੀਂ ਕਾਰਵਾਈ ਨਾ ਕੀਤੀ ਗਈ ਤਾਂ ਠਾਣੇ ਮੂਹਰੇ ਜ਼ੋਰਦਾਰ ਧਰਨਾ ਦਿੱਤਾ ਜਾਵੇਗਾ ਅਤੇ ਪੀੜਿਤ ਕਿਸਾਨਾਂ ਨੂੰ ਇਨਸਾਫ ਦਵਾਇਆ ਜਾਵੇਗਾ।



## ਖ਼ਾਲਸਾ ਕਾਲਜ ਵੈਟਰਨਰੀ 'ਚ ਕੁੱਤਿਆਂ ਦੀ ਸੰਭਾਲ ਸੰਬੰਧੀ ਸੈਮੀਨਾਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)—** ਖਾਲਸਾ ਕਾਲਜ ਆਫ਼ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਵੱਲੋਂ ਗਰਮੀਆਂ ਦੇ ਮੌਸਮ ਦੌਰਾਨ ਕੁੱਤਿਆਂ ਦੀ ਸਹੀ ਸਾਂਭ-ਸੰਭਾਲ ਸਬੰਧੀ ਵੈਟਰਨਰੀ ਕਲੀਨਿਕਲ ਕੰਪਲੈਕਸ ਵਿਖੇ ਸੈਮੀਨਾਰ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਹਰੀਸ਼ ਕੁਮਾਰ ਵਰਮਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਏ ਗਏ ਉਕਤ ਸੈਮੀਨਾਰ ਮੌਕੇ ਵੈਟਰਨਰੀ ਮੈਡੀਸਨ ਵਿਭਾਗ ਦੇ ਡਾ. ਦਿਵਯਮ ਚੌਧਰੀ ਅਤੇ ਉਨ੍ਹਾਂ ਦੀ ਟੀਮ ਵੱਲੋਂ ਪਾਲਤੂ ਜਾਨਵਰਾਂ ਦੇ ਮਾਲਕਾਂ ਨਾਲ ਮਹੱਤਵਪੂਰਨ ਸਲਾਹ-ਮਸ਼ਵਰੇ ਸਾਂਝੇ ਕੀਤੇ ਗਏ।ਇਸ ਦੌਰਾਨ ਪ੍ਰਿੰ: ਡਾ. ਵਰਮਾ ਨੇ ਦੱਸਿਆ ਕਿ ਗਰਮੀਆਂ ਦਾ ਮੌਸਮ ਖ਼ਾਸ ਕਰਕੇ ਜਦੋਂ ਤਾਪਮਾਨ 40 ਡਿਗਰੀ ਸੈਲਸੀਅਸ ਤੋਂ ਉੱਪਰ ਚਲਾ ਜਾਂਦਾ ਹੈ, ਕੁੱਤਿਆਂ ਅਤੇ ਬਿੱਲੀਆਂ ਲਈ ਬਹੁਤ ਮੁਸ਼ਕਲ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਮਨੁੱਖਾਂ ਵਾਂਗ ਕੁੱਤੇ ਪਸੀਨਾ ਨਹੀਂ ਕੱਢ ਸਕਦੇ, ਇਸ ਲਈ ਉਹ ਮੁੱਖ ਤੌਰ 'ਤੇ ਹਫਣ ਰਾਹੀਂ ਆਪਣੇ ਸਰੀਰ ਦੀ ਗਰਮੀ ਘਟਾਉਂਦੇ ਹਨ। ਉਨ੍ਹਾਂ ਕਿਹਾ ਕਿ ਬਹੁਤ ਜ਼ਿਆਦਾ ਗਰਮੀ ਕਾਰਨ ਜਾਨਵਰਾਂ 'ਚ ਪਾਣੀ ਦੀ ਕਮੀ (ਡੀਹਾਈਡ੍ਰੇਸ਼ਨ), ਪੰਜਿਆਂ ਦਾ ਸੜ ਜਾਣਾ, ਥਕਾਵਟ ਅਤੇ ਹੀਟ ਸਟਰੋਕ ਵਰਗੀਆਂ ਗੰਭੀਰ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ, ਜੋ ਕਈ ਵਾਰ ਜਾਨਲੇਵਾ ਵੀ ਸਾਬਤ ਹੋ ਸਕਦੀਆਂ ਹਨ।ਇਸ ਦੌਰਾਨ ਡਾ. ਵਰਮਾ ਨੇ ਕਿਹਾ ਕਿ ਦੁਪਹਿਰ ਦੀ ਤਿੱਖੀ ਧੁੱਪ 'ਚ ਕਸਰਤ ਤੋਂ ਬਚਾਅ ਕਰਦੇ ਹੋਏ ਕੁੱਤਿਆਂ ਨੂੰ ਸੈਰ ਜਾਂ ਕਸਰਤ ਲਈ ਸਿਰਫ਼ ਸਵੇਰੇ ਜਲਦੀ ਜਾਂ ਸ਼ਾਮ ਦੇ ਠੰਢੇ ਸਮੇਂ 'ਚ ਹੀ ਲੈ ਕੇ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਕੁੱਤਿਆਂ ਲਈ ਹਮੇਸ਼ਾ ਛਾਂਦਾਰ, ਠੰਢੀ ਅਤੇ ਹਵਾਦਾਰ ਥਾਂ ਉਪਲਬਧ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਬਹੁਤ ਜ਼ਿਆਦਾ ਗਰਮੀ ਦੇ ਦਿਨਾਂ 'ਚ ਉਨ੍ਹਾਂ ਨੂੰ ਪੱਖੇ, ਕੂਲਰ ਜਾਂ ਏਅਰ ਕੰਡੀਸ਼ਨਰ ਵਾਲੇ ਕਮਰਿਆਂ 'ਚ ਰੱਖਣਾ ਬਿਹਤਰ ਹੈ ਅਤੇ ਸਾਫ਼, ਤਾਜ਼ਾ ਅਤੇ ਠੰਢਾ ਪੀਣ ਵਾਲਾ ਪਾਣੀ ਹਰ ਵੇਲੇ ਉਪਲਬਧ ਹੋਣਾ ਚਾਹੀਦਾ ਹੈ। ਬਾਹਰ ਜਾਣ ਸਮੇਂ ਵੀ ਸਮੇਂ-ਸਮੇਂ 'ਤੇ ਪਾਣੀ ਪਿਲਾਇਆ ਜਾਵੇ।ਉਨ੍ਹਾਂ ਕਿਹਾ ਕਿ ਗਰਮ ਸੜਕਾਂ ਅਤੇ ਪੱਕੇ ਫਰਸ਼ ਕੁੱਤਿਆਂ ਦੇ ਪੰਜਿਆਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਹਾਲਤ 'ਚ ਆਪਣੇ ਪਾਲਤੂ ਜਾਨਵਰ ਨੂੰ ਖੜ੍ਹੀ ਕਾਰ ਦੇ ਅੰਦਰ ਇਕੱਲਾ ਨਾ ਛੱਡੋ, ਕਿਉਂਕਿ ਕਾਰ ਦੇ ਅੰਦਰ ਦਾ ਤਾਪਮਾਨ ਬਹੁਤ ਤੇਜ਼ੀ ਨਾਲ ਖ਼ਤਰਨਾਕ ਪੱਧਰ ਤੱਕ ਵਧ ਸਕਦਾ ਹੈ। ਉਨ੍ਹਾਂ ਕਿਹਾ ਕਿ ਉਬਲੇ ਚਾਵਲ, ਚਿਕਨ, ਦਹੀਂ, ਓਟਸ, ਪਪੀਤਾ ਅਤੇ ਹੋਰ ਫਲ ਹਲਕੀ ਅਤੇ ਆਸਾਨੀ ਨਾਲ ਹਜ਼ਮ ਹੋਣ ਵਾਲੀ ਖੁਰਾਕ ਹਨ। ਇਸ ਤੋਂ ਇਲਾਵਾ ਖੀਰਾ ਅਤੇ ਤਰਬੂਜ਼ ਵਰਗੀਆਂ ਪਾਣੀ ਵਾਲੀਆਂ ਚੀਜ਼ਾਂ ਵੀ ਲਾਭਦਾਇਕ ਹਨ।ਪ੍ਰਿੰ: ਡਾ. ਵਰਮਾ ਨੇ ਕਿਹਾ ਕਿ ਕਾਲਜ ਦਾ ਵੈਟਰਨਰੀ ਹਸਪਤਾਲ 24 ਘੰਟੇ ਅਤੇ ਹਫ਼ਤੇ ਦੇ ਸੱਤੋਂ ਦਿਨ ਸੇਵਾਵਾਂ ਪ੍ਰਦਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਹੋਰ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਐਮਰਜੈਂਸੀ ਸਹਾਇਤਾ ਲਈ 0183-2994595 'ਤੇ ਸੰਪਰਕ ਕੀਤਾ ਜਾ ਸਕਦਾ ਹੈ।



## ਨਵ-ਨਿਯੁਕਤ ਪ੍ਰਿੰਸੀਪਲ ਸਰਬਜੀਤ ਕੌਰ ਜਫਰਵਾਲ ਨੇ ਸੰਭਾਲਿਆ ਅਹੁਦਾ

**ਝਬਾਲ (ਹਰਜਿੰਦਰ ਸਿੰਘ ਸੋਨੀ) -** ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬੀੜ ਸਾਹਿਬ ਵਿਖੇ ਸ੍ਰੀਮਤੀ ਸਰਬਜੀਤ ਕੌਰ ਜਫਰਵਾਲ ਨੇ ਬਤੌਰ ਪ੍ਰਿੰਸੀਪਲ ਆਪਣਾ ਅਹੁਦਾ ਸੰਭਾਲ ਲਿਆ। ਇਸ ਮੌਕੇ ਸਕੂਲ ਦੇ ਸਾਬਕਾ ਪ੍ਰਿੰਸੀਪਲ ਡਾ. ਤਰਨਜੀਤ ਸਿੰਘ ਅਤੇ ਸਮੂਹ ਸਟਾਫ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਬਾਬਾ ਅਜੇ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸਨੰਗਲ ਵਿਖੇ ਪਿਛਲੇ ਤਿੰਨ ਸਾਲਾਂ ਤੋਂ ਪ੍ਰਿੰਸੀਪਲ ਵਜੋਂ ਸੇਵਾਵਾਂ ਨਿਭਾ ਰਹੇ ਸਰਬਜੀਤ ਕੌਰ ਜਫਰਵਾਲ ਦੀ ਬਦਲੀ ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬੀੜ ਸਾਹਿਬ ਵਿਖੇ ਬਤੌਰ ਪ੍ਰਿੰਸੀਪਲ ਦੇ ਅਹੁਦੇ 'ਤੇ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਸਰਵਪੱਖੀ ਸ਼ਖ਼ਸੀਅਤ ਉਸਾਰੀ, ਅਨੁਸ਼ਾਸਨ ਅਤੇ ਮਿਆਰੀ ਸਿੱਖਿਆ ਨੂੰ ਹੋਰ ਉੱਚਾ ਚੁੱਕਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ।ਇਸ ਮੌਕੇ ਰਣਜੀਤ ਸਿੰਘ, ਸੁਖਦੀਪ ਸਿੰਘ (ਇੰਚਾਰਜ ਸਪੋਰਟਸ ਵਿਭਾਗ, ਐਸ.ਜੀ.ਪੀ.ਸੀ.), ਗੁਰਜੀਤ ਸਿੰਘ, ਮਨਿੰਦਰ ਸਿੰਘ, ਗੁਰਮੀਤ ਸਿੰਘ (ਡੀ.ਪੀ.ਈ.), ਤਰਸੇਮ ਸਿੰਘ, ਜਗਮੀਤ ਸਿੰਘ, ਭੁਪਿੰਦਰ ਸਿੰਘ ਸਮੇਤ ਹੋਰ ਸਟਾਫ ਮੈਂਬਰ ਹਾਜ਼ਰ ਸਨ।



## ਝੋਨੇ ਦੀ ਮੈਟ ਟਾਈਪ ਨਰਸਰੀ ਦੇ ਸੰਬੰਧ 'ਚ ਟ੍ਰੇਨਿੰਗ ਤੇ ਪ੍ਰਦਰਸ਼ਨੀ

**ਗੁਰਦਾਸਪੁਰ (ਜਨਕ ਮਹਾਜਨ)-** ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਨਿਰਦੇਸ਼ਕ ਪਸਾਰ ਸਿੱਖਿਆ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਿੰਡ ਵੀਲਾ ਤੇਜਾ ਬਲਾਕ ਫਤਿਹਗੜ੍ਹ ਚੂੜੀਆਂ ਜ਼ਿਲ੍ਹਾ ਗੁਰਦਾਸਪੁਰ ਵਿਚ ਮੈਟ ਟਾਈਪ ਨਰਸਰੀ ਦੇ ਸਬੰਧ ਵਿਚ ਇਕ ਟ੍ਰੇਨਿੰਗ ਲਗਾਈ ਗਈ। ਫਾਰਮ ਸਲਾਹਕਾਰ ਸੇਵਾ ਕੇਂਦਰ ਦੇ ਇੰਚਾਰਜ ਡਾ. ਨਰਿੰਦਰਦੀਪ ਸਿੰਘ (ਜ਼ਿਲ੍ਹਾ ਪਸਾਰ ਮਾਹਰ, ਸੀਨੀਅਰ ਮੋਸਟ) ਨੇ ਕਿਸਾਨਾਂ ਨੂੰ ਦੱਸਿਆ ਕਿ ਇਹ ਤਕਨੀਕ ਆਉਣ ਵਾਲੇ ਸਮੇਂ ਵਿੱਚ ਸਾਡੇ ਲਈ ਵਰਦਾਨ ਸਾਬਤ ਹੋਵੇਗੀ। ਇਸ ਮਸ਼ੀਨ ਨਾਲ ਅਸੀਂ ਇੱਕ ਦਿਨ ਵਿੱਚ 10-12 ਕਿੱਲਿਆਂ ਵਿੱਚ ਝੋਨੇ ਦੀ ਬਿਜਾਈ ਕਰ ਸਕਦੇ ਹਾਂ ਅਤੇ ਆਪਣੇ ਲੇਬਰ ਦੇ ਖਰਚੇ ਅਤੇ ਸਮਾਂ ਵੀ ਬਚਾ ਸਕਦੇ ਹਾਂ। ਡਾ. ਅਨਿਲ ਖੋਖਰ ਫਸਲ ਵਿਗਿਆਨੀ, ਕੇ.ਵੀ.ਕੇ ਗੁਰਦਾਸਪੁਰ ਨੇ ਝੋਨੇ ਦੀ ਮੈਟ ਟਾਈਪ ਨਰਸਰੀ ਬਾਰੇ ਦੱਸਿਆ ਕਿ ਇਸ ਵਿਧੀ ਨਾਲ ਸਾਡੇ ਖੇਤ ਵਿੱਚ ਬੂਟਿਆਂ ਦੀ ਸੰਖਿਆ ਪੂਰੀ ਹੁੰਦੀ ਹੈ ਅਤੇ ਚੰਗਾ ਝਾੜ ਮਿਲਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਝੋਨੇ ਵਿੱਚ ਸੁਚੱਜਾ ਖਾਦ ਪ੍ਰਬੰਧ, ਨਦੀਨ ਪ੍ਰਬੰਧਨ, ਕੀਟ ਅਤੇ ਬਿਮਾਰੀਆਂ ਪ੍ਰਬੰਧਨ ਬਾਰੇ ਚਾਨਣਾ ਪਾਇਆ। ਇਸ ਸਮੇਂ ਡਾ. ਸਰਵਪ੍ਰੀਆ ਸਿੰਘ ਜ਼ਿਲ੍ਹਾ ਪਸਾਰ ਵਿਗਿਆਨੀ, ਫ਼ਲ ਵਿਗਿਆਨ ਨੇ ਕਿਸਾਨ ਵੀਰਾਂ ਨੂੰ ਫਲਾਂ ਤੇ ਸਬਜ਼ੀਆਂ ਦੀ ਘਰੇਲੂ ਬਗੀਚੀ ਲਗਾਉਣ ਨੂੰ ਪ੍ਰੇਰਿਤ ਕੀਤਾ। ਇਸ ਟਰੇਨਿੰਗ ਕੈਂਪ ਵਿੱਚ ਲਗਭਗ 50 ਕਿਸਾਨਾਂ ਨੇ ਭਾਗ ਲਿਆ। ਆਖਰ ਵਿੱਚ ਅਗਾਂਹਵਾਧੂ ਕਿਸਾਨ ਪ੍ਰਭਦੀਪ ਸਿੰਘ ਨੇ ਇਸ ਕੈਂਪ ਵਿੱਚ ਆਏ ਹੋਏ ਸਾਰੇ ਕਿਸਾਨਾਂ ਦਾ ਧੰਨਵਾਦ ਕੀਤਾ।



## ਤਿੰਨ ਰੋਜ਼ਾ ਸਕਾਊਟ ਐਂਡ ਗਾਈਡਜ਼ ਕੈਂਪ ਦਾ ਸ਼ਾਨਦਾਰ ਸਮਾਪਨ

**ਬਟਾਲਾ (ਡਾਕਟਰ ਮਲਵਿੰਦਰ ਸਿੰਘ)-** ਸਥਾਨਕ ਬੇਰਿੰਗ ਸਕੂਲ, ਬਟਾਲਾ ਵਿਖੇ ਕਰਵਾਈ ਤਿੰਨ ਰੋਜ਼ਾ ਸਕਾਊਟ ਐਂਡ ਗਾਈਡਜ਼ ਟ੍ਰੇਨਿੰਗ ਕੈਂਪ ਦਾ ਸਮਾਪਨ ਸਮਾਰੋਹ ਬੜੇ ਉਤਸ਼ਾਹ ਨਾਲ ਸੰਪੰਨ ਹੋਇਆ। ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਡੀਈਓ) ਅਨਿਲ ਸ਼ਰਮਾ ਅਤੇ ਜ਼ਿਲ੍ਹਾ ਗਾਈਡੈਂਸ ਕੌਂਸਲਰ (ਡੀਜੀਸੀ) ਮੁਕੇਸ਼ ਵਰਮਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸਕੂਲ ਦੇ ਪ੍ਰਿੰਸੀਪਲ ਅਭਿਸ਼ੇਕ ਮਿਚੇਲ, ਸਕਾਊਟ ਐਂਡ ਗਾਈਡਜ਼ ਦੇ ਸਟੇਟ ਸਕੱਤਰ ਨਿਤਿਨ ਚੌਧਰੀ ਅਤੇ ਜੁਆਇੰਟ ਸਕੱਤਰ ਹਰਦੀਪ ਸਿੰਘ ਸੈਣੀ ਨੇ ਮੁੱਖ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ।ਸਮਾਪਨ ਸਮਾਰੋਹ ਦੌਰਾਨ ਕੈਂਪ ਵਿੱਚ ਤਿੰਨ ਦਿਨਾਂ ਤੱਕ ਅਨੁਸ਼ਾਸਨ, ਲੀਡਰਸ਼ਿਪ, ਟੀਮ ਭਾਵਨਾ, ਸੇਵਾ ਕਾਰਜਾਂ ਅਤੇ ਹੋਰ ਗਤੀਵਿਧੀਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਆਪਣੇ ਸੰਬੋਧਨ ਵਿੱਚ ਡਿਪਟੀ ਡੀਈਓ ਅਨਿਲ ਸ਼ਰਮਾ ਨੇ ਵਿਦਿਆਰਥੀਆਂ ਨੂੰ ਆਪਣੇ ਮਾਪਿਆਂ ਅਤੇ ਅਧਿਆਪਕਾਂ ਦਾ ਸਤਿਕਾਰ ਕਰਨ, ਅਨੁਸ਼ਾਸਿਤ ਜੀਵਨ ਜਿਉਣ ਅਤੇ ਸਿੱਖਿਆ ਨੂੰ ਸਭ ਤੋਂ ਵੱਧ ਤਰਜੀਹ ਦੇਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਜ਼ਿਲ੍ਹਾ ਗਾਈਡੈਂਸ ਕੌਂਸਲਰ ਮੁਕੇਸ਼ ਵਰਮਾ ਨੇ ਵਿਦਿਆਰਥੀਆਂ ਤੋਂ ਸਕਾਊਟ ਐਂਡ ਗਾਈਡਜ਼ ਦੇ ਇਤਿਹਾਸ, ਉਦੇਸ਼, ਆਦਰਸ਼ ਵਾਕ ਅਤੇ ਸਮਾਜ ਸੇਵਾ ਨਾਲ ਸੰਬੰਧਿਤ ਵੱਖ-ਵੱਖ ਸਵਾਲ ਪੁੱਛੇ। ਆਪਣੇ ਪ੍ਰੇਰਨਾਦਾਇਕ ਸੰਬੋਧਨ ਵਿੱਚ ਮੁਕੇਸ਼ ਵਰਮਾ ਨੇ ਕਿਹਾ ਕਿ ਅਜੋਕੇ ਮੁਕਾਬਲੇ ਦੇ ਯੁੱਗ ਵਿੱਚ ਸਿਰਫ਼ ਅਕਾਦਮਿਕ ਪ੍ਰਾਪਤੀਆਂ ਹੀ ਕਾਫ਼ੀ ਨਹੀਂ, ਸਗੋਂ ਵਿਦਿਆਰਥੀਆਂ ਵਿੱਚ ਜੀਵਨ ਕੌਸ਼ਲ, ਸਮਾਜਿਕ ਜ਼ਿੰਮੇਵਾਰੀਆਂ ਦੀ ਸਮਝ, ਟੀਮ ਵਰਕ, ਲੀਡਰਸ਼ਿਪ ਅਤੇ ਚੁਣੌਤੀਪੂਰਨ ਹਾਲਾਤਾਂ ਵਿੱਚ ਸਹੀ ਫ਼ੈਸਲੇ ਲੈਣ ਦੀ ਸਮਰੱਥਾ ਵੀ ਹੋਣੀ ਚਾਹੀਦੀ ਹੈ।ਕੈਂਪ ਨੂੰ ਸਫਲ ਬਣਾਉਣ ਵਿੱਚ ਟ੍ਰੇਨਰ ਪੰਕਜ ਅਤੇ ਮਾਂਗੇ ਰਾਮ ਨੇ ਵਿਸ਼ੇਸ਼ ਭੂਮਿਕਾ ਨਿਭਾਈ।ਇਸ ਤੋਂ ਇਲਾਵਾ ਸਕੂਲ ਦੀ ਦੀਪਿਕਾ ਮੈਡਮ ਵਲੋਂ ਕੈਂਪ ਦੀਆਂ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।ਸਮਾਰੋਹ ਦੌਰਾਨ ਹੈੱਡਮਿਸਟ੍ਰੈੱਸ ਮੁਕੇਸ਼ ਕੁਮਾਰੀ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਪ੍ਰੋਗਰਾਮ ਦੇ ਅੰਤ ਵਿੱਚ ਮੁੱਖ ਮਹਿਮਾਨਾਂ ਨੂੰ ਸਕੂਲ ਅਤੇ ਸਕਾਊਟ ਐਂਡ ਗਾਈਡਜ਼ ਇਕਾਈ ਵੱਲੋਂ ਫੁੱਲਾਂ ਦੇ ਗੁਲਦਸਤੇ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਟੇਟ ਸਕੱਤਰ ਨਿਤਿਨ ਚੌਧਰੀ ਨੇ ਸਕਾਊਟ ਐਂਡ ਗਾਈਡਜ਼ ਦੇ ਮੂਲ ਸਿਧਾਂਤਾਂ, ਅਨੁਸ਼ਾਸਨ ਅਤੇ ਸੇਵਾ ਭਾਵਨਾ ਨੂੰ ਸਦਾ ਕਾਇਮ ਰੱਖਣ ਦਾ ਸੰਦੇਸ਼ ਦਿੱਤਾ।



## 8 ਸਿੱਖ ਲਾਈਟ ਇਨਫੈਂਟਰੀ ਨੇ ਮਨਾਇਆ 60ਵਾਂ ਸਥਾਪਨਾ ਦਿਵਸ

**ਬਿਆਸ (ਪਰਮਜੀਤ ਸਿੰਘ ਰੱਖੜਾ)** 1 ਜੂਨ 1966 ਨੂੰ ਭਾਰਤੀ ਸੈਨਾ ਦੀ 8 ਸਿੱਖ ਲਾਈਟ ਇਨਫੈਂਟਰੀ ਬਟਾਲੀਅਨ ਦੀ ਸਥਾਪਨਾ ਸਾਗਰ (ਮੱਧ ਪ੍ਰਦੇਸ਼) ਵਿਖੇ ਕੀਤੀ ਗਈ। ਪਹਿਲੇ ਕਮਾਂਡਿੰਗ ਅਫਸਰ ਲੈਫਟੀਨੈਂਟ ਕਰਨਲ ਲਾਭ ਸਿੰਘ ਗਿੱਲ ਅਤੇ ਸੂਬੇਦਾਰ ਮੇਜਰ (83) ਗੁਰਬਚਨ ਸਿੰਘ ਨੇ ਬਟਾਲੀਅਨ ਦੀ ਕਮਾਨ ਸੰਭਾਲੀ। ਸੰਨ 1971 ਭਾਰਤ-ਪਾਕ ਜੰਗ ਵਿੱਚ ਇਸ ਬਟਾਲੀਅਨ ਨੇ ਫਤਿਹਪੁਰ ਪੋਸਟ ਉੱਪਰ ਜਿੱਤ ਦਾ ਝੰਡਾ ਲਹਿਰਾਇਆ, ਜਿਸ ਵਿੱਚ ਇਸ ਬਟਾਲੀਅਨ ਦੇ ਤਿੰਨ ਅਫਸਰ, ਇਕ ਜੇ ਸੀ ਓ ਅਤੇ 42 ਬਹਾਦਰ ਜਵਾਨਾਂ ਨੇ ਸ਼ਹਾਦਤ ਦਾ ਜਾਮ ਪੀਤਾ, ਉਪਰੰਤ ਇਸ ਬਟਾਲੀਅਨ ਨੂੰ 'ਬੈਟਲ ਹੋਨਰ ਆਫ ਫਤਿਹਪੁਰ', 'ਥੀਏਟਰ ਹੋਨਰ ਆਫ ਪੰਜਾਬ' ਦੇ ਅਵਾਰਡ ਨਾਲ ਸਨਮਾਨਤ ਕੀਤਾ ਗਿਆ ਅਤੇ ਬਟਾਲੀਅਨ ਨੂੰ 'ਫਤਿਹਪੁਰ ਬਟਾਲੀਅਨ' ਵਜੋਂ ਜਾਣਿਆ ਜਾਣ ਲੱਗਾ। ਯੂਨਿਟ ਨੇ ਸਿਰਫ ਜੰਗ ਦੇ ਮੈਦਾਨ ਵਿੱਚ ਹੀ ਨਹੀਂ, ਬਲਕਿ ਖੇਡਾਂ ਦੇ ਮੈਦਾਨ ਵਿੱਚ ਨੈਸ਼ਨਲ ਤੇ ਇੰਟਰਨੈਸ਼ਨਲ ਖੇਤਰ ਵਿੱਚ ਵੀ ਆਪਣੀ ਛਾਪ ਛੱਡੀ ਹੈ। ਬਟਾਲੀਅਨ ਕੋਲ ਮਹਾਂਵੀਰ ਚੱਕਰ, ਵੀਰ ਚੱਕਰ, ਸ਼ੌਰਿਆ ਚੱਕਰ, ਸੈਨਾ ਮੈਡਲ ਦੇ ਨਾਲ-ਨਾਲ ਅੱਜ 162 ਮੈਡਲ ਹਨ। ਬਟਾਲੀਅਨ ਦੇ ਮੌਜੂਦਾ ਕਮਾਂਡਿੰਗ ਅਫਸਰ ਕਰਨਲ ਹੇਮੰਤ ਦੱਤਾ (ਸੈਨਾ ਮੈਡਲ) ਅਤੇ ਆਲ ਰੈਂਕ ਵੱਲੋਂ ਬਟਾਲੀਅਨ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਹ ਜਾਣਕਾਰੀ ਫਤਿਹਪੁਰ ਬਟਾਲੀਅਨ ਦੇ ਸਾਬਕਾ ਸੈਨਿਕ ਤੇ ਸ਼ਹੀਦ ਭਗਤ ਸਿੰਘ ਸਮਾਜ ਸੇਵਾ ਸੁਸਾਇਟੀ ਐਨ ਜੀ ਓ ਦੇ ਪ੍ਰੈਜ਼ੀਡੈਂਟ ਜਗਦੀਸ਼ ਸਿੰਘ ਚਾਹਲ ਵੱਲੋਂ ਸਾਂਝੀ ਕੀਤੀ ਗਈ।

## ਐਵਰੈਸਟ ਫ਼ਤਿਹ ਕਰਨ ਵਾਲੇ ਪਹਿਲੇ ਕੈਨੇਡੀਅਨ ਸਿੱਖ ਅਜੈਪਾਲ ਸਿੰਘ ਦਾ ਸਨਮਾਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-** ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਐਵਰੈਸਟ ਫ਼ਤਿਹ ਕਰਨ ਵਾਲੇ ਪਹਿਲੇ ਕੈਨੇਡੀਅਨ ਸਿੱਖ ਸਰੀ ਨਿਵਾਸੀ ਪੰਜਾਬੀ ਵਕੀਲ, ਜੰਮਪਲ ਫ਼ਰੀਦਕੋਟ ਦੇ ਪਿੰਡ ਕਾਸਮ ਭੱਟੀ ਦੇ ਸ. ਅਜੈਪਾਲ ਸਿੰਘ ਧਾਲੀਵਾਲ ਨੂੰ ਸਿਰੋਪਾਓ, ਦੋਸ਼ਾਲਾ, ਸ੍ਰੀ ਸਾਹਿਬ ਭੇਟ ਕਰਕੇ ਸਨਮਾਨਿਤ ਕੀਤਾ।ਉਨ੍ਹਾਂ ਇਸ ਸਮੇਂ ਕਿਹਾ ਕਿ ਸ. ਅਜੈਪਾਲ ਸਿੰਘ ਨੇ ਐਵਰੈਸਟ 'ਤੇ ਚੜ੍ਹ ਕੇ ਪੰਜਾਬੀਆਂ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ, ਇਨ੍ਹਾਂ ਦੀ ਕਾਮਯਾਬੀ ਅਸਾਧਾਰਨ ਹਾਲਾਤ ਵਿੱਚ ਅਟੁੱਟ ਵਿਸ਼ਵਾਸ ਅਤੇ ਜ਼ਿੰਦਾਦਿਲੀ ਦੀ ਮਿਸਾਲ ਹੈ।ਮੂਲ ਰੂਪ ਵਿੱਚ ਅਜੈਪਾਲ ਸਿੰਘ ਜਦੋਂ ਐਵਰੈਸਟ ਦੀ ਚੋਟੀ 'ਤੇ ਪਹੁੰਚੇ ਤਾਂ ਉਨ੍ਹਾਂ ਗੁਰੂ ਨਾਨਕ ਦੇਵ ਜੀ ਦੇ ਸੁਨੇਹੇ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਲਿਖੀ ਤਖ਼ਤੀ ਲਹਿਰਾਈ।ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਸ. ਅਜੈਪਾਲ ਸਿੰਘ ਨੂੰ ਭਵਿੱਖ ਲਈ ਵੀ ਬਹੁਤ-ਬਹੁਤ ਸ਼ੁਭਕਾਮਨਾਵਾਂ ਦਿੱਤੀਆਂ ਕਿ ਤੁਸੀਂ ਕਾਮਯਾਬੀ ਦੇ ਹੋਰ ਲੰਮੇ ਪੈਂਡੇ ਤੈਅ ਕਰੋ।ਇਸ ਮੌਕੇ ਕਰਨਰਾਜਬੀਰ ਸਿੰਘ ਐਡਵੋਕੇਟ, ਬਾਬਾ ਗੁਰਮੁਖ ਸਿੰਘ, ਬਾਬਾ ਸੁਖਦੇਵ ਸਿੰਘ ਆਦਿ ਹਾਜ਼ਰ ਸਨ।



## ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

**ਗੁਰਦਾਸਪੁਰ (ਜਨਕ ਮਹਾਜਨ)-** ਥਾਣਾ ਬਹਿਰਾਮਪੁਰ ਦੇ ਏ.ਐਸ.ਆਈ. ਸੰਨੀ ਬੈਂਸ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਪੋਲਟਰੀ ਫਾਰਮ ਨੇੜੇ ਸਾਂਸੀਆਂ ਮੁਹੱਲਾ ਬਹਿਰਾਮਪੁਰ ਤੋਂ ਰਾਖੀ ਪਤਨੀ ਸੋਨੂੰ ਵਾਸੀ ਸਾਂਸੀਆਂ ਮੁਹੱਲਾ ਬਹਿਰਾਮਪੁਰ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਔਰਤ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿੱਚੋਂ 4 ਗਰਾਮ ਹੈਰੋਇਨ ਬਰਾਮਦ ਹੋਈ ਹੈ। ਥਾਣਾ ਬਹਿਰਾਮਪੁਰ ਦੇ ਏ.ਐਸ.ਆਈ. ਤਿਲਕ ਰਾਜ ਨੇ ਸਮੇਤ ਪੁਲਸ ਰਜੇਸ਼ ਕੁਮਾਰ ਉਰਫ ਜੱਗੀ ਪੁੱਤਰ ਸੁਰਿੰਦਰ ਕੁਮਾਰ ਵਾਸੀ ਬਹਿਰਾਮਪੁਰ ਦੇ ਘਰ ਰੇਡ ਕਰਕੇ ਉਸ ਨੂੰ 6750 ਐਮ.ਐਲ. ਨਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ। ਥਾਣਾ ਦੀਨਾਨਗਰ ਦੇ ਐਸ.ਆਈ. ਰੋਹਿਤ ਨੇ ਸਮੇਤ ਪੁਲਸ ਪਾਰਟੀ ਮੜੀਆਂ ਪਿੰਡ ਪਨਿਆੜ ਤੋਂ ਸਾਬਰ ਕੁਮਾਰ ਉਰਫ ਸੋਨੀ ਪੁੱਤਰ ਕੂੜਾ ਰਾਮ ਵਾਸੀ ਗਾਧੀਆਂ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿੱਚੋਂ 5 ਗਰਾਮ 48 ਮਿਲੀਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਪੁਲਸ ਨੇ ਉਕਤ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਟੀ ਐੱਸ ਯੂ ਵੱਲੋਂ ਪਾਵਰਕੌਮ ਮੈਨੇਜਮੈਂਟ ਦੇ ਨਾਦਰਸ਼ਾਹੀ ਫਰਮਾਨਾਂ ਖਿਲਾਫ ਮੀਟਿੰਗ ਉਪਰੰਤ ਰੈਲੀ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)-** ਟੈਕਨੀਕਲ ਸਰਵਿਸਜ਼ ਯੂਨੀਅਨ (ਭੰਗਲ) ਅਤੇ ਟੈਕਨੀਕਲ ਸਰਵਿਸਜ਼ ਯੂਨੀਅਨ (ਖੰਨਾ) ਵੱਲੋਂ ਭਖਦੇ ਮਸਲਿਆਂ ਦੇ ਸੰਬੰਧ ਵਿੱਚ ਮੀਟਿੰਗ ਕੀਤੀ ਗਈ। ਮੀਟਿੰਗ ਸਮੇਂ ਸਭ ਤੋਂ ਪਹਿਲਾਂ ਬਿਜਲੀ ਘਰ ਹਰਸ਼ਾ ਛੀਨਾ ਵਿਖੇ ਬਿਜਲੀ ਦਾ ਕਰੰਟ ਲੱਗ ਕੇ ਵਿਛੜੇ ਸਾਥੀ ਹੀਰਾ ਲਾਲ ਲਾਈਨਮੈਨ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ, ਜਿਸ ਉਪਰੰਤ ਪਾਵਰਕਾਮ ਮੈਨੇਜਮੈਂਟ ਵੱਲੋਂ ਜਾਰੀ ਕੀਤੇ ਨਾਦਰਸ਼ਾਹੀ ਫਰਮਾਨਾਂ ਖਿਲਾਫ ਭਰਵੀਂ ਰੋਸ ਰੈਲੀ ਕੀਤੀ ਗਈ, ਜਿਸ ਵਿੱਚ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਨੇ ਵੀ ਸ਼ਮੂਲੀਅਤ ਕੀਤੀ। ਬੁਲਾਰਿਆਂ ਨੇ ਦੱਸਿਆ ਕਿ ਪਿਛਲੇ ਦਿਨੀਂ ਪਾਵਰਕੌਮ ਮੈਨੇਜਮੈਂਟ ਨੇ ਨਾਦਰਸ਼ਾਹੀ ਫਰਮਾਨ ਜਾਰੀ ਕਰਦਿਆਂ ਕਿਹਾ ਹੈ ਕਿ ਬਰੇਕਡਾਊਨ/ ਕੰਪਲੇਂਟਾਂ ਇਕ ਘੰਟੇ ਦੇ ਅੰਦਰ ਹੱਲ ਕੀਤੀਆਂ ਜਾਣ। ਜੇਕਰ ਬਰੇਕਡਾਊਨ/ਕੰਪਲੇਂਟ ਹੱਲ ਕਰਨ ਵਿੱਚ ਦੇਰੀ ਹੁੰਦੀ ਹੈ ਤਾਂ ਬਿਜਲੀ ਕਾਮਿਆਂ ਨੂੰ ਚਿੱਠੀ ਪੱਤਰ ਜਾਰੀ ਕੀਤਾ ਜਾਵੇਗਾ, ਜਦਕਿ ਕਿ ਅਸਲੀਅਤ ਇਹ ਹੈ ਕਿ ਹੇਠਾਂ ਫੀਲਡ ਵਿੱਚ ਬਿਜਲੀ ਕਾਮਿਆਂ ਦੀ ਭਾਰੀ ਘਾਟ ਹੈ, ਇੱਕ ਮੁਲਾਜ਼ਮ ਦੋ ਤਿੰਨ ਫੀਡਰਾਂ ਉੱਪਰ ਡਿਊਟੀ ਕਰ ਰਿਹਾ ਹੈ, ਲਾਈਨਾਂ ਦੀ ਲੰਬਾਈ ਬਹੁਤ ਜ਼ਿਆਦਾ ਹੈ ਤੇ ਲਾਈਨਾਂ ਦੀ ਹਾਲਤ ਬਹੁਤ ਖਸਤਾ ਹੋ ਚੁੱਕੀ ਹੈ। ਵੱਡੀ ਗਿਣਤੀ ਵਿੱਚ ਮੁਲਾਜ਼ਮ ਭਰਤੀ ਕਰਨ ਦੀ ਲੋੜ ਹੈ, ਪਰ ਮੈਨੇਜਮੈਂਟ ਨਿੱਜੀਕਰਨ ਦੀ ਨੀਤੀ ਨੂੰ ਲਾਗੂ ਕਰਦਿਆਂ ਘੱਟ ਮੁਲਾਜ਼ਮਾਂ ਕੋਲੋਂ ਵੱਧ ਕੰਮ ਲੈਣ ਦੀ ਨੀਤੀ 'ਤੇ ਚੱਲ ਰਹੀ ਹੈ। ਕਾਰਪੋਰੇਟ ਘਰਾਣਿਆਂ ਨੂੰ ਰਾਸ ਬੈਠਦੇ ਕਿਰਤ ਕਾਨੂੰਨ ਲਾਗੂ ਕੀਤੇ ਜਾ ਰਹੇ ਹਨ, ਬਿਜਲੀ ਮੁਲਾਜ਼ਮਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਮੰਨਣ ਤੋਂ ਟਾਲਾ ਵੱਟਿਆ ਹੋਇਆ ਹੈ। ਦੂਸਰੇ ਪਾਸੇ ਬਿਜਲੀ ਕਾਮਿਆਂ ਨੂੰ ਟੂਲ ਕਿੱਟਾਂ, ਸੇਫਟੀ ਕਿੱਟਾਂ ਅਤੇ ਕੰਮ ਕਰਨ ਲਈ ਹੋਰ ਸਾਜੋ ਸਮਾਨ ਨਹੀਂ ਦਿੱਤਾ ਜਾ ਰਿਹਾ। ਕੰਮ ਦੇ ਭਾਰ ਨਾਲ ਲਤਾੜੇ ਬਿਜਲੀ ਕਾਮਿਆਂ ਤੇ ਹੋਰ ਕੰਮ ਦਾ ਭਾਰ ਵਧਾਉਣ ਲਈ ਮੋਬਾਈਲ ਫੋਨ ਦਿੱਤੇ ਜਾ ਰਹੇ ਹਨ। ਆਗੂਆਂ ਨੇ ਦੱਸਿਆ ਕਿ ਮੈਨੇਜਮੈਂਟ ਦੇ ਇਹਨਾਂ ਨਾਦਰਸ਼ਾਹੀ ਫਰਮਾਨਾਂ ਖਿਲਾਫ ਅਤੇ ਆਪਣੀਆਂ ਹੱਕੀ ਦੇ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ ਜਥੇਬੰਦੀਆਂ ਨੇ 16 ,17 ਜੂਨ ਨੂੰ ਦੋ ਰੋਜ਼ਾ ਹੜਤਾਲ ਕਰਨ ਦਾ ਫੈਸਲਾ ਕੀਤਾ ਹੈ। ਸਮੂਹ ਬਿਜਲੀ ਕਾਮੇ ਦੋ ਰੋਜ਼ਾ ਹੜਤਾਲ ਕਰਕੇ ਮੈਨੇਜਮੈਂਟ ਨੂੰ ਇਹਨਾਂ ਨਾਦਰਸ਼ਾਹੀ ਫਰਮਾਨਾਂ ਤੋਂ ਪਿੱਛੇ ਮੁੜਨ ਲਈ ਮਜਬੂਰ ਕਰਨਗੇ। ਰੋਸ ਰੈਲੀ ਨੂੰ ਸਰਕਲ ਪ੍ਰਧਾਨ ਮਲਕੀਅਤ ਸਿੰਘ ਸੈਂਸਰਾ, ਮੰਡਲ ਆਗੂ ਰਾਜਬੀਰ ਸਿੰਘ, ਜੁਗਰਾਜ ਸਿੰਘ ਛੀਨਾ, ਜਤਿੰਦਰ ਸਿੰਘ ਛੀਨਾ, ਪਰਮਿੰਦਰ ਸਿੰਘ ਅਦਲੀਵਾਲ, ਸੰਦੀਪ ਸਿੰਘ, ਜਰਨੈਲ ਸਿੰਘ ਸੈਂਸਰਾ ਅਤੇ ਨਰਿੰਦਰ ਕੁਮਾਰ ਨੇ ਵੀ ਸੰਬੋਧਨ ਕੀਤਾ।



## ਮਾਤਾ ਪ੍ਰਕਾਸ਼ ਕੌਰ ਨੂੰ ਵੱਖ-ਵੱਖ ਪਾਰਟੀਆਂ ਦੇ ਆਗੂਆਂ ਵੱਲੋਂ ਸ਼ਰਧਾਂਜਲੀ ਭੇਟ

**ਝਬਾਲ (ਹਰਜਿੰਦਰ ਸਿੰਘ ਸੋਨੀ)-** ਕਿਸਾਨ ਆਗੂ ਬਾਬਾ ਬਲਜਿੰਦਰ ਸਿੰਘ ਬਾਬਾ ਕਾਲਾ, ਆਮ ਆਦਮੀ ਪਾਰਟੀ ਦੇ ਆਗੂ ਗੁਰਪਿੰਦਰ ਸਿੰਘ ਨਾਥੂ ਬਾਬਾ ਲੰਗਾਹ ਤੇ ਰੂਪ ਦੇ ਸਤਿਕਾਰਯੋਗ ਮਾਤਾ ਪ੍ਰਕਾਸ਼ ਕੌਰ ਜੋ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਾਤਾ ਜੀ ਦੇ ਗ੍ਰਹਿ ਵਿਖੇ ਪਾਏ ਗਏ।ਭੋਗ ਤੋਂ ਬਾਅਦ ਸ਼ਬਦ ਕੀਰਤਨ ਤੇ ਅੰਤਿਮ ਅਰਦਾਸ ਗੁਰਦੁਆਰਾ ਬਾਬਾ ਲੰਗਾਹ ਵਿਖੇ ਕੀਤੀ ਗਈ।ਸਮਾਗਮ ਵਿੱਚ ਬਾਬਾ ਗੁਰਸੇਵਕ ਸਿੰਘ ਸੇਵਾਦਾਰ ਗੁਰਦੁਆਰਾ ਮਾਤਾ ਭਾਗ ਕੌਰ, ਜ਼ਿਲ੍ਹਾ ਕਾਂਗਰਸ ਪਾਰਟੀ ਦੇ ਪ੍ਰਧਾਨ ਰਾਜਬੀਰ ਸਿੰਘ ਭੁੱਲਰ, ਚੇਅਰਮੈਨ ਰਮਨ ਕੁਮਾਰ ਝਬਾਲ ਸੀਨੀਅਰ ਆਗੂ ਆਮ ਆਦਮੀ ਪਾਰਟੀ ਵਿਕਰਮ ਸਿੰਘ ਢਿੱਲੋਂ, ਹਰਜੀਤ ਸਿੰਘ ਝਬਾਲ, ਸੱਜਣ ਸਿੰਘ, ਹਰਜੋਤ ਸਿੰਘ ਛਾਪਾਵਾਲੀ ਪਲਾਈਆ ਵਾਲੇ, ਸਰਪੰਚ ਵਰਿੰਦਰਜੀਤ ਸਿੰਘ ਹੀਰਾਪੁਰ, ਸੀਨੀਅਰ ਅਕਾਲੀ ਆਗੂ ਪੂਰਨ ਸਿੰਘ ਅੱਡਾ ਝਬਾਲ, ਸੁਰਜੀਤ ਸਿੰਘ ਸਰਪੰਚ ਝਬਾਲ, ਕੁਲਦੀਪ ਸਿੰਘ ਫੌਜੀ, ਮਨਜਿੰਦਰ ਸਿੰਘ ਮੰਨੀ ਭੋਜੀਆ, ਕਾਮਰੇਡ ਦਵਿੰਦਰ ਸੋਹਲ, ਮੈਨੇਜਰ ਮੁਖਵਿੰਦਰ ਸਿੰਘ ਬਿੱਟੂ ਪੰਜਵੜ, ਕੈਪਟਨ ਸਿੰਘ ਬਘਿਆੜੀ, ਰਾਜ ਕੁਮਾਰ ਭਾਰਤ ਗੈਸ, ਸਾਬਕਾ ਸਰਪੰਚ ਨਰਿੰਦਰ ਪੱਪਾ, ਪੱਤਰਕਾਰ ਸੁਖਦੇਵ ਸਿੰਘ ਮੀਆਂਪੁਰ, ਕਾਮਰੇਡ ਅਸ਼ੋਕ ਕੁਮਾਰ ਸੋਹਲ, ਗੁਰਬਾਜ ਸਿੰਘ ਸਿੱਧਵਾਂ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਕਿਸਾਨ ਆਗੂ ਸੁਖਬੀਰ ਸਿੰਘ ਗੱਗੋਬੂਆ, ਬਲਾਕ ਪ੍ਰਧਾਨ ਧਿਆਨ ਸਿੰਘ ਮੰਨਣ, ਸਰਪੰਚ ਜੱਗਾ ਸਵਰਗਾਪੁਰੀ, ਕਾਮਰੇਡ ਅਸ਼ੋਕ ਕੁਮਾਰ ਸੋਹਲ, ਲਾਡੀ ਝਬਾਲ, ਬਲਵਿੰਦਰ ਸਿੰਘ ਖਾਲੜਾ ਮਿਸ਼ਨ ਕਮੇਟੀ ਝਬਾਲ, ਤਰਸੇਮ ਕੁਮਾਰ ਛੀਨਾ, ਆੜ੍ਹਤੀ ਜੀਵਾਂ ਸੋਹਲ, ਸਾਬਕਾ ਸਰਪੰਚ ਪ੍ਰਗਟ ਸਿੰਘ ਮਲਵਈ, ਖਜਾਨ ਸਿੰਘ ਕਸੇਲ, ਰਜੇਸ਼ ਕੁਮਾਰ ਹੈਪੀ ਸ਼ਰਧਾਂਜਲੀ ਭੇਟ ਕੀਤੀ ਗਈ।



## ਚੁੱਘ ਨੇ ਗੌਰਵ ਸੇਠ ਨੂੰ ਮਿਲ ਕੇ ਸਿਹਤਯਾਬੀ ਬਾਰੇ ਜਾਣਿਆ

**ਛੇਹਰਟਾ, (ਮਨੋਜ ਕੁਮਾਰ)-** ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਨੇ ਭਾਜਪਾ ਦੇ ਸੀਨੀਅਰ ਆਗੂ ਤੇ ਆਪਣੇ ਬਚਪਨ ਦੇ ਦੋਸਤ ਗੌਰਵ ਸੇਠ ਦੇ ਘਰ ਜਾ ਕੇ ਉਨ੍ਹਾਂ ਦੀ ਸਿਹਤਯਾਬੀ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਇਸ ਦੌਰਾਨ ਉਨ੍ਹਾਂ ਗੌਰਵ ਸੇਠ ਦੇ ਪਰਵਾਰਕ ਮੈਂਬਰਾਂ ਨਾਲ ਵੀ ਮੁਲਾਕਾਤ ਕੀਤੀ ਤੇ ਹੌਸਲਾ ਦਿੱਤਾ। ਚੁੱਘ ਨੇ ਕਿਹਾ ਕਿ ਗੌਰਵ ਸੇਠ ਦਾ ਪਰਵਾਰ ਪਿਛਲੀਆਂ ਦੋ ਪੀੜ੍ਹੀਆਂ ਤੋਂ ਭਾਜਪਾ ਦਾ ਪੱਕਾ ਸਮਰਥਕ ਰਿਹਾ ਹੈ ਤੇ ਸਦਾ ਪਾਰਟੀ ਦੇ ਨਾਲ ਖੜ੍ਹਾ ਰਿਹਾ ਹੈ। ਚੁੱਘ ਨੇ ਕਿਹਾ ਕਿ ਉਹ ਗੌਰਵ ਸੇਠ ਦੇ ਨਾਲ ਖੜ੍ਹੇ ਹਨ। ਉਨ੍ਹਾਂ ਉਮੀਦ ਪ੍ਰਗਟਾਈ ਕਿ ਉਹ ਜਲਦੀ ਹੀ ਪੂਰੀ ਤਰ੍ਹਾਂ ਤੰਦਰੁਸਤ ਹੋ ਜਾਣਗੇ ਅਤੇ ਸਮਾਜਿਕ ਤੇ ਸਿਆਸੀ ਗਤੀਵਿਧੀਆਂ ਵਿਚ ਸਰਗਰਮ ਭੂਮਿਕਾ ਦੁਬਾਰਾ ਸ਼ੁਰੂ ਕਰਨਗੇ।



# ਫੱਕ ਘੁਟਾਲਾ ਵਿਰੋਧੀ ਸੰਘਰਸ਼ ਕਮੇਟੀ ਵੱਲੋਂ ਥਾਣੇ ਅੱਗੇ ਰੋਸ ਪ੍ਰਦਰਸ਼ਨ

## ਐੱਸ ਐੱਚ ਓ ’ਤੇ ਆਗੂਆਂ ਨੂੰ ਧਮਕਾਉਣ ਦਾ ਦੋਸ਼




**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਫੱਕ ਘੁਟਾਲਾ ਵਿਰੋਧੀ ਸੰਘਰਸ਼ ਕਮੇਟੀ ਵੱਲੋਂ ਥਾਣਾ ਗੁਰੂ ਹਰਸਹਾਏ ਅੱਗੇ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਰੋਸ ਪ੍ਰਦਰਸ਼ਨ ਦੀ ਅਗਵਾਈ ਸੰਘਰਸ਼ ਕਮੇਟੀ ਦੇ ਆਗੂਆਂ ਜੈਲ ਸਿੰਘ ਚੱਪਾ ਅੜਿੱਕੀ, ਪ੍ਰਵੀਨ ਬਾਜੇ ਕੇ, ਨੌਂ ਨਿਹਾਲ ਸਿੰਘ, ਕੁਲਦੀਪ ਸਿੰਘ ਮੋਠਾਂ ਵਾਲਾ, ਸਤਨਾਮ ਸਿੰਘ ਕਚੂਰਾ, ਚਰਨਜੀਤ ਸਿੰਘ ਛਾਂਗਾ ਰਾਏ ਤੇ ਜਗਜੀਤ ਸਿੰਘ ਖਿੱਪਾਂ ਵਾਲੀ ਨੇ ਕੀਤੀ।ਇਸ ਅਚਨਚੇਤ ਧਰਨੇ ਵਿੱਚ ਬੋਲਦਿਆਂ ਆਗੂਆਂ ਨੇ ਕਿਹਾ ਕਿ ਪਿਛਲੇ ਹਫਤੇ 28 ਮਈ ਨੂੰ ਫੱਕ ਘੁਟਾਲਾ ਵਿਰੋਧੀ ਸੰਘਰਸ਼ ਕਮੇਟੀ ਵੱਲੋਂ ਫੱਕ ਚੋਰੀ ਦੇ ਦੋਸ਼ੀਆਂ ਖਿਲਾਫ ਕਾਰਵਾਈ ਕਰਵਾਉਣ ਲਈ ਥਾਣੇ ਅੱਗੇ ਧਰਨਾ ਲਗਾਇਆ ਗਿਆ ਸੀ, ਜਿਸ ਸੰਬੰਧੀ ਮੀਟਿੰਗ ਵਿੱਚ ਉਸ ਵੇਲੇ ਤਾਇਨਾਤ ਐੱਸ.ਐੱਚ.ਓ. ਜਗਦੀਪ ਸਿੰਘ ਨੇ ਆਗੂਆਂ ਨੂੰ ਜਲਦੀ ਮਸਲੇ ਦਾ ਹੱਲ ਕਰਵਾਉਣ ਦਾ ਵਿਸ਼ਵਾਸ ਦਿਵਾਇਆ ਗਿਆ ਸੀ, ਪਰ ਕੁਝ ਸਮੇਂ ਬਾਅਦ ਹੀ ਸੰਘਰਸ਼ ਕਮੇਟੀ ਦੇ ਆਗੂ ਕੁਲਦੀਪ ਸਿੰਘ ਮੋਠਾਂ ਵਾਲਾ ਨੂੰ ‘ਤੂੰ ਬੋਲਦਾ ਬਹੁਤ ਹੈ, ਹਿਸਾਬ ਨਾਲ ਬੋਲਿਆ ਕਰ, ਰਹਿਣਾ ਤੂੰ ਵੀ ਏਥੇ ਹੈ ਅਤੇ ਮੈਂ ਵੀ ਏਥੇ’ ਕਹਿ ਕੇ ਸ਼ਰੇਆਮ ਸਿੱਧਾ ਡਰਾਉਣ-ਧਮਕਾਉਣ ਦੀ ਨਿੰਦਣਯੋਗ ਕੋਸ਼ਿਸ਼ ਕੀਤੀ ਗਈ ਹੈ।ਉਹ ਮੀਟਿੰਗ ਵਿੱਚ ਕੀਤੇ ਵਾਅਦੇ ਤੋਂ ਵੀ ਅਗਲੇ ਹੀ ਦਿਨ ਮੁੱਕਰ ਗਿਆ ਸੀ, ਜਿਸ ਦੇ ਰੋਸ ਵਜੋਂ ਅੱਜ ਥਾਣਾ ਗੁਰੂ ਹਰਸਹਾਏ ਅੱਗੇ ਅਚਨਚੇਤ ਰੋਸ ਪ੍ਰਦਰਸ਼ਨ ਕੀਤਾ ਗਿਆ।ਐੱਸ.ਐੱਚ.ਓ. ਖਿਲਾਫ ਭੜਾਸ ਕੱਢਦਿਆਂ ਸੰਘਰਸ਼ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਇਹ ਬਹੁਤ ਹੀ ਨਿੰਦਣਯੋਗ ਹੈ ਕਿ ਲੋਕਾਂ ਦੇ ਜਾਨ-ਮਾਲ ਦੀ ਰਾਖੀ ਕਰਨ ਦੀ ਬਜਾਏ ਪੁਲਸ ਦੇ ਅਫ਼ਸਰ ਲੋਕਾਂ ਦੇ ਆਗੂਆਂ ਨੂੰ ਸੰਘਰਸ਼ ਕਰਨ ਤੋਂ ਰੋਕਣ ਲਈ ਡਰਾ-ਧਮਕਾ ਰਹੇ ਹਨ, ਪਰ ਸ਼ਹੀਦਾਂ ਦੇ ਸੱਚੇ ਵਾਰਿਸ ਅਜਿਹੀਆਂ ਗਿੱਦੜ ਭਬਕੀਆਂ ਤੋਂ ਕਦੇ ਵੀ ਨਹੀਂ ਡਰਦੇ, ਬਲਕਿ ਅਜਿਹੇ ਜਾਲਮ ਅਫਸਰਾਂ ਨੂੰ ਉਨ੍ਹਾਂ ਦੀ ਅਸਲੀ ਡਿਊਟੀ ਕਰਵਾਉਣ ਦੀ ਸਮਰੱਥਾ ਰੱਖਦੇ ਹਨ।ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ, ਜਿਸ ਨੇ ਵੀ ਲੋਕ ਤਾਕਤ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ, ਉਸ ਨੂੰ ਲੋਕ ਲਹਿਰ ਅੱਗੇ ਝੁਕਣਾ ਪਿਆ ਹੈ।ਇਸ ਮੌਕੇ ਆਗੂਆਂ ਨੇ ਇਨਸਾਫ਼ ਪਸੰਦ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਲਾਕੇ ਵਿੱਚ ਹੋ ਰਹੇ ਜ਼ੁਲਮ ਖਿਲਾਫ ਆਵਾਜ਼ ਚੁੱਕਣ।ਆਗੂਆਂ ਨੇ ਮੰਗ ਕਰਦਿਆਂ ਕਿਹਾ ਕਿ ਫੱਕ ਚੋਰੀ ਦੇ ਦੋਸ਼ੀਆਂ ਖਿਲਾਫ ਤੁਰੰਤ ਪਰਚਾ ਦਰਜ ਕਰਕੇ ਮਜ਼ਦੂਰਾਂ ਨੂੰ ਉਨ੍ਹਾਂ ਦੇ ਬਣਦੇ ਪੈਸੇ ਦਿੱਤੇ ਜਾਣ ਅਤੇ ਇਨਸਾਫ਼ ਦਿਵਾਇਆ ਜਾਵੇ।

ਇਸ ਮੌਕੇ ਮੌਜੂਦਾ ਤਾਇਨਾਤ ਕਾਰਜਕਾਰੀ ਥਾਣਾ ਮੁਖੀ ਵੱਲੋਂ ਇਕ ਫੌਰੀ ਮੀਟਿੰਗ ਵਿੱਚ ਮਸਲੇ ਦੇ ਹੱਲ ਦਾ ਵਿਸ਼ਵਾਸ ਦਿਵਾਉਣ ਤੋਂ ਬਾਅਦ ਪੁਤਲਾ ਫੂਕਣ ਦੇ ਪ੍ਰੋਗਰਾਮ ਨੂੰ ਮੁਲਤਵੀ ਕਰ ਦਿੱਤਾ ਗਿਆ। ਇਸ ਮੌਕੇ ਰੋਸ ਪ੍ਰਦਰਸ਼ਨ ਨੂੰ ਹੋਰਨਾਂ ਤੋਂ ਇਲਾਵਾ, ਗੁਰਮੀਤ ਸਿੰਘ ਜ਼ਿਲ੍ਹਾ ਪ੍ਰਧਾਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਰੇਸ਼ਮ ਸਿੰਘ ਮਿੱਡਾ, ਰਾਜ ਕੁਮਾਰ ਬਹਾਦਰ ਕੇ, ਪਰਮਿੰਦਰ ਰਹਿਮੇਸ਼ਾਹ, ਗੁਸ਼ਪਿੰਦਰ ਸਿੰਘ, ਮੁਖਤਿਆਰ ਕੌਰ, ਛਿੰਦਰ ਸਰੂਪੇ ਵਾਲਾ ਤੇ ਛਿੰਦਰ ਸਵਾਹ ਵਾਲਾ ਆਦਿ ਹਾਜ਼ਰ ਸਨ।

# ਬਿਜਲੀ ਮੁਲਾਜ਼ਮਾਂ ਵੱਲੋਂ ਸਰਕਾਰ ਖ਼ਿਲਾਫ਼ ਮੁਜ਼ਾਹਰਾ

## ਪੁਰਾਣੀ ਪੈਨਸ਼ਨ ਤੇ ਡੀ ਏ ਦੀ ਕੀਤੀ ਮੰਗ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਮਾਲੇਰਕੋਟਲਾ ਡਵੀਜ਼ਨ ਵਿਖੇ ਬਿਜਲੀ ਬੋਰਡ ਦੀਆਂ ਸਾਰੀਆਂ ਸਬ-ਡਵੀਜ਼ਨਾਂ ਦੇ ਮੁਲਾਜ਼ਮਾਂ ਵੱਲੋਂ ਇਕੱਠੇ ਹੋ ਕੇ ਪੰਜਾਬ ਸਰਕਾਰ ਤੇ ਬਿਜਲੀ ਬੋਰਡ ਦੀ ਮੈਨੇਜਮੈਂਟ ਖ਼ਿਲਾਫ਼ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ।ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਭੜਕੇ ਮੁਲਾਜ਼ਮਾਂ ਨੇ ਸਰਕਾਰ ਤੇ ਮੈਨੇਜਮੈਂਟ ਦਾ ਪਿੱਟ ਸਿਆਪਾ ਕਰਦਿਆਂ ਜੰਮ ਕੇ ਨਾਅਰੇਬਾਜ਼ੀ ਕੀਤੀ।

ਧਰਨੇ ਨੂੰ ਸੰਬੋਧਨ ਕਰਦਿਆਂ ਮੁਲਾਜ਼ਮ ਆਗੂਆਂ ਨੇ ਕਿਹਾ ਕਿ ਇੱਕ ਪਾਸੇ ਮਹਿੰਗਾਈ ਦੀ ਮਾਰ ਨੇ ਆਮ ਲੋਕਾਂ ਦਾ ਜਿਊਣਾ ਦੁੱਭਰ ਕੀਤਾ ਹੋਇਆ ਹੈ, ਦੂਜੇ ਪਾਸੇ ਸਰਕਾਰ ਨੇ ਮੁਲਾਜ਼ਮਾਂ ਦਾ ਬਣਦਾ ਮਹਿੰਗਾਈ ਭੱਤਾ (ਡੀ.ਏ.) ਰੋਕ ਰੱਖਿਆ ਹੈ।ਉਨ੍ਹਾਂ ਦੋਸ਼ ਲਾਇਆ ਕਿ ਆਮ ਆਦਮੀ ਦੀ ਸਰਕਾਰ ਹੁਣ ਹੇਠਲੇ ਵਰਗ ਦੇ ਮੁਲਾਜ਼ਮਾਂ ਨਾਲ ਮਤਰੇਈ ਮਾਂ ਵਾਲਾ ਵਤੀਰਾ ਕਰ ਰਹੀ ਹੈ।ਪੰਜਾਬ ਦੇ ਆਈ.ਪੀ.ਐੱਸ., ਆਈ.ਏ.ਐੱਸ. ਤੇ ਹੋਰ ਉੱਚ-ਦਰਜੇ ਦੇ ਅਧਿਕਾਰੀਆਂ ਨੂੰ ਤਾਂ ਮਹਿੰਗਾਈ ਭੱਤਾ ਦੇ ਦਿੱਤਾ ਗਿਆ ਹੈ, ਪਰ ਹੇਠਲੀ ਸ਼੍ਰੇਣੀ ਦੇ ਮੁਲਾਜ਼ਮਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਨੂੰ ਜਗਾਉਣ ਲਈ ਵਾਰ-ਵਾਰ ਧਰਨੇ-ਮੁਜ਼ਾਹਰੇ ਕੀਤੇ ਗਏ, ਪਰ ਭਗਵੰਤ ਮਾਨ ਸਰਕਾਰ ਦੇ ਕੰਨਾਂ ’ਤੇ ਜੂੰ ਨਹੀਂ ਸਰਕੀ।ਇਸ ਦੇ ਉਲਟ, ਸਰਕਾਰ ਆਪਣੇ ਵਿਧਾਇਕਾਂ, ਐੱਮ. ਪੀਜ਼ ਤੇ ਹੋਰ ਰਾਜਨੀਤਕ ਅਹੁਦੇਦਾਰਾਂ ਨੂੰ ਦਿਲ ਖੋਲ੍ਹ ਕੇ ਮਹਿੰਗਾਈ ਭੱਤੇ, ਮਹਿੰਗੀਆਂ ਗੱਡੀਆਂ ਤੇ ਹੋਰ ਸਹੂਲਤਾਂ ਵੰਡ ਰਹੀ ਹੈ।

ਮੁਲਾਜ਼ਮਾਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਜਲਦ ਨਾ ਮੰਨੀਆਂ ਗਈਆਂ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।ਉਨ੍ਹਾਂ ਐਲਾਨ ਕੀਤਾ ਕਿ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦਾ ਪੂਰਨ ਬਾਈਕਾਟ ਕੀਤਾ ਜਾਵੇਗਾ ਤੇ ਪਿੰਡਾਂ-ਸ਼ਹਿਰਾਂ ਵਿੱਚ ਵੋਟਾਂ ਮੰਗਣ ਆਉਣ ਵਾਲੇ ਮੰਤਰੀਆਂ ਤੇ ਵਿਧਾਇਕਾਂ ਦਾ ਕਾਲੇ ਝੰਡਿਆਂ ਨਾਲ ਰੋਸ ਪ੍ਰਦਰਸ਼ਨ ਕਰਕੇ ਵਿਰੋਧ ਕੀਤਾ ਜਾਵੇਗਾ।ਇਸ ਰੋਸ ਪ੍ਰਦਰਸ਼ਨ ਦੌਰਾਨ ਪ੍ਰੈੱਸ ਸਕੱਤਰ ਹਰਵਿੰਦਰ ਸਿੰਘ, ਇਕਬਾਲ ਖਾਂ, ਸਾਬਰ ਅਲੀ, ਜਸਵੀਰ ਸਿੰਘ, ਜਗਸੀਰ ਸਿੰਘ, ਹਰਦੀਪ ਰੁੜਕਾ, ਸ਼ਿਵ ਕੁਮਾਰ, ਰਾਜਵਿੰਦਰ ਸੰਦੌੜ ਤੇ ਸੁਰਿੰਦਰਪਾਲ ਸਮੇਤ ਵੱਡੀ ਗਿਣਤੀ ਵਿੱਚ ਬਿਜਲੀ ਮੁਲਾਜ਼ਮ ਹਾਜ਼ਰ ਸਨ।

# ਹਿਸਾਰ-ਘੱਗਰ ਮਲਟੀਪਰਪਜ਼ ਡਰੇਨ ਦਾ ਮੁੱਦਾ ਹੱਲ ਕਰੇ ਸਰਕਾਰ : ਵਿਰਕ

**ਓਟੂ ਹੈੱਡ ਵਿਖੇ ਰੱਖੀ ਗਈ ਕਿਸਾਨ ਮਹਾਂ ਪੰਚਾਇਤ ਨੇ ਲਏ ਅਹਿਮ ਫੈਸਲੇ**

**ਸਿਰਸਾ (ਸੁਰਿੰਦਰ ਪਾਲ ਸਿੰਘ)**

ਜੀਂਦ, ਹਿਸਾਰ, ਭਿਵਾਨੀ, ਫਤਿਹਾਬਾਦ ਤੇ ਸਿਰਸਾ ਵਿੱਚੋਂ ਲੰਘਦੇ ਹਿਸਾਰ-ਘੱਗਰ ਮਲਟੀਪਰਪਜ਼ ਡਰੇਨ ’ਚ ਪੈਂਦੇ ਜ਼ਿਲ੍ਹਿਆਂ ਦੇ ਕਿਸਾਨ ਸਿਰਸਾ ਦੇ ਓਟੂ ਹੈੱਡ ’ਤੇ ਰੱਖੀ ਗਈ ਮਹਾਂ ਪੰਚਾਇਤ ਵਿੱਚ ਹਿੱਸਾ ਲੈਣ ਲਈ ਇਕੱਠੇ ਹੋਏ। ਇਸ ਮਹਾਂ ਪੰਚਾਇਤ ’ਚ ਵਿਧਾਇਕਾਂ ਤੋਂ ਲੈ ਕੇ ਪੰਚਾਂ, ਸਰਪੰਚਾਂ, ਕਿਸਾਨ ਜਥੇਬੰਦੀਆਂ ਤੇ ਆਮ ਨਾਗਰਿਕਾਂ ਨੂੰ ਸੱਦਾ ਦਿੱਤਾ ਗਿਆ ਸੀ।



ਇਸ ਮਹਾਂ ਪੰਚਾਇਤ ਵੱਲੋਂ ਅਧਿਕਾਰੀਆਂ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਸਿਰਸਾ ਪ੍ਰਸ਼ਾਸਨ ਨੂੰ ਦਿੱਤੇ ਮੰਗ ਪੱਤਰ ਵਿੱਚ ਚੇਤਾਵਨੀ ਦਿੱਤੀ ਗਈ ਕਿ ਜੇਕਰ ਤੁਰੰਤ ਕਾਰਵਾਈ ਨਾ ਕੀਤੀ ਗਈ ਤਾਂ 22 ਜੂਨ ਨੂੰ ਚੋਪਟਾ ਵਿੱਚ ਇੱਕ ਮਹਾਂ ਪੰਚਾਇਤ ਕੀਤੀ ਜਾਵੇਗੀ ਅਤੇ ਇਸ ਤੋਂ ਬਾਅਦ 25 ਜੂਨ ਨੂੰ ਸਿੰਚਾਈ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ। ਇਸ ਮਹਾਂ ਪੰਚਾਇਤ ਦੀ ਅਗਵਾਈ ਕਾਮਰੇਡ ਸਵਰਨ ਸਿੰਘ ਵਿਰਕ, ਸੁਰਜੀਤ ਸਿੰਘ ਤੇ ਪ੍ਰਕਾਸ਼ ਮਮੇਰਾ ਨੇ ਸਾਂਝੇ ਤੌਰ ’ਤੇ ਕੀਤੀ। ਇਨ੍ਹਾਂ ਕਿਸਾਨ ਆਗੂਆਂ ਨੇ ਕਿਹਾ ਕਿ ਭਿਵਾਨੀ, ਹਿਸਾਰ, ਫਤਿਹਾਬਾਦ, ਸਿਰਸਾ ਤੇ ਜੀਂਦ ਜ਼ਿਲ੍ਹਿਆਂ ਦੇ ਕਿਸਾਨ ਘੱਗਰ ਡਰੇਨ ਤੋਂ ਪੀੜਤ ਹਨ। ਇਸ ਮੀਟਿੰਗ ਵਿੱਚ ਰਾਣੀਆ ਤੋਂ ਇਨੈਲੋ ਵਿਧਾਇਕ ਅਰਜੁਨ ਚੌਟਾਲਾ, ਕਾਂਗਰਸ ਦੇ ਸੁਮਿਤ ਬੈਨੀਵਾਲ, ਕਾਂਗਰਸ ਜ਼ਿਲ੍ਹਾ ਪ੍ਰਧਾਨ ਸੰਤੋਸ਼ ਬੈਨੀਵਾਲ, ਜੇਜੇਪੀ ਪ੍ਰਧਾਨ ਅਸ਼ੋਕ ਵਰਮਾ, ਚੋਪਟਾ ਦੇ ਸਰਪੰਚ ਰੀਟਾ ਕਾਸਾਨੀਆ ਨੇ ਆਪਣਾ ਸਮਰਥਨ ਪ੍ਰਗਟ ਕਰਨ ਲਈ ਪੰਚਾਇਤ ਵਿੱਚ ਸ਼ਿਰਕਤ ਕੀਤੀ। ਸੰਯੁਕਤ ਕਿਸਾਨ ਮੋਰਚਾ ਤੇ ਭਾਰਤੀ ਕਿਸਾਨ ਯੂਨੀਅਨ ਦੇ ਸੰਵਿਧਾਨਕ ਸੰਗਠਨਾਂ ਨੇ ਵੀ ਹਿੱਸਾ ਲਿਆ। ਕਿਸਾਨ ਨੇਤਾ ਤੇ ਸਾਬਕਾ ਵਿਧਾਇਕ ਬਲਵਾਨ ਪੂਨੀਆ ਨੇ ਕਿਹਾ ਕਿ ਕਿਸਾਨਾਂ ਦੀ ਇਸ ਆਫ਼ਤ ਲਈ ਸਰਕਾਰ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਬਾਰਿਸ਼ ਆਉਣ ਤੋਂ ਪਹਿਲਾਂ ਇਨ੍ਹਾਂ ਮੁੱਦਿਆਂ ਦਾ ਹੱਲ ਨਹੀਂ ਕਰਦੀ ਤਾਂ ਕਿਸਾਨ ਸੰਗਠਨ ਵਿਰੋਧ ਪ੍ਰਦਰਸ਼ਨ ਕਰਨਗੇ। ਕਿਸਾਨੀ ਮੰਗਾਂ ਵਿੱਚ ਪਾਣੀ ਦੀ ਨਿਕਾਸੀ ਲਈ ਓਟੂ ਹੈੱਡ ਨੇੜੇ 1,500 ਕਿਊਸਿਕ ਦੀ ਸਮਰੱਥਾ ਵਾਲਾ ਸਥਾਈ ਪੰਪ ਸੈੱਟ ਲਾਉਣਾ, ਕਿਸਾਨਾਂ ਦੀ ਨਿਗਰਾਨੀ ਹੇਠ ਨਾਲਿਆਂ ਦੀ ਸਫਾਈ, ਹਿਸਾਰ-ਘੱਗਰ ਡਰੇਨ ਨੂੰ ਵਾਪਸ ਵਹਿਣ ਤੋਂ ਰੋਕਣ ਲਈ ਤੁਰੰਤ ਗੇਟ ਲਾਉਣੇ, ਫੈਕਟਰੀਆਂ ਦਾ ਗੰਦਾ ਪਾਣੀ ਘੱਗਰ ਡਰੇਨ ਵਿੱਚ ਨਾ ਛੱਡਿਆ ਜਾਣਾ ਤੇ ਘੱਗਰ ਤੋਂ ਨਿਕਲਣ ਵਾਲੀਆਂ ਨਹਿਰਾਂ ਨੂੰ ਸਾਫ਼ ਕੀਤਾ ਜਾਣਾ ਸ਼ਾਮਲ ਹੈ। ਇਸ ਕਿਸਾਨ ਪੰਚਾਇਤ ਵਿੱਚ ਇੰਦਰਜੀਤ ਸਿੰਘ, ਸੰਦੀਪ ਧੀਰਨਵਾਸ, ਹਰੀ ਸਿੰਘ, ਦੀਵਾਨ ਸਿੰਘ, ਅਭਿਮਨਿਊ, ਮਦਨ ਖੋਥ, ਰਜਿੰਦਰ ਬਾਲਾਸਰ, ਰਾਜਕੁਮਾਰ ਸ਼ੇਖੂਪੁਰੀਆ, ਸੁਰਿੰਦਰ ਸਰਪੰਚ, ਗੁਰਦੀਪ, ਅਨਿਲ ਕਾਸਾਨੀਆ, ਬਲਰਾਮ ਸਹਾਰਨ, ਰਾਜੇਸ਼ ਬੇਨੀਵਾਲ, ਬਲਬੀਰ ਸਿੰਘ, ਦੀਵਾਨ ਸਹਾਰਨ, ਦਿਲਬਾਗ ਹੁੱਡਾ, ਰਣਧੀਰ ਜੋਧਕਨ, ਹਮਜਿੰਦਰ, ਅਭਿਮਨਿਊ, ਗੁਰਵਿੰਦਰ ਭਾਟੀ, ਜਸਬੀਰ ਸਿੰਘ ਭਾਟੀ, ਗੁਰਦਾਸ ਸਿੰਘ, ਰਾਧੇਸ਼ਿਆਮ ਵਰਮਾ, ਸ਼ੀਤਲ ਸਿੰਘ ਸਮੇਤ ਬਹੁਤ ਸਾਰੇ ਕਿਸਾਨ ਆਗੂ ਸ਼ਾਮਲ ਸਨ।

## ਕਾਤਰਾਂ

### ਸੜਕ ਹਾਦਸੇ ’ਚ ਨੌਜਵਾਨ ਦੀ ਮੌਤ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਐਨ ਐਚ-703 ਮੋਗਾ-ਬਰਨਾਲਾ ਨੈਸ਼ਨਲ ਹਾਈਵੇ ਰੋਡ ’ਤੇ ਪਿੰਡ ਮਾਛੀਕੇ ਨੇੜੇ ਇੱਕ ਭਿਆਨਕ ਸੜਕ ਹਾਦਸੇ ਵਿੱਚ ਪਿੰਡ ਮਾਛੀਕੇ ਦੇ ਰਹਿਣ ਵਾਲੇ ਗੁਰਪ੍ਰੀਤ ਸਿੰਘ ਪੁੱਤਰ ਗੁਰਜੰਟ ਸਿੰਘ ਦੀ ਮੌਤ ਹੋ ਗਈ।ਗੁਰਪ੍ਰੀਤ ਸਿੰਘ ਨੂੰ ਕਿਸੇ ਵਾਹਨ ਦੀ ਫੇਟ ਵੱਜਣ ਕਾਰਨ ਗੰਭੀਰ ਸੱਟਾਂ ਲੱਗੀਆਂ, ਜਿਸ ਨਾਲ ਉਸ ਦੀ ਮੌਕੇ ’ਤੇ ਹੀ ਮੌਤ ਹੋ ਗਈ।ਹਾਦਸੇ ਦੀ ਸੂਚਨਾ ਮਿਲਦੇ ਹੀ ਬਿਲਾਸਪੁਰ ਪੁਲਿਸ ਚੌਕੀ ਦੇ ਇੰਚਾਰਜ ਪ੍ਰੀਤਮ ਸਿੰਘ ਆਪਣੀ ਪੁਲਸ ਟੀਮ ਸਮੇਤ ਘਟਨਾ ਸਥਾਨ ’ਤੇ ਪਹੁੰਚੇ ਅਤੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ।ਪੁਲਸ ਵੱਲੋਂ ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਮੋਗਾ ਭੇਜ ਦਿੱਤਾ ਗਿਆ।

### ਸ੍ਰੀ ਚੰਦ ਟਾਈਂਵਾਲ ਨਮਿਤ ਪਾਠ ਦਾ ਭੋਗ ਅੱਜ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਕੋਟ ਈਸੇ ਖਾਂ ਵਾਸੀ ਸੋਹਣ ਸਿੰਘ, ਗਗਨਦੀਪ ਕੁਮਾਰ ਤੇ ਦੀਪਕ ਕੁਮਾਰ ਦੇ ਪਿਤਾ ਤੇ ਪੱਤਰਕਾਰ ਭੀਮ ਸੈਨ ਹਦਵਾਰੀਆ ਦੇ ਛੋਟੇ ਸਾਲਾ ਸ੍ਰੀ ਚੰਦ ਟਾਈਂਵਾਲ (ਰਿਟਾ. ਜੰਗਲਾਤ ਵਿਭਾਗ) ਪੁੱਤਰ ਸਵ: ਸ੍ਰੀ ਨੇਤ ਰਾਮ ਜੀ, ਜੋ 27 ਮਈ ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਹ 64 ਵਰ੍ਹਿਆਂ ਦੇ ਸਨ। ਉਨ੍ਹਾਂ ਦੇ ਦਿਹਾਂਤ ’ਤੇ ਵੱਖ-ਵੱਖ ਆਗੂਆਂ ਅਤੇ ਰਿਸ਼ਤੇਦਾਰ ਸਨੇਹੀ-ਪਿਆਰਿਆਂ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸ਼ੋਕਗ੍ਰਸਤ ਪਰਵਾਰ ਨਾਲ ਡੂੰਘੀ ਹਮਦਰਦੀ ਦਾ ਇਜ਼ਹਾਰ ਕੀਤਾ ਹੈ। ਸਵ: ਸ੍ਰੀ ਚੰਦ ਟਾਈਂਵਾਲ ਨਮਿਤ ਸ੍ਰੀ ਗਰੁੜ ਪੁਰਾਣ ਦੇ ਪਾਠਦਾ ਭੋਗ ਬਾਉਲੀ ਮੰਦਰ ਮਸੀਤਾਂ ਰੋਡ ਵਿਖੇ 5ਜੂਨ ਨੂੰ ਦੁਪਹਿਰ 12:00 ਤੋਂ 1:00 ਵਜੇ ਤੱਕ ਪਵੇਗਾ।

### ਸੜਕ ਹਾਦਸੇ ’ਚ ਕਾਰ ਡਰਾਈਵਰ ਦੀ ਮੌਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਰਾਹੋਂ ਰੋਡ ’ਤੇ ਬੀਤੀ ਰਾਤ ਪੈਟਰੋਲ ਪੰਪ ਨੇੜੇ ਵਾਪਰੇ ਸੜਕ ਹਾਦਸੇ ਵਿੱਚ ਕਾਰ ਡਰਾਈਵਰ ਹਰਮੇਸ਼ ਲਾਲ ਵਾਸੀ ਇੰਦਰਾ ਕਾਲੋਨੀ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਹਰਮੇਸ਼ ਲਾਲ ਕਾਰ ਚਲਾਉਣ ਦਾ ਕੰਮ ਕਰਦਾ ਸੀ ਤੇ ਬੀਤੀ ਰਾਤ ਉਹ ਪੈਟਰੋਲ ਪੰਪ ’ਤੇ ਗੱਡੀ ਖੜ ਕੇ ਜਦੋਂ ਸੜਕ ਪਾਰ ਕਰਨ ਲੱਗਾ ਤਾਂ ਇੱਕ ਟਰੱਕ ਨੇ ਉਸ ਨੂੰ ਜ਼ੋਰਦਾਰ ਫੇਟ ਮਾਰ ਦਿੱਤੀ। ਇਸ ਹਾਦਸੇ ਵਿੱਚ ਹਰਮੇਸ਼ ਲਾਲ ਦਾ ਸਿਰ ਬੁਰੀ ਤਰ੍ਹਾਂ ਕੁਚਲਿਆ ਗਿਆ ਤੇ ਉਸ ਦੀ ਮੌਕੇ ’ਤੇ ਹੀ ਮੌਤ ਹੋ ਗਈ। ਹਾਦਸੇ ਤੋਂ ਬਾਅਦ ਟਰੱਕ ਚਾਲਕ ਫ਼ਰਾਰ ਹੋ ਗਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਜਰਨੈਲ ਸਿੰਘ ਨੇ ਦੱਸਿਆ ਕਿ ਲਾਸ਼ ਨੂੰ ਕਬਜ਼ੇ ’ਚ ਕਰ ਪੋਸਟ ਮਾਰਟਮ ਲਈ ਰਖਵਾ ਦਿੱਤਾ ਹੈ ਅਤੇ ਸੀਸੀਟੀਵੀ ਕੈਮਰੇ ਦੀ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਹਾਦਸਾ ਕਰਨ ਵਾਲੇ ਟਰੱਕ ਦਾ ਪਤਾ ਚੱਲ ਸਕੇ। ਮ੍ਰਿਤਕ ਆਪਣੇ ਪਿੱਛੇ ਪਤਨੀ ਤੋਂ ਇਲਾਵਾ 2 ਬੱਚੇ ਛੱਡ ਗਿਆ ਹੈ।

# 400 ਗ੍ਰਾਮ ਸੋਨੇ ਦਾ ਬਿਸਕੁਟ ਤੇ ਨਕਦੀ ਚੋਰੀ ਮਾਮਲੇ ’ਚ 5 ਗ੍ਰਿਫ਼ਤਾਰ, ਇੱਕ ਫਰਾਰ

ਸ੍ਰੀ ਮੁਕਤਸਰ ਸਾਹਿਬ, ਮਲੋਟ, 4 ਜੂਨ (ਸ਼ਮਿੰਦਰਪਾਲ ਸਿੰਘ)-ਮਲੋਟ ਪੁਲਸ ਨੇ 400 ਗ੍ਰਾਮ ਸੋਨੇ ਦੇ ਬਿਸਕੁਟ ਤੇ 50 ਹਜ਼ਾਰ ਰੁਪਏ ਦੀ ਚੋਰੀ ਦੇ ਮਾਮਲੇ ਵਿੱਚ ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ, ਜਦਕਿ ਇੱਕ ਮੁਲਜ਼ਮ ਦੀ ਗ੍ਰਿਫ਼ਤਾਰੀ ਅਜੇ ਬਾਕੀ ਹੈ।ਥਾਣਾ ਸਿਟੀ ਮਲੋਟ ਵਿੱਚ ਐੱਫਆਈਆਰ ਨੰਬਰ 131 ਮਿਤੀ 03 ਜੂਨ 2026 ਨੂੰ ਭਾਰਤੀ ਨਿਆਂ ਸੰਹਿਤਾ (ਬੀਐੱਨਐੱਸ) ਦੀ ਧਾਰਾ 331(3) ਤੇ 305 ਤਹਿਤ ਦਰਜ ਕੀਤੇ ਮਾਮਲੇ ਅਨੁਸਾਰ ਬਲਦੇਵ ਕੁਮਾਰ ਪੁੱਤਰ ਸੋਹਨ ਲਾਲ ਵਾਸੀ ਗੁਰੂ ਨਾਨਕ ਨਗਰ ਮਲੋਟ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਸ ਦੀ ਪਤਨੀ ਕਾਂਚਨ, ਜੋ ਰਾਜਸਥਾਨ ਸਰਕਾਰ ਵਿੱਚ ਅਧਿਆਪਕਾ ਰਹੀ ਸੀ, ਦੀ ਸੇਵਾਮੁਕਤੀ ਤੋਂ ਬਾਅਦ ਮਿਲੀ ਰਕਮ ਨਾਲ 400 ਗ੍ਰਾਮ ਵਜ਼ਨ ਦਾ ਸੋਨੇ ਦਾ ਬਿਸਕੁਟ ਖਰੀਦਿਆ ਗਿਆ ਸੀ।ਸ਼ਿਕਾਇਤਕਰਤਾ ਨੇ ਦੱਸਿਆ ਕਿ ਪਤਨੀ ਦੀ ਮੌਤ ਤੋਂ ਬਾਅਦ ਘਰ ਦੀ ਸਫ਼ਾਈ ਤੇ ਖਾਣਾ ਬਣਾਉਣ ਲਈ ਰਾਣੀ ਸ਼ਰਮਾ ਨੂੰ ਰੱਖਿਆ ਗਿਆ ਸੀ।ਘਰ ਵਿੱਚ ਪਈ ਲੋਹੇ ਦੀ ਅਲਮਾਰੀ ਵਿੱਚ 50 ਹਜ਼ਾਰ ਰੁਪਏ ਨਕਦ ਤੇ 400 ਗ੍ਰਾਮ ਸੋਨੇ ਦਾ ਬਿਸਕੁਟ ਰੱਖਿਆ ਹੋਇਆ ਸੀ, ਜਿਸ ਬਾਰੇ ਰਾਣੀ ਸ਼ਰਮਾ ਨੂੰ ਜਾਣਕਾਰੀ ਸੀ।

ਦੋਸ਼ ਹੈ ਕਿ ਰਾਣੀ ਸ਼ਰਮਾ ਨੇ ਆਪਣੇ ਸਾਥੀਆਂ ਸੁਰੇਸ਼ ਨਾਗਪਾਲ, ਸੁਮਨ ਰਾਣੀ, ਗੁਰਪ੍ਰੀਤ ਸਿੰਘ, ਪਰਮਜੀਤ ਕੌਰ ਤੇ ਰਾਜਵਿੰਦਰ ਕੌਰ ਨਾਲ ਮਿਲ ਕੇ ਉਕਤ ਨਕਦੀ ਤੇ ਸੋਨੇ ਦਾ ਬਿਸਕੁਟ ਚੋਰੀ ਕਰ ਲਿਆ।ਜਾਂਚ ਦੌਰਾਨ ਸਾਹਮਣੇ ਆਇਆ ਕਿ ਚੋਰੀ ਕੀਤਾ ਗਿਆ ਸੋਨਾ ਦੁਬਈ ਤੋਂ ਲਿਆਂਦਾ ਹੋਇਆ ਦੱਸ ਕੇ ਮਲੋਟ ਦੇ ਇੱਕ ਜਵੈਲਰ ਕੋਲ ਵੇਚਣ ਦੀ ਕੋਸ਼ਿਸ਼ ਕੀਤੀ ਗਈ।ਪੁਲਸ ਨੇ ਮਾਮਲੇ ਵਿੱਚ ਰਾਣੀ ਸ਼ਰਮਾ, ਗੁਰਪ੍ਰੀਤ ਸਿੰਘ, ਪਰਮਜੀਤ ਕੌਰ, ਰਾਜਵਿੰਦਰ ਕੌਰ ਤੇ ਸੁਮਨ ਰਾਣੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦਕਿ ਸੁਰੇਸ਼ ਨਾਗਪਾਲ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।ਮਾਮਲੇ ਦੀ ਜਾਂਚ ਸਹਾਇਕ ਥਾਣੇਦਾਰ ਹਰਵਿੰਦਰ ਸਿੰਘ ਵੱਲੋਂ ਕੀਤੀ ਜਾ ਰਹੀ ਹੈ।

# ਦੋਹਰੀਆਂ ਡਿਊਟੀਆਂ ਨੂੰ ਲੈ ਕੇ ਅਧਿਆਪਕਾਂ ’ਚ ਰੋਸ

**ਡੀ ਟੀ ਐੱਫ ਦਾ ਵਫਦ ਐੱਸ ਡੀ ਐੱਮ ਨੂੰ ਮਿਲਿਆ**



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਬਲਾਕ ਪਾਤੜਾਂ ਅਧੀਨ ਜਨਗਣਨਾ ਤਹਿਤ ਤਾਇਨਾਤ ਅਧਿਆਪਕਾਂ ਦੀਆਂ ਬੀਐੱਲਓ ਵਜੋਂ ਦੋਹਰੀਆਂ ਡਿਊਟੀਆਂ ਲਗਾਉਣ ਨੂੰ ਲੈ ਕੇ ਅਧਿਆਪਕਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ।ਮਾਮਲੇ ਨੂੰ ਲੈ ਕੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਵਫ਼ਦ ਵੱਲੋਂ ਐੱਸਡੀਐੱਮ ਪਾਤੜਾਂ ਕਾਲਾ ਰਾਮ ਕਾਂਸਲ ਨਾਲ ਮੀਟਿੰਗ ਦੌਰਾਨ ਦੋਹਰੀਆਂ ਡਿਊਟੀਆਂ ਨੂੰ ਤਰਕਸੰਗਤ ਕਰਨ ਲਈ ਮੰਗ ਪੱਤਰ ਦਿੱਤਾ ਗਿਆ।ਇਸ ਦੌਰਾਨ ਐੱਸਡੀਐੱਮ ਨੇ ਮੌਕੇ ’ਤੇ ਜਨਗਣਨਾ ਤਹਿਤ ਕੰਮ ਕਰ ਰਹੇ ਅਧਿਆਪਕਾਂ ਨੂੰ ਬੀ.ਐੱਲ.ਓ. ਡਿਊਟੀਆਂ ਤੋਂ ਫ਼ਾਰਗ ਕਰਨ ਸੰਬੰਧੀ ਨਿਰਦੇਸ਼ ਦਿੱਤੇ ਗਏ।

ਰੋਸ ਪ੍ਰਗਟ ਕਰ ਰਹੇ ਡੀਟੀਐੱਫ ਦੇ ਆਗੂਆਂ ਅਤਿੰਦਰਪਾਲ ਘੱਗਾ, ਜਸਪਾਲ ਖਾਂਗ ਤੇ ਰਾਜੀਵ ਕੁਮਾਰ ਨੇ ਦੱਸਿਆ ਕਿ ਸੂਬੇ ਭਰ ਵਿੱਚ ਜਨਗਣਨਾ, ਡਰੱਗ ਸਰਵੇ, ਬੀਐੱਲਓ ਤਹਿਤ ਵੋਟਾਂ ਦੀ ਸੁਧਾਈ, ਐੱਸਆਈਆਰ ਆਦਿ ਕਈ ਕਿਸਮ ਦੀਆਂ ਗੈਰ-ਵਿੱਦਿਅਕ ਡਿਊਟੀਆਂ ਦਾ ਵੱਡਾ ਭਾਰ ਅਧਿਆਪਕਾਂ ਸਿਰ ਲੱਦਿਆ ਹੋਇਆ ਹੈ, ਜਦਕਿ ਅਧਿਆਪਕਾਂ ਦੀ ਮੁੱਖ ਡਿਊਟੀ ਸਕੂਲੀ ਬੱਚਿਆਂ ਨੂੰ ਪੜ੍ਹਾਉਣ ਦਾ ਹੈ। ਇਸ ਤੋਂ ਵੀ ਵੱਧ ਕੇ ਕਈ ਅਧਿਆਪਕਾਂ ਨੂੰ ਅਜਿਹੀਆਂ ਦੋਹਰੀ ਡਿਊਟੀਆਂ ਦੇਣ ਲਈ ਵੀ ਪੱਤਰ ਜਾਰੀ ਕਰ ਦਿੱਤੇ ਜਾਂਦੇ ਹਨ।ਇਸ ਸਬੰਧੀ ਡੀਟੀਐੱਫ ਵੱਲੋਂ ਕੀਤੇ ਲਗਾਤਾਰ ਯਤਨਾਂ ਸਦਕਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਨਗਣਨਾ ਅਧੀਨ ਨਿਯੁਕਤ ਅਧਿਆਪਕਾਂ ਨੂੰ ਹੋਰਨਾਂ ਦਫਤਰੀ ਡਿਊਟੀਆਂ ਵਿੱਚ ਨਾ ਲਗਾਉਣ ਦਾ ਜਨਰਲ ਨਿਯਮ ਤੈਅ ਕੀਤਾ ਗਿਆ ਹੈ, ਪਰ ਇਸ ਅਮਲਦਾਰੀ ਦੇ ਉਲਟ ਪਿਛਲੇ ਦਿਨੀਂ ਐੱਸਡੀਐੱਮ ਦਫ਼ਤਰ ਵਿਖੇ ਦੋਹਰੀ ਡਿਊਟੀਆਂ ਸਬੰਧੀ ਮਿਲਣ ਗਏ ਜਥੇਬੰਦੀ ਦੇ ਵਫ਼ਦ ਨਾਲ ਜਿੱਥੇ ਗੈਰ-ਮਿਆਰੀ ਵਿਹਾਰ ਕੀਤਾ ਗਿਆ, ਸਗੋਂ ਬੀਐੱਲਓ ਡਿਊਟੀ ’ਤੇ ਹਾਜ਼ਰ ਨਾ ਹੋਣ ਦਾ ਹਵਾਲਾ ਦੇ ਕੇ ਕਾਰਨ ਦੱਸੋ ਨੋਟਿਸ ਵੀ ਜਾਰੀ ਕੀਤਾ ਗਿਆ ਸੀ।

ਬਲਾਕ ਆਗੂ ਬਲਜਿੰਦਰ ਘੱਗਾ, ਸ਼ੰਕਰ ਸਿੰਘ ਤੇ ਗੁਰਧਿਆਨ ਸਿੰਘ ਨੇ ਦੱਸਿਆ ਕਿ ਦਫ਼ਤਰ ਦੀ ਇਸ ਵੱਧਵੀਂ ਕਾਰਵਾਈ ਦੇ ਰੋਸ ਵਿੱਚ ਡੀਟੀਐੱਫ ਦੇ ਸੱਦੇ ’ਤੇ ਮਾਸ ਡੈਪੂਟੇਸ਼ਨ ਦੇ ਰੂਪ ਵਿੱਚ ਇਕੱਤਰ ਹੋਏ ਅਧਿਆਪਕਾਂ ਵੱਲੋਂ ਐੱਸਡੀਐੱਮ ਦਫ਼ਤਰ ਦੇ ਬਾਹਰ ਸੰਕੇਤਕ ਰੋਸ ਪ੍ਰਦਰਸ਼ਨ ਵੀ ਕੀਤਾ ਗਿਆ।ਜਥੇਬੰਦੀ ਦੇ ਵਫ਼ਦ ਵੱਲੋਂ ਦਿੱਤੇ ਮੰਗ ਪੱਤਰ ’ਤੇ ਪ੍ਰਸ਼ਾਸਨ ਨਾਲ ਵਿਸਥਾਰੀ ਚਰਚਾ ਕੀਤੀ ਗਈ ਅਤੇ ਦਰਸਾਏ ਮਾਮਲਿਆਂ ਨੂੰ ਹੱਲ ਕਰਨ ਦਾ ਉਨ੍ਹਾਂ ਵੱਲੋਂ ਲੋੜੀਂਦੇ ਨਿਰਦੇਸ਼ ਜਾਰੀ ਕੀਤੇ ਗਏ।ਇਸ ਮੌਕੇ ਦਵਿੰਦਰ ਸਿੰਘ, ਸਤਵਿੰਦਰ ਸਿੰਘ, ਬਲਜੀਤ ਸਿੰਘ, ਸੁਨੀਲ ਕੁਮਾਰ, ਵਿਨੋਦ ਕੁਮਾਰ, ਸੁਖਬੀਰ ਸਿੰਘ, ਸ਼ਾਮ ਕੁਮਾਰ, ਜਿੰਦਰ ਸਿੰਘ, ਭੁਪਿੰਦਰ ਸਿੰਘ ਤੇ ਹੋਰ ਵੱਡੀ ਗਿਣਤੀ ਅਧਿਆਪਕ ਹਾਜ਼ਰ ਸਨ।

# ਕਾਂਗਰਸੀ ਆਗੂ ਡਾ. ਹਮੀਦੀ ਨੂੰ ਸਦਮਾ, ਪਿਤਾ ਦਾ ਦਿਹਾਂਤ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਕਾਂਗਰਸ ਪਾਰਟੀ ਦੇ ਜ਼ਿਲ੍ਹਾ ਜਰਨਲ ਸਕੱਤਰ ਡਾ: ਬਲਵੰਤ ਰਾਏ ਸ਼ਰਮਾ ਹਮੀਦੀ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ, ਜਦੋਂ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਸ੍ਰੀ ਰਘਵੀਰ ਚੰਦ ਸ਼ਰਮਾ ਸਦੀਵੀ ਵਿਛੋੜਾ ਦੇ ਗਏ।ਉਨ੍ਹਾ ਦੇ ਅੰਤਿਮ ਸੰਸਕਾਰ ਸਮੇਂ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਕਾਲਾ ਢਿੱਲੋਂ ਸਮੇਤ ਵੱਖ-ਵੱਖ ਆਗੂਆਂ, ਨਗਰ ਪੰਚਾਇਤਾਂ, ਯੂਥ ਕਲੱਬਾਂ, ਪਾਰਟੀ ਆਗੂਆਂ ਨੇ ਦੁਸ਼ਾਲੇ ਭੇਟ ਕਰਕੇ ਨਮ ਅੱਖਾਂ ਨਾਲ ਰਘਵੀਰ ਸ਼ਰਮਾ ਨੂੰ ਅੰਤਿਮ ਵਿਦਾਇਗੀ ਦਿੱਤੀ।ਪਰਿਵਾਰਕ ਮੈਂਬਰਾਂ ਅਨੁਸਾਰ ਸ੍ਰੀ ਰਘਵੀਰ ਚੰਦ ਸ਼ਰਮਾ ਦਾ ਅੰਗੀਠਾ ਸੰਭਾਲਣ (ਫੁੱਲ ਚੁਗਣ) ਦੀ ਰਸਮ 5 ਜੂਨ ਸ਼ੁੱਕਰਵਾਰ ਨੂੰ ਪਿੰਡ ਹਮੀਦੀ (ਬਰਨਾਲਾ) ਹੋਵੇਗੀ।

# ਡੀ ਐੱਮ ਡਾਂਸ ਐਂਡ ਫਿਟਨੈੱਸ ਸਟੂਡੀਓ ਵੱਲੋਂ ਸਮਰ ਕੈਂਪ ਸ਼ੁਰੂ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਬੱਚਿਆਂ ਦੀਆਂ ਗਰਮੀ ਦੀਆਂ ਛੁੱਟੀਆਂ ਨੂੰ ਰਚਨਾਤਮਕ ਤੇ ਸਿਹਤਮੰਦ ਬਣਾਉਣ ਦੇ ਮਕਸਦ ਨਾਲ ਇੱਥੋਂ ਦੇ ਪ੍ਰਸਿੱਧ ‘ਡੀ ਐੱਮ ਡਾਂਸ ਐਂਡ ਫਿਟਨੈੱਸ ਸਟੂਡੀਓ’ ਵੱਲੋਂ ਸਮਰ ਕੈਂਪ 2026 ਦੀ ਸ਼ੁਰੂਆਤ ਕੀਤੀ ਗਈ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਟੂਡੀਓ ਦੇ ਡਾਇਰੈਕਟਰ ਅਭੀ ਡੋਗਰਾ ਨੇ ਦੱਸਿਆ ਕਿ ਅੱਜ ਦੇ ਦੌਰ ਵਿੱਚ ਬੱਚੇ ਮੋਬਾਈਲ ਤੇ ਟੀ.ਵੀ. ਦੀ ਦੁਨੀਆ ਵਿੱਚ ਗੁਆਚਦੇ ਜਾ ਰਹੇ ਹਨ।ਇਸ ਕੈਂਪ ਦਾ ਮੁੱਖ ਉਦੇਸ਼ ਉਨ੍ਹਾਂ ਨੂੰ ਇਸ ਸਕਰੀਨ ਟਾਈਮ ਤੋਂ ਬਾਹਰ ਕੱਢ ਕੇ ਸਰੀਰਕ ਗਤੀਵਿਧੀਆਂ ਤੇ ਕਲਾ ਦੇ ਲੜ ਲਾਉਣਾ ਹੈ।ਇਹ ਕੈਂਪ 1 ਜੂਨ ਤੋਂ ਸ਼ੁਰੂ ਹੋ ਕੇ 30 ਜੂਨ 2026 ਤੱਕ ਨਿਰੰਤਰ ਜਾਰੀ ਰਹੇਗਾ।ਕੈਂਪ ਦੌਰਾਨ ਬੱਚਿਆਂ ਨੂੰ ਭੰਗੜਾ, ਹਿੱਪ-ਹੌਪ, ਬਾਲੀਵੁੱਡ, ਵੈਸਟਰਨ ਤੇ ਫ੍ਰੀਸਟਾਈਲ ਡਾਂਸ ਦੀ ਪੇਸ਼ੇਵਰ ਸਿਖਲਾਈ ਦਿੱਤੀ ਜਾਵੇਗੀ।ਡਾਇਰੈਕਟਰ ਅਭੀ ਡੋਗਰਾ ਨੇ ਦੱਸਿਆ ਕਿ ਕੈਂਪ ਦੀ ਸਮਾਪਤੀ ’ਤੇ ਹਿੱਸਾ ਲੈਣ ਵਾਲੇ ਸਾਰੇ ਬੱਚਿਆਂ ਨੂੰ ਭਾਗੀਦਾਰੀ ਸਰਟੀਫਿਕੇਟ ਦਿੱਤੇ ਜਾਣਗੇ।ਇਸ ਦੇ ਨਾਲ ਹੀ ਕੈਂਪ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਤੌਰ ’ਤੇ ਮੈਡਲ ਦੇ ਕੇ ਨਿਵਾਜਿਆ ਜਾਵੇਗਾ।

# ਮਗਨਰੇਗਾ ਸਟਾਫ਼ ਵੱਲੋਂ ਦੂਜੇ ਦਿਨ ਵੀ ਹੜਤਾਲ, ਭਵਿੱਖ ’ਚ ਹੋਰ ਤੇਜ਼ ਹੋਵੇਗਾ ਸੰਘਰਸ਼



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵਿੱਚ ਪਿਛਲੇ ਲਗਭਗ 17 ਸਾਲਾਂ ਤੋਂ ਕੰਟਰੈਕਟ ਅਧਾਰਤ ਸੇਵਾਵਾਂ ਨਿਭਾਅ ਰਹੇ ਨਰੇਗਾ ਮੁਲਾਜ਼ਮਾਂ ਵੱਲੋਂ ਇੱਥੇ ਪੰਚਾਇਤ ਮੰਤਰੀ ਤਰਨਪ੍ਰੀਤ ਸਿੰਘ ਸੌਂਦ ਦੀ ਕੋਠੀ ਅੱਗੇ ਇੱਕ ਵਿਸ਼ਾਲ ਰੋਸ ਧਰਨਾ ਲਾਇਆ ਗਿਆ। ਧਰਨੇ ਵਿੱਚ ਪੰਜਾਬ ਭਰ ਤੋਂ ਵੱਡੀ ਗਿਣਤੀ ਵਿੱਚ ਨਰੇਗਾ ਮੁਲਾਜ਼ਮਾਂ ਨੇ ਪੂਰੇ ਜੋਸ਼ ਨਾਲ ਹਿੱਸਾ ਲਿਆ। ਧਰਨੇ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਦੱਸਿਆ ਕਿ ਚੋਣਾਂ ਤੋਂ ਪਹਿਲਾਂ ਤੇ ਸਰਕਾਰ ਬਣਨ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਜੀ ਨੇ ਨਰੇਗਾ ਮੁਲਾਜ਼ਮਾਂ ਨਾਲ ਵਾਅਦਾ ਕੀਤਾ ਸੀ ਕਿ ਹੁਣ ਠੇਕੇਦਾਰੀ ਸਿਸਟਮ ਬਿਲਕੁਲ ਬੰਦ ਕਰਕੇ ਪੰਚਾਇਤ ਵਿਭਾਗ ਵਿੱਚ ਨਰੇਗਾ ਮੁਲਾਜ਼ਮਾਂ ਨੂੰ ਪੱਕੀਆਂ ਅਸਾਮੀਆਂ ’ਤੇ ਮਰਜ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਰੇਗਾ ਬੰਦ ਕਰਕੇ ਵਿਕਸਤ ਭਾਰਤ ਜੀ ਰਾਮ ਜੀ ਬਿੱਲ ਪਾਸ ਕਰਨ ਵਿਰੁੱਧ ਪੰਜਾਬ ਸਰਕਾਰ ਵੱਲੋਂ ਬੁਲਾਏ ਵਿਸ਼ੇਸ਼ ਇਜਲਾਸ ਦੌਰਾਨ ਮੁੱਖ ਮੰਤਰੀ ਨੇ ਨਰੇਗਾ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਥਾਂ ਨਰੇਗਾ ਮੁਲਾਜ਼ਮਾਂ ਦੇ ਵਿਰੁੱਧ ਹੀ ਬਿਆਨ ਦਿੱਤੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਣਾਈ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਲਈ ਬਣਾਈ ਪਾਲਿਸੀ ਵੀ ਨਰੇਗਾ ਮੁਲਾਜ਼ਮਾਂ ਦਾ ਕੁੱਝ ਸੰਵਾਰ ਨਹੀਂ ਸਕੀ। ਵਿਭਾਗ ਵੱਲੋਂ ਨਰੇਗਾ ਮੁਲਾਜ਼ਮਾਂ ਡਾਟਾ ਪੋਰਟਲ ਰਾਹੀਂ ਇਕੱਠਾ ਕਰਕੇ ਪ੍ਰੋਸੋਨਲ ਤੇ ਵਿੱਤ ਵਿਭਾਗ ਦੀਆਂ ਪ੍ਰਵਾਨਗੀਆਂ ਲੈਣ ਦੇ ਬਾਵਜੂਦ ਨਰੇਗਾ ਮੁਲਾਜ਼ਮਾਂ ਨੂੰ ਆਰਡਰ ਨਹੀਂ ਦਿੱਤੇ ਗਏ। ਦੂਜੇ ਪਾਸੇ ਪੰਚਾਇਤ ਸਕੱਤਰਾਂ ਤੇ ਵੀਡੀਓਜ਼ ਦਾ ਕੇਡਰ ਇਕੱਠਾ ਕਰਕੇ ਨਵੀਂ ਅਸਾਮੀ ਪੰਚਾਇਤ ਵਿਕਾਸ ਸਕੱਤਰ ਨੂੰ ਪੰਜਾਬ ਸਰਕਾਰ ਨੇ ਕੈਬਨਿਟ ਵੱਲੋਂ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ। ਇਸ ਲਈ ਪੰਚਾਇਤ ਸੰਮਤੀ ਦੀਆਂ ਪੰਚਾਇਤ ਸਕੱਤਰਾਂ ਤੇ ਵੀਡੀਓਜ਼ ਦੀਆਂ ਸਾਰੀਆਂ ਅਸਾਮੀਆਂ ਖਾਲੀ ਹੋ ਚੁੱਕੀਆਂ ਹਨ। ਦਫ਼ਤਰੀ ਕਰਮਚਾਰੀਆਂ ਦੀਆਂ ਅਸਾਮੀਆਂ ਵੀ ਖ਼ਾਲੀ ਪਈਆਂ ਹਨ। ਇੱਕ ਪਾਸੇ ਮੁੱਖ ਮੰਤਰੀ 63000 ਨੌਕਰੀਆਂ ਦੇਣ ਤੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਦਾਅਵਾ ਕਰ ਰਹੇ ਹਨ, ਦੂਜੇ ਪਾਸੇ 17 ਸਾਲਾਂ ਤੋਂ ਨੌਕਰੀ ਕਰ ਰਹੇ ਨਰੇਗਾ ਮੁਲਾਜ਼ਮਾਂ ਨੂੰ ਪੱਕੇ ਕਰਨਾ ਤਾਂ ਦੂਰ ਪੰਜ-ਪੰਜ ਮਹੀਨੇ ਦੀ ਤਨਖ਼ਾਹ ਵੀ ਨਹੀਂ ਦਿੱਤੀ ਜਾ ਰਹੀ। ਧਰਨੇ ਦੌਰਾਨ ਯੂਨੀਅਨ ਵੱਲੋਂ ਫ਼ੈਸਲਾ ਕੀਤਾ ਗਿਆ ਕਿ ਇਹ ਇੱਕ ਦਿਨ ਦਾ ਸੰਕੇਤਕ ਧਰਨਾ ਸੀ, ਜੇਕਰ ਆਉਣ ਵਾਲੇ ਸਮੇਂ ਵਿੱਚ ਕੰਮ ਮੁਕੰਮਲ ਬੰਦ ਕਰਨੇ ਪਏ ਤਾਂ ਕੰਮ ਵੀ ਬੰਦ ਕਰਾਂਗੇ, ਪੱਕਾ ਧਰਨਾ ਲਾਉਣਾ ਪਿਆ ਤਾਂ ਉਹ ਵੀ ਲਾਵਾਂਗੇ, ਵਿੱਤ ਮੰਤਰੀ ਜਾਂ ਮੁੱਖ ਮੰਤਰੀ ਦਾ ਘਿਰਾਓ ਕਰਨਾ ਪਿਆ ਤਾਂ ਉਹ ਵੀ ਕਰਾਂਗੇ। ਜੇਕਰ ਲੋੜ ਪਈ ਤਾਂ ਪਿੰਡਾਂ ਵਿੱਚ ਕੰਮ ਕਰਦੇ 30 ਲੱਖ ਨਰੇਗਾ ਮਜ਼ਦੂਰਾਂ ਨੂੰ ਨਾਲ ਲੈ ਕੇ ਪਿੰਡਾਂ ਵਿੱਚ ਵੀ ਲੀਡਰਾਂ ਦੇ ਘਿਰਾਓ ਕੀਤੇ ਜਾਣਗੇ। ਧਰਨੇ ਦੌਰਾਨ ਸੂਬਾ ਪ੍ਰਧਾਨ ਸੇਵਕ ਸਿੰਘ ਝੰਡੂਕੇ, ਅਮਰੀਕ ਸਿੰਘ ਮਹਿਰਾਜ, ਵਰਿੰਦਰ ਸਿੰਘ ਬਠਿੰਡਾ, ਗੁਰਦੀਪ ਦਾਸ, ਰਣਧੀਰ ਸਿੰਘ ਧੀਮਾਨ, ਸੰਜੀਵ ਕਾਕੜਾ, ਸੰਦੀਪ ਗੁਰਦਾਸਪੁਰ, ਜੋਗਿੰਦਰ ਮੁਕਤਸਰ, ਮਨਪ੍ਰੀਤ ਤਰਨਤਾਰਨ, ਜੀਵਨ ਕੁਮਾਰ ਮੌੜ, ਅੰਮ੍ਰਿਤਪਾਲ ਸਿੰਘ ਫਾਜ਼ਿਲਕਾ, ਸੰਦੀਪ ਲੁਧਿਆਣਾ, ਹਰਪਿੰਦਰ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।

# ਪੰਜਾਬੀ ’ਵਰਸਿਟੀ ਵੱਲੋਂ ਫੀਸਾਂ ’ਚ ਭਾਰੀ ਵਾਧੇ ਖ਼ਿਲਾਫ਼ ਕਾਲਜਾਂ ’ਚ ਰੋਸ

**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਪੰਜਾਬ ਦੇ ਕਾਲਜਾਂ ਦੀ ਜਥੇਬੰਦੀ ਜੈਕ ਤੇ ਪੰਜਾਬੀ ਯੂਨੀਵਰਸਿਟੀ ਨਾਲ ਸੰਬੰਧਤ ਐਜੂਕੇਸ਼ਨ ਕਾਲਜਾਂ ਦੇ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕਾਲਜਾਂ ਨਾਲ ਸੰਬੰਧਤ ਵੱਖ-ਵੱਖ ਫੀਸਾਂ ਵਿੱਚ ਕੀਤੇ ਗਏ ਵੱਡੇ ਵਾਧੇ ਦੀ ਨਿੰਦਾ ਕਰਦਿਆਂ ਕਿਹਾ ਕਿ ਯੂਨੀਵਰਸਿਟੀ ਨੇ ਸਾਲਾਨਾ ਕੰਟੀਨਿਊਏਸ਼ਨ ਫੀਸ, ਆਰਜ਼ੀ ਤੇ ਪੱਕੀ ਐਫਿਲੀਏਸ਼ਨ ਫੀਸ ਵਿੱਚ 100 ਤੋਂ 300 ਫੀਸਦੀ ਤੱਕ ਵਾਧਾ ਕਰ ਦਿੱਤਾ ਹੈ, ਜਿਸ ਨਾਲ ਕਾਲਜਾਂ ਤੇ ਵਿਦਿਆਰਥੀਆਂ ਉੱਤੇ ਵਾਧੂ ਵਿੱਤੀ ਬੋਝ ਪਵੇਗਾ।ਡਾ. ਧੂਰੀ ਨੇ ਦੱਸਿਆ ਕਿ ਹਾਲ ਹੀ ਵਿੱਚ ਪੰਜਾਬੀ ਯੂਨੀਵਰਸਿਟੀ ਨਾਲ ਸੰਬੰਧਤ ਐਜੂਕੇਸ਼ਨ, ਡਿਗਰੀ, ਲਾਅ ਤੇ ਫਿਜ਼ੀਕਲ ਐਜੂਕੇਸ਼ਨ ਕਾਲਜਾਂ ਦੇ ਪ੍ਰਬੰਧਕਾਂ ਦੀ ਇੱਕ ਮੀਟਿੰਗ ਹੋਈ, ਜਿਸ ਵਿੱਚ ਯੂਨੀਵਰਸਿਟੀ ਦੇ ਨਵੇਂ ਫੈਸਲਿਆਂ ਉੱਤੇ ਗੰਭੀਰ ਚਿੰਤਾ ਪ੍ਰਗਟਾਈ ਗਈ।

ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਨੇ ਕਾਲਜਾਂ ਵੱਲੋਂ ਜਮ੍ਹਾਂ ਕਰਵਾਏ ਜਾਣ ਵਾਲੇ ਇੰਡੋਮੈਂਟ ਫੰਡ ਦੀ ਰਕਮ ਵੀ ਦੁੱਗਣੀ ਕਰ ਦਿੱਤੀ ਹੈ ਅਤੇ 20 ਲੱਖ ਰੁਪਏ ਦੀ ਐੱਫ.ਡੀ.ਆਰ. ਨੂੰ ਵਧਾ ਕੇ 40 ਲੱਖ ਰੁਪਏ ਕਰ ਦਿੱਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਇੰਡੋਮੈਂਟ ਫੰਡ ਦਾ ਮਕਸਦ ਸੰਕਟ ਦੀ ਸਥਿਤੀ ਵਿੱਚ ਕਾਲਜ ਦੇ ਸਟਾਫ ਤੇ ਵਿਦਿਆਰਥੀਆਂ ਦੀ ਮਦਦ ਕਰਨਾ ਹੁੰਦਾ ਹੈ।ਡਾ. ਧੂਰੀ ਨੇ ਦੋਸ਼ ਲਗਾਇਆ ਕਿ ਨਿਯਮਾਂ ਅਨੁਸਾਰ ਯੂਨੀਵਰਸਿਟੀ ਵੱਲੋਂ ਐੱਫ.ਡੀ.ਆਰ. ਦੇ ਵਿਆਜ ਵਿੱਚੋਂ ਕੇਵਲ 2 ਫੀਸਦੀ ਸਰਵਿਸ ਚਾਰਜ ਲਿਆ ਜਾਣਾ ਚਾਹੀਦਾ ਹੈ, ਪਰ ਲੰਬੇ ਸਮੇਂ ਤੋਂ ਕੁੱਲ ਵਿਆਜ ਦਾ 50 ਫੀਸਦੀ ਹਿੱਸਾ ਵਸੂਲਿਆ ਜਾ ਰਿਹਾ ਹੈ।ਇਸ ਮੌਕੇ ਡਾ. ਰਾਮ ਢੱਲ ਨੇ ਕਿਹਾ ਕਿ ਯੂਨੀਵਰਸਿਟੀ ਆਪਣੇ ਵਿੱਤੀ ਸੰਕਟ ਨਾਲ ਨਜਿੱਠਣ ਲਈ ਕਾਲਜਾਂ ਤੇ ਵਿਦਿਆਰਥੀਆਂ ਉੱਤੇ ਵਾਧੂ ਆਰਥਿਕ ਬੋਝ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਯੂਨੀਵਰਸਿਟੀ ਨੇ ਆਪਣੇ ਜਾਰੀ ਕੀਤੇ ਪੱਤਰ ਤੇ ਫੀਸ ਵਾਧੇ ਦੇ ਫ਼ੈਸਲੇ ਵਾਪਸ ਨਾ ਲਏ ਤਾਂ ਕਾਲਜ ਸੰਘਰਸ਼ ਦਾ ਰਾਹ ਅਪਣਾਉਣਗੇ ਤੇ ਲੋੜ ਪੈਣ ’ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਵੀ ਖੜਕਾਇਆ ਜਾਵੇਗਾ।

# ਦੋਸਤ ਨੇ ਹੀ ਕੀਤਾ ਗੋਲੀਆਂ ਮਾਰ ਕੇ ਕਤਲ



**ਮੋਗਾ (ਇਕਬਾਲ ਸਿੰਘ ਖਹਿਰਾ)**

29 ਮਈ ਨੂੰ ਮੋਗਾ ਦੇ ਪਿੰਡ ਕਪੂਰੇ ਵਿੱਚ ਨੌਜਵਾਨ ਅਰਸ਼ਦੀਪ ਸਿੰਘ ਦੇ ਗੋਲੀਆਂ ਮਾਰ ਕੇ ਕੀਤੇ ਗਏ ਕਤਲ ਦੇ ਮਾਮਲੇ ਦੀ ਗੁੱਥੀ ਧਰਮਕੋਟ ਪੁਲਸ ਨੇ ਸੁਲਝਾ ਲਈ ਹੈ।ਪੁਲਸ ਨੇ ਇਸ ਮਾਮਲੇ ਵਿੱਚ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਖ਼ੂਨੀ ਵਾਰਦਾਤ ਦੋਸਤਾਂ ਵਿਚਾਲੇ ਹੋਈ ਤਕਰਾਰ ਦਾ ਨਤੀਜਾ ਸੀ।ਡੀਐਸਪੀ ਧਰਮਕੋਟ ਸੁਖਵਿੰਦਰ ਸਿੰਘ ਬਰਾੜ ਨੇ ਕਿਹਾ ਕਿ 29 ਮਈ ਦੀ ਸਵੇਰ ਪਿੰਡ ਕਪੂਰੇ ਨੇੜੇ ਇੱਕ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।ਘਟਨਾ ਦੀ ਸੂਚਨਾ ਮਿਲਣ ਉਪਰੰਤ ਪੁਲਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਸੀ।ਜਾਂਚ ਦੌਰਾਨ ਪੁਲਸ ਨੇ ਤਿੰਨ ਵਿਅਕਤੀਆਂ ਜਗਸੀਰ ਸਿੰਘ, ਹਰਕੋਮਲ ਸਿੰਘ ਤੇ ਜਗਜੀਤ ਸਿੰਘ ਨੂੰ ਕਾਬੂ ਕਰਕੇ ਪੁਲਿਸ ਰਿਮਾਂਡ ਦੌਰਾਨ ਪੁੱਛ ਗਿੱਛ ਕੀਤੀ ਗਈ, ਜਿਸ ਵਿੱਚ ਖੁਲਾਸਾ ਹੋਇਆ ਕਿ ਮ੍ਰਿਤਕ ਅਰਸ਼ਦੀਪ ਸਿੰਘ, ਜੋ ਬੱਧਨੀ ਦਾ ਰਹਿਣ ਵਾਲਾ ਸੀ, ਆਪਣੇ ਦੋਸਤਾਂ ਨਾਲ ਇੰਦਰਗੜ੍ਹ ਸਥਿਤ ਇੱਕ ਧਾਰਮਿਕ ਸਥਾਨ ’ਤੇ ਗਿਆ ਹੋਇਆ ਸੀ।

ਡੀ.ਐਸ.ਪੀ ਬਰਾੜ ਨੇ ਦੱਸਿਆ ਕਿ ਧਾਰਮਿਕ ਸਥਾਨ ਤੋਂ ਵਾਪਸੀ ਦੌਰਾਨ ਪਿੰਡ ਕਪੂਰੇ ਨੇੜੇ ਕਿਸੇ ਗੱਲ ਨੂੰ ਲੈ ਕੇ ਦੋਸਤਾਂ ਵਿਚਾਰ ਤਕਰਾਰ ਹੋ ਗਈ।ਇਹ ਬਹਿਸ ਐਨੀ ਵਧ ਗਈ ਕਿ ਜਗਜੀਤ ਸਿੰਘ ਨੇ ਆਪਣੇ ਪਿਸਤੌਲ ਨਾਲ ਅਰਸ਼ਦੀਪ ’ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ ਉਸ ਦੀ ਮੌਕੇ ’ਤੇ ਹੀ ਮੌਤ ਹੋ ਗਈ।

ਉਨ੍ਹਾਂ ਦੱਸਿਆ ਕਿ ਪੁਲਸ ਨੇ ਤਕਨੀਕੀ ਤੇ ਮਨੁੱਖੀ ਸੂਤਰਾਂ ਦੀ ਮਦਦ ਨਾਲ ਵਾਰਦਾਤ ਦੇ 72 ਘੰਟਿਆਂ ਅੰਦਰ ਹੀ ਤਿੰਨਾਂ ਦੋਸ਼ੀਆਂ ਨੂੰ ਕਾਬੂ ਕਰ ਲਿਆ ਸੀ।ਪੁਲਸ ਵੱਲੋਂ ਮਾਮਲੇ ਦੀ ਗਹਿਰਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।ਡੀ.ਐਸ.ਪੀ ਧਰਮਕੋਟ ਨੇ ਦੱਸਿਆ ਕਿ ਮ੍ਰਿਤਕ ਅਰਸ਼ਦੀਪ ਖ਼ਿਲਾਫ਼ ਵੀ ਵੱਖ-ਵੱਖ ਧਾਰਾਵਾਂ ਤਹਿਤ 6 ਅਪਰਾਧਕ ਮਾਮਲੇ ਦਰਜ ਹਨ।

# ਅਕਬਰਪੁਰ ਦੀ 789 ਏਕੜ ਜ਼ਮੀਨ ਨੂੰ ਪਹਿਲੀ ਵਾਰ ਮਿਲੇਗਾ ਨਹਿਰੀ ਪਾਣੀ

## ਕੈਬਨਿਟ ਮੰਤਰੀ ਅਮਨ ਅਰੋੜਾ ਨੇ ਪਾਈਪ ਲਾਈਨ ਪਾਉਣ ਦਾ ਨੀਂਹ ਪੱਥਰ ਰੱਖ ਕੇ ਕੰਮ ਦੀ ਕੀਤੀ ਸ਼ੁਰੂਆਤ

**ਭਵਾਨੀਗੜ੍ਹ/ਸੁਨਾਮ (ਪ੍ਰਵੀਨ ਸਿੰਘ/ਰਾਜ ਖੁਰਮੀ/ਅਸ਼ੋਕ ਬਾਂਸਲ, ਹਾਕਮ ਭੱਟੀ)**

ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਹਲਕਾ ਸੁਨਾਮ ਦੇ ਪਿੰਡ ਅਕਬਰਪੁਰ ਵਿਖੇ ਘੱਗਰ ਬ੍ਰਾਂਚ ਨਹਿਰ ਵਿੱਚੋਂ 02.25 ਕਰੋੜ ਰੁਪਏ ਦੀ ਲਾਗਤ ਨਾਲ ਨਵਾਂ ਮੋਘਾ ਲਗਾਉਣ ਤੇ ਪਾਈਪ ਲਾਈਨ ਪਾਉਣ ਦੇ ਮਹੱਤਵਪੂਰਨ ਪ੍ਰੋਜੈਕਟ ਦਾ ਨੀਂਹ ਪੱਥਰ ਰੱਖ ਕੇ ਕੰਮ ਦੀ ਸ਼ੁਰੂਆਤ ਕਰਵਾਈ।ਇਸ ਪ੍ਰੋਜੈਕਟ ਦੇ ਮੁਕੰਮਲ ਹੋਣ ਨਾਲ ਆਜ਼ਾਦੀ ਤੋਂ ਲੈ ਕੇ ਹੁਣ ਤੱਕ ਪਿੰਡ ਅਕਬਰਪੁਰ ਦੀ 789 ਏਕੜ ਖੇਤੀਯੋਗ ਜ਼ਮੀਨ ਨੂੰ ਪਹਿਲੀ ਵਾਰ ਨਹਿਰੀ ਪਾਣੀ ਦੀ ਸਹੂਲਤ ਮਿਲੇਗੀ ਤੇ ਕਰੀਬ 250 ਪਰਿਵਾਰਾਂ ਨੂੰ ਸਿੱਧਾ ਲਾਭ ਪਹੁੰਚੇਗਾ।ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਪਾਣੀ ਦੇ ਸਰੋਤਾਂ ਦੀ ਸੰਭਾਲ ਤੇ ਕਿਸਾਨਾਂ ਨੂੰ ਲੋੜੀਂਦੀਆਂ ਸਿੰਚਾਈ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪਾਣੀਆਂ ਦੇ ਮੁੱਦੇ ’ਤੇ ਸਿਰਫ਼ ਰਾਜਨੀਤੀ ਕੀਤੀ ਤੇ ਪੰਜਾਬ ਦੇ ਹਿੱਸੇ ਦੇ ਪਾਣੀ ਦੀ ਰਾਖੀ ਕਰਨ ਵਿੱਚ ਅਸਫਲ ਰਹੀਆਂ।ਇਸ ਦੇ ਉਲਟ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਪਾਣੀ ਦੇ ਹੱਕਾਂ ਦੀ ਰਾਖੀ ਕਰਨ ਦੇ ਨਾਲ-ਨਾਲ ਨਹਿਰੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਠੋਸ ਕਦਮ ਚੁੱਕ ਰਹੀ ਹੈ।ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਇਹ ਬਹੁਤ ਹੈਰਾਨੀ ਦੀ ਗੱਲ ਹੈ ਕਿ ਪਿੰਡ ਅਕਬਰਪੁਰ ਘੱਗਰ ਬ੍ਰਾਂਚ ਨਹਿਰ ਦੇ ਬਿਲਕੁਲ ਨੇੜੇ ਸਥਿਤ ਹੋਣ ਦੇ ਬਾਵਜੂਦ ਇੱਥੋਂ ਦੇ ਕਿਸਾਨਾਂ ਨੂੰ ਨਹਿਰ ਦਾ ਪਾਣੀ ਨਹੀਂ ਮਿਲ ਰਿਹਾ ਸੀ।ਪਿੰਡ ਵਾਸੀਆਂ ਨੇ ਇਹ ਮੰਗ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀ ਸੀ, ਜਿਸ ਤੋਂ ਬਾਅਦ ਇਸ ਪ੍ਰੋਜੈਕਟ ਨੂੰ ਮਨਜ਼ੂਰੀ ਦਿਵਾ ਕੇ ਅੱਜ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਇਸ ਨਾਲ ਕਿਸਾਨਾਂ ਦੀ ਸਿੰਚਾਈ ਲਾਗਤ ਘਟੇਗੀ, ਭੂਮੀਗਤ ਪਾਣੀ ’ਤੇ ਨਿਰਭਰਤਾ ਘਟੇਗੀ ਤੇ ਖੇਤੀਬਾੜੀ ਨੂੰ ਵੱਡਾ ਹੁਲਾਰਾ ਮਿਲੇਗਾ।ਪੰਜਾਬ ਸਰਕਾਰ ਵੱਲੋਂ ਨਹਿਰੀ ਪਾਣੀ ਦੀ ਵਰਤੋਂ ਲਈ ਕੀਤੇ ਜਾ ਰਹੇ ਉਪਰਾਲਿਆਂ ਸਦਕਾ ਸੂਬੇ ਦੇ ਧਰਤੀ ਹੇਠਲੇ ਪਾਣੀ ਦੀ ਹਾਲਤ ਵਿੱਚ ਸੁਧਾਰ ਹੋਣ ਲੱਗ ਗਿਆ ਹੈ।ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਲਗਾਤਾਰ ਕੰਮ ਕਰ ਰਹੀ ਹੈ ਅਤੇ ਲੋਕਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਤਰਜੀਹ ਦੇ ਆਧਾਰ ’ਤੇ ਪੂਰਾ ਕੀਤਾ ਜਾ ਰਿਹਾ ਹੈ।ਉਨ੍ਹਾਂ ਭਰੋਸਾ ਦਿੱਤਾ ਕਿ ਹਲਕਾ ਸੁਨਾਮ ਦੇ ਵਿਕਾਸ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਇਸ ਦੌਰਾਨ ਮੀਡੀਆ ਵੱਲੋਂ ਸੇਵਾ ਕੇਂਦਰਾਂ ਦੇ ਕਰਮਚਾਰੀਆਂ ਦੀ ਹੜਤਾਲ ਸਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪੂਰੀ ਪਾਰਦਰਸ਼ਤਾ ਤੇ ਨਿਯਮਾਂ ਅਨੁਸਾਰ ਟੈਂਡਰ ਪ੍ਰਕਿਰਿਆ ਰਾਹੀਂ ਸਬੰਧਤ ਕੰਪਨੀ ਨੂੰ ਇਹ ਕੰਮ ਸੌਂਪਿਆ ਹੋਇਆ ਹੈ।ਉਨ੍ਹਾਂ ਕਿਹਾ ਕਿ ਸੇਵਾ ਕੇਂਦਰਾਂ ਦੇ ਸੰਚਾਲਨ ਤੇ ਕਰਮਚਾਰੀਆਂ ਨਾਲ ਜੁੜੇ ਮਾਮਲਿਆਂ ਦੀ ਜ਼ਿੰਮੇਵਾਰੀ ਸੰਬੰਧਤ ਕੰਪਨੀ ਦੀ ਬਣਦੀ ਹੈ।ਉਨ੍ਹਾਂ ਕਿਹਾ ਕਿ ਭਾਵੇਂ ਇਸ ਮਸਲੇ ਵਿੱਚ ਸਰਕਾਰ ਦੀ ਸਿੱਧੀ ਭੂਮਿਕਾ ਨਹੀਂ ਹੈ, ਪਰ ਪੰਜਾਬ ਸਰਕਾਰ ਇਹ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ ਕਿ ਕਿਸੇ ਵੀ ਕਾਰਨ ਕਰਕੇ ਆਮ ਲੋਕਾਂ ਨੂੰ ਸਰਕਾਰੀ ਸੇਵਾਵਾਂ ਪ੍ਰਾਪਤ ਕਰਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇ।ਸਰਕਾਰ ਦੀ ਪਹਿਲੀ ਤਰਜੀਹ ਲੋਕਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਸੇਵਾਵਾਂ ਮੁਹੱਈਆ ਕਰਵਾਉਣਾ ਹੈ ਤੇ ਇਸ ਸਬੰਧੀ ਲੋੜੀਂਦੇ ਕਦਮ ਚੁੱਕੇ ਜਾਣਗੇ।ਇਸ ਮੌਕੇ ਇਲਾਕੇ ਦੇ ਪਤਵੰਤੇ, ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਪੰਚਾਇਤੀ ਨੁਮਾਇੰਦੇ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।




# ਦਿੜ੍ਹਬਾ ਪ੍ਰਸ਼ਾਸਨ ਦੀ ਵਾਅਦਾ-ਖਿਲਾਫੀ ਵਿਰੁੱਧ ਕਰਮਚਾਰੀਆਂ ਦਾ ਵੱਡਾ ਐਲਾਨ

**ਦਿੜ੍ਹਬਾ (ਜਸਵੀਰ ਲਾਡੀ)**-ਸਰਵ ਸਿੱਖਿਆ ਅਭਿਆਨ (1007) ਤੇ ਮਿਡ ਡੇ ਮੀਲ ਦਫ਼ਤਰੀ ਕਰਮਚਾਰੀਆਂ ਦੀ ਜੁਆਇੰਟ ਐਕਸ਼ਨ ਕਮੇਟੀ ਨੇ ਸੰਗਰੂਰ ਤੇ ਦਿੜ੍ਹਬਾ ਪ੍ਰਸ਼ਾਸਨ ’ਤੇ ਵਾਅਦਾ ਖਿਲਾਫੀ ਦੇ ਗੰਭੀਰ ਦੋਸ਼ ਲਗਾਉਂਦੇ ਹੋਏ 7 ਜੂਨ ਨੂੰ ਵਿੱਤ ਮੰਤਰੀ ਦੀ ਰਿਹਾਇਸ਼ ਨੇੜੇ ਗੁਪਤ ਐਕਸ਼ਨ ਕਰਨ ਦਾ ਐਲਾਨ ਕੀਤਾ ਹੈ।ਜਥੇਬੰਦੀ ਦੇ ਆਗੂਆਂ ਨੇ ਦੱਸਿਆ ਕਿ 31000 ਰੁਪਏ ਤਨਖਾਹ ਕਟੌਤੀ ’ਤੇ ਰੋਕ ਲਗਵਾਉਣ ਲਈ 23 ਮਈ ਨੂੰ ਦਿੜ੍ਹਬਾ ਵਿਖੇ ਰੋਸ ਪ੍ਰਦਰਸ਼ਨ ਦਾ ਐਲਾਨ ਕੀਤਾ ਗਿਆ ਸੀ।ਉਸ ਸਮੇਂ ਸੰਗਰੂਰ ਤੇ ਦਿੜ੍ਹਬਾ ਪ੍ਰਸ਼ਾਸਨ ਵੱਲੋਂ ਭਰੋਸਾ ਦਿੱਤਾ ਗਿਆ ਸੀ ਕਿ ਕਰਮਚਾਰੀਆਂ ਦੇ ਮਸਲੇ ਮੀਟਿੰਗਾਂ ਰਾਹੀਂ ਹੱਲ ਕਰਵਾਏ ਜਾਣਗੇ।ਵਿੱਤ ਮੰਤਰੀ ਹਰਪਾਲ ਚੀਮਾ ਬਹੁਤ ਵਾਰ ਮੀਟਿੰਗਾਂ ਦੌਰਾਨ 31000 ਤਨਖਾਹ ਕਟੌਤੀ ਰੱਦ ਕਰਨ ’ਤੇ ਸਹਿਮਤੀ ਦੇ ਚੁੱਕੇ ਹਨ, ਪਰ ਹਰ ਵਾਰ ਵਿੱਤ ਮੰਤਰੀ ਦੇ ਆਦੇਸ਼ਾਂ ਦੀ ਅਫ਼ਸਰਾਂ ਵੱਲੋਂ ਪਾਲਣਾ ਨਹੀਂ ਕੀਤੀ ਜਾ ਰਹੀ।ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਵੀ ਕਰਮਚਾਰੀਆਂ ਨੂੰ 2018 ਤੋਂ ਰੈਗੂਲਰ ਕਰਨ ਦੀਆਂ ਹਦਾਇਤਾਂ ਜਾਰੀ ਹੋਈਆਂ ਸਨ, ਪਰ ਅਫ਼ਸਰਸ਼ਾਹੀ ਹਾਈਕੋਰਟ ਦੇ ਹੁਕਮਾਂ ਦੀਆਂ ਧੱਜੀਆਂ ਉਡਾ ਰਹੀ ਹੈ।ਜਥੇਬੰਦੀ ਮੁਤਾਬਕ ਦਿੜ੍ਹਬਾ ਪੁਲਸ ਪ੍ਰਸ਼ਾਸਨ ਤੇ ਐੱਸਡੀਐੱਮ ਦਿੜ੍ਹਬਾ ਵੱਲੋਂ 26 ਮਈ ਨੂੰ ਸਕੱਤਰ ਸਕੂਲ ਸਿੱਖਿਆ ਤੇ ਵਿਸ਼ੇਸ਼ ਸਕੱਤਰ ਵਿੱਤ ਨਾਲ ਮੀਟਿੰਗ ਤੈਅ ਕਰਵਾਈ ਗਈ ਸੀ, ਪਰ ਇਹ ਮੀਟਿੰਗ ਨਹੀਂ ਹੋ ਸਕੀ।ਇਸ ਦੇ ਨਾਲ ਹੀ ਚੋਣ ਜ਼ਾਬਤੇ ਤੋਂ ਬਾਅਦ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਮੀਟਿੰਗ ਕਰਵਾਉਣ ਦਾ ਦਿੱਤਾ ਗਿਆ ਭਰੋਸਾ ਵੀ ਅਜੇ ਤੱਕ ਪੂਰਾ ਨਹੀਂ ਹੋਇਆ।ਕਰਮਚਾਰੀਆਂ ਦਾ ਕਹਿਣਾ ਹੈ ਕਿ ਪ੍ਰਸ਼ਾਸਨ ਦੀ ਇਸ ਵਾਅਦਾ ਖਿਲਾਫੀ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਰੋਸ ਹੈ।ਇਸੇ ਕਾਰਨ 7 ਜੂਨ ਨੂੰ ਵਿੱਤ ਮੰਤਰੀ ਦੀ ਰਿਹਾਇਸ਼ ਨੇੜੇ ਗੁਪਤ ਐਕਸ਼ਨ ਕਰਨ ਦਾ ਫੈਸਲਾ ਲਿਆ ਗਿਆ ਹੈ।ਜੁਆਇੰਟ ਐਕਸ਼ਨ ਕਮੇਟੀ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਐਕਸ਼ਨ ਦੌਰਾਨ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਇਸ ਦੀ ਪੂਰੀ ਜ਼ਿੰਮੇਵਾਰੀ ਸਰਕਾਰ ਤੇ ਸੰਗਰੂਰ ਪ੍ਰਸ਼ਾਸਨ ਦੀ ਹੋਵੇਗੀ।

# ਸੇਵਾ ਕੇਂਦਰ ਮੁਲਾਜ਼ਮ ਯੂਨੀਅਨ ਵੱਲੋਂ ਧਰਨਾ ਜਾਰੀ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਸੇਵਾ ਕੇਂਦਰ ਮੁਲਾਜ਼ਮ ਯੂਨੀਅਨ ਪੰਜਾਬ ਜ਼ਿਲ੍ਹਾ ਇਕਾਈ ਮਾਲੇਰਕੋਟਲਾ ਵੱਲੋਂ 786 ਚੌਂਕ ਵਿੱਚ ਸੇਵਾ ਕੇਂਦਰ ਮਾਲੇਰਕੋਟਲਾ ਵਿਖੇ ਨੌਵੇਂ ਦਿਨ ਲਗਾਤਾਰ ਧਰਨਾ ਦਿੱਤਾ ਜਾ ਰਿਹਾ ਹੈ।ਇਹ ਧਰਨਾ ਮੁਲਾਜ਼ਮ ਮੰਗਾਂ ਜਿਵੇਂ ਜੋ 10 ਹਜ਼ਾਰ ਰੁਪਏ 2016 ਤੋਂ ਤਨਖਾਹਾਂ ਦਿੱਤੀਆਂ ਜਾਂਦੀਆਂ ਹਨ, ਉਸ ਵਿੱਚ ਵਾਧਾ ਕੀਤਾ ਜਾਵੇ।ਬਰਾਬਰ ਕੰਮ ਬਰਾਬਰ ਤਨਖਾਹ ਲਾਗੂ ਕੀਤੀ ਜਾਵੇ, 8.33 ਬੋਨਸ ਦੇਣਾ ਸ਼ੁਰੂ ਕੀਤਾ ਜਾਵੇ, ਸੇਵਾ ਕੇਂਦਰ ਮੁਲਾਜ਼ਮਾਂ ਨੂੰ ਪੰਜਾਬ ਸਰਕਾਰ ਅਧੀਨ ਕੀਤਾ ਜਾਵੇ।ਜਿਵੇਂ ਹੁਣ ਪੰਜਾਬ ਸਰਕਾਰ ਨੇ ਪੀ ਐੱਸ ਪੀ ਸੀ ਐੱਲ ਵਿੱਚ ਠੇਕਾ ਮੁਲਾਜ਼ਮਾਂ ਨੂੰ ਠੇਕਾ ਖ਼ਤਮ ਕਰਕੇ ਪੰਜਾਬ ਸਰਕਾਰ ਅਧੀਨ 25 ਹਜ਼ਾਰ ਰੁਪਏ ਮਹੀਨਾ ਤਨਖਾਹ ’ਤੇ ਕੀਤਾ ਹੈ, ਉਸੇ ਤਰ੍ਹਾਂ ਸੇਵਾ ਕੇਂਦਰ ਮੁਲਾਜ਼ਮਾਂ ਨੂੰ ਠੇਕਾ ਖ਼ਤਮ ਕਰਕੇ ਪੰਜਾਬ ਸਰਕਾਰ ਅਧੀਨ ਕਰਕੇ 25 ਹਜ਼ਾਰ ਰੁਪਏ ਪ੍ਰਤੀ ਮਹੀਨਾ ਦਿੱਤਾ ਜਾਵੇ।ਧਰਨੇ ਨੂੰ ਸੰਬੋਧਨ ਕਰਦਿਆਂ ਕਾ. ਭਰਪੂਰ ਸਿੰਘ ਬੁੱਲ੍ਹਾਪੁਰ ਜਨਰਲ ਸਕੱਤਰ ਜ਼ਿਲ੍ਹਾ ਏਟਕ ਮਾਲੇਰਕੋਟਲਾ, ਸਹਾਇਕ ਸਕੱਤਰ ਮਹੁੰਮਦ ਖ਼ਲੀਲ, ਸਰਿੰਦਰ ਕੁਮਾਰ ਭੈਣੀ ਕਲਾਂ ਤੇ ਦਿਨੇਸ਼ ਭਰਦਵਾਜ ਨੇ ਕਿਹਾ ਕਿ ਸੇਵਾ ਕੇਂਦਰ ਮੁਲਾਜ਼ਮਾਂ ਦੀ 2016 ਤੋਂ ਲੁੱਟ ਕੀਤੀ ਜਾ ਰਹੀ ਹੈ।ਇਹ ਲੁੱਟ ਸਮੇਂ ਸਮੇਂ ਦੀਆਂ ਸਰਕਾਰਾਂ ਕਰਾਉਂਦੀਆਂ ਰਹੀਆਂ ਹਨ।ਅੱਜ ਆਮ ਆਦਮੀ ਪਾਰਟੀ ਦੀ ਸਰਕਾਰ ਕਰਾ ਰਹੀ ਹੈ।ਜਦੋਂ ਇਸ ਪਾਰਟੀ ਨੇ ਵੋਟਾਂ ਵਟੋਰਨੀਆਂ ਸਨ, ਉਦੋਂ ਇਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਸਾਰੇ ਠੇਕਾ ਮੁਲਾਜ਼ਮਾਂ, ਆਊਟਸੋਰਸਿਸ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇਗਾ।ਸਾਰੇ ਮੁਲਾਜ਼ਮਾਂ ਨੇ ਹੁੰਮ ਹੁਮਾ ਕੇ ਚਾਵਾਂ ਨਾਲ ਵੋਟਾਂ ਪਾਈਆਂ ਸਨ, ਪ੍ਰੰਤੂ ਅੱਜ 4 ਸਾਲ ਦੋ ਮਹੀਨੇ ਹੋ ਗਏ ਹਨ, ਕਿਸੇ ਵੀ ਠੇਕਾ ਮੁਲਾਜ਼ਮ ਤੇ ਆਊਟਸੋਰਸਿਸ ਮੁਲਾਜ਼ਮ ਨੂੰ ਪੱਕਾ ਤਾਂ ਕੀ ਕਰਨਾ ਸੀ, ਉਨ੍ਹਾਂ ਦੀਆਂ ਤਨਖਾਹਾਂ ਨੂੰ ਵੀ ਨਹੀਂ ਵਧਾਇਆ ਗਿਆ।ਹੁਣ ਜਦੋਂ ਵੋਟਾਂ ਵਿੱਚ ਥੋੜ੍ਹਾ ਸਮਾਂ ਰਹਿ ਗਿਆ, ਹੁਣ ਫੇਰ ਇਹ ਨਾਅਰਿਆਂ ਦੇ ਬੋਰਡ ਸੜਕਾਂ ’ਤੇ ਲਗਾ ਦਿੱਤੇ ਕਿ 65 ਹਜ਼ਾਰ ਮੁਲਾਜ਼ਮਾਂ ਨੂੰ ਜੋ ਠੇਕੇ ’ਤੇ ਕੰਮ ਕਰਦੇ ਹਨ ਜਾਂ ਆਊਟਸੋਰਸਿਸ ਹਨ, ਉਨ੍ਹਾਂ ਨੂੰ ਪੱਕਾ ਕੀਤਾ ਜਾਵੇਗਾ, ਪ੍ਰੰਤੂ ਅੱਜ ਤੱਕ ਇਹ ਸੇਵਾ ਕੇਂਦਰ ਦੇ ਮੁਲਾਜ਼ਮਾਂ ਨੂੰ 10 ਹਜ਼ਾਰ ਰੁਪਏ ਮਹੀਨਾ ਤਨਖਾਹਾਂ ਦਿੱਤੀਆਂ ਜਾਂ ਰਹੀਆਂ ਹਨ।ਕੀ ਮੁੱਖ ਮੰਤਰੀ ਨੂੰ ਇਨ੍ਹਾਂ ਮੁਲਾਜ਼ਮਾਂ ਜੋ ਨਿਗੂਣੀਆਂ ਤਨਖ਼ਾਹਾਂ ਤੇ ਕੰਮ ਕਰਦੇ ਹਨ, ਬਾਰੇ ਕੋਈ ਜਾਣਕਾਰੀ ਨਹੀਂ ਹੈ।ਅੱਜ ਮਹਿੰਗਾਈ ਜੋ ਹੱਦਾਂ ਬੰਨੇ ਟੱਪ ਚੁੱਕੀ ਹੈ।ਇਹ ਸੋਚਣਾ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦੀ ਜ਼ੁੰਮੇਵਾਰੀ ਹੈ।ਧਰਨੇ ਨੂੰ ਸੇਵਾ ਕੇਂਦਰ ਮੁਲਾਜ਼ਮ ਯੂਨੀਅਨ ਪੰਜਾਬ ਇਕਾਈ ਮਾਲੇਰਕੋਟਲਾ ਦੇ ਪ੍ਰਧਾਨ ਕੁਲਵਿੰਦਰ ਸਿੰਘ ਜਨਰਲ ਸਕੱਤਰ ਸੂਰਾਜ ਮੁਹੰਮਦ, ਮੀਤ ਪ੍ਰਧਾਨ ਪਰਮਿੰਦਰ ਸਿੰਘ ਢੀਂਡਸਾਂ, ਸਹਾਇਕ ਸਕੱਤਰ ਹਰਪ੍ਰੀਤ ਸਿੰਘ ਤੇ ਬਲਰਾਜ ਸਿੰਘ ਆਗੂਆਂ ਨੇ ਵੀ ਕੰਪਨੀ ਤੇ ਪੰਜਾਬ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ, ਆਪਣੀਆਂ ਮੰਗਾਂ ਪੂਰੀਆਂ ਕਰਨ ਦੀ ਮੰਗ ਕੀਤੀ।

## ਸੇਵਾ ਕੇਂਦਰਾਂ ਦੇ ਮੁਲਾਜ਼ਮਾਂ ਦੇ ਹੱਕ 'ਚ ਰੋਸ ਪ੍ਰਦਰਸ਼ਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਭਰ ਦੇ ਸੇਵਾ ਕੇਂਦਰਾਂ ਵਿੱਚ ਕੰਮ ਕਰਦੇ 1850 ਮੁਲਾਜ਼ਮ ਬੀਤੇ ਇੱਕ ਹਫਤੇ ਤੋਂ ਅਣਮਿੱਥੇ ਸਮੇਂ ਲਈ ਹੜਤਾਲ 'ਤੇ ਚੱਲ ਰਹੇ ਹਨ। ਮੋਗਾ ਸਮੇਤ ਪੰਜਾਬ ਭਰ ਵਿੱਚ ਸੇਵਾ ਕੇਂਦਰਾਂ ਦਾ ਕੰਮ ਠੱਪ ਪਿਆ ਹੈ।ਸੇਵਾ ਕੇਂਦਰਾਂ ਦੇ ਹੜਤਾਲੀ ਮੁਲਾਜ਼ਮ ਮੰਗ ਕਰ ਰਹੇ ਹਨ ਕਿ ਸਰਕਾਰ ਦੇ ਨਿਯਮਾਂ ਅਤੇ ਹਾਈਕੋਰਟ ਦੇ ਫੈਸਲਿਆਂ ਮੁਤਾਬਕ 10 ਸਾਲ ਦੀ ਸੇਵਾ ਪੂਰੀ ਕਰਨ ਵਾਲੇ ਸੇਵਾ ਕੇਂਦਰਾਂ ਦੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ , ਬਰਾਬਰ ਕੰਮ ਬਰਾਬਰ ਵੇਤਨ ਦਾ ਫਾਰਮੂਲਾ ਲਾਗੂ ਕੀਤਾ ਜਾਵੇ ਅਤੇ ਸੇਵਾ ਕੇਂਦਰਾਂ ਦਾ ਸੰਚਾਲਨ ਕਰਨ ਵਾਲੀ ਠੇਕੇਦਾਰ ਕੰਪਨੀ ਨੂੰ ਹਟਾਇਆ ਜਾਵੇ। ਸੇਵਾ ਕੇਂਦਰਾਂ ਦੇ ਹੜਤਾਲੀ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਜਾਇਜ਼ ਕਰਾਰ ਦਿੰਦਿਆਂ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਅਤੇ ਜਨਰਲ ਸਕੱਤਰ ਪ੍ਰਵੀਨ ਕੁਮਾਰ ਸ਼ਰਮਾ ਤੇ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਨੇ ਸੇਵਾ ਕੇਂਦਰਾਂ ਦੇ ਮੁਲਾਜ਼ਮਾਂ ਦੇ ਅੰਦੋਲਨ ਅਤੇ ਹੜਤਾਲ ਦਾ ਸਮਰਥਨ ਕੀਤਾ ਹੈ ਤੇ ਉਨ੍ਹਾਂ ਦੀ ਅਗਵਾਈ ਵਿੱਚ ਸੇਵਾ ਕੇਂਦਰਾਂ ਦੇ ਮੁਲਾਜਮਾਂ ਦੇ ਹੱਕ 'ਚ ਰੋਸ ਪ੍ਰਦਰਸ਼ਨ ਕੀਤਾ। ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਬੀਤੇ ਕੁੱਝ ਦਿਨ ਪਹਿਲਾਂ ਪੰਜਾਬ ਵਿੱਚ ਠੇਕੇਦਾਰੀ ਸਿਸਟਮ ਖਤਮ ਕਰਨ ਅਤੇ 65 ਹਜ਼ਾਰ ਆਊਟਸੋਰਸ ਮੁਲਾਜ਼ਮਾਂ ਨੂੰ ਸਰਕਾਰੀ ਮੁਲਾਜ਼ਮਾਂ ਦਾ ਦਰਜਾ ਦੇਣ ਦਾ ਐਲਾਨ ਕੀਤਾ ਹੈ ਅਤੇ ਠੇਕੇਦਾਰਾਂ ਨੂੰ ਹਟਾ ਕੇ ਸਿੱਧਾ ਸਰਕਾਰੀ ਕੰਟਰੈਕਟ ਅਧੀਨ ਲਿਆਉਣ ਦਾ ਐਲਾਨ ਕੀਤਾ ਹੈ ਕਿ 10 ਸਾਲ ਦੀ ਸੇਵਾ ਨਿਭਾ ਚੁੱਕੇ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰ ਦਿੱਤਾ ਜਾਵੇਗਾ।ਧੀਰ ਨੇ ਕਿਹਾ ਕਿ ਠੇਕੇਦਾਰੀ ਸਿਸਟਮ ਨੂੰ ਖਤਮ ਕਰਨ ਦੇ ਦਮਗਜੇ ਮਾਰਨ ਵਾਲੀ ਪੰਜਾਬ ਸਰਕਾਰ ਸੇਵਾ ਕੇਂਦਰਾਂ ਦੇ ਕਰਮਚਾਰੀਆਂ ਨਾਲ ਵਿਤਕਰਾ ਕਿਉਂ ਕਰ ਰਹੀ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ, ਮਿਡ ਡੇ ਮੀਲ ਕੁੱਕ ਯੂਨੀਅਨ ਦੇ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ, ਐਲ ਪੀ ਜੀ ਗੈਸ ਸਪਲਾਈ ਵਰਕਰਜ਼ ਯੂਨੀਅਨ ਦੇ ਪ੍ਰਧਾਨ ਰਾਮ ਬਚਨ ਰਾਓ, ਈ ਰਿਕਸ਼ਾ ਮਜ਼ਦੂਰ ਸੰਘ ਤੋਂ ਪ੍ਰਧਾਨ ਗੁਰਪ੍ਰੀਤ ਸਿੰਘ ਮਹਿਮੇ ਵਾਲਾ ਆਦਿ ਹਾਜ਼ਰ ਸਨ।

## ਮਿੰਕੂ ਜਵੰਧਾ ਵੱਲੋਂ ਬਲਿਆਲ ਦਾ ਦੌਰਾ, ਲੋਕਾਂ ਦੀਆਂ ਸੁਣੀਆਂ ਸਮੱਸਿਆਵਾਂ



**ਭਵਾਨੀਗੜ੍ਹ (ਰਾਜ ਖੁਰਮੀ)**-ਪੰਜਾਬ ਇਨਫੋਟੈਕ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਨੇ ਪਿੰਡ ਬਲਿਆਲ ਦਾ ਦੌਰਾ ਕਰਕੇ ਪਿੰਡ ਵਾਸੀਆਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ, ਲੋੜਾਂ ਤੇ ਸੁਝਾਵਾਂ ਨੂੰ ਗੰਭੀਰਤਾ ਨਾਲ ਸੁਣਿਆ।ਉਨ੍ਹਾਂ ਦਾ ਇਹ ਦੌਰਾ ਰਸਮੀ ਪ੍ਰੋਗਰਾਮ ਦੀ ਬਜਾਏ ਲੋਕਾਂ ਨਾਲ ਜੁੜਨ ਤੇ ਉਨ੍ਹਾਂ ਦੇ ਦੁੱਖ-ਸੁੱਖ ਵਿੱਚ ਸਾਂਝ ਪਾਉਣ ਦਾ ਯਤਨ ਸਾਬਿਤ ਹੋਇਆ।ਡਾ. ਜਵੰਧਾ ਨੇ ਪਿੰਡ ਦੇ ਵਿਕਾਸ ਸਬੰਧੀ ਚੱਲ ਰਹੇ ਤੇ ਭਵਿੱਖ ਵਿੱਚ ਕੀਤੇ ਜਾਣ ਵਾਲੇ ਕਾਰਜਾਂ ਬਾਰੇ ਲੋਕਾਂ ਨਾਲ ਖੁੱਲ੍ਹ ਕੇ ਚਰਚਾ ਕੀਤੀ।ਉਨ੍ਹਾਂ ਕਿਹਾ ਕਿ ਪਿੰਡਾਂ ਦਾ ਸਰਵਪੱਖੀ ਵਿਕਾਸ ਹੀ ਪੰਜਾਬ ਦੀ ਅਸਲ ਤਰੱਕੀ ਦਾ ਆਧਾਰ ਹੈ ਅਤੇ ਜਦੋਂ ਤੱਕ ਪਿੰਡਾਂ ਵਿੱਚ ਬੁਨਿਆਦੀ ਸਹੂਲਤਾਂ, ਰੁਜ਼ਗਾਰ ਦੇ ਮੌਕੇ ਤੇ ਵਧੀਆ ਸਿੱਖਿਆ ਦਾ ਪ੍ਰਬੰਧ ਨਹੀਂ ਹੁੰਦਾ, ਉਦੋਂ ਤੱਕ ਵਿਕਾਸ ਦੀ ਤਸਵੀਰ ਅਧੂਰੀ ਰਹਿੰਦੀ ਹੈ।ਪਿੰਡ ਵਾਸੀਆਂ ਵੱਲੋਂ ਰੱਖੀਆਂ ਗਈਆਂ ਮੰਗਾਂ ਤੇ ਸੁਝਾਵਾਂ ਨੂੰ ਧਿਆਨ ਨਾਲ ਸੁਣਦਿਆਂ ਡਾ. ਜਵੰਧਾ ਨੇ ਭਰੋਸਾ ਦਿੱਤਾ ਕਿ ਹਰ ਜਾਇਜ਼ ਮਸਲੇ ਨੂੰ ਸਬੰਧਤ ਅਧਿਕਾਰੀਆਂ ਤੇ ਉੱਚ ਪੱਧਰ ਤੱਕ ਪਹੁੰਚਾ ਕੇ ਉਸ ਦਾ ਹੱਲ ਕਰਵਾਉਣ ਲਈ ਪੂਰੀ ਵਚਨਬੱਧਤਾ ਨਾਲ ਕੰਮ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਤੇ ਭਾਗੀਦਾਰੀ ਨਾਲ ਹੀ ਵਿਕਾਸ ਦੇ ਨਵੇਂ ਮਾਪਦੰਡ ਸਥਾਪਤ ਕੀਤੇ ਜਾ ਸਕਦੇ ਹਨ।ਇਸ ਮੌਕੇ ਆਮ ਆਦਮੀ ਪਾਰਟੀ ਦੇ ਸਮਰਪਤ ਵਰਕਰ ਗੁਰਜੰਟ ਸਿੰਘ, ਬਿਕਰਮ ਸਿੰਘ (ਮੈਂਬਰ), ਰਾਮਪਾਲ ਸਿੰਘ, ਸੁਖਵਿੰਦਰ ਸਿੰਘ, ਰਜਿੰਦਰ ਸਿੰਘ, ਪਰਮਜੀਤ ਸਿੰਘ, ਤੁਰ੍ਹਾ ਸਿੰਘ, ਸਤਿਗੁਰ ਸਿੰਘ ਤੇ ਜਰਨੈਲ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ।ਪਿੰਡ ਵਾਸੀਆਂ ਨੇ ਡਾ. ਮਿੰਕੂ ਜਵੰਧਾ ਦੇ ਇਸ ਲੋਕ-ਪੱਖੀ ਤੇ ਵਿਕਾਸਮੁਖੀ ਯਤਨ ਦੀ ਸ਼ਲਾਘਾ ਕਰਦਿਆਂ ਭਵਿੱਖ ਵਿੱਚ ਵੀ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

## ਲਾਭਪਾਤਰੀਆਂ ਨੂੰ ਰਾਸ਼ਨ ਵੰਡਿਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਬਲਾਕ ਦੀ ਸਭ ਤੋਂ ਵੱਡੀ ਸ਼ੇਰਪੁਰ ਖੇਤੀਬਾੜੀ ਸਹਿਕਾਰੀ ਸਭਾ ਵਿਖੇ ਬੁੱਧਵਾਰ ਖੁਰਾਕ ਸਪਲਾਈ ਵਿਭਾਗ ਵੱਲੋਂ ਲਾਭਪਾਤਰੀਆਂ ਨੂੰ ਰਾਸ਼ਨ ਵੰਡਿਆ ਗਿਆ। ਖੇਤੀਬਾੜੀ ਸਭਾ ਦੇ ਪ੍ਰਧਾਨ ਸੋਹਣ ਲਾਲ ਸ਼ੇਰਪੁਰੀ ਤੇ ਏ.ਐਫ.ਐਸ.ਓ. ਬਲਰਾਜ ਸਿੰਘ ਨੇ ਇਹ ਰਾਸ਼ਨ ਲਾਭਪਾਤਰੀਆਂ ਨੂੰ ਸੌਂਪਿਆ। ਇਸ ਮੌਕੇ ਇੰਸਪੈਕਟਰ ਅਮਰਿੰਦਰ ਸਿੰਘ, ਯਾਦਵਿੰਦਰ ਸਿੰਘ, ਸਰਪੰਚ ਪਵਨ ਕੁਮਾਰ, ਸਾਬਕਾ ਸਰਪੰਚ ਜਸਵੀਰ ਰਾਣਾ, ਗੁਰਚਰਨ ਸਿੰਘ, ਜਸਵੀਰ ਸਿੰਘ ਪੰਚ, ਜੈਰਾਜ ਪੰਚ, ਕਰਨ ਸਿੰਘ ਮੌਜੂਦ ਸਨ।

## ਕੈਨੇਡਾ ਦੌਰੇ ਲਈ ਜਸਪ੍ਰੀਤ ਸਿੰਘ ਮਾਹਲਾ ਨੂੰ ਮਿਲੀ ਅਹਿਮ ਜ਼ਿੰਮੇਵਾਰੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਨਾਲ ਸਿੱਧਾ ਸੰਪਰਕ ਸਥਾਪਤ ਕਰਨ, ਪਾਰਟੀ ਦੀਆਂ ਨੀਤੀਆਂ ਅਤੇ ਵਿਚਾਰਧਾਰਾ ਨੂੰ ਪ੍ਰਵਾਸੀ ਭਾਈਚਾਰੇ ਤੱਕ ਪਹੁੰਚਾਉਣ ਅਤੇ ਉਨ੍ਹਾਂ ਦੇ ਸੁਝਾਅ ਪ੍ਰਾਪਤ ਕਰਨ ਦੇ ਮੰਤਵ ਨਾਲ 11 ਜੂਨ ਤੋਂ ਕੈਨੇਡਾ ਦੇ ਦੌਰੇ ਲਈ ਨੌਜਵਾਨ ਆਗੂਆਂ ਦਾ ਇੱਕ ਵਿਸ਼ੇਸ਼ ਵਫ਼ਦ ਭੇਜਿਆ ਜਾ ਰਿਹਾ ਹੈ। ਇਸ ਵਫ਼ਦ ਵਿੱਚ ਹਲਕਾ ਬਾਘਾਪੁਰਾਣਾ ਦੇ ਸ਼੍ਰੋਮਣੀ ਅਕਾਲੀ ਦਲ ਦੇ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ ਦੇ ਸਪੁੱਤਰ ਅਤੇ ਸੀਨੀਅਰ ਯੂਥ ਆਗੂ ਜਸਪ੍ਰੀਤ ਸਿੰਘ ਮਾਹਲਾ ਦਾ ਨਾਮ ਵੀ ਸ਼ਾਮਲ ਕੀਤਾ ਗਿਆ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਚੁਣੇ ਗਏ ਇਸ ਵਫ਼ਦ ਦਾ ਮੁੱਖ ਉਦੇਸ਼ ਕੈਨੇਡਾ ਵਿੱਚ ਵੱਸਦੇ ਐਨ.ਆਰ.ਆਈ. ਪੰਜਾਬੀਆਂ ਨੂੰ ਪਾਰਟੀ ਦੀਆਂ ਨੀਤੀਆਂ, ਮੌਜੂਦਾ ਗਤੀਵਿਧੀਆਂ ਅਤੇ ਪੰਜਾਬ ਦੇ ਭਵਿੱਖ ਲਈ ਅਕਾਲੀ ਦਲ ਦੇ ਵਿਜ਼ਨ ਤੋਂ ਜਾਣੂ ਕਰਵਾਉਣਾ ਹੈ। ਇਸ ਦੌਰਾਨ ਵਫ਼ਦ ਵੱਲੋਂ ਵੱਖ-ਵੱਖ ਸ਼ਹਿਰਾਂ ਵਿੱਚ ਐਨ.ਆਰ.ਆਈ. ਭਾਈਚਾਰੇ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਦੇ ਵਿਚਾਰ, ਸੁਝਾਅ ਅਤੇ ਪੰਜਾਬ ਦੇ ਵਿਕਾਸ ਨਾਲ ਸਬੰਧਤ ਮੁੱਦਿਆਂ ਬਾਰੇ ਜਾਣਕਾਰੀ ਵੀ ਇੱਕਤਰ ਕੀਤੀ ਜਾਵੇਗੀ। ਜਸਪ੍ਰੀਤ ਸਿੰਘ ਮਾਹਲਾ ਨੂੰ ਇਸ ਵਫ਼ਦ ਵਿੱਚ ਸ਼ਾਮਲ ਕੀਤੇ ਜਾਣ ਨਾਲ ਬਾਘਾਪੁਰਾਣਾ ਹਲਕੇ ਦੇ ਅਕਾਲੀ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਹੈ। ਪਾਰਟੀ ਆਗੂਆਂ ਅਤੇ ਵਰਕਰਾਂ ਨੇ ਇਸ ਨੂੰ ਹਲਕੇ ਲਈ ਮਾਣ ਵਾਲੀ ਗੱਲ ਦੱਸਦਿਆਂ ਕਿਹਾ ਕਿ ਪਾਰਟੀ ਨੌਜਵਾਨ ਆਗੂਆਂ ਨੂੰ ਅੱਗੇ ਲਿਆ ਕੇ ਉਨ੍ਹਾਂ ਨੂੰ ਮਹੱਤਵਪੂਰਨ ਜ਼ਿੰਮੇਵਾਰੀਆਂ ਸੌਂਪ ਰਹੀ ਹੈ।

## ਹਮੀਦੀ ਵਿਖੇ ਅੱਖਾਂ ਦਾ ਮੁਫ਼ਤ ਕੈਂਪ ਲਗਾਇਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਗੁਰਦੁਆਰਾ ਸਾਹਿਬ ਪਿੰਡ ਹਮੀਦੀ ਵਿਖੇ ਸਮੂਹ ਗ੍ਰਾਮ ਪੰਚਾਇਤ ਤੇ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਅੱਖਾਂ ਦਾ ਮੁਫ਼ਤ ਅਪਰੇਸ਼ਨ ਤੇ ਚੈੱਕਅਪ ਕੈਂਪ ਲਗਾਇਆ ਗਿਆ।ਜਿਸ ਦਾ ਉਦਘਾਟਨ ਸਰਪੰਚ ਓਮਨਦੀਪ ਸਿੰਘ ਸੋਹੀ ਸਮੂਹ ਗ੍ਰਾਮ ਪੰਚਾਇਤ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ।ਉਨ੍ਹਾਂ ਇਸ ਮੌਕੇ ਪ੍ਰੇਮ ਅੱਖਾਂ ਦੇ ਹਸਪਤਾਲ ਦੇ ਡਾ: ਰੁਪੇਸ਼ ਸਿੰਗਲਾ ਅਤੇ ਉਨ੍ਹਾਂ ਦੀ ਟੀਮ ਵੱਲੋਂ ਮਨੁੱਖਤਾ ਦੀ ਭਲਾਈ ਲਈ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ।ਹਸਪਤਾਲ ਦੀ ਡਾਕਟਰੀ ਟੀਮ ਵੱਲੋਂ 400 ਦੇ ਕਰੀਬ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਤੇ 70 ਦੇ ਕਰੀਬ ਲੋੜਵੰਦ ਮਰੀਜ਼ਾਂ ਦੀਆਂ ਅੱਖਾਂ ਦੇ ਮੁਫ਼ਤ ਲੈਂਜ ਪਾਉਣ ਲਈ ਰੈਫਰ ਕੀਤਾ। ਇਸ ਮੌਕੇ ਸਰਪੰਚ ਓਮਨਦੀਪ ਸਿੰਘ ਸੋਹੀ ,ਗੁਰਦੁਆਰਾ ਕਮੇਟੀ ਦੇ ਪ੍ਰਧਾਨ ਕੈਪਟਨ ਸੁਖਦੇਵ ਸਿੰਘ ਦੀ ਅਗਵਾਈ ਹੇਠ ਡਾਕਟਰੀ ਟੀਮਾਂ ਤੇ ਪ੍ਰਮੁੱਖ ਸ਼ਖਸੀਅਤਾਂ ਨੂੰ ਸਿਰਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

## ਪੰਚਾਇਤ ਸੰਮਤੀ ਦੀ ਮੀਟਿੰਗ 'ਚ 60 ਲੱਖ ਦੇ ਵਿਕਾਸ ਕਾਰਜਾਂ ਨੂੰ ਮਨਜ਼ੂਰੀ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਬਲਾਕ ਸੰਮਤੀ ਮਹਿਲ ਕਲਾਂ ਦੇ ਸਮੂਹ ਮੈਂਬਰਾਂ ਦੀ ਪਹਿਲੀ ਮੀਟਿੰਗ ਬਲਾਕ ਸੰਮਤੀ ਮਹਿਲ ਕਲਾਂ ਦੇ ਦਫ਼ਤਰ ਵਿਖੇ ਹੋਈ। ਇਸ ਮੌਕੇ ਬਲਾਕ ਨਾਲ ਸੰਬੰਧਿਤ 25 ਜ਼ੋਨਾਂ ਤੋਂ ਚੁਣੇ ਹੋਏ ਸੰਮਤੀ ਮੈਂਬਰਾਂ ਵਿੱਚੋਂ 21 ਮੈਂਬਰਾਂ ਨੇ ਮੀਟਿੰਗ 'ਚ ਸ਼ਮੂਲੀਅਤ ਕੀਤੀ।ਬਲਾਕ ਸੰਮਤੀ ਦੇ ਚੇਅਰਮੈਨ ਕਰਮਜੀਤ ਸਿੰਘ ਨਾਈਵਾਲਾ ਤੇ ਵਾਈਸ ਚੇਅਰਮੈਨ ਕਿਰਨਜੀਤ ਕੌਰ ਮਠਾੜੂ ਦੀ ਹਾਜ਼ਰੀ 'ਚ ਹੋਈ ਮੀਟਿੰਗ ਵਿੱਚ ਹਾਜ਼ਰ ਸੰਮਤੀ ਮੈਂਬਰਾਂ ਵੱਲੋਂ ਵੱਖ ਵੱਖ ਪਿੰਡਾਂ ਦੇ ਅਧੂਰੇ ਪਏ ਵਿਕਾਸ ਕਾਰਜਾਂ 'ਤੇ ਚਰਚਾਂ ਕਰਨ ਤੋਂ ਬਾਅਦ ਦਫ਼ਤਰ ਬਲਾਕ ਸੰਮਤੀ ਮਹਿਲ ਕਲਾਂ ਵਿਖੇ (ਔਰਤ- ਮਰਦ) ਦੇ ਬਾਥਰੂਮ ਦੀ ਉਸਾਰੀ ਕਰਨ , ਪੰਚਾਇਤ ਸੰਮਤੀ ਪਾਸ 15 ਵੇਂ ਵਿੱਤ ਕਮਿਸ਼ਨ ਦੀ ਟਾਈਡ ਅਤੇ ਅਣ ਟਾਈਡ ਗ੍ਰਾਂਟ ਦੀ ਵੰਡ ਕਰਨ ਅਤੇ ਚੇਅਰਮੈਨ ਪੰਚਾਇਤ ਸੰਮਤੀ ਦੇ ਦਫ਼ਤਰ ਦੀ ਰੈਨੋਵੇਸ਼ਨ ਕਰਨ ਸਬੰਧੀ ਸਰਬ-ਸੰਮਤੀ ਨਾਲ ਮਤੇ ਪਾਸ ਕੀਤੇ। ਇਸ ਤੋਂ ਇਲਾਵਾ ਵਿਧਾਤੇ ਐਸ ਸੀ ਧਰਮਸ਼ਾਲਾ ਲਈ 4 ਲੱਖ, ਪਿੰਡ ਸਹਿਜੜਾ ਦੀ ਮਜ਼੍ਹਬੀ ਸਿੱਖ ਧਰਮਸ਼ਾਲਾ ਲਈ ਢਾਈ ਲੱਖ, ਮਹਿਲ ਕਲਾਂ ਸੋਢੇ ਐਸ ਸੀ ਧਰਮਸ਼ਾਲਾ ਤੇ ਮਸੀਤ ਵਾਲਾ ਸ਼ੈਡ, ਪਿੰਡ ਚੰਨਣਵਾਲ ਦੇ ਸੀਨੀ: ਸੈਕੰਡਰੀ ਸਕੂਲ 'ਚ ਇੰਟਰਲਾਕ ਲਈ 4 ਲੱਖ, ਪਿੰਡ ਹਮੀਦੀ ਦੀ ਪਾਲ ਐਸ ਸੀ ਧਰਮਸ਼ਾਲਾ ਲਈ 4 ਲੱਖ ,ਪਿੰਡ ਕੁਤਬਾ ਦੇ ਸ਼ਹੀਦ ਸਿਪਾਹੀ ਜਸਵੰਤ ਸਿੰਘ ਦੀ ਯਾਦਗਾਰ ਬਣਾਉਣ ਲਈ ਸਾਢੇ ਚਾਰ ਲੱਖ, ਪਿੰਡ ਠੁੱਲੀਵਾਲ ਛੱਪੜ ਦੇ ਕੰਮ ਲਈ ਸਾਢੇ 9 ਲੱਖ, ਮਹਿਲ ਕਲਾਂ 'ਚ ਪਾਈਪ ਲਾਈਨ ਤੇ ਪੀਣ ਵਾਲੇ ਪਾਣੀ ਲਈ ਸਾਢੇ 9 ਲੱਖ, ਪਿੰਡ ਹਰਦਾਸਪੁਰਾ ਦੇ ਵਾਟਰ ਵਰਕਸ ਦੀ ਪਾਈਪਾਂ ਦੀ ਰਿਪੇਅਰ ਲਈ 8 ਲੱਖ, ਪਿੰਡ ਮਹਿਲ ਖੁਰਦ ਦੀਆਂ ਤਿੰਨ ਮੋਟਰਾਂ ਲਈ 5 ਲੱਖ ਜਾਰੀ ਕਰਨ ਸਬੰਧੀ ਮਨਜ਼ੂਰੀ ਦਿੱਤੀ ਗਈ। ਇਸ ਮੌਕੇ ਬੀ ਡੀ ਪੀ ਓ ਮਹਿਲ ਕਲਾਂ ਭੂਸ਼ਨ ਕੁਮਾਰ ਤੇ ਚੇਅਰਮੈਨ ਕਰਮਜੀਤ ਸਿੰਘ ਨੇ ਕਿਹਾ ਕਿ ਸਰਕਾਰ ਵੱਲੋਂ ਜਾਰੀ ਕੀਤੇ ਜਾ ਰਹੇ 15 ਵੇਂ ਵਿੱਤ ਕਮਿਸ਼ਨ ਦੇ ਫੰਡਾਂ ਨਾਲ ਬਲਾਕ ਨਾਲ ਸੰਬੰਧਿਤ 10 ਪਿੰਡਾਂ ਲਈ 60 ਲੱਖ ਦੇ ਕਰੀਬ ਰਾਸ਼ੀ ਨਾਲ ਵਿਕਾਸ ਕਾਰਜ ਕੀਤੇ ਜਾਣਗੇ।

# ਨਵੇਦਿਆ ਸਵੀਟਸ 'ਚ ਲੱਗੀ ਭਿਆਨਕ ਅੱਗ, ਲੱਖਾਂ ਦਾ ਸਾਮਾਨ ਸੜ ਕੇ ਸੁਆਹ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਫਿਰੋਜ਼ਪੁਰ ਕੈਂਟ ਦੇ ਪ੍ਰਸਿੱਧ ਵਪਾਰਕ ਅਦਾਰੇ 'ਨਵੇਦਿਆ ਸਵੀਟਸ ਐਂਡ ਬੇਕਰਸ' ਵਿੱਚ ਏਸੀ ਦੇ ਸ਼ਾਰਟ ਸਰਕਟ ਕਾਰਨ ਭਿਆਨਕ ਅੱਗ ਲੱਗ ਗਈ। ਦੇਖਦੇ ਹੀ ਦੇਖਦੇ ਅੱਗ ਨੇ ਪੂਰੀ ਇਮਾਰਤ ਨੂੰ ਆਪਣੀ ਗ੍ਰਿਫ਼ਤ ਵਿੱਚ ਲੈ ਲਿਆ। ਹਾਲਾਂਕਿ ਇਸ ਹਾਦਸੇ ਵਿੱਚ ਭਾਰੀ ਮਾਲੀ ਨੁਕਸਾਨ ਹੋਣ ਦਾ ਖ਼ਦਸ਼ਾ ਹੈ, ਪਰ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਸੂਚਨਾ ਮਿਲਦੇ ਹੀ ਪੁਲਸ ਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪਹੁੰਚੀਆਂ। ਫਿਰੋਜ਼ਪੁਰ ਕੈਂਟ ਦੇ ਸਭ ਤੋਂ ਮਸ਼ਹੂਰ ਬਾਜ਼ਾਰ ਵਿੱਚ ਸਥਿਤ 'ਨਵੇਦਿਆ ਸਵੀਟਸ ਐਂਡ ਬੇਕਰਸ' ਦੀ ਬਹੁ-ਮੰਜ਼ਿਲਾ ਇਮਾਰਤ ਵਿੱਚ ਬੁੱਧਵਾਰ ਦੁਪਹਿਰ ਅਚਾਨਕ ਅਫਰਾ-ਤਫਰੀ ਮਚ ਗਈ, ਜਦੋਂ ਉੱਥੇ ਅੱਗ ਦੀਆਂ ਭਿਆਨਕ ਲਪਟਾਂ ਉੱਠਣ ਲੱਗੀਆਂ। ਅੱਗ ਇੰਨੀ ਤੇਜ਼ੀ ਨਾਲ ਫੈਲੀ ਕਿ ਕੁਝ ਹੀ ਮਿੰਟਾਂ ਵਿੱਚ ਇਸ ਨੇ ਪੂਰੀ ਦੁਕਾਨ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਆਸਮਾਨ ਵਿੱਚ ਉੱਠਦਾ ਕਾਲਾ ਧੂੰਆਂ ਤੇ ਅੱਗ ਦੀਆਂ ਉੱਚੀਆਂ ਲਪਟਾਂ ਦੂਰ-ਦੂਰ ਤੱਕ ਦਿਖਾਈ ਦੇ ਰਹੀਆਂ ਸਨ, ਜਿਸ ਕਾਰਨ ਪੂਰੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ। ਪ੍ਰਾਇਮਰੀ ਜਾਂਚ ਦੇ ਮੁਤਾਬਿਕ ਹਾਦਸੇ ਦਾ ਮੁੱਖ ਕਾਰਨ ਏਅਰ ਕੰਡੀਸ਼ਨਰ (ਏਸੀ) ਵਿੱਚ ਹੋਇਆ ਸ਼ਾਰਟ ਸਰਕਟ ਮੰਨਿਆ ਜਾ ਰਿਹਾ ਹੈ। ਘਟਨਾ ਦੀ ਭਿਆਨਕਤਾ ਨੂੰ ਦੇਖਦਿਆਂ ਸਥਾਨਕ ਲੋਕਾਂ ਨੇ ਤੁਰੰਤ ਇਸ ਦੀ ਸੂਚਨਾ ਪ੍ਰਸ਼ਾਸਨ ਨੂੰ ਦਿੱਤੀ। ਸੂਚਨਾ ਮਿਲਦੇ ਸਾਰ ਹੀ ਫਾਇਰ ਬ੍ਰਿਗੇਡ ਵਿਭਾਗ ਦੀਆਂ 6 ਤੋਂ 7 ਗੱਡੀਆਂ ਤੇ ਸਥਾਨਕ ਪੁਲਸ ਦੇ ਉੱਚ ਅਧਿਕਾਰੀ ਦਲ-ਬਲ ਸਮੇਤ ਮੌਕੇ 'ਤੇ ਪਹੁੰਚ ਗਏ ਅਤੇ ਬੜੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ। ਹਾਦਸੇ ਦੀ ਖ਼ਬਰ ਮਿਲਦਿਆਂ ਹੀ ਡੀ.ਐਸ.ਪੀ. ਤੇ ਐਸ.ਐਚ.ਓ. ਕੈਂਟ ਨੇ ਖ਼ੁਦ ਮੋਰਚਾ ਸੰਭਾਲਿਆ ਤੇ ਰਾਹਤ ਕਾਰਜਾਂ ਦੀ ਨਿਗਰਾਨੀ ਕੀਤੀ। ਪੁਲਸ ਅਧਿਕਾਰੀਆਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਪੁਸ਼ਟੀ ਕੀਤੀ ਕਿ ਇਸ ਘਟਨਾ 'ਚ ਜਾਨੀ ਨੁਕਸਾਨ ਹੋਣੋਂ ਬਚ ਗਿਆਲ ਪਰ ਦੁਕਾਨ ਦੇ ਅੰਦਰ ਪਿਆ ਕੀਮਤੀ ਫਰਨੀਚਰ, ਬੇਕਰੀ ਦਾ ਸਾਮਾਨ ਤੇ ਹੋਰ ਮਸ਼ੀਨਰੀ ਪੂਰੀ ਤਰ੍ਹਾਂ ਸੜ ਕੇ ਕੋਲਾ ਹੋ ਗਈ ਹੈ। ਪ੍ਰਸ਼ਾਸਨਕ ਅਧਿਕਾਰੀਆਂ ਦਾ ਕਹਿਣਾ ਹੈ ਕਿ ਅੱਗ ਪੂਰੀ ਤਰ੍ਹਾਂ ਠੰਢੀ ਹੋਣ ਤੋਂ ਬਾਅਦ ਹੀ ਨੁਕਸਾਨ ਦੇ ਅਸਲ ਅੰਕੜਿਆਂ ਦਾ ਪਤਾ ਲੱਗ ਸਕੇਗਾ ਤੇ ਹਾਦਸੇ ਦੇ ਅਸਲ ਕਾਰਨਾਂ ਦੀ ਬਾਰੀਕੀ ਨਾਲ ਕਾਨੂੰਨੀ ਜਾਂਚ ਕੀਤੀ ਜਾਵੇਗੀ।



## ਅਗਨੀਵੀਰ ਭਰਤੀ ਦੀ ਤਿਆਰੀ ਸੰਬੰਧੀ ਕੈਂਪ 8 ਤੋਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੀ-ਪਾਈਟ ਕੈਂਪ ਹਕੂਮਤ ਸਿੰਘ ਵਾਲਾ (ਫਿਰੋਜ਼ਪੁਰ) ਦੇ ਕੈਂਪ ਟ੍ਰੇਨਿੰਗ ਅਫਸਰ ਕੈਪਟਨ ਗੁਰਦਰਸ਼ਨ ਸਿੰਘ (ਰਿਟਾਇਰਡ) ਨੇ ਦੱਸਿਆ ਕਿ ਜਿਨ੍ਹਾਂ ਨੌਜਵਾਨਾਂ ਨੇ ਜੂਨ 2026 ਵਿੱਚ ਅਗਨੀਵੀਰ ਭਰਤੀ ਦੀ ਲਿਖਤੀ ਪ੍ਰੀਖਿਆ ਦਿੱਤੀ ਹੈ ਤੇ ਫਿਜ਼ੀਕਲ ਟੈਸਟ ਦੀ ਤਿਆਰੀ ਕਰਨਾ ਚਾਹੁੰਦੇ ਹਨ, ਉਨ੍ਹਾਂ ਲਈ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਮੁਫ਼ਤ ਟ੍ਰੇਨਿੰਗ ਕੈਂਪ 8 ਜੂਨ 2026 ਤੋਂ ਸ਼ੁਰੂ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਫਿਰੋਜ਼ਪੁਰ, ਫਰੀਦਕੋਟ, ਫਾਜ਼ਿਲਕਾ ਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਿਆਂ ਨਾਲ ਸਬੰਧਤ ਨੌਜਵਾਨ ਇਸ ਟ੍ਰੇਨਿੰਗ ਕੈਂਪ ਦਾ ਲਾਭ ਲੈ ਸਕਦੇ ਹਨ। ਕੈਪਟਨ ਨੇ ਦੱਸਿਆ ਕਿ ਅਗਨੀਵੀਰ ਆਰਮੀ ਭਰਤੀ ਰੈਲੀ 18 ਅਗਸਤ 2026 ਤੋਂ ਸ਼ੁਰੂ ਹੋਣੀ ਹੈ। ਇਸ ਲਈ ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਵੱਲੋਂ ਮੁਹੱਈਆ ਕਰਵਾਈਆਂ ਜਾ ਰਹੀਆਂ ਮੁਫ਼ਤ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ। ਉਨ੍ਹਾਂ ਦੱਸਿਆ ਕਿ ਇੱਛੁਕ ਨੌਜਵਾਨ ਸਵੇਰੇ 9 ਵਜੇ ਤੋਂ 11.30 ਵਜੇ ਤੱਕ ਕੈਂਪ ਵਿੱਚ ਪਹੁੰਚ ਕੇ ਆਪਣਾ ਦਾਖਲਾ ਕਰਵਾ ਸਕਦੇ ਹਨ।

## ਚੋਰੀ ਦੇ ਮੋਟਰਸਾਈਕਲ ਸਮੇਤ ਗ੍ਰਿਫ਼ਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਤਲਵੰਡੀ ਭਾਈ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ ਚੋਰੀ ਦੇ ਇੱਕ ਬਿਨਾਂ ਨੰਬਰੀ ਮੋਟਰਸਾਈਕਲ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਮੇਜਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਇਲਾਕੇ ਵਿੱਚ ਗਸ਼ਤ ਕਰ ਰਹੀ ਸੀ ਤਾਂ ਇਸ ਦੌਰਾਨ ਉਨ੍ਹਾਂ ਨੂੰ ਖਾਸ ਮੁਖ਼ਬਰ ਨੇ ਇਤਲਾਹ ਦਿੱਤੀ ਕਿ ਗੁਰਜੀਤ ਸਿੰਘ ਪੁੱਤਰ ਗੁਰਜੰਟ ਸਿੰਘ ਵਾਸੀ ਨਹਿਰ ਵਾਲੀ ਬਸਤੀ ਜ਼ੀਰਾ ਮੋਟਰਸਾਈਕਲ ਚੋਰੀ ਕਰਨ ਦਾ ਆਦੀ ਹੈ ਤੇ ਅੱਜ ਵੀ ਇਹ ਇਕ ਚੋਰੀ ਦਾ ਬਿਨਾਂ ਨੰਬਰੀ ਮੋਟਰਸਾਈਕਲ ਵੇਚਣ ਦੀ ਤਾਕ ਵਿੱਚ ਨੈਸ਼ਨਲ ਹਾਈਵੇ-54 ਤਲਵੰਡੀ ਭਾਈ 'ਤੇ ਬਣੀ ਪਰਕਿੰਗ ਵਿੱਚ ਖੜਾ ਹੈ, ਜਿਸ 'ਤੇ ਹੁਣੇ ਹੀ ਛਾਪੇਮਾਰੀ ਕੀਤੀ ਜਾਵੇ ਤਾਂ ਇਹ ਕਾਬੂ ਆ ਸਕਦਾ ਹੈ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮ 'ਤੇ ਛਾਪੇਮਾਰੀ ਕੀਤੀ ਤਾਂ ਗੁਰਜੀਤ ਸਿੰਘ ਨੂੰ ਕਾਬੂ ਕਰਕੇ ਉਸ ਕੋਲੋਂ ਇੱਕ ਚੋਰੀ ਦਾ ਮੋਟਰਸਾਈਕਲ ਸਪਲੈਂਡਰ ਬਿਨਾਂ ਨੰਬਰੀ ਬਰਾਮਦ ਕੀਤਾ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਰੈਵੇਨਿਊ ਪਟਵਾਰ ਯੂਨੀਅਨ ਤੇ ਕਾਨੂੰਗੋ ਐਸੋਸੀਏਸ਼ਨ ਵੱਲੋਂ ਅਵਤਾਰ ਸਿੰਘ ਦਾ ਸਨਮਾਨ



**ਸਮਰਾਲਾ (ਸੁਰਜੀਤ ਸਿੰਘ)**

ਤਹਿਸੀਲ ਸਮਰਾਲਾ ਵਿੱਚ ਬਤੌਰ ਰੈਵਨਿਊ ਪਟਵਾਰੀ ਵਜੋਂ ਸੇਵਾਵਾਂ ਨਿਭਾ ਰਹੇ ਅਵਤਾਰ ਸਿੰਘ ਨੂੰ ਪੰਜਾਬ ਸਰਕਾਰ ਵੱਲੋਂ ਕਰਵਾਏ ਗਏ ਖੇਡ ਸਮਾਗਮ ਵਿੱਚ 'ਮਹਾਰਾਜਾ ਰਣਜੀਤ ਸਿੰਘ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ । ਆਪਣੇ ਸਾਥੀ ਵੱਲੋਂ ਇੰਟਰਨੈਸ਼ਨਲ ਪੱਧਰ 'ਤੇ ਖੇਡਾਂ ਵਿੱਚ ਨਾਮਣਾ ਖੱਟਣ 'ਤੇ ਵੀਰਵਾਰ ਨੂੰ ਰੈਵਨਿਊ ਪਟਵਾਰ ਯੂਨੀਅਨ ਅਤੇ ਕਾਨੂੰਗੋ ਐਸੋਸੀਏਸ਼ਨ ਵੱਲੋਂ ਵਿਸ਼ੇਸ਼ ਤੌਰ 'ਤੇ ਅਵਤਾਰ ਸਿੰਘ ਦਾ ਸਨਮਾਨ ਕੀਤਾ ਗਿਆ। ਪਟਵਾਰੀ ਅਵਤਾਰ ਸਿੰਘ ਨੇ ਦੱਸਿਆ ਕਿ ਉਸ ਨੇ ਉਚੇਰੀ ਪੜ੍ਹਾਈ ਪਟਿਆਲਾ ਅਤੇ ਚੰਡੀਗੜ੍ਹ ਯੂਨੀਵਰਸਿਟੀਆਂ ਵਿੱਚੋਂ ਹਾਸਲ ਕੀਤੀ ਅਤੇ ਸਾਲ 2024 ਵਿੱਚ ਰੈਵਨਿਊ ਪਟਵਾਰੀ ਭਰਤੀ ਹੋਇਆ। ਅਵਤਾਰ ਸਿੰਘ ਨੇ ਦੱਸਿਆ ਕਿ ਉਸ ਦੇ ਪਰਿਵਾਰ ਵਿੱਚ ਪਹਿਲਾਂ ਕੋਈ ਮੈਂਬਰ ਖੇਡਾਂ ਵਿੱਚ ਸ਼ੌਕ ਨਹੀਂ ਰੱਖਦਾ ਸੀ, ਉਹ ਜਦੋਂ ਕਾਲਜ ਦੀ ਪੜ੍ਹਾਈ ਦੌਰਾਨ ਇੱਕ ਕੈਂਪ 'ਤੇ ਗਏ ਤਾਂ ਉੱਥੇ ਉਸ ਨੂੰ ਵਾਟਰ ਸਪੋਰਟਸ ਵਿੱਚ ਖੇਡਣ ਦਾ ਮੌਕਾ ਮਿਲਿਆ। ਉਸ ਤੋਂ ਬਾਅਦ ਖੇਡਣ ਦਾ ਜਨੂਨ ਪੈਦਾ ਹੋਇਆ ਅਤੇ ਹੁਣ ਤੱਕ ਉਹ 35 ਤੋਂ 40 ਨੈਸ਼ਨਲ ਪੱਧਰ ਦੇ ਮੈਡਲ ਹਾਸਲ ਕਰ ਚੁੱਕਿਆ ਹੈ ਅਤੇ ਇੰਟਰਨੈਸ਼ਨਲ ਮੈਡਲ ਵੀ ਜਿੱਤੇ ਹਨ।

ਪਟਵਾਰੀ ਅਵਤਾਰ ਸਿੰਘ ਨੇ ਦੱਸਿਆ ਕਿ ਉਹ ਆਪਣੀ ਸਰਵਿਸ ਦੇ ਨਾਲ-ਨਾਲ ਰੋਜ਼ਾਨਾ ਦੋ-ਤਿੰਨ ਘੰਟੇ ਸੁਖਨਾ ਲੇਕ ਚੰਡੀਗੜ੍ਹ ਵਿਖੇ ਖੇਡ ਦਾ ਅਭਿਆਸ ਕਰਦਾ ਹੈ ਅਤੇ ਉਹ ਆਪਣੇ ਅਗਲੇ ਸਫਰ ਵਿੱਚ ਵੀ ਖੇਡਾਂ ਜਰੀਏ ਪੰਜਾਬ ਅਤੇ ਆਪਣੇ ਮਹਿਕਮੇ ਦਾ ਨਾਮ ਰੌਸ਼ਨ ਕਰੇਗਾ। ਅੱਜ ਸਨਮਾਨ ਕਰਨ ਵਾਲਿਆ ਵਿੱਚ ਕਾਨੂੰਗੋ ਸੰਦੀਪ ਸਿੰਘ, ਕਾਨੂੰਗੋ ਬਲਰਾਜ ਸਿੰਘ, ਕਾਨੂੰਗੋ ਲਵਪ੍ਰੀਤ ਕੌਰ, ਪ੍ਰਧਾਨ ਰੁਪਿੰਦਰ ਸਿੰਘ, ਪਟਵਾਰੀ ਅਨਮੋਲ ਸਿੰਘ, ਮਨਮੀਤ ਸਿੰਘ, ਜਸਕਰਨ ਸਿੰਘ, ਵਿਕਰਮ ਸਿੰਘ, ਸਿਮਰਨ ਸਿੰਘ, ਪਰਮਿੰਦਰ ਸਿੰਘ, ਨਿਤਿਨ ਕੁਮਾਰ, ਚਮਨ ਲਾਲ, ਯਾਤਿਸ਼ ਬਾਲੀ, ਗੁਰਪ੍ਰੀਤ ਸਿੰਘ, ਅਨਿਲ ਕੁਮਾਰ, ਅਮਰਿੰਦਰ ਸਿੰਘ, ਦੁਵਾਕਰ ਮਿਸ਼ਰਾ, ਮਨਪ੍ਰੀਤ ਸਿੰਘ, ਹਰਵਿੰਦਰ ਸਿੰਘ, ਹਰਜੋਤ ਸਿੰਘ, ਮਨਜਿੰਦਰ, ਪਟਵਾਰੀ ਰਮਨਦੀਪ ਕੌਰ, ਪ੍ਰਭਜੋਤ ਕੌਰ, ਜਸਵੀਰ ਕੌਰ, ਮੋਨਿਕਾ, ਰੇਨੂੰਕਾ ਅਤੇ ਕਾਲਾ ਉਟਾਲਾਂ, ਮਨਪ੍ਰੀਤ ਸਿੰਘ ਮੰਝਾਲੀ, ਇੰਦਰਜੀਤ ਸਿੰਘ ਦੋਰਾਹਾ, ਜੈ ਮਰਵਾਹਾ ਆਦਿ ਹਾਜ਼ਰ ਸਨ।

# ਹੰਢਣਸਾਰ ਤੇ ਵਾਤਾਵਰਨ-ਪੱਖੀ ਖੇਤੀ ਨੀਤੀ ਲਾਗੂ ਕੀਤੀ ਜਾਵੇ : ਕਿਸਾਨ ਆਗੂ

**ਕਪੂਰਥਲਾ (ਗਿਆਨ ਸੈਦਪੁਰੀ)**

ਸੰਯੁਕਤ ਕਿਸਾਨ ਮੋਰਚੇ ਦੇ ਫੈਸਲੇ ਅਨੁਸਾਰ ਪੰਜਾਬ ਦੇ ਸਾਰੇ ਡੀ ਸੀ ਦਫ਼ਤਰਾਂ ਅੱਗੇ ਧਰਨੇ ਦੇ ਕੇ ਮੰਗ ਪੱਤਰ ਦਿੱਤੇ ਗਏ। ਇਸ ਸਿਲਸਿਲੇ ਤਹਿਤ ਐਸ ਕੇ ਐਮ ਕਪੂਰਥਲਾ ਵੱਲੋਂ ਵੀ ਧਰਨਾ ਦੇਣ ਉਪਰੰਤ ਮੰਗ ਪੱਤਰ ਦਿੱਤਾ ਗਿਆ।

ਧਰਨੇ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਖੇਤੀ ਖੇਤਰ ਬੁਰੀ ਤਰ੍ਹਾਂ ਸੰਕਟ ਵਿੱਚ ਫਸਿਆ ਹੋਇਆ ਹੈ। ਸੰਕਟ ਵਿੱਚੋਂ ਬਾਹਰ ਕੱਢਣ ਲਈ ਸਰਕਾਰ ਪੱਧਰ 'ਤੇ ਅਸਰਦਾਰ ਕਦਮ ਚੁੱਕੇ ਜਾਣ ਦੀ ਜ਼ਰੂਰਤ ਹੈ। ਆਗੂਆਂ ਨੇ ਜ਼ੋਰਦਾਰ ਢੰਗ ਨਾਲ ਮੰਗ ਕੀਤੀ ਕਿ ਹੱਦ ਕਰਜ਼ਾ ਬਹਾਲ ਕਰਕੇ ਕਿਸਾਨਾਂ ਨੂੰ ਫਸਲੀ ਕਰਜ਼ੇ ਤੁਰੰਤ ਮੁਹੱਈਆ ਕਰਵਾਏ ਜਾਣ। ਇਹ ਵੀ ਮੰਗ ਕੀਤੀ ਗਈ ਕਿ ਦੱਖਣੀ ਤੇ ਪੂਰਬੀ ਬਿਜਲੀ ਨਿਗਮਾਂ ਦਾ ਨਿੱਜੀਕਰਨ ਵਾਪਸ ਲਿਆ ਜਾਵੇ। ਚਿੱਪ ਵਾਲੇ ਸਮਾਰਟ ਮੀਟਰ ਲਾਉਣੇ ਬੰਦ ਕੀਤੇ ਜਾਣ ਅਤੇ ਸਾਰੇ ਖਪਤਕਾਰਾਂ ਦੀ 300 ਯੂਨਿਟ ਅਤੇ ਕਿਸਾਨਾਂ ਨੂੰ ਬਿਨਾਂ ਸ਼ਰਤ ਬਿਜਲੀ ਮੁਫ਼ਤ ਦਿੱਤੀ ਜਾਵੇ।



ਮੰਗ ਪੱਤਰ ਸੌਂਪਦੇ ਹੋਏ ਕਿਸਾਨ ਆਗੂ।

ਆਗੂਆਂ ਨੇ ਮੰਗ ਕੀਤੀ ਕਿ ਅਗਸਤ-ਸਤੰਬਰ 2025 ਦੇ ਹੜ੍ਹਾਂ ਅਤੇ ਮਾਰਚ-ਅਪ੍ਰੈਲ 2026 ਦੀ ਗੜੇਮਾਰੀ ਨਾਲ ਕਿਸਾਨਾਂ ਦੇ ਹੋਏ ਨੁਕਸਾਨ ਦਾ ਪੂਰਾ ਮੁਆਵਜ਼ਾ ਦਿੱਤਾ ਜਾਵੇ। ਕੱਚੀਆਂ ਜ਼ਮੀਨਾਂ ਵਾਲੇ ਅਬਾਦਕਾਰਾਂ ਨੂੰ ਵੀ ਪੂਰਾ ਮੁਆਵਜ਼ਾ ਦਿੱਤਾ ਜਾਵੇ।

ਪੰਜਾਬ ਦੇ ਖੇਤੀ ਸੰਕਟ ਨੂੰ ਹੱਲ ਕਰਨ ਲਈ ਲਾਭਕਾਰੀ, ਹੰਢਣਸਾਰ ਅਤੇ ਵਾਤਾਵਰਨ ਪੱਖੀ ਖੇਤੀ ਨੀਤੀ ਲਾਗੂ ਕੀਤੀ ਜਾਵੇ। 58 ਸਾਲ ਤੋਂ ਵੱਧ ਉਮਰ ਵਾਲੇ ਔਰਤ ਤੇ ਮਰਦ ਕਿਸਾਨ, ਮਜ਼ਦੂਰਾਂ ਤੇ ਪੇਂਡੂ ਦਸਤਕਾਰਾਂ ਨੂੰ ਦਸ ਹਜ਼ਾਰ ਰੁਪਏ ਪੈਨਸ਼ਨ ਦਿੱਤੀ ਜਾਵੇ। ਨਵੀਂ ਕੌਮੀ ਸਿੱਖਿਆ ਨੀਤੀ 2020 ਰੱਦ ਕਰਕੇ ਪੰਜਾਬ ਸਰਕਾਰ ਸੂਬੇ ਦੀ ਆਪਣੀ ਨੀਤੀ ਬਣਾ ਕੇ ਲਾਗੂ ਕਰੇ। ਆਗੂਆਂ ਨੇ ਇਹ ਵੀ ਮੰਗ ਕੀਤੀ ਕਿ ਕਰਜ਼ੇ ਅਤੇ ਆਰਥਿਕ ਤੰਗੀਆਂ ਕਾਰਨ ਖੁਦਕੁਸ਼ੀਆਂ ਕਰ ਗਏ ਕਿਸਾਨ-ਮਜ਼ਦੂਰਾਂ ਦੇ ਵਾਰਸਾਂ ਨੂੰ ਦਸ-ਦਸ ਲੱਖ ਰੁਪਏ ਦੀ ਮਾਲੀ ਸਹਾਇਤਾ, ਪਰਵਾਰ ਦੇ ਮੈਂਬਰ ਨੂੰ ਸਰਕਾਰੀ ਨੌਕਰੀ ਅਤੇ ਹਰੇਕ ਕਿਸਮ ਦਾ ਕਰਜ਼ਾ ਮਾਫ਼ ਕੀਤਾ ਜਾਵੇ। ਧਰਨੇ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਰਸ਼ਪਾਲ ਸਿੰਘ ਜਨਰਲ ਸਕੱਤਰ ਕਿਰਤੀ ਕਿਸਾਨ ਯੂਨੀਅਨ ਪੰਜਾਬ, ਬਲਵਿੰਦਰ ਸਿੰਘ ਭੁੱਲਰ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ ਕਪੂਰਥਲਾ, ਤਰਸੇਮ ਸਿੰਘ ਜਨਰਲ ਸਕੱਤਰ ਕਿਰਤੀ ਕਿਸਾਨ ਯੂਨੀਅਨ, ਹਰਜਿੰਦਰ ਸਿੰਘ ਰਾਣਾ ਸੈਦੋਵਾਲ ਪ੍ਰਧਾਨ ਬੀ ਕੇ ਯੂ ਡਕੌਂਦਾ (ਪੰਧੇਰ), ਐਡਵੋਕੇਟ ਰਜਿੰਦਰ ਸਿੰਘ ਰਾਣਾ ਕਨਵੀਨਰ ਸੰਯੁਕਤ ਕਿਸਾਨ ਮੋਰਚਾ ਕਪੂਰਥਲਾ, ਅਮਰਜੀਤ ਸਿੰਘ ਇੱਬਣ ਪ੍ਰਧਾਨ, ਜਸਵਿੰਦਰ ਸਿੰਘ ਸਕੱਤਰ, ਜਗਜੀਤ ਸਿੰਘ ਔਜਲਾ, ਜਥੇਦਾਰ ਪਲਵਿੰਦਰ ਸਿੰਘ ਕਾਲਾ ਸੰਘਿਆਂ, ਮਨਜਿੰਦਰ ਕਮਲ, ਫਕੀਰ ਮੁਹੰਮਦ, ਰਘਬੀਰ ਸਿੰਘ ਸੂਬਾਈ ਆਗੂ, ਬਲਵਿੰਦਰ ਸਿੰਘ ਬਾਜਵਾ, ਧਰਮਿੰਦਰ ਸਿੰਘ ਪ੍ਰਧਾਨ ਬੀ ਕੇ ਯੂ ਡਕੌਂਦਾ ਬੁਰਜ ਗਿੱਲ, ਬਾਬਾ ਅਜੀਤ ਸਿੰਘ, ਕੁਲਦੀਪ ਸਿੰਘ ਕੇਸਰਪੁਰ, ਸੁੱਚਾ ਸਿੰਘ ਪ੍ਰਧਾਨ, ਗੁਰਦੀਪ ਸਿੰਘ ਜਨਰਲ ਸਕੱਤਰ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ, ਹਰਿੰਦਰ ਸਿੰਘ ਚੀਮਾ, ਕੇ ਐੱਲ ਕੌਸ਼ਲ, ਮੁਹੰਮਦ ਯੂਨਸ ਅਨਸਾਰੀ, ਸਵਿੰਦਰ ਸਿੰਘ ਬਟਾਰੀ, ਹਰਪਾਲ ਸਿੰਘ ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕਾਮ, ਕੁਲਵਿੰਦਰ ਸਿੰਘ ਭੰਡਾਲ ਬੇਟ ਦੋਨਾ, ਅਮਰਜੀਤ ਸਿੰਘ ਢੱਪਈ, ਚੰਨ ਮੋਮੀ ਲੇਖਕ, ਸਰਵਣ ਸਿੰਘ ਕਰਮਜੀਤਪੁਰ, ਗੁਰਦੀਪ ਸਿੰਘ ਸਰਪੰਚ ਨਵਾਂ ਠੱਟਾ, ਪਿਆਰਾ ਸਿੰਘ, ਤਜਿੰਦਰ ਸਿੰਘ ਪ੍ਰਧਾਨ ਡੈਮੋਕ੍ਰੇਟਿਕ ਟੀਚਰ ਯੂਨੀਅਨ ਸ਼ਾਮਲ ਹਨ।

ਧਰਨੇ ਉਪਰੰਤ ਕਿਸਾਨ ਆਗੂਆਂ ਨੇ ਪੰਜਾਬ ਦੇ ਮੁੱਖ ਮੰਤਰੀ ਦੇ ਨਾਂਅ ਏ ਡੀ ਸੀ (ਡਿਵੈੱਲਪਮੈਂਟ) ਵਰਿੰਦਰਪਾਲ ਸਿੰਘ ਬਾਜਵਾ ਨੂੰ ਮੰਗ ਪੱਤਰ ਸੌਂਪਿਆ।

## ਸਫਾ 3 ਦੇ ਬਾਕੀ...

### 'ਕਾਕਰੋਚਾਂ' ਨੇ ਸਿੱਖਿਆ...

ਅਤੇ ਬਹੁਤ ਕੁਝ ਦਾਅ 'ਤੇ ਲੱਗਿਆ ਹੋਇਆ ਹੈ।'

ਉਨ੍ਹਾ ਇਹ ਵੀ ਕਿਹਾ ਕਿ ਜਨਤਕ ਸੰਸਥਾਵਾਂ ਨੂੰ ਵਿਗਿਆਨਕ ਸੁਭਾਅ ਅਤੇ ਤਕਨੀਕੀ ਯੋਗਤਾ ਵਾਲੇ ਵਿਅਕਤੀਆਂ ਦੀ ਲੋੜ ਹੁੰਦੀ ਹੈ। ਆਈ ਆਈ ਟੀ ਰੁੜਕੀ, ਜਿਸ ਨੇ ਇਸ ਸਾਲ ਨੋਡਲ ਸੰਸਥਾ ਵਜੋਂ ਪ੍ਰੀਖਿਆ ਕਰਵਾਈ ਸੀ, ਦੇ ਜਵਾਬ 'ਤੇ ਸਵਾਲ ਉਠਾਉਂਦੇ ਹੋਏ, ਰੰਕਾ ਨੇ ਕਿਹਾ ਕਿ ਸੰਸਥਾ ਦਾ ਇਹ ਦਾਅਵਾ ਕਿ ਸਾਹਮਣੇ ਆਇਆ ਡਾਟਾ 'ਸਿਰਫ ਪੜ੍ਹਨ ਲਈ' ਫਾਰਮੈਟ ਵਿੱਚ ਸੀ, ਮੁੱਦੇ ਦੀ ਗੰਭੀਰਤਾ ਨੂੰ ਘਟਾਉਂਦਾ ਨਹੀਂ। ਆਈ ਆਈ ਟੀ ਰੁੜਕੀ ਨੇ ਕਿਹਾ ਕਿ ਡਾਟਾ ਸਿਰਫ ਪੜ੍ਹਨ ਲਈ ਸੀ। ਕੀ ਇਹ ਮਜ਼ਾਕ ਹੈ ? ਤੁਸੀਂ ਕਹਿ ਰਹੇ ਹੋ ਕਿ ਇਸ ਨੂੰ ਪੜ੍ਹਿਆ ਜਾ ਸਕਦਾ ਹੈ, ਪਰ ਸੰਪਾਦਤ ਨਹੀਂ ਕੀਤਾ ਜਾ ਸਕਦਾ। ਇੱਕ ਬੁਨਿਆਦੀ ਆਈ ਆਈ ਟੀ ਪੋਰਟਲ ਨੂੰ ਸੁਰੱਖਿਅਤ ਢੰਗ ਨਾਲ ਨਹੀਂ ਚਲਾਇਆ ਜਾ ਸਕਦਾ। 16, 17 ਅਤੇ 18 ਸਾਲ ਦੇ ਬੱਚੇ ਕਮਜ਼ੋਰੀਆਂ ਦੀ ਖੋਜ ਕਰ ਰਹੇ ਹਨ ਅਤੇ ਸੀ ਈ ਆਰ ਟੀ ਨੂੰ ਸੁਚੇਤ ਕਰ ਰਹੇ ਹਨ। ਇਹ ਸਿਸਟਮ ਚਲਾਉਣ ਵਾਲੇ ਲੋਕਾਂ ਦੀ ਯੋਗਤਾ ਦੇ ਪੱਧਰ ਨੂੰ ਦਰਸਾਉਂਦਾ ਹੈ। ਮੰਗਲਵਾਰ ਆਈ ਆਈ ਟੀ ਰੁੜਕੀ ਨੇ ਜੇ ਈ ਈ (ਐਡਵਾਂਸਡ) 2026 ਨਤੀਜੇ ਦੇ ਪੋਰਟਲ ਨਾਲ ਜੁੜੇ ਇੱਕ ਕਲਾਊਡ ਸਟੋਰੇਜ ਕੌਂਫਿਗਰੇਸ਼ਨ ਮੁੱਦੇ ਨੂੰ ਸਵੀਕਾਰ ਕੀਤਾ, ਜਦੋਂ ਇੱਕ ਅੱਲ੍ਹੜ ਸਾਈਬਰ ਸੁਰੱਖਿਆ ਖੋਜਕਰਤਾ ਨੇ ਰਿਪੋਰਟ ਦਿੱਤੀ ਕਿ ਉਮੀਦਵਾਰਾਂ ਦੇ ਰਿਕਾਰਡ ਅਤੇ ਐਡਮਿਟ-ਕਾਰਡ ਦਸਤਾਵੇਜ਼ ਪ੍ਰਮਾਣਿਕਤਾ ਤੋਂ ਬਿਨਾਂ ਪਹੁੰਚਯੋਗ ਸਨ। ਸੰਸਥਾ ਨੇ ਕਿਹਾ ਕਿ ਸੁਧਾਰਾਤਮਕ ਕਾਰਵਾਈ ਪਹਿਲ ਦੇ ਆਧਾਰ 'ਤੇ ਕੀਤੀ ਜਾ ਰਹੀ ਹੈ ਅਤੇ ਸਾਹਮਣੇ ਆਇਆ ਡਾਟਾ ਸਿਰਫ-ਪੜ੍ਹਨ ਦੇ ਢੰਗ ਵਿੱਚ ਸੀ। ਉਹ ਰਿਕਾਰਡਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਦੀ ਸੰਭਾਵਨਾ ਨੂੰ ਰੱਦ ਕਰਦੀ ਹੈ। ਰੰਕਾ ਨੇ ਮੰਗ ਕੀਤੀ ਕਿ ਸਰਕਾਰ ਆਪਣੀ ਨਿਗਰਾਨੀ ਹੇਠ ਸਾਰੀਆਂ ਡਾਟਾ ਐਕਸਪੋਜ਼ਰ ਘਟਨਾਵਾਂ ਅਤੇ ਸਾਈਬਰ ਸੁਰੱਖਿਆ ਖਾਮੀਆਂ ਦੇ ਵੇਰਵੇ ਪ੍ਰਗਟ ਕਰੇ। ਉਨ੍ਹਾ ਕਿਹਾ, 'ਅਸੀਂ ਜਾਣਨਾ ਚਾਹੁੰਦੇ ਹਾਂ ਕਿ ਇਸ ਦੇਸ਼ ਦਾ ਡਾਟਾ ਕਿੱਥੇ ਪਹੁੰਚਿਆ ਹੈ ਅਤੇ ਕਿਸ-ਕਿਸ ਕੋਲ ਇਸ ਤੱਕ ਪਹੁੰਚ ਹੈ। ਅਜਿਹੀਆਂ ਸਾਰੀਆਂ ਉਲੰਘਣਾਵਾਂ ਦੇ ਵੇਰਵੇ, ਖਾਸ ਕਰਕੇ ਉਹ ਜੋ ਰਾਸ਼ਟਰੀ ਸੁਰੱਖਿਆ ਨੂੰ ਪ੍ਰਭਾਵਤ ਕਰ ਸਕਦੀਆਂ ਹਨ, ਜਨਤਕ ਕੀਤੇ ਜਾਣੇ ਚਾਹੀਦੇ ਹਨ।' 6 ਜੂਨ ਲਈ ਲਾਮਬੰਦੀ ਤੋਂ ਪਹਿਲਾਂ ਪਾਰਟੀ ਦੀ ਸਥਿਤੀ ਸਪੱਸ਼ਟ ਕਰਦਿਆਂ ਰੰਕਾ ਨੇ ਕਿਹਾ, 'ਹਿੰਸਾ ਬਾਰੇ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ। ਕਾਕਰੋਚ ਜਨਤਾ ਪਾਰਟੀ ਕਾਨੂੰਨ ਅਤੇ ਵਿਵਸਥਾ ਦੇ ਅਨੁਸਾਰ ਸ਼ਾਂਤੀਪੂਰਨ ਅਤੇ ਲੋਕਤੰਤਰੀ ਵਿਰੋਧ ਪ੍ਰਦਰਸ਼ਨਾਂ ਦਾ ਸੱਦਾ ਦਿੰਦੀ ਹੈ। ਅਸੀਂ ਲੋਕਾਂ ਨੂੰ ਹਿੰਸਾ ਤੋਂ ਦੂਰ ਰਹਿਣ ਦੀ ਅਪੀਲ ਕਰਦੇ ਹਾਂ।' ਉਨ੍ਹਾ ਸਿੱਖਿਆ ਮੰਤਰੀ ਪ੍ਰਧਾਨ ਦੇ ਅਸਤੀਫੇ ਦੀ ਮੰਗ 'ਤੇ ਕਾਇਮ ਰਹਿੰਦਿਆਂ ਕਿਹਾ ਕਿ ਉਹ ਆਪਣੀਆਂ ਮੰਗਾਂ 'ਤੇ ਸਰਕਾਰ ਅਤੇ ਵਿਰੋਧੀ ਧਿਰ ਦੋਵਾਂ ਨਾਲ ਗੱਲਬਾਤ ਲਈ ਤਿਆਰ ਹਨ। ਪਾਰਟੀ ਦਾ ਬਾਨੀ ਅਭਿਜੀਤ ਦੀਪਕੇ ਅਮਰੀਕਾ ਤੋਂ 6 ਜੂਨ ਨੂੰ ਦਿੱਲੀ ਪਹੁੰਚ ਰਿਹਾ ਹੈ। ਪਾਰਟੀ ਨੇ ਕਿਹਾ ਕਿ ਜਲਵਾਯੂ ਕਾਰਕੁੰਨ ਸੋਨਮ ਵਾਂਗਚੁਕ ਵੀ ਪ੍ਰਸਤਾਵਤ ਪ੍ਰਦਰਸ਼ਨ ਵਿੱਚ ਸ਼ਾਮਲ ਹੋਣਗੇ। ਉਨ੍ਹਾ ਕਿਹਾ ਕਿ ਪ੍ਰੋਟੈਸਟ ਕਾਨੂੰਨੀ ਤਰੀਕਿਆਂ ਨਾਲ ਕੀਤਾ ਜਾਵੇਗਾ ਅਤੇ ਲੋਕਤੰਤਰੀ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜਨਤਕ ਵਿਵਸਥਾ ਬਣਾਈ ਰੱਖੀ ਜਾਵੇਗੀ।

### ਕਾਮਰੇਡ ਅਵਤਾਰ ਉਪਲ...

ਚਿੰਤਤ ਰਹਿੰਦੇ ਸਨ ਅਤੇ ਆਪਣੀ ਪਹੁੰਚ ਦੇ ਸਮਾਜਿਕ, ਰਾਜਨੀਤਕ ਅਤੇ ਮਿੱਤਰਤਾ ਦੇ ਦਾਇਰੇ ਤੱਕ ਗੰਭੀਰ ਚਰਚਾ ਕਰਦੇ ਅਤੇ ਆਵਾਜ਼ ਉਠਾਉਂਦੇ ਰਹਿੰਦੇ ਸਨ।ਪੰਜਾਬ ਸੀ ਪੀ ਆਈ ਕਾਮਰੇਡ ਅਵਤਾਰ ਸਿੰਘ ਉਪਲ ਦੇ ਵਿਛੋੜੇ ਦਾ ਪਰਵਾਰ, ਰਿਸ਼ਤੇਦਾਰਾਂ ਅਤੇ ਉਹਨਾ ਦੇ ਦੋਸਤਾਂ-ਮਿੱਤਰਾਂ ਤੇ ਪਾਰਟੀ ਨਾਲ ਤਹਿ ਦਿਲੋਂ ਦੁੱਖ ਸਾਂਝਾ ਕਰਦੇ ਹੋਏ ਇਸ ਮਹਾਨ ਇਨਸਾਨ ਨੂੰ ਪਾਰਟੀ ਵੱਲੋਂ ਸ਼ਰਧਾ ਦੇ ਫੁੱਲ ਭੇਟ ਕਰਦੀ ਹੈ।

### ਅੰਤਰਰਾਸ਼ਟਰੀ ਹਾਕੀ...

ਪੰਜਾਬ ਆਉਣੀਆਂ ਹਨ। ਬਹੁਤ ਜਲਦੀ ਮੁੱਖ ਮੰਤਰੀ ਪੰਜਾਬ ਲੀਗ ਟੀਮ ਵੀ ਸਾਈਨ ਕਰਨ ਜਾ ਰਹੇ ਹਨ ਤੇ ਇਕ ਜੂਨੀਅਰ ਲੀਗ ਟੀਮ ਵੀ ਲਾਂਚ ਕਰਨ ਜਾ ਰਹੇ ਹਨ। ਕੋਹਲੀ ਨੇ ਕਿਹਾ ਕਿ ਇਹ ਅੰਤਰਰਾਸ਼ਟਰੀ ਟੂਰਨਾਮੈਂਟ ਸਿਰਫ ਮੁੱਖ ਮੰਤਰੀ ਭਗਵੰਤ ਮਾਨ ਸਦਕਾ ਮਿਲਿਆ ਹੈ। ਉਨ੍ਹਾ ਹੀ ਹਾਕੀ ਇੰਡੀਆ ਨਾਲ ਤਾਲਮੇਲ ਕਰ ਕੇ ਹਾਕੀ ਟੂਰਨਾਮੈਂਟ ਪੰਜਾਬ ਵਿਚ ਲਿਆਂਦਾ ਹੈ। ਆਜ਼ਾਦੀ ਤੋਂ ਬਾਅਦ ਅਜਿਹਾ ਪਹਿਲਾ ਟੂਰਨਾਮੈਂਟ ਹੋਣ ਜਾ ਰਿਹਾ ਹੈ। ਇਸ ਦਾ ਸਾਰਾ ਸਿਹਰਾ ਮੁੱਖ ਮੰਤਰੀ ਪੰਜਾਬ, ਹਾਕੀ ਪੰਜਾਬ ਤੇ ਹਾਕੀ ਪ੍ਰੇਮੀਆਂ ਨੂੰ ਜਾਂਦਾ ਹੈ। ਉਨ੍ਹਾ ਕਿਹਾ ਕਿ ਲਗਭਗ ?18 ਕਰੋੜ ਦੀ ਲਾਗਤ ਨਾਲ ਸਟੇਡੀਅਮ ਨੂੰ ਵਿਸ਼ਵ ਪੱਧਰੀ ਸੁਵਿਧਾਵਾਂ ਨਾਲ ਲੈਸ ਕਰਨ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ। ਨਿਤਿਨ ਕੋਹਲੀ ਨੇ ਕਿਹਾ ਕਿ ਪਹਿਲੀ ਨਵੰਬਰ ਨੂੰ ਪੰਜਾਬ ਡੇਅ ਹੈ ਤੇ ਪਹਿਲੀ ਨਵੰਬਰ ਨੂੰ ਹੀ ਭਾਰਤ ਤੇ ਪਾਕਿਸਤਾਨ ਦਾ ਮੈਚ ਪੰਜਾਬ ਵਿਚ ਖੇਡੇ ਜਾਣ ਦੀ ਕੋਸ਼ਿਸ਼ ਹੈ। ਇਸ ਦੌਰਾਨ ਸਟੇਡੀਅਮ ਨੂੰ ਨਵੀਂ ਵਹੁਟੀ ਵਾਂਗ ਸਜਾਇਆ ਜਾਵੇਗਾ। ਕੋਹਲੀ ਨੇ ਕਿਹਾ ਕਿ ਲੀਗ ਦੀ ਓਪਨਿੰਗ ਤੇ ਕਲੋਜ਼ਿੰਗ ਮੁਹਾਲੀ ਵਿਚ ਹੈ ਤੇ ਬਾਕੀ ਸਾਰੇ ਲੀਗ ਮੈਚ ਜਲੰਧਰ ਵਿਚ ਹੀ ਖੇਡੇ ਜਾਣਗੇ। ਬਾਹਰ ਪ੍ਰੈਕਟਿਸ ਗਰਾਊਂਡ ਬਣ ਕੇ ਤਿਆਰ ਹੈ, ਇਹ ਗਰਾਊਂਡ ਵੀ ਬਣ ਕੇ ਜਲਦੀ ਤਿਆਰ ਹੋ ਜਾਵੇਗੀ। ਅਸੀਂ ਜਲਦੀ ਹੀ ਇਕ ਵਧੀਆ ਈਵੈਂਟ ਜਲੰਧਰ ਵਿਚ ਦੇਖਣ ਜਾ ਰਹੇ ਹਾਂ।

ਉਲੰਪੀਅਨ ਗੁਰਜੰਟ ਸਿੰਘ ਨੇ ਦੱਸਿਆ ਕਿ ਅਗਲੇ ਤਿੰਨ ਮਹੀਨਿਆਂ ਦੇ ਅੰਦਰ ਸਟੇਡੀਅਮ ਨੂੰ ਪੂਰੀ ਤਰ੍ਹਾਂ ਅੰਤਰਰਾਸ਼ਟਰੀ ਮਾਪਦੰਡਾਂ ਅਨੁਸਾਰ ਤਿਆਰ ਕਰ ਦਿੱਤਾ ਜਾਵੇਗਾ।

### ਸਿੱਖਿਆ ਪ੍ਰਣਾਲੀ...

ਦੁਖਦਾਈ ਨਤੀਜਾ ਹੈ। ਗਾਂਧੀ ਨੇ ਕਿਹਾ, 'ਸ੍ਰੀ ਧਰਮਿੰਦਰ ਪ੍ਰਧਾਨ, ਅੱਜ ਵੀ ਆਪਣੇ ਅਹੁਦੇ 'ਤੇ ਮਜ਼ਬੂਤੀ ਨਾਲ ਬੈਠੇ ਹਨ। ਉਹੀ ਪੁਰਾਣੀਆਂ ਕਮੇਟੀਆਂ। ਉਹੀ ਪੁਰਾਣੇ ਤਬਾਦਲੇ। ਉਹੀ ਪੁਰਾਣੀਆਂ ਜਾਂਚਾਂ। ਕੋਈ ਸੁਧਾਰ ਨਹੀਂ; ਕੋਈ ਇਨਸਾਫ਼ ਨਹੀਂ।' ਕਾਂਗਰਸ ਨੇਤਾ ਨੇ ਕਿਹਾ, 'ਸ੍ਰੀ ਮੋਦੀ, ਸੱਤਾ ਸਥਾਈ ਨਹੀਂ ਹੁੰਦੀ-ਇਹ ਆਉਂਦੀ-ਜਾਂਦੀ ਰਹਿੰਦੀ ਹੈ। ਪਰ ਭਾਰਤ ਦੇ ਨੌਜਵਾਨਾਂ ਦੀ ਇੱਕ ਪੂਰੀ ਪੀੜ੍ਹੀ ਹੁਣ ਉਸ ਕੀਮਤ ਨੂੰ ਚੁਕਾ ਰਹੀ ਹੈ, ਜਿਸ ਹੱਦ ਤੱਕ ਤੁਸੀਂ ਪਿਛਲੇ 12 ਸਾਲਾਂ ਵਿੱਚ ਸਿੱਖਿਆ ਪ੍ਰਣਾਲੀ ਨੂੰ ਬਰਬਾਦ ਕੀਤਾ ਹੈ।'

### ਚੋਰੀਆਂ ਤੋਂ ਅੱਕੇ...

ਰਲ ਕੇ ਇੱਕ ਪੋਸਟਰ ਤਿਆਰ ਕੀਤਾ, ਜੋ ਹੁਣ ਸੋਸ਼ਲ ਮੀਡੀਆ 'ਤੇ ਖੂਬ ਵਾਇਰਲ ਹੋ ਰਿਹਾ ਹੈ। ਇਸ ਪੋਸਟਰ ਰਾਹੀਂ ਕਿਸਾਨਾਂ ਨੇ ਚੋਰਾਂ ਨੂੰ ਇੱਕ ਅਨੋਖੀ ਅਤੇ ਸਿੱਧੀ ਅਪੀਲ ਕੀਤੀ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਝੋਨੇ ਦੀ ਲਵਾਈ ਦੇ ਰੁਝੇਵੇਂ ਵਾਲੇ ਸੀਜ਼ਨ ਵਿੱਚ ਮੋਟਰਾਂ ਚੋਰੀ ਹੋਣ ਨਾਲ ਉਨ੍ਹਾਂ ਨੂੰ ਭਾਰੀ ਪਰੇਸ਼ਾਨੀ ਹੁੰਦੀ ਹੈ ਅਤੇ ਉਨ੍ਹਾਂ ਦੀ ਫ਼ਸਲ ਦਾ ਸਾਰਾ ਚੱਕਰ ਵਿਗੜ ਜਾਂਦਾ ਹੈ। ਚੋਰਾਂ ਵੱਲੋਂ ਮੋਟਰਾਂ ਤੋੜ ਕੇ ਉਨ੍ਹਾਂ ਨੂੰ ਕਬਾੜ ਦੇ ਭਾਅ ਬਹੁਤ ਸਸਤਾ ਵੇਚਣ ਦੀ ਬਜਾਏ, ਕਿਸਾਨਾਂ ਨੇ ਉਨ੍ਹਾਂ ਨੂੰ ਇੱਕ ਪੇਸ਼ਕਸ਼ ਦਿੱਤੀ ਹੈ। ਕਿਸਾਨਾਂ ਨੇ ਚੋਰਾਂ ਨੂੰ ਕਿਹਾ ਹੈ ਕਿ ਉਹ ਟਿਊਬਵੈੱਲ ਵਾਲੀ ਥਾਂ 'ਤੇ ਇੱਕ ਸਕੈਨਰ ਲਗਾ ਦੇਣ। ਬਦਲੇ ਵਿੱਚ ਕਿਸਾਨ ਰਲ ਕੇ ਉਨ੍ਹਾਂ ਦੇ ਖਾਤੇ ਵਿੱਚ ਪੈਸੇ ਪਾ ਦਿਆ ਕਰਨਗੇ।

## ਨਵੇਂ ਆਏ ਥਾਣਾ ਮੁਖੀ ਨੇ ਚਾਰਜ ਸੰਭਾਲਿਆ



**ਬਰੇਟਾ (ਰੀਤਵਾਲ)**-ਨਵੇਂ ਆਏ ਥਾਣਾ ਮੁਖੀ ਗਣੇਸ਼ਵਰ ਕੁਮਾਰ ਨੇ ਥਾਣੇ ਬਰੇਟਾ ਦਾ ਚਾਰਜ ਸੰਭਾਲ ਲਿਆ ਹੈ।ਉਨ੍ਹਾਂ ਕਿਹਾ ਕਿ ਥਾਣੇ ਅਧੀਨ ਪੈਂਦੇ ਇਲਾਕੇ ਵਿੱਚ ਨਸ਼ਿਆਂ ਦਾ ਮੁਕੰਮਲ ਤੌਰ 'ਤੇ ਖਾਤਮਾ ਕਰਨ ਹਿੱਤ ਜਾਂ ਤਾਂ ਨਸ਼ਾ ਵੇਚਣ ਵਾਲੇ ਦੌੜ ਜਾਣਗੇ ਨਹੀਂ ਤਾਂ ਜੇਲ੍ਹ ਭੇਜੇ ਜਾਣਗੇ।ਉਨ੍ਹਾਂ ਕਿਹਾ ਕਿ ਪੜ੍ਹਨ ਵਾਲੀਆਂ ਕੁੜੀਆਂ ਜਾਂ ਕੰਮ-ਕਾਜੀ ਔਰਤਾਂ ਨੂੰ ਕਿਸੇ ਵਜ੍ਹਾ ਨਾਲ ਜੇ ਦੇਰ-ਸਵੇਰ ਹੋ ਜਾਵੇ ਤਾਂ 112 ਨੰਬਰ 'ਤੇ ਡਾਇਲ ਕੀਤੇ ਜਾਣ 'ਤੇ ਉਨ੍ਹਾਂ ਨੂੰ ਲੇਡੀ ਪੁਲਸ ਦੀ ਸਹਾਇਤਾ ਨਾਲ ਰਾਜ਼ੀ-ਖ਼ੁਸ਼ੀ ਘਰ ਪਹੁੰਚਾਇਆ ਜਾਵੇਗਾ।ਗੁੰਡਾ ਅਨਸਰ ਨੂੰ ਕਿਸੇ ਵੀ ਕੀਮਤ 'ਤੇ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ।ਅਮੀਰ-ਗ਼ਰੀਬ, ਜਾਤ-ਪਾਤ, ਵੱਡਾ-ਛੋਟਾ ਆਦਿ ਤੋਂ ਨਿਰਲੇਪ ਰਹਿ ਕੇ ਹਰ ਇਕ ਨੂੰ ਇਨਸਾਫ਼ ਦਿਵਾਇਆ ਜਾਵੇਗਾ।ਨਗਰ ਦੀ ਟ੍ਰੈਫਿਕ ਸਮੱਸਿਆ ਵੱਲ ਧਿਆਨ ਦਿਵਾਏ ਜਾਣ 'ਤੇ ਉਨ੍ਹਾਂ ਕਿਹਾ ਕਿ ਟ੍ਰੈਫਿਕ ਨੂੰ ਸੁਚਾਰੂ ਰੂਪ ਨਾਲ ਚਾਲੂ ਰੱਖਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ।ਅਮਨ ਕਾਨੂੰਨ ਦੀ ਸਥਿਤੀ ਬਿਹਤਰ ਤੇ ਸ਼ਾਂਤੀ ਬਣਾਈ ਰੱਖਣ ਲਈ ਉਨ੍ਹਾਂ ਨੇ ਸਾਰੇ ਲੋਕਾਂ ਨੂੰ ਪੁਲਸ ਨਾਲ ਸਹਿਯੋਗ ਕਰਨ ਦੀ ਅਪੀਲ ਵੀ ਕੀਤੀ।

## ਕਿਸਾਨਾਂ ਨੇ ਮੋਟਰ ਚੋਰ ਗਰੋਹ ਦਾ ਇੱਕ ਮੈਂਬਰ ਕਾਬੂ ਕਰ ਕੀਤਾ ਪੁਲਸ ਹਵਾਲੇ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿਛਲੇ ਕੁਝ ਦਿਨਾਂ ਤੋਂ ਮਾਛੀਵਾੜਾ ਇਲਾਕੇ ਦੇ ਪਿੰਡਾਂ ਵਿੱਚ ਕਿਸਾਨਾਂ ਦੇ ਖੇਤਾਂ ਵਿੱਚ ਲੱਗੀਆਂ ਮੋਟਰਾਂ ਚੋਰੀ ਕਰਨ ਵਾਲਾ ਗਰੋਹ ਸਰਗਰਮ ਸੀ, ਜਿਸ ਨੇ ਕਈ ਚੋਰੀਆਂ ਕੀਤੀਆਂ। ਬੀਤੀ ਰਾਤ ਚੋਰ ਗਰੋਹ ਜਦੋਂ ਪਿੰਡ ਮਹੱਦੀਪੁਰ ਵਿਖੇ ਇੱਕ ਕਿਸਾਨ ਦੀ ਖੇਤਾਂ ਵਿੱਚ ਲੱਗੀ ਮੋਟਰ ਚੋਰੀ ਕਰ ਰਿਹਾ ਸੀ ਤਾਂ ਉਸ ਨੂੰ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ, ਜਦਕਿ 2 ਮੌਕੇ ਤੋਂ ਫਰਾਰ ਹੋ ਗਏ। ਕਿਸਾਨਾਂ ਵੱਲੋਂ ਇਸ ਚੋਰ ਗਰੋਹ ਦੇ ਇੱਕ ਮੈਂਬਰ ਨੂੰ ਮਾਛੀਵਾੜਾ ਪੁਲਸ ਸਪੁਰਦ ਕਰ ਦਿੱਤਾ। ਮਾਛੀਵਾੜਾ ਥਾਣਾ ਵਿਖੇ ਪੁੱਜੇ ਕਿਸਾਨ ਆਗੂ ਨਿੱਕਾ ਸਿੰਘ ਖੇੜਾ ਤੇ ਇਨ੍ਹਾਂ ਚੋਰੀਆਂ ਦੇ ਸ਼ਿਕਾਰ ਹੋਏ ਪੀੜਤ ਕਿਸਾਨਾਂ ਨੇ ਦੱਸਿਆ ਕਿ ਇਹ ਚੋਰ ਇਲਾਕੇ ਦੇ ਪਿੰਡਾਂ ਨਾਲ ਹੀ ਸਬੰਧ ਰੱਖਦੇ ਹਨ, ਜੋ ਕਿ ਨਸ਼ੇ ਲਈ ਖੇਤਾਂ ਵਿੱਚੋਂ ਮੋਟਰਾਂ ਚੋਰੀ ਕਰਕੇ ਕੌਡੀਆਂ ਦੇ ਭਾਅ ਕਬਾੜੀਆਂ ਨੂੰ ਵੇਚ ਦਿੰਦੇ ਹਨ। ਕਿਸਾਨਾਂ ਨੇ ਕਿਹਾ ਕਿ ਇੱਕ ਮੋਟਰ ਚੋਰੀ ਹੋਣ ਨਾਲ ਉਨ੍ਹਾਂ ਦਾ ਕਰੀਬ 30 ਤੋਂ 50 ਹਜ਼ਾਰ ਰੁਪਏ ਦਾ ਨੁਕਸਾਨ ਹੋ ਜਾਂਦਾ ਹੈ, ਜਦਕਿ ਇਹ ਚੋਰ ਕੇਵਲ 3 ਹਜ਼ਾਰ ਰੁਪਏ 'ਚ ਮੋਟਰ ਕਬਾੜੀਆਂ ਨੂੰ ਵੇਚ ਦਿੰਦੇ ਹਨ। ਕਿਸਾਨਾਂ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ ਤੋਂ ਇਨ੍ਹਾਂ ਚੋਰਾਂ ਨੇ ਮਾਛੀਵਾੜਾ ਬੇਟ ਖੇਤਰ ਵਿੱਚ ਆਤੰਕ ਮਚਾਇਆ ਹੋਇਆ ਹੈ ਅਤੇ ਅੱਜ ਇਨ੍ਹਾਂ 'ਚੋਂ ਇੱਕ ਚੋਰ ਰੰਗੇ ਹੱਥੀਂ ਕਾਬੂ ਕਰ ਲਿਆ ਹੈ। ਜੋ ਮੋਟਰ ਚੋਰ ਗ੍ਰਿਫ਼ਤਾਰ ਕੀਤਾ ਗਿਆ, ਉਹ ਆਪਣੇ 2 ਹੋਰ ਸਾਥੀਆਂ ਨਾਲ ਚੋਰੀ ਕਰਨ ਆਇਆ ਸੀ, ਜਿਸ ਕੋਲੋਂ ਮੋਟਰ ਖੋਲ੍ਹਣ ਵਾਲੇ ਔਜ਼ਾਰ ਵੀ ਬਰਾਮਦ ਕੀਤੇ ਗਏ। ਕਾਬੂ ਕੀਤੇ ਚੋਰ ਨੇ ਕਿਸਾਨਾਂ ਨੂੰ ਦੱਸਿਆ ਕਿ ਉਹ ਤਿੰਨ ਸਾਥੀ ਹਨ, ਜੋ ਮੋਟਰਾਂ ਚੋਰੀ ਕਰਦੇ ਹਨ ਤੇ ਮਾਛੀਵਾੜਾ ਵਿਖੇ ਹੀ ਇੱਕ ਕਬਾੜੀਏ ਨੂੰ ਇਹ ਸਾਰਾ ਚੋਰੀ ਦਾ ਸਾਮਾਨ ਵੇਚ ਦਿੰਦੇ ਹਨ। ਕਿਸਾਨਾਂ ਵੱਲੋਂ ਥਾਣਾ ਮੁਖੀ ਪਵਿੱਤਰ ਸਿੰਘ ਨਾਲ ਮਿਲ ਕੇ ਮੰਗ ਕੀਤੀ ਕਿ ਚੋਰ ਗਰੋਹ ਦੇ ਬਾਕੀ ਮੈਂਬਰ ਵੀ ਗ੍ਰਿਫ਼ਤਾਰ ਕੀਤੇ ਜਾਣ ਤੇ ਉਨ੍ਹਾਂ ਕੋਲੋਂ ਚੋਰੀ ਕੀਤੀਆਂ ਮੋਟਰਾਂ ਬਰਾਮਦ ਕੀਤੀਆਂ ਜਾਣ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਜਿਨ੍ਹਾਂ ਕਬਾੜੀਆਂ ਨੂੰ ਇਹ ਚੋਰ ਸਾਡੀਆਂ ਮੋਟਰਾਂ ਚੋਰੀ ਕਰਕੇ ਵੇਚਦੇ ਹਨ, ਉਨ੍ਹਾਂ ਖਿਲਾਫ਼ ਸਖ਼ਤ ਧਾਰਾਵਾਂ ਤਹਿਤ ਪਰਚਾ ਦਰਜ ਕੀਤਾ ਜਾਵੇ।

## ਕਾਕਾ ਕਾਂਗੜ ਨੂੰ ਸਦਮਾ, ਮਾਤਾ ਦਾ ਦੇਹਾਂਤ

**ਬਠਿੰਡਾ (ਰਾਜੀਵ ਗੋਇਲ)**-ਕਾਂਗਰਸ ਦੇ ਸੀਨੀਅਰ ਨੇਤਾ ਅਤੇ ਸਾਬਕਾ ਵਜ਼ੀਰ ਗੁਰਪ੍ਰੀਤ ਸਿੰਘ ਕਾਂਗੜ ਦੇ ਅਤਿ ਨਜਦੀਕੀ ਅਤੇ ਉਹਨਾਂ ਦੇ ਜੱਦੀ ਪਿੰਡ ਕਾਂਗੜ ਦੇ ਵਸਨੀਕ ਤੇ ਸਾਬਕਾ ਸਰਪੰਚ 'ਸਵਰਨਜੀਤ ਸਿੰਘ ਕਾਕਾ ਕਾਂਗੜ' ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਉਹਨਾਂ ਦੇ ਮਾਤਾ ਬੀਤੀ ਦੇਰ ਰਾਤ ਆਪਣੇ ਸਵਾਸਾਂ ਦੀ ਪੂੰਜੀ ਭੋਗਦੇ ਹੋਏ ਇਸ ਸੰਸਾਰ ਨੂੰ ਅਲਵਿਦਾ ਆਖ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਇਸ ਦੁੱਖ ਦੀ ਘੜੀ ਵਿੱਚ ਗੱਲਬਾਤ ਕਰਦਿਆਂ ਕਾਂਗੜ ਨੇ ਕਿਹਾ ਕਿ ਉਹ ਅਜੇ ਕੱਲ੍ਹ ਹੀ ਮਾਤਾ ਜੀ ਦੀ ਸਿਹਤ ਦਾ ਹਾਲ ਜਾਨਣ ਲਈ ਉਹਨਾਂ ਦੇ ਗ੍ਰਹਿ ਵਿਖੇ ਪਹੁੰਚੇ ਸਨ ਪਰ ਇਹ ਨਹੀਂ ਸੀ ਪਤਾ ਕਿ ਮਾਤਾ ਜੀ ਇੰਨੀ ਜਲਦੀ ਉਹਨਾਂ ਦੇ ਪਰਿਵਾਰ ਨੂੰ ਰੋਂਦਿਆਂ ਛੱਡ ਜਾਣਗੇ। ਇਸ ਮੌਕੇ ਹਰਮਨਵੀਰ ਸਿੰਘ ਕਾਂਗੜ,ਲਾਲੀ ਕਾਂਗੜ,ਬੂਟਾ ਸਿੰਘ ਸਿੱਧੂ ਸਾਬਕਾ ਪ੍ਰਧਾਨ ਨਗਰ ਪੰਚਾਇਤ ਭਗਤਾ,ਲਖਵੀਰ ਸਿੱਧੂ ਕੌਂਸਲਰ,ਸ਼ੰਮਾ ਸਿੱਧੂ,ਗੁਰਪ੍ਰੀਤ ਸਿੰਘ ਘਾਰੂ,ਪਰਮਿੰਦਰ ਸਿੰਘ ਸਾ.ਸਰਪੰਚ ਜਲਾਲ,ਇੰਦਰਜੀਤ ਸਿੰਘ ਜੱਗਾ ਸਾਬਕਾ ਸਰਪੰਚ ਭੋਡੀਪੁਰਾ,ਅਮਨਦੀਪ ਸਿੰਘ ਸਲਾਬਤਪੁਰਾ,ਜਗਜੀਤ ਸਿੰਘ ਕੋਇਰ ਸਿੰਘ ਵਾਲਾ ਸਾ. ਸਰਪੰਚ,ਪਰਮਜੀਤ ਬਿਦਰ,ਗੁਰਮੇਲ ਸਿੰਘ ਸਾਬਕਾ ਸਰਪੰਚ ਹਮੀਰਗੜ੍ਹ,ਸਿਕੰਦਰ ਸਿੰਘ ਕੋਠਾਗੁਰੂ,ਗੁਰਪ੍ਰੀਤ ਸਿੰਘ ਰਾਮੂੰਵਾਲਾ,ਇੰਦਰਜੀਤ ਨਾਗਪਾਲ,ਸੁਰੇਸ਼ ਕੁਮਾਰ ਸਬਜੀ ਵਾਲੇ,ਤੀਰਥ ਸਿੰਘ ਸਿੱਧੂ ਟਰਾਂਸਪੋਰਟਰ,ਰਾਜਿੰਦਰ ਸਿੰਘ ਰਾਜੂ ਸਾਬਕਾ ਸਰਪੰਚ,ਜਗਤਾਰ ਸਿੰਘ, ਜਸਮੰਦਰ ਸਿੰਘ ਮੈਂਬਰ,ਜਸਵਿੰਦਰ ਸਿੰਘ,ਗੁਰਪ੍ਰੀਤ ਸਿੰਘ,ਨਾਇਬ ਸਿੰਘ,ਭੂਸ਼ਣ ਜਿੰਦਲ ਭਾਈਰੂਪਾ ਸਮੇਤ ਹਲਕੇ ਦੇ ਸਮੂਹ ਕਾਂਗਰਸੀ ਆਗੂਆਂ ਤੇ ਵਰਕਰਾਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।

## ਸਿਹਤ ਮੰਤਰੀ ਵੱਲੋਂ ਕੱਚੇ ਕਾਮਿਆਂ ਦੀਆਂ ਮੰਗਾਂ ਛੇਤੀ ਮੰਨਣ ਦਾ ਭਰੋਸਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਆਊਟਸੋਰਸ ਸਿਹਤ ਵਿਭਾਗ ਮੁਲਾਜ਼ਮ ਯੂਨੀਅਨ ਪੰਜਾਬ ਜਥੇਬੰਦੀ ਵੱਲੋਂ ਸੂਬਾ ਪ੍ਰਧਾਨ ਗੁਰਜਿੰਦਰ ਸਿੰਘ ਔਲਖ ਦੀ ਅਗਵਾਈ ਹੇਠ ਆਊਟਸੋਰਸ (ਕੱਚੇ ਕਾਮਿਆਂ) ਦੀਆਂ ਗੰਭੀਰ ਮੰਗਾਂ ਅਤੇ ਮੁਸ਼ਕਿਲਾਂ ਨਾਲ ਸਬੰਧਤ ਮਾਣਯੋਗ ਸਿਹਤ ਮੰਤਰੀ ਪੰਜਾਬ ਡਾ. ਬਲਵੀਰ ਸਿੰਘ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਸਿਹਤ ਵਿਭਾਗ ਦੇ ਵੱਖ-ਵੱਖ ਕੰਪਨੀਆਂ ਅਤੇ ਵੱਖ-ਵੱਖ ਕੈਟਾਗਿਰੀਆਂ ਨਾਲ ਸੰਬੰਧਤ ਆਊਟਸੋਰਸ ਕਾਮਿਆਂ ਵੱਲੋਂ ਸਮੂਹ ਕੱਚੇ ਮੁਲਾਜ਼ਮਾਂ ਨੂੰ ਕੰਪਨੀਆਂ ਦੀ ਲੁੱਟ ਤੋਂ ਬਚਾ ਕੇ ਵਿਭਾਗ ਅਧੀਨ ਲੈ ਕੇ ਪੱਕੇ ਕਰਨ ਦੀ ਮੰਗ, ਬਰਾਬਰ ਕੰਮ ਬਰਾਬਰ ਤਨਖ਼ਾਹ ਦਾ ਫਾਰਮੂਲਾ ਲਾਗੂ ਕਰਨ ਦੀ ਮੰਗ, ਮਾਣਯੋਗ ਮੁੱਖ ਮੰਤਰੀ ਪੰਜਾਬ ਵੱਲੋਂ ਦਿੱਤੇ ਬਿਆਨ ਦੇ ਆਧਾਰ 'ਤੇ 15% ਵਾਧਾ ਲਾਗੂ ਕਰਨ ਅਤੇ ਵਿਭਾਗ ਅਧੀਨ ਲੈਣ ਦੀ ਨੀਤੀ ਦਾ ਨੋਟੀਫਿਕੇਸ਼ਨ ਜਾਰੀ ਕਰਨ ਆਦਿ ਮੰਗਾਂ ਬਾਰੇ ਮੰਤਰੀ ਸਾਹਿਬ ਨਾਲ ਵਿਚਾਰਾਂ ਹੋਈਆਂ। ਸਿਹਤ ਮੰਤਰੀ ਵੱਲੋਂ ਇਹ ਵਿਸ਼ਵਾਸ ਦਵਾਇਆ ਗਿਆ ਕਿ ਜਲਦੀ ਹੀ ਇਹਨਾਂ ਮੰਗਾਂ ਦਾ ਹੱਲ ਕੀਤਾ ਜਾਵੇਗਾ।ਮੀਟਿੰਗ ਵਿੱਚ ਸੂਬਾ ਪ੍ਰਧਾਨ ਗੁਰਜਿੰਦਰ ਸਿੰਘ ਔਲਖ, ਸੂਬਾ ਜਨਰਲ ਸਕੱਤਰ ਹਰਮਨਦੀਪ ਸਿੰਘ ਸਿੱਧੂ, ਸੂਬਾ ਮੀਤ ਪ੍ਰਧਾਨ ਕਰਨਬੀਰ ਸਿੰਘ ਜੌਹਲ, ਸੂਬਾ ਵਿੱਤ ਸਕੱਤਰ ਨਾਜਰ ਸਿੰਘ ਮਾਨਸਾ, ਸੂਬਾ ਜਥੇਬੰਦਕ ਸਕੱਤਰ ਹਰਪਾਲ ਸਿੰਘ ਪਟਿਆਲਾ ਅਤੇ ਬਲਜਿੰਦਰ ਸਿੰਘ ਸ੍ਰੀ ਫਤਿਹਗੜ੍ਹ ਸਾਹਿਬ, ਸੂਬਾ ਸਲਾਹਕਾਰ ਗੁਰਦੀਪ ਸਿੰਘ ਬਰਨਾਲਾ, ਜਿਲਾ ਪਟਿਆਲਾ ਦੇ ਜਨਰਲ ਸਕੱਤਰ ਸਰਬਜੀਤ ਸਿੰਘ ਪਟਿਆਲਾ ਅਤੇ ਅਸੀਸ ਲੁਧਿਆਣਾ ਸੂਬਾ ਕਮੇਟੀ ਮੈਂਬਰ ਆਦਿ ਆਗੂ ਸ਼ਾਮਿਲ ਹੋਏ।

## ਪ੍ਰਧਾਨ ਕਾਲਾ ਰਾਜਿਆਣਾ ਨੇ ਕੀਤੀ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਮੋਗਾ ਜ਼ਿਲੇ ਦੇ ਵਿਧਾਨ ਸਭਾ ਹਲਕਾ ਬਾਘਾ ਪੁਰਾਣਾ ਵਿਚ ਅਕਾਲੀ ਦਲ (ਬਾਦਲ) ਦੀ ਸਰਗਰਮੀ ਨੂੰ ਹੋਰ ਤੇਜ਼ੀ ਮਿਲਦੀ ਨਜ਼ਰ ਆ ਰਹੀ ਹੈ। ਬੀਤੇ ਦਿਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਅਤੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਪੰਜਾਬ ਪ੍ਰਧਾਨ ਟਰੈਕਟਰ ਟਰਾਲੀ ਯੂਨੀਅਨ ਦੇ ਪ੍ਰਧਾਨ ਕਾਲਾ ਰਾਜਿਆਣਾ ਵੱਲੋਂ ਇਕ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਇਹ ਮੁਲਾਕਾਤ ਹਲਕਾ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ, ਯੂਥ ਕੋਰ ਕਮੇਟੀ ਮੈਂਬਰ ਸੁਖਜੀਤ ਸਿੰਘ ਮਾਹਲਾ ਅਤੇ ਜਸਪ੍ਰੀਤ ਸਿੰਘ ਮਾਹਲਾ ਦੀ ਅਗਵਾਈ ਹੇਠ ਕੀਤੀ ਗਈ। ਇਸ ਮੌਕੇ ਕਾਲਾ ਰਾਜਿਆਣਾ ਦੇ ਨਾਲ ਹਰੀ ਮਾਣੂੰਕੇ ਗਿੱਲ, ਰਾਜੂ ਰਾਜਿਆਣਾ, ਬੱਗੀ ਰਾਜਿਆਣਾ, ਗੋਰਾ ਸੰਗਤਪੁਰਾ, ਬਿੱਟੂ ਰਾਜਿਆਣਾ, ਬਿੱਲਾ ਮਾਣੂੰਕੇ, ਮੋਟਾ ਰਾਜਿਆਣਾ, ਇੱਕਤਰ ਨੰਬਰਦਾਰ ਅਤੇ ਅਭੀ ਰਾਜਿਆਣਾ ਵੀ ਹਾਜ਼ਰ ਰਹੇ। ਸਾਰੇ ਆਗੂਆਂ ਨੇ ਇਕਜੁੱਟ ਹੋ ਕੇ ਪਾਰਟੀ ਪ੍ਰਧਾਨ ਨਾਲ ਵਿਚਾਰ-ਵਟਾਂਦਰਾ ਕੀਤਾ ਅਤੇ ਸਥਾਨਕ ਮਸਲਿਆਂ 'ਤੇ ਖੁੱਲ੍ਹ ਕੇ ਗੱਲਬਾਤ ਕੀਤੀ। ਮੁਲਾਕਾਤ ਦੌਰਾਨ ਕਾਲਾ ਰਾਜਿਆਣਾ ਨੇ ਜਥੇਦਾਰ ਤੀਰਥ ਸਿੰਘ ਮਾਹਲਾ, ਸੁਖਜੀਤ ਸਿੰਘ ਮਾਹਲਾ ਅਤੇ ਜਸਪ੍ਰੀਤ ਸਿੰਘ ਮਾਹਲਾ ਵੱਲੋਂ ਮੋਗਾ ਜ਼ਿਲੇ ਅੰਦਰ ਕੀਤੀਆਂ ਜਾ ਰਹੀਆਂ ਸੇਵਾਵਾਂ ਦੀ ਖੂਬ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਅਗਵਾਈ ਹੇਠ ਬਾਘਾ ਪੁਰਾਣਾ ਹਲਕੇ ਵਿਚ ਅਕਾਲੀ ਦਲ ਦੀ ਪਕੜ ਕਾਫੀ ਮਜ਼ਬੂਤ ਹੋ ਚੁੱਕੀ ਹੈ ਅਤੇ ਵਰਕਰ ਪੂਰੀ ਨਿਸ਼ਠਾ ਨਾਲ ਪਾਰਟੀ ਲਈ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ, ਕਾਲਾ ਰਾਜਿਆਣਾ ਵੱਲੋਂ ਟਰੈਕਟਰ ਟਰਾਲੀ ਯੂਨੀਅਨ ਨੂੰ ਦਰਪੇਸ਼ ਮੁੱਖ ਸਮੱਸਿਆਵਾਂ ਵੀ ਪਾਰਟੀ ਪ੍ਰਧਾਨ ਦੇ ਧਿਆਨ ਵਿਚ ਲਿਆਂਦੀਆਂ ਗਈਆਂ ।

## ਜੇ ਕੇ ਐੱਸ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਕੀਤਾ ਵੰਡਰਲੈਂਡ ਜਲੰਧਰ ਦਾ ਟੂਰ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**-ਸਥਾਨਕ ਜੇ ਕੇ ਐੱਸ ਪਬਲਿਕ ਸਕੂਲ, ਨੇ 5ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਜਲੰਧਰ ਦੇ ਵੰਡਰਲੈਂਡ ਪਾਰਕ ਵਿੱਚ ਇੱਕ ਵਿਸ਼ੇਸ਼ ਵਿੱਦਿਅਕ ਅਤੇ ਮਨੋਰੰਜਨ ਟੂਰ ਦਾ ਆਯੋਜਨ ਕੀਤਾ।ਇਸ ਦਾ ਉਦੇਸ਼ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਰੋਜ਼ਾਨਾ ਪੜ੍ਹਾਈ ਦੇ ਨਾਲ-ਨਾਲ ਮਨੋਰੰਜਨ, ਸਮਾਜਿਕ ਗੱਲਬਾਤ ਅਤੇ ਵਿਹਾਰਕ ਅਨੁਭਵ ਪ੍ਰਦਾਨ ਕਰਨਾ ਸੀ। ਟੂਰ ਦੌਰਾਨ, ਵਿਦਿਆਰਥੀਆਂ ਨੇ ਵੰਡਰਲੈਂਡ ਪਾਰਕ ਦੀਆਂ ਵੱਖ-ਵੱਖ ਦਿਲਚਸਪ ਸਵਾਰੀਆਂ, ਪਾਣੀ ਦੀਆਂ ਸਲਾਈਡਾਂ, ਸਾਹਸੀ ਗਤੀਵਿਧੀਆਂ ਅਤੇ ਮਨੋਰੰਜਕ ਖੇਡਾਂ ਦਾ ਪੂਰਾ ਆਨੰਦ ਮਾਣਿਆ।ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਮੀਨੂੰ ਮੋਂਗਾ ਨੇ ਕਿਹਾ ਕਿ ਅਜਿਹੇ ਵਿੱਦਿਅਕ ਅਤੇ ਮਨੋਰੰਜਕ ਟੂਰ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।ਇਹ ਵਿਦਿਆਰਥੀਆਂ ਨੂੰ ਨਵੀਆਂ ਚੀਜ਼ਾਂ ਸਿੱਖਣ, ਤਣਾਅ ਘਟਾਉਣ ਅਤੇ ਆਪਣੇ ਸਹਿਪਾਠੀਆਂ ਨਾਲ ਬਿਹਤਰ ਸਬੰਧ ਬਣਾਉਣ ਦੇ ਮੌਕੇ ਪ੍ਰਦਾਨ ਕਰਦੇ ਹਨ।ਸਕੂਲ ਪ੍ਰਬੰਧਨ ਵੀ ਇਸ ਟੂਰ 'ਤੇ ਬੱਚਿਆਂ ਨਾਲ ਸੀ, ਉਹਨਾਂ ਨੇ ਇਸ ਸਫਲ ਪ੍ਰੋਗਰਾਮ ਲਈ ਸਾਰੇ ਅਧਿਆਪਕਾਂ, ਸਹਾਇਕ ਸਟਾਫ਼ ਅਤੇ ਮਾਪਿਆਂ ਦਾ ਧੰਨਵਾਦ ਕੀਤਾ

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

## ਪੰਜਾਬ ਸਰਕਾਰ ਨੇ ਆਊਟਸੋਰਸ ਤੇ ਕੱਚੇ ਮੁਲਾਜ਼ਮਾਂ ਦੇ ਪੱਖ 'ਚ ਲਿਆ ਇਤਿਹਾਸਕ ਫ਼ੈਸਲਾ : ਕਰਮਜੀਤ ਕੌਰ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਕਿਹਾ ਕਿ ਪੰਜਾਬ ਵਲੋਂ ਆਊਟਸੋਰਸ ਅਤੇ ਕੱਚੇ ਮੁਲਾਜ਼ਮਾ ਦੇ ਪੱਖ ਵਿਚ ਇਤਿਹਾਸਕ ਫ਼ੈਸਲਾ ਲਿਆ ਗਿਆ ਹੈ ਜਿਸ ਨਾਲ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਅਤੇ ਹੋਰ ਮਜ਼ਬੂਤ ਹੋਵੇਗਾ। ਚੇਅਰਪਰਸਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਕੈਬਨਿਟ ਵਲੋਂ ਲਏ ਫੈਸਲੇ ਅਨੁਸਾਰ ਦਹਾਕਿਆਂ ਤੋਂ ਚੱਲੀ ਆ ਰਹੀ ਠੇਕੇਦਾਰੀ ਰੋਜ਼ਗਾਰ ਪ੍ਰਣਾਲੀ ਨੂੰ ਖ਼ਤਮ ਕਰਕੇ ਸਰਕਾਰੀ ਵਿਭਾਗਾਂ ਵਿਚ ਕੰਮ ਕਰ ਰਹੇ 65 ਹਜ਼ਾਰ ਤੋਂ ਵੱਧ ਆਊਟਸੋਰਸ, ਠੇਕਾ ਅਧਾਰਤ ਅਤੇ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਲਈ ਰਾਹ ਪੱਧਰਾ ਕਰਕੇ ਰੂਪ-ਰੇਖਾ ਉਲੀਕ ਦਿੱਤੀ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਹਜ਼ਾਰਾਂ ਪਰਵਾਰਾਂ ਨੂੰ ਰੁਜ਼ਗਾਰ ਦੀ ਸੁਰੱਖਿਆ ਮਿਲੇਗੀ ਅਤੇ ਮੁਲਾਜ਼ਮਾਂ ਦਾ ਭਵਿੱਖ ਪੂਰੀ ਤਰ੍ਹਾਂ ਸੁਰੱਖਿਅਤ ਹੋਵੇਗਾ। ਕਰਮਜੀਤ ਕੌਰ ਨੇ ਕਿਹਾ ਕਿ ਫਾਇਰਮੈਨ, ਸੀਵਰਮੈਨ ਅਤੇ ਲਾਈਨਮੈਨ ਵਰਗੇ ਜੋਖਮ ਭਰੇ ਕੰਮਾਂ ਵਿੱਚ ਲੱਗੇ ਕਰਮਚਾਰੀਆਂ ਨੂੰ 5 ਸਾਲਾਂ ਦੀ ਬਜਾਏ ਸਿਰਫ਼ 3 ਸਾਲ ਦੀ ਸੇਵਾ ਉਪਰੰਤ ਰੈਗੂਲਰ ਪ੍ਰਕਿਰਿਆ ਅਧੀਨ ਲਿਆਉਣ ਲਈ ਵੀ ਪੰਜਾਬ ਸਰਕਾਰ ਨੇ ਲੋਕ ਹਿਤੈਸ਼ੀ ਫੈਸਲਾ ਲਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਬਕਾਏ ਅਤੇ ਡੀ ਏ ਨਾਲ ਸਬੰਧਤ ਮਸਲਿਆਂ ਦੇ ਹੱਲ ਲਈ ਵਿਸ਼ੇਸ਼ ਕੈਬਨਿਟ ਸਬ-ਕਮੇਟੀ ਦਾ ਗਠਨ ਕਰਨਾ ਵੀ ਇੱਕ ਸਵਾਗਤਯੋਗ ਕਦਮ ਹੈ ਜਿਸ ਨਾਲ ਲੰਬੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਦੇ ਹੱਲ ਲਈ ਰਾਹ ਪੱਧਰਾ ਹੋਵੇਗਾ। ਉਨ੍ਹਾਂ ਨੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੇ ਤੇਜ਼ ਨਿਪਟਾਰੇ ਲਈ 7 ਨਵੀਆਂ ਵਿਸ਼ੇਸ਼ ਅਦਾਲਤਾਂ ਬਣਾਉਣ ਦੇ ਫੈਸਲੇ ਦੀ ਵੀ ਸ਼ਲਾਘਾ ਕੀਤੀ।



## ਗੁੰਮਸ਼ੁਦਾ ਬੱਚੇ ਦੇ ਮਾਪਿਆਂ ਨੂੰ ਇੱਕ ਲੱਖ ਦੀ ਵਿੱਤੀ ਸਹਾਇਤਾ

**ਨਵਾਂਸ਼ਹਿਰ (ਮਨੋਜ ਲਾਡੀ)**- ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਬੇਸਹਾਰ ਅਤੇ ਲੋੜਵੰਧ ਬੱਚਿਆ ਦੀ ਸੁਰੱਖਿਆ ਅਤੇ ਸੰਭਾਲ ਲਈ ਮਿਸ਼ਨ ਵਾਤਸਲਿਆ ਸਕੀਮ ਅਧੀਨ ਸਰਕਾਰੀ ਚਿਲਡਰਨ ਹੋਮ ਚਲਾਏ ਜਾ ਰਹੇ ਹਨ ਜਿੱਥੇ ਵੱਖ ਵੱਖ ਤਰ੍ਹਾ ਦੇ ਬੱਚਿਆਂ (ਜਿਵੇਂ ਕਿ ਗੁੰਮਸ਼ੁਦਾ ਬੱਚੇ, ਬੇਸਹਾਰਾ ਬੱਚੇ, ਕਿਸੇ ਵੀ ਤਰਾ ਦੇ ਸ਼ੋਸ਼ਣ ਦਾ ਸ਼ਿਕਾਰ ਹੋਏ ਬੱਚੇ, ਘਰ ਤੋ ਕਿਸੇ ਵੀ ਕਾਰਨ ਕਰ ਕੇ ਭੱਜੇ ਹੋਏ ਬੱਚੇ ਜਾਂ ਫਿਰ ਮਾਂ ਪਿਓ ਤੋ ਵੱਖ ਹੋਏ ਸੜਕਾ ਤੇ ਮਿਲਣ ਵਾਲੇ ਬੇਸਹਾਰਾ ਬੱਚੇ) ਨੂੰ ਰਹਿਣਾ ਖਾਣਾ ਪੀਣਾ ਮੁਫ਼ਤ ਵਿੱਚ ਦਿੱਤਾ ਜਾਂਦਾ ਹੈ ਅਤੇ ਇਸ ਦੇ ਨਾਲ ਹੀ ਬੱਚਿਆ ਨੂੰ ਉਨ੍ਹਾਂ ਦੀ ਉਮਰ ਅਨੁਸਾਰ ਸਕੂਲ ਵਿੱਚ ਪੜ੍ਹਾਈ ਕਰਨ ਲਈ ਭੇਜਿਆ ਜਾਂਦਾ ਹੈ । ਇਸ ਸੰਬੰਧੀ ਡਿਪਟੀ ਕਮਿਸ਼ਨਰ ਗੁਰਪ੍ਰੀਤ ਸਿੰਘ ਔਲਖ ਵੱਲੋਂ ਦਸਿਆ ਗਿਆ ਕਿ ਇਸ ਹੀ ਤਰ੍ਹਾ ਦੇ ਇਕ ਗੁੰਮਸ਼ੁਦਾ ਬੱਚੇ ਜਿਸਦੀ ਅਜ ਉਮਰ 19 ਸਾਲ ਹੈ ਇਸਦੇ ਨਾਲ ਹੀ ਇਹ ਬੱਚਾ ਸੁਣ ਅਤੇ ਬੋਲ ਨਹੀ ਸਕਦਾ ਹੈ, ਇਹ ਬੱਚਾ ਲਗਭਗ 15 ਸਾਲ ਦੀ ਉਮਰ ਵਿੱਚ ਨਵਾਸ਼ਹਿਰ ਜ਼ਿਲ੍ਹੇ ਵਿੱਚ ਗੁੰਮਸ਼ੁਦਾ ਹਾਲਤ ਵਿੱਚ ਮਿਲਿਆ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਨਵਾਸ਼ਹਿਰ ਵਲੋਂ ਬਾਲ ਭਲਾਈ ਕਮੇਟੀ ਦੇ ਹੁਕਮਾਂ ਅਨੁਸਾਰ ਚਿਲਡਰਨ ਹੋਮ ਫੋਰ ਬੁਆਇਜ਼ ਹੁਸ਼ਿਆਰਪੁਰ ਵਿਖੇ ਰੱਖਿਆ ਗਿਆ ਅਤੇ ਬਾਅਦ ਵਿੱਚ ਇਸ ਨੂੰ ਲੁਧਿਆਣਾ ਜ਼ਿਲ੍ਹੇ ਵਿੱਚ ਪੈਂਦੇ ਹੈਵਨਲੀ ਏਨਜਲ ਹੋਮ ਦੋਰਾਹਾ ਵਿਖੇ ਸ਼ਿਫਟ ਕੀਤਾ ਗਿਆ ਜਿੱਥੇ ਬੱਚੇ ਦੇ ਫਿੰਗਰ ਪ੍ਰਿੰਟ ਲੈ ਕੇ ਉਸ ਦੇ ਆਧਾਰ ਕਾਰਡ ਸੰਬੰਧੀ ਜਾਣਕਾਰੀ ਪ੍ਰਾਪਤ ਕੀਤੀ ਗਈ ਤੇ ਪਤਾ ਲੱਗਿਆ ਕਿ ਬੱਚਾ ਬਿਹਾਰ ਰਾਜ ਦੇ ਪੂਰਨੀਆ ਜ਼ਿਲ੍ਹੇ ਨਾਲ ਸੰਬੰਧ ਰੱਖਦਾ ਹੈ । ਇਸ ਉਪਰੰਤ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਜਗਰੂਪ ਸਿੰਘ ਵਲੋਂ ਜਾਰੀ ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਕੰਚਨ ਅਰੋੜਾ ਦੀ ਅਗਵਾਈ ਹੇਠ ਇਸ ਬੱਚੇ ਦੇ ਪਰਵਾਰ ਨੂੰ ਟਰੇਸ ਕੀਤਾ ਗਿਆ ਅਤੇ ਬੱਚੇ ਨੂੰ 19 ਸਾਲ ਦੀ ਉਮਰ ਵਿੱਚ ਉਸ ਦੇ ਪਰਵਾਰ ਦੇ ਸੁਪੁਰਦ ਕੀਤਾ ਗਿਆ । ਇਸ ਬੱਚੇ ਨੂੰ ਵੀ ਹੋਮ ਵੱਲੋਂ ਦਿੱਤੀ ਗਈ ਇਕ ਲੱਖ ਰੁਪਏ ਦੀ ਵਿੱਤੀ ਸਹਾਇਤਾ ਨਾਲ ਸੰਬੰਧੀ ਬੈਂਕ ਖਾਤੇ ਦੀ ਪਾਸਬੁੱਕ ਮਾਣਯੋਗ ਡਿਪਟੀ ਕਮਿਸ਼ਨਰ ਵਲੋ ਹੈਂਡਓਵਰ ਕੀਤੀ ਗਈ। ਇਸ ਮੌਕੇ ਬੱਚੇ ਦੀ ਮਾਤਾ ਸੁਲੇਖਾ ਦੇਵੀ ਨੇ ਡਿਪਟੀ ਕਮਿਸ਼ਨਰ ਦਾ ਤੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਕੰਚਨ ਅਰੋੜਾ ਦਾ ਧੰਨਵਾਦ ਕੀਤਾ।



## ਵਿਲੱਖਣ ਹਸਤੀ ਨਾਮਵਰ ਲੇਖਕ ਰਿਪੁਦਮਨ ਸਿੰਘ ਰੂਪ

ਰਿਪੁਦਮਨ ਸਿੰਘ ਰੂਪ ਜ਼ਿੰਦਗੀ ਦੇ ਸੰਸਾਰ ਵਿਚ ਕਈ ਰੂਪਾਂ ਵਿਚ ਵਿਚਰਦਾ ਰਿਹਾ। ਇਨ੍ਹਾਂ ਰੂਪਾਂ ਵੱਲ ਵਧਦਿਆਂ ਇਹ ਦਿਲਚਸਪੀ ਜਾਗ ਪੈਂਦੀ ਹੈ ਕਿ ਇਨ੍ਹਾਂ ਰੂਪਾਂ ਨੂੰ ਤਰਾਸ਼ਣ ਲਈ ਕਿੰਨੀ ਲਗਨ ਤੇ ਮਿਹਨਤ ਲੱਗੀ ਹੋਵੇਗੀ। ਪਹਿਲੀ ਨਜ਼ਰੇ ਲੱਗਦਾ ਹੈ ਕਿ ਰੂਪ ਬੋਹੜ ਹੇਠ ਉੱਗਿਆ ਪਿੱਪਲ ਹੈ, ਜੋ ਬੋਹੜ ਦੀਆਂ ਟਹਿਣੀਆਂ ਅਤੇ ਜ਼ਮੀਨ ਵੱਲ ਨੂੰ ਲਮਕ ਦੀਆਂ ਜੜ੍ਹਾਂ ਵਿੱਚੋਂ ਉੱਪਰ ਨੂੰ ਕਿਵੇਂ ਲੰਘ ਸਕਦੈ, ਪਰ ਉਸ ਨੇ ਕਮਾਲ ਕਰ ਦਿੱਤੀ ਕਿ ਆਪਣੇ ਵੱਡੇ ਭਰਾ ਸੰਤੋਖ ਸਿੰਘ ਧੀਰ ਦੇ ਉੱਚ ਦੁਮਾਲੜੇ ਲੇਖਕ ਦੀ ਛਾਂ ਹੇਠ ਉਸ ਦੀ ਸੋਚ ਦੇ ਅਸਰ ਨੂੰ ਤਾਂ ਕਬੂਲਿਆ, ਪਰ ਆਪਣੀ ਸਿਰਜਣਾ ਵਿਚ ਮੌਲਿਕਤਾ ਨੂੰ ਕਾਇਮ ਰੱਖਦਿਆਂ ਆਪਣੇ ਨਿਵੇਕਲੇ ਰੂਪ ਨੂੰ ਕਾਇਮ ਦਾ ਕਾਇਮ ਵੀ ਰੱਖਿਆ, ਜਿਸ ਵਿਚ ਆਪਣੀ ਸਮਰੱਥਾ ਵੀ ਦਿਖਾਈ ਅਤੇ ਉੱਚ ਪੱਧਰੀ ਕਾਮਯਾਬੀ ਵੀ ਹਾਸਲ ਕੀਤੀ।



ਕੱਦ-ਕਾਠ ਮਜ਼ਬੂਤ ਅਤੇ ਉਸਾਰੂ ਸੋਚ ਵੀ ਚੰਗੇਰੀ। ਭਾਸ਼ਾ, ਵਿਚਾਰਾਂ ਅਤੇ ਪੇਸ਼ਕਾਰੀ ਨਾਲ ਅਜਿਹਾ ਵਿਚਰਦਾ ਕਿ ਆਪਣੀ ਅਸਰਦਾਰ ਮੌਜੂਦਗੀ ਦਾ ਅਜਿਹਾ ਅਹਿਸਾਸ ਕਰਵਾਉਂਦਾ ਕਿ ਸਾਹਮਣੇ ਬੈਠੇ ਸਰੋਤੇ ਕਾਇਲ ਹੋ ਜਾਂਦੇ। ਪਲ ਪਲ ਦੀ ਖ਼ਬਰ ਰੱਖਦਾ ਅਤੇ ਆਪਣੀ ਲੰਘਦੀ ਜਾਂਦੀ ਉਮਰ ਤੋਂ ਬੇਖ਼ਬਰ ਉਹ ਲਿਖਣ ਵਾਲੇ ਰਹਿ ਗਏ ਕੰਮ ਨੂੰ ਸ਼ਬਦਾਂ ਵਿਚ ਸਮੇਟਣ ਵਿਚ ਲੱਗਾ ਰਹਿੰਦਾ, ਕਦੇ ਗੁਰੇਜ਼ ਨਾ ਕਰਦਾ।

ਰੂਪ ਨੇ ਕਵਿਤਾ, ਕਹਾਣੀ, ਨਾਵਲ, ਲੇਖ, ਸੰਪਾਦਨਾ ਅਤੇ ਸਫ਼ਰਨਾਮੇ ਦੇ ਲਿਖਤ ਸੰਸਾਰ ਵਿਚ ਆਪਣਾ ਵਿਲੱਖਣ ਪਰਚਮ ਲਹਿਰਾਇਆ, ਝੁਲਾਇਆ ਜਿਸ ਨਾਲ ਪਾਠਕਾਂ ਨੂੰ ਕੀਲਿਆ। ਆਪਣੇ ਵਿਚਾਰਾਂ ਨਾਲ ਨਵੇਂ ਸੰਸਾਰ ਬਸਾਏ, ਜਿਨ੍ਹਾਂ ਵਿਚ ਵਿਚਰ ਕੇ ਆਉਣ ਵਾਲੇ ਲੋਕ ਪ੍ਰੇਰਨਾ ਵੀ ਲੈ ਸਕਦੇ ਹਨ ਅਤੇ ਉਤਸ਼ਾਹ ਵੀ।ਲਿਖਤਾਂ ਵਿਚ ਜੋਸ਼ ਦੇ ਨਾਲ ਹੋਸ਼ ਨੂੰ ਕਾਇਮ ਰੱਖਣ ਦਾ ਗੂੜ੍ਹਾ ਸੁਨੇਹਾ ਵੀ ਜ਼ੋਰਦਾਰ ਤੇ ਪ੍ਰਭਾਵੀ ਸ਼ਬਦਾਂ 'ਚ ਉਲੀਕਿਆ।

ਰੂਪ ਦੇ ਰੂਪਾਂ ਦੀ ਗੱਲ ਛੇੜਦਿਆਂ ਉਹ ਨਾਮਵਰ ਲੇਖਕ, ਮਾਹਰ ਵਕੀਲ, ਪੰਛੀ-ਝਾਤ ਮਾਰਦਾ ਸੈਲਾਨੀ, ਸੰਘਰਸ਼ਾਂ ਦਾ ਮੋਹਰੀ ਜੁਝਾਰੂ, ਪ੍ਰਭਾਵਸ਼ਾਲੀ ਬੁਲਾਰਾ ਅਤੇ ਸਫਲ ਕਬੀਲਦਾਰ, ਜਿਸ ਕਰਕੇ ਉਸ ਨੇ ਅੰਤਲੇ ਸਾਹਾਂ ਤੱਕ ਨਾ ਲਿਖਤ ਦਾ ਕੰਮ ਛੱਡਿਆ ਅਤੇ ਨਾ ਹੀ ਆਪਣੇ ਕਬੀਲੇ ਦਾ।

ਉਸ ਨੇ ਅਧਿਆਪਕ ਯੂਨੀਅਨ ਅਤੇ ਹੋਰ ਸਮਾਜਕ ਮੋਰਚਿਆਂ ਵਿਚ ਜੋਸ਼ ਨਾਲ ਵੀ ਕੰਮ ਕੀਤਾ, ਹੋਸ਼ ਨਾਲ ਵੀ। ਕਦੇ ਹਾਰ ਹੋਈ ਕਦੇ ਜਿੱਤ, ਪਰ ਕਦੇ ਹੋਏ ਨੁਕਸਾਨ ਬਾਰੇ ਨਾ ਸੋਚਿਆ ਨਾ ਪਛਤਾਵਾ ਕੀਤਾ। ਮੋਰਚੇ 'ਤੇ ਕੰਮ ਕਰਦਿਆਂ ਉਹ ਗੁੱਸਾ ਉੱਥੇ ਕੱਢਦਾ, ਜਿੱਥੇ ਅੱਗੇ ਵਾਲੇ ਸਹੀ ਗੱਲ ਮੰਨਣ ਲਈ ਵੀ ਤਿਆਰ ਨਾ ਹੁੰਦੇ। ਉਹ ਤੱਥਾਂ ਤੇ ਸਬੂਤਾਂ ਦੇ ਤਰਕ ਗੁੱਸੇ ਨੂੰ ਨਵਾਂ ਹੀ ਰੂਪ ਦੇ ਦਿੰਦਾ ਅਤੇ ਆਪਣੀ ਗੱਲ ਮਨਵਾਉਣ ਵਿਚ ਪੂਰੀ ਤਰ੍ਹਾਂ ਕਾਮਯਾਬ ਹੋ ਜਾਂਦਾ।

ਸਰਕਾਰੀ ਅਧਿਆਪਕ ਦੀ ਨੌਕਰੀ ਤੋਂ ਸੇਵਾ-ਮੁਕਤ ਹੋਣ ਮਗਰੋਂ ਉਸ ਨੇ ਵਕਾਲਤ ਸ਼ੁਰੂ ਕਰ ਲਈ। ਆਪਣੇ ਛੋਟੇ ਪੁੱਤਰ ਕਵੀ ਰੰਜੀਵਨ ਸਿੰਘ ਨਾਲ ਰਲ-ਮਿਲ ਕੇ ਇਸ ਨਿਵੇਕਲੇ ਕੰਮ ਨੂੰ ਲੋਕ ਭਲਾਈ ਹਿੱਤ ਲਗਨ ਨਾਲ ਅਪਣਾ ਲਿਆ। ਭਾਵੇਂ ਉਹ ਇਹ ਕੰਮ ਆਪਣੇ ਆਪ ਕਰ ਰਹੇ ਸਨ, ਪਰ ਜਦ ਰੰਜੀਵਨ ਸਿੰਘ ਦੀ ਵਕਾਲਤ ਦਾ ਅਨੁਭਵ ਅੱਗੇ ਵਧਿਆ ਤਾਂ ਰੂਪ ਨੇ ਆਪਣੇ ਹੀ ਪੁੱਤਰ ਦੀ ਅਗਵਾਈ ਵਿਚ ਕਾਨੂੰਨੀ ਸੰਸਾਰ ਅੰਦਰ ਵੀ ਅਹਿਮ ਭੂਮਿਕਾ ਨਿਭਾਈ। ਵੱਡੇ ਸਪੁੱਤਰ ਨਾਟਕਕਾਰ ਅਤੇ ਰੰਗਕਰਮੀ ਸੰਜੀਵਨ ਸਿੰਘ ਨੂੰ ਸਦਾ ਹੱਲਾਸ਼ੇਰੀ ਦਿੱਤੀ, ਜਿਸ ਨੇ ਸਰਘੀ ਕਲਾ ਕੇਂਦਰ ਦੇ ਨਾਂਅ ਹੇਠ ਆਪਣੀ ਪੂਰੀ ਨਾਟ ਟੋਲੀ ਤਿਆਰ ਕੀਤੀ ਅਤੇ ਦੇਸ਼ ਵਿਦੇਸ਼ ਵਿਚ ਨਾਮਣਾ ਖੱਟਿਆ। ਰੂਪ ਨੇ ਉਸ ਨੂੰ ਹੱਲਾਸ਼ੇਰੀ ਦੇਣ ਵਿਚ ਕਦੇ ਕੰਜੂਸੀ ਨਹੀਂ ਕੀਤੀ। ਰੂਪ ਨੇ ਸਾਰੇ ਪਰਵਾਰ ਸਣੇ ਪੋਤੇ-ਪੋਤੀਆਂ ਵਿਚ ਕਲਮਾਂ ਬੀਜੀਆਂ, ਜੋ ਸੁੱਤੇ ਸਿੱਧ ਕਲਮਾਂ ਨੂੰ ਅਪਣਾਏ ਗਏ। ਸਾਰਾ ਪਰਵਾਰ ਜਾਗਰੂਕ ਹੋ ਕੇ ਸਮਾਜ ਨੂੰ ਰੌਸ਼ਨ ਕਰਨ ਵਾਲੀ ਕਿਰਿਆ ਵਿਚ ਸਰਗਰਮ ਹੋ ਗਏ।

ਰਿਪੁਦਮਨ ਸਿੰਘ ਰੂਪ ਗਿਆਨੀ ਈਸ਼ਰ ਸਿੰਘ ਦਰਦ ਅਤੇ ਮਾਤਾ ਸ੍ਰੀਮਤੀ ਜਮਨਾ ਦੇਵੀ ਦੇ ਘਰ ਪੈਦਾ ਹੋਏ। ਪਿੰਡ ਡਡਹੇੜੀ (ਜ਼ਿਲਾ ਫਤਿਹਗੜ੍ਹ ਸਾਹਿਬ) 'ਚ 24 ਫਰਵਰੀ 1936 ਨੂੰ ਪੈਦਾ ਹੋਣ ਬਾਅਦ ਵਿੱਦਿਆ ਪ੍ਰਾਪਤ ਕਰਦਿਆਂ ਐਮ ਏ ਪੰਜਾਬੀ, ਐੱਮ. ਐੱਡ., ਐੱਲ. ਐੱਲ ਬੀ ਦੀਆਂ ਡਿਗਰੀਆਂ ਹਾਸਲ ਕੀਤੀਆਂ। ਗਿਆਨੀ ਈਸ਼ਰ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨਾਲ ਇਕਠੇ ਪ੍ਰਚਾਰਕ ਸਨ ਅਤੇ ਨਾਲ ਦੀ ਨਾਲ ਸ਼ਾਇਰ ਵੀ।

ਰੂਪ ਦੇ ਕਾਵਿ ਸੰਗ੍ਰਹਿ 'ਰਾਣੀ ਰੁੱਤ', 'ਲਾਲ ਗੜ', ਕਹਾਣੀ ਸੰਗ੍ਰਹਿ 'ਦਿਲ ਦੀ ਅੱਗ', 'ਬਹਾਨੇ ਬਹਾਨੇ', 'ਓਪਰੀ ਹਵਾ', 'ਪਹ ਫੁਟਾਲੇ ਤੱਕ'। ਮਿੰਨੀ ਕਹਾਣੀ ਸੰਗ੍ਰਹਿ 'ਬਦਮਾਸ਼' ਅਤੇ 'ਖੁਰਪਾ'। ਲੇਖ 'ਬੰਨੇ ਚੰਨੇ'। ਨਾਵਲ 'ਝੱਖੜਾਂ ਵਿਚ ਝੂਲਦਾ ਰੁੱਖ', 'ਪ੍ਰੀਤੀ', 'ਤੀਲ੍ਹਾ'। ਸੰਪਾਦਨਾ : ਕਾਵਿ ਸੰਗ੍ਰਹਿ 'ਧੂੜ ਹੇਠਲੀ ਕਵਿਤਾ, ਗਿਆਨੀ ਈਸ਼ਰ ਸਿੰਘ ਦਰਦ। ਯਾਤਰਾਵਾਂ 'ਪੰਛੀ-ਝਾਤ'।

ਇਹ ਲਿਖਤਾਂ 1979 ਤੋਂ ਲਿਖਣੀਆਂ ਅਤੇ ਛਪਵਾਣੀਆਂ ਸ਼ੁਰੂ ਕੀਤੀਆਂ ਅਤੇ 2025 ਤੱਕ ਇਹਨਾਂ ਦਾ ਵੇਰਵਾ ਹਾਜ਼ਰ ਨਾਜ਼ਰ। ਉਹ ਦੁਨੀਆਂ ਤੋਂ 25 ਮਈ 2026 ਨੂੰ ਰੁਖ਼ਸਤ ਹੋਣ ਤੋਂ ਪਹਿਲਾਂ ਦੋ ਤਿੰਨ ਕਿਤਾਬਾਂ ਹੋਰ ਵੀ ਤਿਆਰ ਕਰ ਗਏ, ਜੋ ਉਸ ਦੇ ਪੁੱਤਰਾਂ ਵੱਲੋਂ ਛੇਤੀ ਹੀ ਛਪਵਾ ਦਿਤੀਆਂ ਜਾਣਗੀਆਂ।ਉਸ ਨੇ ਸਾਹਿਤਕ ਅਤੇ ਮੁਲਾਜ਼ਮ ਜਥੇਬੰਦੀਆਂ ਵਿਚ ਰਹਿ ਕੇ ਜਥੇਬੰਦਕ ਸਰਗਰਮੀਆਂ ਕਰਨ ਲਈ ਵੀ ਅਹਿਮ ਭੂਮਿਕਾ ਨਿਭਾਈ। ਜਿਵੇਂ ਪੰਜਾਬੀ ਲੇਖਕ ਸਭਾ ਰਾਮਪੁਰ ਦਾ ਮੀਤ ਪ੍ਰਧਾਨ, ਸਾਹਿਤ ਸਭਾ ਮੰਡੀ ਗੋਬਿੰਦਗੜ੍ਹ ਦੇ ਪਹਿਲੇ ਜਨਰਲ ਸਕੱਤਰ, ਸਾਹਿਤਕ ਸਭਾ ਮੁਹਾਲੀ ਦੇ ਲੰਮਾ ਸਮਾਂ ਪ੍ਰਧਾਨ ਅਤੇ 2014-15 ਵਿਚ ਸਲਾਹਕਾਰ ਰਹੇ। ਮੁਲਾਜ਼ਮ ਸੰਘਰਸਾਂ ਵਿਚ ਕੁਠਾਰੀ ਕਮਿਸ਼ਨ ਦੇ ਘੋਲ ਦੌਰਾਨ 1967 ਵਿਚ 20 ਦਿਨ ਅੰਬਾਲਾ ਜੇਲ੍ਹ ਵਿਚ ਰਹੇ, 1967 ਵਿਚ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਪ੍ਰੈੱਸ ਸਕੱਤਰ ਰਹੇ। 1972 ਵਿਚ ਪੰਜਾਬ ਸਕੱਤਰੇਤ ਚੰਡੀਗੜ੍ਹ ਵਿਖੇ 8 ਦਿਨਾਂ ਦੀ ਭੁੱਖ ਹੜਤਾਲ ਕੀਤੀ। 1978 ਵਿਚ ਸਿੱਖਿਆ ਵਿਭਾਗ ਦੇ ਕਰਮਚਾਰੀਆਂ ਵੱਲੋਂ ਜੇਲ੍ਹ ਭਰੋ ਅੰਦੋਲਨ ਦੇ ਸੱਦੇ 'ਤੇ 20 ਦਿਨ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚ ਰਹੇ। 1981 ਵਿਚ ਅਧਿਆਪਕ ਸੰਘਰਸ਼ ਦੌਰਾਨ 81 ਦਿਨ ਫੇਰ ਬੁੜੈਲ ਜੇਲ੍ਹ ਵਿਚ ਰਹੇ। ਮੁਹਾਲੀ ਦੀਆਂ ਸ਼ਹਿਰੀ ਵੈੱਲਫੇਅਰ ਕੌਂਸਲਾਂ ਵਿਚ ਤਾ-ਉਮਰ ਮੋਹਰੀ ਰੋਲ ਅਦਾ ਕੀਤਾ।

ਰੂਪ 25 ਮਈ 2026 ਨੂੰ ਸਭ ਨੂੰ ਅਲਵਿਦਾ ਆਖ ਗਏ। 23 ਮਈ ਦੀ ਰਾਤ ਨੂੰ ਜ਼ਿੰਦਾਦਿਲੀ ਦੀਆਂ ਗੱਲਾਂ ਕਰਦਿਆਂ ਸਾਨੂੰ ਕੋਲ ਬੈਠਿਆਂ ਨੂੰ ਲੱਗਦਾ ਨਹੀਂ ਸੀ ਕਿ ਏਨੀ ਛੇਤੀ ਸਾਹ ਮੁੱਕ ਜਾਣਗੇ। ਉਹ ਜਾਂਦੇ-ਜਾਂਦੇ ਆਪਣੇ ਪੁੱਤਰਾਂ ਨੂੰ ਮੇਰੀ ਤੇ ਬਲਵਿੰਦਰ ਸਿੰਘ ਉਤਮ ਦੀ ਮੌਜੂਦਗੀ ਵਿਚ ਇਹ ਹਦਾਇਤ ਕਰ ਦਿੱਤੀ ਕਿ ਉਸ ਦੀ ਮ੍ਰਿਤਕ ਦੇਹ ਪੀ ਜੀ ਆਈ ਨੂੰ ਸੌਂਪ ਦੇਣੀ ਅਤੇ ਮਗਰੋਂ ਕੋਈ ਧਾਰਮਿਕ ਰਹੁ-ਰੀਤ ਨਹੀਂ ਕਰਨੀ, ਯਾਦ ਵਿਚ ਸਮਾਗਮ ਕਰਨਾ ਹੈ।ਸ੍ਰੀ ਰੂਪ ਨੂੰ ਸਿਜਦਾ ਕਰਨ ਲਈ 'ਰਿਪੁਦਮਨ ਸਿੰਘ ਰੂਪ ਸਿਮਰਤੀ ਸਮਾਗਮ' 5 ਜੂਨ ਸ਼ੁੱਕਰਵਾਰ ਨੂੰ ਸਵੇਰੇ 11.00 ਵਜੇ ਕਿਸਾਨ ਭਵਨ, ਸੈਕਟਰ 35,ਚੰਡੀਗੜ੍ਹ ਵਿਖੇ ਹੋਵੇਗਾ।

-ਸ਼ਾਮ ਸਿੰਘ

## ਇਸਤਰੀ ਅਕਾਲੀ ਦਲ ਦੇ 55 ਹਲਕਾ ਪ੍ਰਧਾਨਾਂ ਦਾ ਐਲਾਨ

**ਬਲਾਚੌਰ/ਪੋਜੇਵਾਲ(ਜਸਵਿੰਦਰ ਬੈਂਸ/ਰਾਮ ਲਾਲ)**- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜਥੇਬੰਦੀ ਦਾ ਵਿਸਥਾਰ ਕਰਦਿਆਂ 55 ਵਿਧਾਨ ਸਭਾ ਹਲਕਿਆਂ ਲਈ ਇਸਤਰੀ ਅਕਾਲੀ ਦਲ ਦੀਆਂ ਹਲਕਾ ਪ੍ਰਧਾਨਾਂ ਦੀ ਨਿਯੁਕਤੀ ਕੀਤੀ ਹੈ। ਇਹ ਨਿਯੁਕਤੀਆਂ ਇਸਤਰੀ ਵਿੰਗ ਦੀ ਪ੍ਰਧਾਨ ਬੀਬੀ ਹਰਗੋਬਿੰਦ ਕੌਰ ਨਾਲ ਡੂੰਘੇ ਸਲਾਹ-ਮਸ਼ਵਰੇ ਤੋਂ ਬਾਅਦ ਕੀਤੀਆਂ ਗਈਆਂ ਹਨ। ?ਇਸੇ ਲੜੀ ਤਹਿਤ ਹਲਕਾ ਬਲਾਚੌਰ ਤੋਂ ਪਾਰਟੀ ਦੇ ਲੰਬੇ ਸਮੇਂ ਤੋਂ ਜੁੜੇ, ਵਫ਼ਾਦਾਰ ਅਤੇ ਮਿਹਨਤੀ ਆਗੂ ਬੀਬੀ ਸੁਰਿੰਦਰ ਕੌਰ ਅੰਸਰੋਂ ਨੂੰ ਇਸਤਰੀ ਅਕਾਲੀ ਦਲ ਦਾ ਹਲਕਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

ਹਲਕਾ ਇੰਚਾਰਜ ਹਨੀ ਟੌਸਾ ਦੀ ਅਗਵਾਈ ਹੇਠ ਕਰਵਾਏ ਗਏ ਇੱਕ ਵਿਸ਼ੇਸ਼ ਸਮਾਗਮ ਦੌਰਾਨ ਬੀਬੀ ਸੁਰਿੰਦਰ ਕੌਰ ਅੰਸਰੋਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਰਸਮੀ ਤੌਰ 'ਤੇ ਹਲਕੇ ਦੇ ਇਸਤਰੀ ਵਿੰਗ ਦੀ ਕਮਾਂਡ ਉਨ੍ਹਾਂ ਦੇ ਹੱਥ ਸੌਂਪੀ ਗਈ। ਇਸ ਮੌਕੇ ਲੀਡਰਸ਼ਿਪ ਨੇ ਉਮੀਦ ਜਤਾਈ ਕਿ ਇਸ ਨਿਯੁਕਤੀ ਨਾਲ ਹਲਕੇ ਅੰਦਰ ਜਥੇਬੰਦੀ ਨੂੰ ਵੱਡੀ ਮਜ਼ਬੂਤੀ ਮਿਲੇਗੀ। ਨਵੀਂ ਜ਼ਿੰਮੇਵਾਰੀ ਸੰਭਾਲਣ ਤੋਂ ਬਾਅਦ ਬੀਬੀ ਸੁਰਿੰਦਰ ਕੌਰ ਅੰਸਰੋਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਇਸਤਰੀ ਵਿੰਗ ਦੇ ਪ੍ਰਧਾਨ ਬੀਬੀ ਹਰਗੋਬਿੰਦ ਕੌਰ, ਹਲਕਾ ਬਲਾਚੌਰ ਦੇ ਇੰਚਾਰਜ ਹਨੀ ਟੌਸਾ ਅਤੇ ਸਮੂਹ ਮੈਂਬਰਾਂ ਦਾ ਇਸ ਵੱਡੀ ਜ਼ਿੰਮੇਵਾਰੀ ਲਈ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ 'ਤੇ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਮੌਜੂਦ ਜਿਨ੍ਹਾਂ ਵਿੱਚ ਚੌਧਰੀ ਵਿਮਲ ਕੁਮਾਰ ਸਾਬਕਾ ਚੇਅਰਮੈਨ, ਬਲਾਕ ਸੰਮਤੀ ਸੜੋਆ, ਤਰਲੋਚਨ ਸਿੰਘ ਰੱਕੜ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ, ਦਲਜੀਤ ਸਿੰਘ ਮਾਣੇਵਾਲ, ਬੀਬੀ ਰੇਖਾ ਰਾਣੀ, ਬੀਬੀ ਮਨਪ੍ਰੀਤ ਕੌਰ, ਖੁਸ਼ਕਿਸਮ ਕੌਰ, ਤਜਿੰਦਰ ਕੌਰ, ਰਣਵੀਰ ਸਿੰਘ ਭੱਟੀ ਮੀਤ ਪ੍ਰਧਾਨ ਐੱਸ.ਸੀ. ਵਿੰਗ ਪੰਜਾਬ, ਸੁਖਵਿੰਦਰ ਸਿੰਘ ਤੇ ਸੁਰਜੀਤ ਕੋਹਲੀ ਸਰਕਲ ਪ੍ਰਧਾਨ ਤੇ ਸਤਨਾਮ ਸਿੰਘ ਰਾਜੂਮਾਜਰਾ ਰਿਟਾ ਡੀ ਐੱਸ ਪੀ ਸਮੇਤ ਕਈ ਪਤਵੰਤੇ ਸੱਜਣ ਅਤੇ ਪਾਰਟੀ ਵਰਕਰ ਹਾਜ਼ਰ ਸਨ।



## ਵਿਦਿਆਰਥੀਆਂ ਨੇ ਜਨ ਸੁਰੱਖਿਆ ਐਪਲੀਕੇਸ਼ਨ ਪ੍ਰੋਜੈਕਟ ਕੀਤਾ ਤਿਆਰ

**ਜਲੰਧਰ (ਸ਼ੈਲੀ ਐਲਬਰਟ)**- ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਦੂਰਦਰਸ਼ੀ ਅਗਵਾਈ ਹੇਠ ਮੇਹਰ ਚੰਦ ਪੌਲੀਟੈਕਨਿਕ ਕਾਲਜ, ਜਲੰਧਰ ਦੇ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਦੇ ਵਿਦਿਆਰਥੀਆਂ ਨੇ ਜਨ ਸੁਰੱਖਿਆ-ਇੱਕ ਸੁਰੱਖਿਅਤ ਅਤੇ ਮਜ਼ਬੂਤ ਸਮਾਜ ਵੱਲ ਇੱਕ ਕਦਮ ਨਾਮਕ ਨਵੀਨਤਾਕਾਰੀ ਐਪਲੀਕੇਸ਼ਨ ਪ੍ਰੋਜੈਕਟ ਤਿਆਰ ਕਰਕੇ ਇੱਕ ਮਹੱਤਵਪੂਰਨ ਉਪਲਬਧੀ ਹਾਸਲ ਕੀਤੀ ਹੈ। ਇਹ ਪ੍ਰੋਜੈਕਟ ਸਮਾਜਿਕ ਭਲਾਈ ਅਤੇ ਜਨਤਕ ਸੁਰੱਖਿਆ ਲਈ ਤਕਨਾਲੋਜੀ ਦੇ ਸਰਗਰਮ ਉਪਯੋਗ ਨੂੰ ਦਰਸਾਉਂਦਾ ਹੈ। ਜਨ ਸੁਰੱਖਿਆ ਐਪਲੀਕੇਸ਼ਨ ਦਾ ਉਦੇਸ਼ ਨਾਗਰਿਕਾਂ ਨੂੰ ਅਪਰਾਧ, ਸੜਕ ਹਾਦਸਿਆਂ, ਐਮਰਜੈਂਸੀ ਸਥਿਤੀਆਂ ਅਤੇ ਵਿੱਤੀ ਜੋਖਮਾਂ ਤੋਂ ਸੁਰੱਖਿਅਤ ਰੱਖਣਾ ਹੈ।ਐਪ ਵਿੱਚ ਐਮਰਜੈਂਸੀ ਸਹਾਇਤਾ ਪ੍ਰਣਾਲੀ, ਡਿਜੀਟਲ ਜਾਗਰੂਕਤਾ ਮਾਡਿਊਲ, ਕਮਿਊਨਿਟੀ ਸ਼ਮੂਲੀਅਤ ਸਾਧਨ ਅਤੇ ਜਨਤਕ ਸੁਰੱਖਿਆ ਨੂੰ ਮਜ਼ਬੂਤ ਬਣਾਉਣ ਵਾਲੀਆਂ ਆਧੁਨਿਕ ਤਕਨੀਕਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਪ੍ਰੋਜੈਕਟ ਵਿਦਿਆਰਥੀ ਅੰਸ਼ ਸ਼ਰਮਾ, ਅਰਜੁਨ ਮਥਾਰੂ ਅਤੇ ਦੇਵਦੱਤ ਵੱਲੋਂ ਇੰਜੀਨੀਅਰ ਹਨੀਸ਼ ਕੌਸ਼ਲ, ਲੈਕਚਰਾਰ, ਸੀਐਸਈ ਵਿਭਾਗ ਦੀ ਰਹਿਨੁਮਾਈ ਹੇਠ ਤਿਆਰ ਕੀਤਾ ਗਿਆ। ਐਪਲੀਕੇਸ਼ਨ ਸੜਕ ਸੁਰੱਖਿਆ, ਸਾਈਬਰ ਸੁਰੱਖਿਆ, ਆਫ਼ਤ ਪ੍ਰਬੰਧਨ ਅਤੇ ਐਮਰਜੈਂਸੀ ਤਿਆਰੀ ਸੰਬੰਧੀ ਜਾਗਰੂਕਤਾ ਫੈਲਾਉਣ ਵਿੱਚ ਵੀ ਮਦਦਗਾਰ ਸਾਬਤ ਹੋਵੇਗੀ। ਇਸ ਮੌਕੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਜੈਕਟ ਵਿਦਿਆਰਥੀਆਂ ਦੀ ਤਕਨੀਕੀ ਯੋਗਤਾ ਅਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਨੂੰ ਦਰਸਾਉਂਦੇ ਹਨ।



## ਬਲਰਾਮ ਪਰਾਸ਼ਰ ਨੇ ਕੇਵਲ ਸਿੰਘ ਢਿੱਲੋਂ ਨਾਲ ਕੀਤੀ ਮੁਲਾਕਾਤ



**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੰਜਾਬ ਭਾਰਤੀ ਜਨਤਾ ਪਾਰਟੀ ਵਿੱਚ ਉਸ ਵੇਲੇ ਸੰਗਠਨਾਤਮਕ ਮਜ਼ਬੂਤੀ ਹੋਰ ਪ੍ਰਤੱਖ ਦੇਖਣ ਨੂੰ ਮਿਲੀ, ਜਦੋਂ ਭਾਜਪਾ ਦੇ ਨੌਜਵਾਨ ਆਗੂ ਅਤੇ ਜ਼ਿਲ੍ਹਾ ਮੁੱਖ ਬੁਲਾਰੇ ਬਲਰਾਮ ਪਰਾਸ਼ਰ ਨੇ ਪੰਜਾਬ ਭਾਜਪਾ ਦੇ ਨਵਨਿਯੁਕਤ ਪ੍ਰਧਾਨ ਕੇਵਲ ਸਿੰਘ ਢਿੱਲੋਂ ਨਾਲ ਮੁਲਾਕਾਤ ਕੀਤੀ। ਇਸ ਉਚੇਚੀ ਮੁਲਾਕਾਤ ਦੌਰਾਨ ਬਲਰਾਮ ਪਰਾਸ਼ਰ ਵੱਲੋਂ ਨਵਨਿਯੁਕਤ ਪ੍ਰਧਾਨ ਨੂੰ ਗੁਲਦਸਤਾ ਭੇਟ ਕਰਕੇ ਨਵੀਂ ਜ਼ਿੰਮੇਵਾਰੀ ਸਾਂਭਣ ਤੇ ਹਾਰਦਿਕ ਵਧਾਈ ਦਿੱਤੀ ਗਈ ਅਤੇ ਭਵਿੱਖ ਦੇ ਸਫਲ ਕਾਰਜਕਾਲ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ ਗਈਆਂ।ਮੁਲਾਕਾਤ ਦੌਰਾਨ ਪੰਜਾਬ ਦੇ ਮੌਜੂਦਾ ਸਿਆਸੀ ਹਾਲਾਤਾਂ ਅਤੇ ਸੰਗਠਨ ਦੇ ਆਉਣ ਵਾਲੇ ਪ੍ਰੋਗਰਾਮਾਂ ਨੂੰ ਲੈ ਕੇ ਵੀ ਸਕਾਰਾਤਮਕ ਚਰਚਾ ਹੋਈ। ਨਵਨਿਯੁਕਤ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਵੀ ਬਲਰਾਮ ਪਰਾਸ਼ਰ ਅਤੇ ਸਾਥੀਆਂ ਸੀਨਿਅਰ ਭਾਜਪਾ ਆਗੂ ਸੰਦੀਪ ਸਿੰਘ ਰਾਏ ਭੈਣੀ ਸਾਹਿਬ ਤੇ ਭਾਜਯੂਮੋ ਜ਼ਿਲਾ ਮੀਤ ਪ੍ਰਧਾਨ ਨਿਤਿਨ ਬਾਲੀ ਦਾ ਧੰਨਵਾਦ ਕੀਤਾ। ਇਸ ਮੌਕੇ ਪਾਰਟੀ ਦੇ ਹੋਰ ਪ੍ਰਮੁੱਖ ਆਗੂ ਅਤੇ ਵਰਕਰ ਵੀ ਮੌਜੂਦ ਸਨ, ਜਿਨ੍ਹਾਂ ਨੇ ਸਾਂਝੇ ਤੌਰ 'ਤੇ ਪਾਰਟੀ ਦੀ ਮਜ਼ਬੂਤੀ ਲਈ ਅਹਿਦ ਲਿਆ।

## ਗੁ. ਚਰਨ ਕਮਲ ਮਾਛੀਵਾੜਾ ਸਾਹਿਬ ਤੇ ਸਰਹਿੰਦ ਫਤਿਹਗੜ੍ਹ ਸਾਹਿਬ ਦੇ ਗੁਰੂਧਾਮਾਂ ਦੇ ਦਰਸ਼ਨ ਦੀਦਾਰੇ ਕੀਤੇ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)** ਕੁਦਰਤ ਦੀ ਅਪਾਰ ਬਖਸ਼ਿਸ਼ ਸਦਕਾ ਤੀਰਥ ਅਸਥਾਨਾਂ ਦੀ ਯਾਤਰਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਗੱਲਬਾਤ ਕਰਦਿਆਂ ਕਮਲਜੀਤ ਕੌਰ ਸਾਬਕਾ ਸਰਪੰਚ ਪਿੰਡ ਮਹਿਮਦੋਵਾਲ ਕਿ ਨੇ ਦੱਸਿਆ ਉਨਾਂ ਨੇ ਸ਼ਰਧਾਲੂ ਸੰਗਤਾਂ ਸਮੇਤ ਸਭ ਤੋਂ ਪਹਿਲਾਂ ਗੁ. ਚਰਨ ਕਮਲ ਸਾਹਿਬ ਮਾਛੀਵਾੜਾ ਸਾਹਿਬ ਦੇ ਦਰਸ਼ਨ ਦੀਦਾਰੇ ਕੀਤੇ। ਇਸ ਤੋਂ ਬਾਅਦ ਸਰਹੰਦ-ਫਤਿਹਗੜ੍ਹ ਸਾਹਿਬ ਵਿਖੇ ਜਿਸ ਅਸਥਾਨ ਤੇ ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਨੂੰ ਦੀਵਾਰਾਂ ਵਿੱਚ ਚਿਨ ਕੇ ਸ਼ਹੀਦ ਕੀਤਾ ਸੀ ਉਸ ਅਸਥਾਨ ਅਤੇ ਠੰਡੇ ਬੁਰਜ ਦੇ ਦਰਸ਼ਨ ਦੀਦਾਰੇ ਕੀਤੇ। ਇਹਨਾਂ ਅਸਥਾਨਾਂ ਤੇ ਵੀ ਕੁਝ ਸਮਾਂ ਮੈਡੀਟੇਸ਼ਨ ਕੀਤੀ ਅਤੇ ਮਾਤਾ ਗੁਜਰ ਕੌਰ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਪ੍ਰਣਾਮ ਕੀਤਾ। ਇਸ ਤੋਂ ਬਾਅਦ ਫਤਿਹਗੜ੍ਹ ਸਾਹਿਬ ਤੋਂ 15 ਕੁ ਕਿਲੋਮੀਟਰ ਦੀ ਦੂਰੀ ਤੇ ਪੈਂਦੇ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਹੰਸਾਲੀ ਵਾਲਿਆਂ ਦੇ ਅਸਥਾਨ ਦੇ ਦਰਸ਼ਨ ਦੀਦਾਰੇ ਕੀਤੇ ਅਤੇ ਉਥੋਂ ਦੇ ਮੌਜੂਦਾ ਮਹਾਂਪੁਰਸ਼ਾਂ ਨੂੰ ਮਿਲੇ ਅਤੇ ਲੰਗਰ ਪਾਣੀ ਛਕਿਆ। ਇਸ ਤੋਂ ਬਾਅਦ ਵਾਪਸੀ ਵੇਲੇ ਸੰਘੋਲ ਉੱਚਾ ਪਿੰਡ ਵਿਖੇ ਸਥਿਤ ਮਿਊਜ਼ੀਅਮ ਦੇਖਣ ਵਾਸਤੇ ਗਏ ਪਰ ਉਹ ਮਿਊਜ਼ਅਮ ਬੰਦ ਹੋਣ ਕਾਰਨ ਪੁਰਾਤਨ ਸੱਭਿਆਚਾਰਕ ਨਾਲ ਸੰਬੰਧਿਤ ਉਸ ਸਥਾਨ ਤੇ ਪਈਆਂ ਚੀਜ਼ਾਂ ਦੇਖ ਨਹੀਂ ਸਕੇ।



## ਜ਼ਿਲ੍ਹਾ ਚੋਣ ਅਫ਼ਸਰ ਵੱਲੋਂ ਰਾਜਨੀਤਿਕ ਪਾਰਟੀਆਂ ਨਾਲ ਮੀਟਿੰਗ

**ਮੁਹਾਲੀ (ਗੁਰਜੀਤ ਬਿੱਲਾ)**- ਭਾਰਤ ਦੇ ਚੋਣ ਕਮਿਸ਼ਨ ਵੱਲੋਂ ਪੰਜਾਬ ਰਾਜ ਵਿੱਚ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਫੇਜ਼-3 (ਐੱਸ ਆਈ ਆਰ) ਕਰਵਾਈ ਜਾ ਰਹੀ ਹੈ। ਇਸ ਮੁਹਿੰਮ ਦਾ ਮੁੱਖ ਉਦੇਸ਼ ਹਰੇਕ ਯੋਗ ਨਾਗਰਿਕ ਦਾ ਨਾਮ ਵੋਟਰ ਸੂਚੀ ਵਿੱਚ ਸ਼ਾਮਲ ਕਰਨਾ ਅਤੇ ਅਯੋਗ ਵਿਅਕਤੀਆਂ ਦੇ ਨਾਂਅ ਵੋਟਰ ਸੂਚੀ ਵਿੱਚੋਂ ਹਟਾਉਣਾ ਹੈ।ਇਹ ਜਾਣਕਾਰੀ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਕੋਮਲ ਮਿੱਤਲ ਨੇ ਰਾਜਨੀਤਕ ਪਾਰਟੀਆਂ ਦੇ ਪ੍ਰਤੀਨਿਧਾਂ ਨਾਲ ਮੀਟਿੰਗ ਦੌਰਾਨ ਦਿੱਤੀ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਪ੍ਰੀ-ਐਸ ਆਈ ਆਰ ਵੋਟਰ ਮੈਪਿੰਗ ਦੌਰਾਨ ਜ਼ਿਲ੍ਹਾ ਐੱਸ ਏ ਐੱਸ ਨਗਰ ਵਿੱਚ ਮਿਤੀ 3 ਜੂਨ 2026 ਤੱਕ ਲਗਭਗ 66.76% ਫੀਸਦੀ ਮੈਪਿੰਗ ਦਾ ਕੰਮ ਪੂਰਾ ਕੀਤਾ ਜਾ ਚੁੱਕਾ ਹੈ। ਜ਼ਿਲ੍ਹੇ ਦੇ ਕੁੱਲ 8,54,381 ਵੋਟਰਾਂ ਵਿੱਚੋਂ 5,70,722 ਵੋਟਰਾਂ ਦਾ ਸਾਲ 2003 ਦੀ ਵੋਟਰ ਸੂਚੀ ਨਾਲ ਮਿਲਾਣ ਕੀਤਾ ਜਾ ਚੁੱਕਾ ਹੈ।ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੀਆਂ ਸਮੂਹ ਰਾਜਨੀਤਿਕ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੂਥ ਲੈਵਲ ਏਜੰਟ ਜ਼ਰੂਰ ਨਿਯੁਕਤ ਕਰਨ ਤਾਂ ਜੋ ਇਹ ਕਾਰਜ ਸੁਚਾਰੂ ਢੰਗ ਨਾਲ ਨੇਪਰੇ ਚੜ੍ਹ ਸਕੇ।

## ਪੰਜਾਬ ਸਟੇਟ ਪੈਨਸ਼ਨਰਜ਼ ਕਨਫੈਡਰੇਸ਼ਨ ਦੀ ਮੀਟਿੰਗ 12 ਨੂੰ

**ਜਲੰਧਰ (ਰਾਜੇਸ਼ ਥਾਪਾ)**- ਪੰਜਾਬ ਸਟੇਟ ਪੈਨਸ਼ਨਰਜ਼ ਕਨਫੈਡਰੇਸ਼ਨ (ਰਜਿ) ਦੀ ਸੂਬਾਈ ਤਿਮਾਹੀ ਮੀਟਿੰਗ 12 ਜੂਨ ਨੂੰ ਪੈਨਸ਼ਨਰ ਭਵਨ ਲੁਧਿਆਣਾ ਵਿਖੇ ਹੋ ਰਹੀ ਹੈ। ਤਿਮਾਹੀ ਸੂਬਾਈ ਮੀਟਿੰਗ ਦੇ ਸੰਬੰਧ ਵਿੱਚ ਪ੍ਰਧਾਨ ਕਰਮ ਸਿੰਘ ਧਨੋਆ ਤੇ ਜਨਰਲ ਸਕੱਤਰ ਕੁਲਵਰਨ ਸਿੰਘ ਵਲੋਂ ਪੱਤਰ ਜਾਰੀ ਕਰਦੇ ਹੋਏ ਸਮੂਹ ਜ਼ਿਲ੍ਹਾ ਪ੍ਰਧਾਨਾ/ ਜਨਰਲ ਸਕੱਤਰਾਂ ਅਤੇ ਸਬ ਯੂਨਿਟਾਂ ਦੇ ਪ੍ਰਧਾਨਾਂ/ ਜਨਰਲ ਸਕੱਤਰਾਂ ਨੂੰ ਤਿਮਾਹੀ ਸੂਬਾਈ ਮੀਟਿੰਗ ਵਿੱਚ ਸਮੇਂ ਸਿਰ ਪੁੱਜ ਕੇ, ਜਾਰੀ ਕੀਤੇ ਗਏ ਏਜੰਡੇ ਤੇ ਵਿਚਾਰ ਚਰਚਾ ਵਿੱਚ ਭਾਗ ਲੈਂਦੇ ਹੋਏ ਮੀਟਿੰਗ ਨੂੰ ਕਾਮਯਾਬ ਕਰਨ ਲਈ ਸੁਨੇਹੇ ਭੇਜ ਦਿੱਤੇ ਗਏ ਹਨ। ਮੀਟਿੰਗ ਦੇ ਏਜੰਡੇ ਬਾਰੇ ਜਾਣਕਾਰੀ ਦਿੰਦੇ ਹੋਏ ਸਹਾਇਕ ਸੂਬਾ ਪ੍ਰੈੱਸ ਸਕੱਤਰ ਕੁਲਦੀਪ ਸਿੰਘ ਕੌੜਾ ਨੇ ਦੱਸਿਆ ਕਿ 12 ਜੂਨ ਦੀ ਤਿਮਾਹੀ ਸੂਬਾਈ ਮੀਟਿੰਗ ਵਿੱਚ ਸਦੀਵੀ ਵਿਛੋੜਾ ਦੇ ਗਏ ਪੈਨਸ਼ਨਰ ਸਾਥੀਆਂ ਨੂੰ ਸ਼ਰਧਾਂਜਲੀ ਦੇਣ, ਪਿਛਲੀ ਤਿਮਾਹੀ ਦੌਰਾਨ ਕੀਤੇ ਗਏ ਸੰਘਰਸ਼ਾਂ ਵਿੱਚ ਕੀਤੀ ਸ਼ਮੂਲੀਅਤ ਦਾ ਰਿਵਿਊ ਕਰਨ, ਡਾਇਰੈਕਟਰ ਪੈਨਸ਼ਨ ਵੰਡ ਅਤੇ ਲੇਖਾ ਨਾਲ ਅਪ੍ਰੈਲ 2026 ਦੀ ਪੈਨਸ਼ਨ ਵੰਡ ਵਿੱਚ ਹੋਈ ਦੇਰੀ ਅਤੇ ਹੋਰ ਮੁਸ਼ਕਲਾਂ ਦੇ ਸੰਬੰਧ ਵਿੱਚ ਕੀਤੀਆਂ ਗਈਆਂ ਮੀਟਿੰਗਾਂ ਦੀ ਜਾਣਕਾਰੀ ਰਿਪੋਰਟ, ਆਲ ਇੰਡੀਆ ਸਟੇਟ ਗੌਰਮਿੰਟ ਪੈਨਸ਼ਨਰਜ਼ ਫੈਡਰੇਸ਼ਨ ਦੀ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਦੀ ਰਿਪੋਰਟ ਕਰਨ, ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਪਿਛਲੇ ਸਵਾ ਚਾਰ ਸਾਲਾਂ ਤੋਂ ਧਾਰੀ ਸਾਜ਼ਿਸ਼ੀ ਚੁੱਪ ਦਾ ਗੰਭੀਰਤਾ ਨਾਲ ਨੋਟਿਸ ਲੈਂਦੇ ਹੋਏ ਵਿਚਾਰ ਚਰਚਾ ਕਰਨ ਉਪਰੰਤ ਅਗਲੇ ਸੰਘਰਸ਼ਾਂ ਨੂੰ ਪੂਰੀ ਪੂਰੀ ਤਨਦੇਹੀ ਨਾਲ ਨਿਭਾਉਣ ਲਈ ਯਤਨ ਤੇਜ਼ ਕੀਤੇ ਜਾਣਗੇ। ਜੁਆਇੰਟ ਗੌਰਮਿੰਟ ਪੈਨਸ਼ਨਰਜ਼ ਫਰੰਟ ਪੰਜਾਬ ਵਲੋਂ 17 ਜੂਨ ਨੂੰ ਜਲੰਧਰ ਵਿਖੇ ਕੀਤੀ ਜਾ ਰਹੀ ਸੂਬਾਈ ਕਨਵੈਨਸ਼ਨ ਨੂੰ ਕਾਮਯਾਬ ਕਰਨ ਲਈ ਸਮੂਹ ਜ਼ਿਲ੍ਹਿਆਂ ਅਤੇ ਸਬ ਯੂਨਿਟਾਂ ਦੇ ਆਗੂਆਂ ਦੀਆਂ ਡਿਊਟੀਆਂ ਲਗਾ ਕੇ ਕਨਵੈਨਸ਼ਨ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਅਪੀਲ ਵੀ ਕੀਤੀ ਜਾਵੇਗੀ। ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਡਾਇਰੈਕਟਰ ਖ਼ਜ਼ਾਨਾ ਅਤੇ ਲੇਖਾ ਚੰਡੀਗੜ੍ਹ ਵਲੋਂ ਜਾਰੀ ਕੀਤੇ ਗਏ ਪੱਤਰ ਅਨੁਸਾਰ ਪੈਨਸ਼ਨਰਾਂ ਅਤੇ ਫੈਮਲੀ ਪੈਨਸ਼ਨਰਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ 10 ਜੂਨ ਨੂੰ ਮੋਗਾ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿੱਚ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ।



## ਰਾਜਨੀਤਿਕ ਪਾਰਟੀਆਂ ਨੂੰ ਐੱਸ ਆਈ ਆਰ ਦੇ ਸੋਧੇ ਹੋਏ ਸ਼ਡਿਊਲ ਬਾਰੇ ਜਾਣੂ ਕਰਵਾਇਆ

**ਜਲੰਧਰ (ਸੁਰਿੰਦਰ ਕੁਮਾਰ)**- ਜ਼ਿਲਾ ਚੋਣ ਅਫਸਰ ਵਰਜੀਤ ਵਾਲੀਆ ਨੇ ਐਸ ਆਈ ਆਰ ਵਿੱਚ ਲੱਗੇ ਸਾਰੀ ਸਰਕਾਰੀ ਕਰਮਚਾਰੀਆਂ ਨੂੰ ਵਿਸ਼ੇਸ਼ ਤੌਰ 'ਤੇ ਭਾਰਤ ਚੋਣ ਕਮਿਸ਼ਨ ਵਲੋਂ ਪੰਜਾਬ ਵਿੱਚ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਵੀਜ਼ਨ (ਐੱਸ ਆਈ ਆਰ) ਸਬੰਧੀ ਜਾਰੀ ਸਮਾਂ ਸਾਰਣੀ ਵਿੱਚ ਸੋਧ ਕਰਦਿਆਂ ਨਵਾਂ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ, ਜਿਸ ਸੰਬੰਧੀ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਮਨਿੰਦਰ ਕੌਰ ਵੱਲੋਂ ਸਮੂਹ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਰਾਜਨੀਤਿਕ ਪਾਰਟੀਆਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਨਵੇਂ ਸੋਧੇ ਗਏ ਸ਼ਡਿਊਲ ਅਨੁਸਾਰ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ 31 ਜੁਲਾਈ 2026 ਦੀ ਬਜਾਏ ਹੁਣ 3 ਅਗਸਤ 2026 ਨੂੰ ਕੀਤੀ ਜਾਵੇਗੀ। ਇਸੇ ਤਰ੍ਹਾਂ ਵੋਟਰ ਸੂਚੀ ਸੰਬੰਧੀ ਦਾਅਵੇ ਅਤੇ ਇਤਰਾਜ਼ 3 ਅਗਸਤ 2026 ਤੋਂ 2 ਸਤੰਬਰ 2026 ਤੱਕ ਪ੍ਰਾਪਤ ਕੀਤੇ ਜਾਣਗੇ। ਪ੍ਰਾਪਤ ਹੋਏ ਦਾਅਵਿਆਂ ਅਤੇ ਇਤਰਾਜ਼ਾਂ ਦੇ ਨਿਪਟਾਰੇ ਤੇ 'ਨੋਟਿਸ ਫੇਜ਼' ਦੀ ਪ੍ਰਕਿਰਿਆ 3 ਅਗਸਤ 2026 ਤੋਂ 28 ਸਤੰਬਰ 2026 ਤੱਕ ਮੁਕੰਮਲ ਕੀਤੀ ਜਾਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਸੁਧਾਈ ਮੁਹਿੰਮ ਦੀਆਂ ਬਾਕੀ ਰਹਿੰਦੀਆਂ ਸਾਰੀਆਂ ਗਤੀਵਿਧੀਆਂ ਦਾ ਸ਼ਡਿਊਲ ਪਹਿਲਾਂ ਵਾਲਾ ਹੀ ਰਹੇਗਾ। ਉਨ੍ਹਾਂ ਦੱਸਿਆ ਕਿ 25 ਜੂਨ ਤੋਂ 24 ਜੁਲਾਈ 2026 ਤੱਕ ਬੂਥ ਲੈਵਲ ਅਫ਼ਸਰ (ਬੀ ਐੱਲ ਓ) ਘਰ-ਘਰ ਜਾ ਕੇ ਵੋਟਰਾਂ ਪਾਸੋਂ ਫਾਰਮ ਭਰਵਾਉਣਗੇ। ਅੰਤਿਮ ਵੋਟਰ ਸੂਚੀ ਦੀ ਪ੍ਰਕਾਸ਼ਨਾ 1 ਅਕਤੂਬਰ 2026 ਨੂੰ ਕੀਤੀ ਜਾਵੇਗੀ।

## ਸਰਪੰਚਾਂ ਦੀ ਮੀਟਿੰਗ 10 ਨੂੰ



**ਬਲਾਚੌਰ/ਪੋਜੇਵਾਲ (ਜਸਵਿੰਦਰ ਬੈਂਸ/ਰਾਮ ਲਾਲ)**- ਗ੍ਰਾਮ ਪੰਚਾਇਤਾਂ ਵਿਸ਼ੇਸ਼ ਕਰਕੇ ਸਰਪੰਚਾ ਨੂੰ ਆ ਰਹੀਆਂ ਸਮੱਸਿਆਵਾਂ ਸਬੰਧੀ, ਗ੍ਰਾਮ ਪੰਚਾਇਤ ਅਤੇ ਸਰਪੰਚਾਂ ਦੇ ਅਧਿਕਾਰਾਂ ਅਤੇ ਡਿਊਟੀਆਂ ਸਬੰਧੀ, ਸਰਕਾਰੀ ਦਫ਼ਤਰਾਂ, ਸੰਸਥਾਵਾਂ ਵਿੱਚ ਸਰਪੰਚਾਂ ਅਤੇ ਪੰਚਾਂ ਦੇ ਮਾਣ ਸਨਮਾਨ ਮਿਲਣ ਸਬੰਧੀ, ਪਿੰਡਾਂ ਦਾ ਵਿਕਾਸ ਮਾਡਲ ਕਿਹੋ ਜਿਹਾ ਹੋਵੇ, ਪਿੰਡਾਂ ਵਿੱਚ ਭਾਈਚਾਰਕ ਸਦਭਾਵਨਾ ਬਣਾਈ ਰੱਖਣ, ਸੰਵਿਧਾਨ ਦੀ 73ਵੀਂ 74ਵੀਂ ਸੋਧ ਅਨੁਸਾਰ ਗ੍ਰਾਮ ਪੰਚਾਇਤਾਂ ਨੂੰ ਪ੍ਰਾਪਤ ਸ਼ਕਤੀਆਂ ਦੀ ਠੀਕ ਵਰਤੋਂ ਐਪ ਕਰਨ ਆਦਿ ਲਈ ਵਿਚਾਰਾਂ ਕਰਨ ਲਈ ਬਲਾਕ ਸੜੋਆ ਦੇ ਸਰਪੰਚਾਂ ਅਤੇ ਗ੍ਰਾਮ ਪੰਚਾਇਤ ਮੈਂਬਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਮਜਾਰੀ ਵਿਖੇ 10 ਜੂਨ ਨੂੰ ਸਵੇਰੇ 10 ਵਜੇ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਸਰਵਸ਼੍ਰੀ ਪ੍ਰੇਮ ਰੱਕੜ, ਕਸ਼ਮੀਰ ਸਿੰਘ ਗੁਲਪੁਰ, ਗਰਨਾਮ ਸਿੰਘ ਖੰਡੂਪੁਰ, ਕਰਨੈਲ ਸਿੰਘ ਕਰਾਵਰ, ਦਾਰਾ ਸਿੰਘ ਬਕਾਪੁਰ, ਗੁਰਦੀਪ ਸਿੰਘ ਛਦੌੜੀ, ਬਚਿੱਤਰ ਸਿੰਘ ਭਾਰਾਪੁਰ, ਜੋਗਾ ਸਿੰਘ ਨਾਗਰਾ, ਡਾਕਟਰ ਚਮਨ ਲਾਲ ਸਾਹਿਬਾ ਨੇ ਸਾਂਝੇ ਤੌਰ 'ਤੇ ਦਿੱਤੀ। ਉਪਰੋਕਤ ਨੇ ਕਿਹਾ ਕਿ ਪਿੰਡਾਂ ਦੇ ਵਾਤਾਵਰਨ ਨੂੰ ਸ਼ੁੱਧ ਰੱਖਣ,ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਉਣ, ਪਿੰਡ ਦੇ ਛੱਪੜਾਂ ਦੇ ਪਾਣੀ ਦੀ ਯੋਗ ਵਰਤੋਂ ਕਰਨ ਤੇ ਵੀ ਵਿਚਾਰਾਂ ਕੀਤੀਆਂ ਜਾਣਗੀਆਂ।

## ਮਨੀਸ਼ਾ ਕੁਮਾਰੀ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ



**ਮੋਹਾਲੀ (ਗੁਰਜੀਤ ਬਿੱਲਾ)**- ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਵੱਡੀ ਮਜ਼ਬੂਤੀ ਮਿਲੀ ਜਦੋਂ ਹਲਕੇ ਦੇ ਸੀਨੀਅਰ ਆਗੂ ਪਰਵਿੰਦਰ ਸਿੰਘ ਸੋਹਾਣਾ ਦੀ ਪ੍ਰੇਰਨਾ ਸਦਕਾ ਨਗਰ ਨਿਗਮ ਚੋਣਾਂ ਵਿੱਚ ਵਾਰਡ ਨੰਬਰ 11 ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਵਾਲੀ ਮਨੀਸ਼ਾ ਕੁਮਾਰੀ (ਧਰਮਪਤਨੀ ਸੰਜੀਵ ਕੁਮਾਰ) ਅਧਿਕਾਰਤ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਸੋਹਾਣਾ ਨੇ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਮਨੀਸ਼ਾ ਕੁਮਾਰੀ, ਉਨ੍ਹਾਂ ਦੇ ਪਤੀ ਸੰਜੀਵ ਕੁਮਾਰ ਅਤੇ ਸਮਰਥਕਾਂ ਦਾ ਨਿੱਘਾ ਸਵਾਗਤ ਕੀਤਾ ਤੇ ਉਨ੍ਹਾਂ ਨੂੰ ਪਾਰਟੀ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਪ੍ਰਧਾਨ ਪਰਵਿੰਦਰ ਸਿੰਘ ਸੋਹਾਣਾ ਨੇ ਕਿਹਾ ਕਿ ਮਨੀਸ਼ਾ ਕੁਮਾਰੀ ਦੀ ਅਗਵਾਈ ਵਿੱਚ ਇਲਾਕੇ ਦੇ ਲੋਕਾਂ ਨੇ ਉਨ੍ਹਾਂ ਦੀਆਂ ਲੋਕ-ਪੱਖੀ ਨੀਤੀਆਂ ਨੂੰ ਦੇਖਦੇ ਹੋਏ ਵੱਡਾ ਫਤਵਾ ਦਿੱਤਾ ਸੀ। ਮਨੀਸ਼ਾ ਕੁਮਾਰੀ ਅਤੇ ਉਨ੍ਹਾਂ ਦੇ ਪਤੀ ਸੰਜੀਵ ਕੁਮਾਰ ਨੇ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੀਆਂ ਲੋਕ-ਹਿਤੈਸ਼ੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਲ ਹੋਏ ਹਨ।

## ਪੈਨਸ਼ਨਰਾਂ ਦੀਆਂ ਲਟਕਦੀਆਂ ਮੰਗਾਂ ਸੰਬੰਧੀ ਦਿੱਤਾ ਮੰਗ ਪੱਤਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਦੇ ਵਫ਼ਦ ਨੇ ਨਰਿੰਦਰ ਸਿੰਘ ਗੋਲੀ ਜ਼ਿਲ੍ਹਾ ਕਨਵੀਨਰ ਦੀ ਅਗਵਾਈ ਵਿੱਚ ਸਹਾਇਕ ਕਮਿਸ਼ਨਰ ਕੈਪਟਨ ਗੁਰਪ੍ਰੀਤ ਕੌਰ ਨੂੰ ਮੁੱਖ ਮੰਤਰੀ ਪੰਜਾਬ ਅਤੇ ਵਿੱਤ ਮੰਤਰੀ ਪੰਜਾਬ ਦੇ ਨਾਂਅ ਵਿਸਥਾਰਤ ਮੰਗ ਪੱਤਰ ਸੌਂਪ ਕੇ ਪੈਨਸ਼ਨਰਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਦੇ ਜਲਦੀ ਹੱਲ ਦੀ ਮੰਗ ਕੀਤੀ। ਮੰਗ ਪੱਤਰ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਵੱਲੋਂ 1 ਜਨਵਰੀ 2016 ਤੋਂ ਸੋਧੇ ਹੋਏ ਤਨਖਾਹ ਸਕੇਲ ਨੂੰ ਲਾਗੂ ਕਰਨ ਦੇ ਬਾਵਜੂਦ ਅਜੇ ਤੱਕ ਪੈਨਸ਼ਨਰਾਂ ਨੂੰ ਸਬੰਧਤ ਸਾਰੇ ਲਾਭ ਪੂਰੇ ਨਹੀਂ ਦਿੱਤੇ ਗਏ, ਜਿਸ ਕਾਰਨ ਸੇਵਾਮੁਕਤ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਵਿੱਚ ਭਾਰੀ ਨਿਰਾਸ਼ਾ ਪਾਈ ਜਾ ਰਹੀ ਹੈ। ਫਰੰਟ ਦੇ ਆਗੂਆਂ ਨੇ ਕਿਹਾ ਕਿ ਪੈਨਸ਼ਨਰਾਂ ਨੂੰ ਕੇਂਦਰ ਸਰਕਾਰ ਦੀਆਂ ਹਦਾਇਤਾਂ ਅਤੇ ਵੱਖ-ਵੱਖ ਅਦਾਲਤੀ ਫੈਸਲਿਆਂ ਅਨੁਸਾਰ ਸੋਧੀ ਹੋਈ ਪੈਨਸ਼ਨ, ਮਹਿੰਗਾਈ ਰਾਹਤ ਅਤੇ ਹੋਰ ਵਿੱਤੀ ਲਾਭ ਦਿੱਤੇ ਜਾਣ। ਮੰਗ ਪੱਤਰ ਵਿੱਚ ਮੰਗ ਕੀਤੀ ਗਈ ਕਿ 1 ਜਨਵਰੀ 2016 ਤੋਂ 30 ਜੂਨ 2021 ਤੱਕ ਸੇਵਾਮੁਕਤ ਹੋਏ ਪੈਨਸ਼ਨਰਾਂ ਦੀ ਪੈਨਸ਼ਨ ਦੁਬਾਰਾ ਨਿਰਧਾਰਤ ਕੀਤੀ ਜਾਵੇ ਅਤੇ ਬਕਾਇਆ ਰਾਸ਼ੀ ਵਿਆਜ ਸਮੇਤ ਅਦਾ ਕੀਤੀ ਜਾਵੇ। ਫਰੰਟ ਦੇ ਅਹੁਦੇਦਾਰਾਂ ਵਿੱਚ ਜ਼ਿਲ੍ਹਾ ਕਨਵੀਨਰ ਨਰਿੰਦਰ ਸਿੰਘ ਗੋਲੀ, ਵਧੀਕ ਜਨਰਲ ਸਕੱਤਰ ਪੰਜਾਬ ਸਟੇਟ ਪੈਨਸ਼ਨ ਕੰਨਫੈਡਰੇਸ਼ਨ ਬਲਵੀਰ ਸਿੰਘ ਸੈਣੀ, ਵਿਤ ਸਕੱਤਰ ਸੁਦੇਸ਼ ਕੁਮਾਰ ਸ਼ਰਮਾ, ਸਕੱਤਰ ਕੁੰਵਰ ਰਾਕੇਸ਼ ਸਿੰਘ, ਹਰਭਜਨ ਸਿੰਘ ਅਜਨੋਹਾ, ਬਹਾਦਰ ਸਿੰਘ, ਭੁਪਿੰਦਰ ਸਿੰਘ (ਰੋਡਵੇਜ਼), ਬਲਬੀਰ ਸਿੰਘ, ਹਰਵਿੰਦਰ ਸਿੰਘ, ਮਹਿੰਦਰਪਾਲ ਸਿੰਘ ਸ਼ਾਹੀ, ਹਰਮੇਸ਼ ਪਾਲ (ਰੋਡਵੇਜ਼), ਸਵਰਨ ਸਿੰਘ (ਲੱਖ), ਖ਼ੁਸ਼ੀ ਰਾਮ ਧੀਮਾਨ ਬਿਜਲੀ ਬੋਰਡ, ਸਵਰਨ ਸਿੰਘ (ਮੁਖੀ), ਮਿਲਾਵਾ ਸਿੰਘ, ਪੰਜਾਬ ਪੁਲਿਸ ਤੋਂ, ਪਰਮਜੀਤ ਸਿੰਘ ਸ਼ਾਹੀ, ਨੀਰਜ ਧੀਮਾਨ, ਓਂਕਾਰ ਸਿੰਘ, ਕਿਰਪਾਲ ਸਿੰਘ ਆਦਿ ਨੇ ਆਸ ਪ੍ਰਗਟਾਈ ਕਿ ਸਰਕਾਰ ਪੈਨਸ਼ਨਰਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਜਲਦ ਹੀ ਠੋਸ ਕਦਮ ਚੁੱਕੇਗੀ।



## 100 ਫੀਸਦੀ ਟੀਚਾ ਹਾਸਲ ਕਰਨ ਵਾਲੇ ਜਨਗਣਨਾ ਕਰਮਚਾਰੀਆਂ ਦਾ ਸਨਮਾਨ

**ਸ਼ਹੀਦ ਭਗਤ ਸਿੰਘ ਨਗਰ (ਮਨੋਜ ਲਾਡੀ)**- ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਗੁਲਪ੍ਰੀਤ ਸਿੰਘ ਔਲਖ ਵਲੋਂ ਜਨਗਣਨਾ-2027 ਦੇ ਚੱਲ ਰਹੇ ਸਰਵੇ ਦੌਰਾਨ ਨਿਰਧਾਰਿਤ ਮਿਤੀ ਤੋਂ ਪਹਿਲਾਂ ਆਪਣੇ-ਆਪਣੇ ਖੇਤਰਾਂ ਵਿੱਚ 100 ਫੀਸਦੀ ਟੀਚੇ ਨੂੰ ਸਫ਼ਲਤਾਪੂਰਵਕ ਹਾਸਿਲ ਕਰਨ ਵਾਲੇ ਕਰਮਚਾਰੀਆਂ ਦੀਆਂ ਸ਼ਾਨਦਾਰ ਸੇਵਾਵਾਂ ਨੂੰ ਮਾਨਤਾ ਦਿੰਦਿਆਂ 9 ਜਨਗਣਨਾ ਕਰਮਚਾਰੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਡਿਪਟੀ ਕਮਿਸ਼ਨਰ ਵਲੋਂ ਪ੍ਰਸ਼ੰਸਾ ਪੱਤਰ ਪ੍ਰਦਾਨ ਕਰਦਿਆਂ ਕਰਮਚਾਰੀਆਂ ਦੀ ਲਗਨ, ਸਮਰਪਨ ਭਾਵਨਾ ਅਤੇ ਇਸ ਰਾਸ਼ਟਰੀ ਜਿੰਮੇਵਾਰੀ ਨੂੰ ਜ਼ਿੰਮੇਵਾਰੀ ਦਾ ਭਾਵਨਾ ਨਾਲ ਨਿਭਾਉਣ ਦੀ ਭਰਪੂਰ ਸ਼ਲਾਘਾ ਕੀਤੀ ਗਈ। ਉਨ੍ਹਾਂ ਕਿਹਾ ਕਿ ਸਨਮਾਨਿਤ ਕਰਮਚਾਰੀਆਂ ਵਲੋਂ ਨਿਰਧਾਰਿਤ ਸਮੇਂ ਦੌਰਾਨ ਜਨਗਣਨਾ ਦੇ ਕੰਮ ਨੂੰ ਮੁਕੰਮਲ ਕਰਨ ਦੇ ਨਾਲ-ਨਾਲ ਵੱਡੇ ਪੱਧਰ 'ਤੇ ਆਬਾਦੀ ਨਾਲ ਸੰਪਰਕ ਕਰਦਿਆਂ ਉਹਨਾਂ ਨੂੰ ਕਵਰ ਕੀਤਾ ਗਿਆ ਹੈ ਜੋ ਕਿ ਆਪਣੇ ਕਿੱਤੇ ਪ੍ਰਤੀ ਪੇਸ਼ੇਵਾਰਾਨਾ ਸੋਚ ਦੀ ਇਕ ਲਾਮਿਸਾਲ ਉਦਾਹਰਣ ਹੈ।ਸਨਮਾਨਤ ਕੀਤੇ ਜਾਣ ਵਾਲੇ 7 ਕਰਮਚਾਰੀਆਂ ਵਿੱਚ ਵਿਜੇ ਕੁਮਾਰ, ਰੰਜਨਾ ਕੁਮਾਰ, ਨਿਰਮਲਦੀਪ ਸਿੰਘ, ਸੁਨਤਾ ਰਾਣੀ, ਵਰਿੰਦਰ ਸੁਮਨ, ਬੀਰਪਾਲ ਕੌਰ ਅਤੇ ਕਮਲਜੀਤ ਕੌਰ ਸਮੇਤ ਦੋ ਸੁਪਰਵਾਈਜ਼ਰ ਪ੍ਰਦੀਪ ਕੁਮਾਰ ਅਤੇ ਅੰਮ੍ਰਿਤਪਾਲ ਸਿੰਘ ਸ਼ਾਮਿਲ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਜਨਗਣਨਾ-2027 ਤਹਿਤ ਪਹਿਲੇ ਪੜਾਅ ਦਾ ਕੰਮ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ 15 ਮਈ ਤੋਂ 13 ਜੂਨ 2026 ਤੱਕ ਘਰ-ਘਰ ਜਾ ਕੇ ਜਨਗਣਨਾ ਸਬੰਧੀ ਜਾਣਕਾਰੀ ਇਕੱਤਰ ਕਰਨ ਲਈ 1158 ਕਰਮਚਾਰੀਆਂ ਨੂੰ ਤਾਇਨਾਤ ਕੀਤਾ ਗਿਆ ਹੈ।

## ਕਸ਼ਮੀਰ ਸਿੰਘ ਹੇਅਰ ਨੰਬਰਦਾਰ ਯੂਨੀਅਨ ਦੇ ਮੁੱਖ ਸਲਾਹਕਾਰ ਬਣੇ

**ਨਕੋਦਰ (ਮਨਜੀਤ ਮਾਨ)**- ਪੰਜਾਬ ਨੰਬਰਦਾਰ ਯੂਨੀਅਨ ਦਿਹਾਤੀ ਅਤੇ ਸ਼ਹਿਰੀ ਦੀ ਵਿਸ਼ੇਸ਼ ਮੀਟਿੰਗ ਜਲੰਧਰ ਤਹਿਸੀਲ ਕੰਪਲੈਕਸ ਦੇ ਦਫ਼ਤਰ ਹਰਕੰਵਲ ਸਿੰਘ ਮੁੱਧ ਸੀਨੀਅਰ ਮੀਤ ਪ੍ਰਧਾਨ ਪੰਜਾਬ ਅਤੇ ਗੁਰਦੇਵ ਸੰਧੂ ਸ਼ਹਿਰੀ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ।ਇਸ ਮੌਕੇ ਤੇ ਨਿਊਜ਼ੀਲੈਂਡ ਤੋਂ ਵਿਸ਼ੇਸ਼ ਤੌਰ ਪਹੁੰਚੇ ਉੱਘੇ ਸਮਾਜ ਸੇਵਕ ਕਸ਼ਮੀਰ ਸਿੰਘ ਹੇਅਰ ਦੀਆ ਸਮਾਜ ਸੇਵਾਵਾ ਵੇਖਦੇ ਹੋਏ ਸਰਬਸੰਮਤੀ ਨਾਲ ਲੰਬਰਦਾਰ ਯੂਨੀਅਨ ਦਾ ਜ਼ਿਲ੍ਹਾ ਜਲੰਧਰ ਦਿਹਾਤੀ ਦਾ ਮੁੱਖ ਸਲਾਹਕਾਰ ਨਿਯੁਕਤ ਕੀਤਾ ਗਿਆ । ਇਸ ਮੌਕੇ ਤੇ ਉਨ੍ਹਾਂ ਨੂੰ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ ।ਸੁਰਜੀਤ ਸਿੰਘ ਹੇਅਰ ਤਹਿਸੀਲ ਪ੍ਰਧਾਨ ਨਕੋਦਰ ਨੇ ਸਾਰੇ ਨੰਬਰਦਾਰਾਂ ਦਾ ਜਿਨਾਂ ਨੇ ਮੇਰੇ ਪਿੰਡ ਦੇ ਬਹੁਤ ਹੀ ਸੂਝਵਾਨ ਤੇ ਨੇਕ ਇਨਸਾਨ ਕਸ਼ਮੀਰ ਸਿੰਘ ਹੇਅਰ ਨੂੰ ਨੰਬਰਦਾਰ ਯੂਨੀਅਨ ਦਾ ਮੁੱਖ ਸਲਾਹਕਾਰ ਬਣਾਇਆ ਇਸ ਨਾਲ ਯੂਨੀਅਨ ਨੂੰ ਹੋਰ ਅੱਗੇ ਲਿਜਾਣ ਲਈ ਅਪਣੇ ਤਜ਼ਰਬੇ ਨਾਲ ਉੱਦਮ ਕਰਦੇ ਰਹਿਣਗੇ ।ਇਸ ਮੌਕੇ ਤੇ ਹਰਿੰਦਰਪਾਲ ਜਨਰਲ ਸਕੱਤਰ, ਕੈਲਾਸ਼ ਕੁਮਾਰ ਤਹਿਸੀਲ ਪ੍ਰਧਾਨ, ਜਰਨੈਲ ਸਿੰਘ, ਨਵਜੋਤ ਸਿੰਘ, ਗੁਰਵਿੰਦਰ ਸਿੰਘ, ਬਲਜੀਤ ਸਿੰਘ, ਰਾਜ ਕੁਮਾਰ ਮਹਿਮੀ ਜਨਰਲ ਸਕੱਤਰ ਦਿਹਾਤੀ ਤੇ ਹੋਰ ਬਹੁਤ ਸਾਰੇ ਨੰਬਰਦਾਰ ਹਾਜ਼ਰ ਸਨ।



## ਜ਼ਿਲ੍ਹਾ ਟੀਕਾਕਰਨ ਅਫਸਰ ਵੱਲੋਂ ਸਬ ਸੈਂਟਰਾਂ ਦਾ ਅਚਨਚੇਤ ਦੌਰਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਮਿਥਲੇਸ਼ ਗਰਗ)**- ਸਿਵਲ ਸਰਜਨ ਹੁਸ਼ਿਆਰਪੁਰ ਡਾ. ਮਨਦੀਪ ਕਮਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਸੀਮਾ ਗਰਗ ਵੱਲੋਂ ਟਾਂਡਾ ਬਲਾਕ ਅਧੀਨ ਵੱਖ-ਵੱਖ ਸਬ ਸੈਂਟਰਾਂ ਦਾ ਅਚਨਚੇਤ ਦੌਰਾ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨੇ ਟੀਕਾਕਰਨ ਸੇਵਾਵਾਂ, ਰੁਟੀਨ ਇਮਿਊਨਾਈਜ਼ੇਸ਼ਨ ਗਤੀਵਿਧੀਆਂ, ਵੈਕਸੀਨ ਸਟੋਰੇਜ, ਕੋਲਡ ਚੇਨ ਪ੍ਰਬੰਧਨ ਤੇ ਰਿਕਾਰਡਾਂ ਦੀ ਜਾਂਚ ਕੀਤੀ। ਡਾ. ਸੀਮਾ ਗਰਗ ਨੇ ਸਬ ਸੈਂਟਰਾਂ ਵਿੱਚ ਤਾਇਨਾਤ ਸਿਹਤ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਟੀਕਾਕਰਨ ਪ੍ਰੋਗਰਾਮ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇ ਅਤੇ ਯੋਗ ਲਾਭਪਾਤਰੀਆਂ ਨੂੰ ਸਮੇਂ ਸਿਰ ਟੀਕੇ ਲਗਾਉਣ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਨੇ ਗਰਭਵਤੀ ਮਹਿਲਾਵਾਂ ਅਤੇ ਬੱਚਿਆਂ ਦੇ ਸੰਪੂਰਨ ਟੀਕਾਕਰਨ 'ਤੇ ਵਿਸ਼ੇਸ਼ ਧਿਆਨ ਦੇਣ ਲਈ ਕਿਹਾ। ਦੌਰੇ ਦੌਰਾਨ ਉਨ੍ਹਾਂ ਨੇ ਸਿਹਤ ਕਰਮਚਾਰੀਆਂ ਨਾਲ ਮੀਟਿੰਗ ਕਰਕੇ ਟੀਕਾਕਰਨ ਕਵਰੇਜ ਵਧਾਉਣ, ਛੁੱਟੇ ਹੋਏ ਲਾਭਪਾਤਰੀਆਂ ਦੀ ਪਛਾਣ ਕਰਨ ਅਤੇ ਸਰਕਾਰੀ ਸਿਹਤ ਯੋਜਨਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਸਬੰਧੀ ਵੀ ਚਰਚਾ ਕੀਤੀ।



## ਕੈਡਿਟ ਸੁਖਰਾਜ ਅਤੇ ਜਸਨੂਰ ਨੇ ਪੰਜਾਬ ਦਾ ਮਾਣ ਵਧਾਇਆ

**ਚੰਡੀਗੜ੍ਹ (ਸੁਰਜੀਤ ਸੁਮਨ)**- ਇੱਕ ਸ਼ਾਨਦਾਰ ਪ੍ਰਾਪਤੀ ਦਰਜ ਕਰਦਿਆਂ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਮੋਹਾਲੀ ਦੇ 10ਵੇਂ ਕੋਰਸ ਦੇ ਦੋ ਕੈਡਿਟਾਂ ਨੇ ਏਅਰ ਫੋਰਸ ਕਾਮਨ ਐਡਮਿਸ਼ਨ ਟੈਸਟ (ਏ ਐੱਫ ਸੀ ਏ ਟੀ) -2 ਪ੍ਰੀਖਿਆ ਵਿੱਚ ਆਲ-ਇੰਡੀਆ ਦੂਜਾ ਤੇ ਛੇਵਾਂ ਰੈਂਕ ਪ੍ਰਾਪਤ ਕੀਤਾ ਹੈ। ਇਕ ਵੱਕਾਰੀ ਪ੍ਰਾਪਤੀ ਵਜੋਂ ਜ਼ਿਲ੍ਹਾ ਰੋਪੜ ਦੇ ਸਰਕਾਰੀ ਸਕੂਲ ਅਧਿਆਪਕ ਦੇ ਪੁੱਤਰ ਸੁਖਰਾਜ ਸਿੰਘ ਹੀਰਾ ਨੇ ਪੂਰੇ ਦੇਸ਼ ਵਿੱਚੋਂ ਦੂਜਾ ਅਤੇ ਪਠਾਨਕੋਟ ਦੇ ਕੈਡਿਟ ਜਸਨੂਰ ਸਿੰਘ ਨੇ 6ਵਾਂ ਰੈਂਕ ਪ੍ਰਾਪਤ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਜ਼ਿਕਰਯੋਗ ਹੈ ਕਿ ਦੋਵੇਂ ਕੈਡਿਟ ਇਸ ਮਹੀਨੇ ਦੇ ਅੰਤ ਵਿੱਚ ਸ਼ੁਰੂ ਹੋਣ ਵਾਲੇ ਕੰਬਾਈਨਡ ਡਿਫੈਂਸ ਸਰਵਿਸਿਜ਼ (ਸੀਡੀਐਸ) ਕੋਰਸਾਂ ਲਈ ਪਹਿਲਾਂ ਹੀ ਚੁਣੇ ਜਾ ਚੁੱਕੇ ਹਨ।

ਸੀਡੀਐਸ ਮੈਰਿਟ ਸੂਚੀ ਵਿੱਚ, ਜਸਨੂਰ ਸਿੰਘ ਨੇ ਹਵਾਈ ਸੈਨਾ ਸ਼੍ਰੇਣੀ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਸੁਖਰਾਜ ਸਿੰਘ ਹੀਰਾ ਨੇ ਆਰਮੀ ਦੀ ਮੈਰਿਟ ਸੂਚੀ ਵਿੱਚ ਚੌਥਾ ਸਥਾਨ ਪ੍ਰਾਪਤ ਕੀਤਾ। ਏ.ਐਫ.ਸੀ.ਏ.ਟੀ. ਅਤੇ ਸੀਡੀਐਸ ਵਿੱਚ ਇਹਨਾਂ ਹੋਣਹਾਰਾਂ ਦੀ ਦੋਹਰੀ ਸਫਲਤਾ ਸੰਸਥਾ ਵਿੱਚ ਦਿੱਤੀ ਗਈ ਸਖ਼ਤ ਸਿਖਲਾਈ ਅਤੇ ਸੁਚੱਜੀ ਸਲਾਹ ਦਾ ਪ੍ਰਤੱਖ ਪ੍ਰਮਾਣ ਹੈ।ਦੋਵਾਂ ਕੈਡਿਟਾਂ ਨੂੰ ਵਧਾਈ ਦਿੰਦਿਆਂ ਪੰਜਾਬ ਦੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਇਹ ਪ੍ਰਾਪਤੀ ਪੰਜਾਬ ਦੇ ਨੌਜਵਾਨਾਂ ਦੀ ਪ੍ਰਤਿਭਾ ਅਤੇ ਦ੍ਰਿੜਤਾ ਦਾ ਸਪੱਸ਼ਟ ਸਬੂਤ ਹੈ।



## ਕੀਰਤਨ ਦਰਬਾਰ 'ਚ ਸ਼ਿਰਕਤ ਕਰਨ ਲਈ ਸਮੂਹ ਮਹਾਂਪੁਰਸ਼ਾਂ ਤੇ ਸੰਗਤਾਂ ਦਾ ਧੰਨਵਾਦ : ਚੱਬੇਵਾਲ

**ਫਗਵਾੜਾ (ਡਾ. ਰਮਨ)**- ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ ਵਿੱਚ ਸ਼ਾਮਿਲ ਹੋਣ ਤੇ ਡਾਕਟਰ ਰਾਜਕੁਮਾਰ ਚੱਬੇਵਾਲ ਨੇ ਸਾਰਿਆਂ ਦਾ ਧੰਨਵਾਦ ਕੀਤਾ ਹੈ। ਉਹਨਾਂ ਨੇ ਕਿਹਾ ਕਿ ਇਸ ਕੀਰਤਨ ਦਰਬਾਰ ਦੇ ਵਿੱਚ ਮਹੰਤ ਪਰਸ਼ੋਤਮ ਲਾਲ ਡੇਰਾ ਚੱਕ ਹਕੀਮ, ਸੰਤ ਪ੍ਰਗਟ ਨਾਥ ਡੇਰਾ ਰਹੀਮਪੁਰ, ਮਹਾਰਾਜ ਗੁਰਵਿੰਦਰ ਸਿੰਘ ਡੇਰਾ ਹਜ਼ਾਰੇ ਵਾਲਾ, ਸੰਤ ਜਸਵਿੰਦਰ ਸਿੰਘ ਡੇਰਾ ਡਾਂਡੀਆਂ, ਸੰਤ ਜਸਵਿੰਦਰ ਪਾਲ ਡੇਰਾ ਪੰਡਵਾ, ਸੰਤ ਗੁਰਬਚਨ ਸਿੰਘ ਡੇਰਾ ਨਿਰਮਲ ਕੁਟੀਆ ਪੰਡਵਾ, ਸੰਤ ਸਰਵਨ ਦਾਸ ਸਲੇਮ ਟਾਬਰੀ ਲੁਧਿਆਣਾ, ਬਾਬਾ ਹਰਜਿੰਦਰ ਸਿੰਘ ਸਪਰੋੜ ਵਾਲੇ, ਸੰਤ ਇੰਦਰ ਦਾਸ, ਸੰਤ ਸਤਵਿੰਦਰਜੀਤ ਹੀਰਾ ਖੁਰਾਲਗੜ੍ਹ ਸਾਹਿਬ, ਸੰਤ ਪ੍ਰਮੇਸਰ ਸਿੰਘ ਭੋਗਪੁਰ, ਸੰਤ ਟਹਿਲ ਨਾਥ ਨੰਗਲ ਖੇੜਾ, ਮੈਡਮ ਸੰਤੋਸ਼ ਜੋੜੇ ਵਾਲੇ, ਸਾਈ ਮਧੂ ਅਤੇ ਸੰਤ ਅਵਤਾਰ ਦਾਸ ਤੋਂ ਇਲਾਵਾ ਰਾਜਨੀਤਿਕ ਅਤੇ ਸਮਾਜਿਕ ਸ਼ਖਸੀਅਤਾਂ ਸਮੇਤ ਭਾਰੀ ਗਿਣਤੀ ਵਿੱਚ ਸੰਗਤ ਨੇ ਸ਼ਿਰਕਤ ਕੀਤੀ। ਕੀਰਤਨ ਦਰਬਾਰ ਦੀ ਸਫਲਤਾ ਦੇ ਲਈ ਜਿੱਥੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਬਹੁਤ ਮਿਹਨਤ ਅਤੇ ਲਗਨ ਨਾਲ ਕੰਮ ਕੀਤਾ ਉਥੇ ਇਸ ਨੂੰ ਸਫਲ ਬਣਾਉਣ ਦੇ ਲਈ ਜਿਲਾ ਨਿਵਾਸੀਆਂ ਦਾ ਵਿਸ਼ੇਸ਼ ਸਹਿਯੋਗ ਰਿਹਾ। ਸਮਾਗਮ ਭਾਈ ਦਵਿੰਦਰ ਸਿੰਘ (ਰਾਗੀ ਲੁਧਿਆਣਾ ਵਾਲੇ), ਭਾਈ ਰਵਿੰਦਰ ਸਿੰਘ (ਹਜ਼ੂਰੀ ਰਾਗੀ, ਸ੍ਰੀ ਹਰਿਮੰਦਰ ਸਾਹਿਬ) ਤੇ ਭਾਈ ਗੁਰਮੀਤ ਸਿੰਘ (ਕਥਾ ਵਿਚਾਰ) ਨੇ ਆਪਣੀ ਕਥਾ ਅਤੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

## ਲੋਕ ਆਵਾਜ਼ ਐਸੋਸੀਏਸ਼ਨ ਦੇ ਰਾਮ ਸਿੰਘ ਪ੍ਰਧਾਨ ਬਣੇ

**ਖਰੜ (ਹਰਨਾਮ ਸਿੰਘ ਡੱਲਾ)**- ਖਰੜ ਦੇ ਵਾਰਡ ਨੰਬਰ 5 ਦੇ ਬਾਸ਼ਿੰਦਿਆਂ ਨੇ ਇਕ ਮੀਟਿੰਗ ਕਰਕੇ ਲੋਕ ਆਵਾਜ਼ ਐਸੋਸੀਏਸ਼ਨ ਵਾਰਡ ਨੰਬਰ 5 ਦੇ ਅਹੁਦੇਦਾਰਾਂ ਦੀ ਚੋਣ ਸਰਬ ਸੰਮਤੀ ਨਾਲ ਕੀਤੀ। ਇਸ ਇਕੱਤਰਤਾ ਵਿੱਚ ਸਰਵ ਸ੍ਰੀ ਰਾਮ ਸਿੰਘ, ਅਵਤਾਰ ਸਿੰਘ ਚੱਕਲਾਂ, ਅਰਸ਼ਦੀਪ, ਬਾਪੂ ਸ਼ੇਰ ਸਿੰਘ, ਸਰਬਜੀਤ ਸਿੰਘ, ਕੁਲਵਿੰਦਰ ਕੌਰ, ਲਲਿਤਾ, ਰਣਜੀਤ ਕੌਰ, ਅਮਨਦੀਪ ਕੌਰ ਕੌਲ, ਨਿਰਵੈਰ ਕੌਰ, ਅਮਰਜੀਤ ਸਿੰਘ, ਤੇਜਿੰਦਰ ਸਿੰਘ, ਜਗਤਾਰ ਸਿੰਘ, ਮਿਹਰ ਸਿੰਘ, ਹਰਨਾਮ ਸਿੰਘ ਡੱਲਾ, ਸੁਖਵਿੰਦਰ ਸਿੰਘ ਕੌਲ, ਅਮਨਦੀਪ ਕੌਰ ਤੇ ਮਾਸਟਰ ਤਜਿੰਦਰ ਸਿੰਘ ਨੇ ਭਾਗ ਲਿਆ। ਰਾਮ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਇਕੱਤਰ ਹੋਏ ਮੈਂਬਰਾਂ ਨੇ ਗੰਭੀਰ ਵਿਚਾਰ ਵਟਾਂਦਰੇ ਤੋਂ ਬਾਅਦ ਐਸੋਸੀਏਸ਼ਨ ਦੇ ਸੰਵਿਧਾਨ ਨੂੰ ਪ੍ਰਵਾਨਗੀ ਦਿੱਤੀ ਤੇ ਜਥੇਬੰਦੀ ਦੀ ਰਜਿਸਟਰੇਸ਼ਨ ਕਰਵਾਉਣ ਲਈ ਵੀ ਮਤਾ ਪਾਸ ਕੀਤਾ। ਇਸ ਸਮੇਂ ਸਰਬ ਸੰਮਤੀ ਨਾਲ ਹੋਈ ਚੋਣ ਅਨੁਸਾਰ ਰਾਮ ਸਿੰਘ ਨੂੰ ਪ੍ਰਧਾਨ, ਅਮਰਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ, ਨਿਰਵੈਰ ਕੌਰ ਮੀਤ ਪ੍ਰਧਾਨ, ਹਰਨਾਮ ਸਿੰਘ ਡੱਲਾ ਜਨਰਲ ਸਕੱਤਰ, ਅਮਨਦੀਪ ਕੌਰ ਕੌਲ ਸਕੱਤਰ, ਸਰਬਜੀਤ ਸਿੰਘ ਜੁਆਇੰਟ ਸਕੱਤਰ, ਅਵਤਾਰ ਸਿੰਘ ਚੱਕਲਾਂ ਖ਼ਜ਼ਾਨਚੀ, ਜਗਤਾਰ ਸਿੰਘ ਕੋਆਰਡੀਨੇਟਰ, ਸੁਖਵਿੰਦਰ ਸਿੰਘ ਕੌਲ, ਅਰਸ਼ਦੀਪ ਤੇ ਰੁਪਿੰਦਰ ਕੌਲ ਮੀਡੀਆ ਵਿੰਗ ਕੋਆਰਡੀਨੇਟਰ, ਤਰਲੋਚਨ ਸਿੰਘ ਭੱਟੀ, ਕੁਲਵਿੰਦਰ ਕੌਰ ਸੈਣੀ, ਦਲਜੀਤ ਸਿੰਘ, ਸੁਰਿੰਦਰ ਸਿੰਘ ਬਡਾਲਾ ਤੇ ਮੁਕੇਸ਼ ਕੁਮਾਰ ਨੂੰ ਕਾਰਜਕਾਰਨੀ ਮੈਂਬਰ ਚੁਣਿਆ ਗਿਆ।





ਜਲੰਧਰ-ਪਠਾਨਕੋਟ ਜੀ ਟੀ ਰੋਡ 'ਤੇ ਸਥਿਤ ਡੇਰਾ ਸੱਚਖੰਡ ਬੱਲਾਂ ਵਿਖੇ ਭੀਮ ਆਰਮੀ ਮੁਖੀ ਐੱਮ ਪੀ ਚੰਦਰ ਸ਼ੇਖਰ ਨੇ ਵਿਸ਼ੇਸ਼ ਤੌਰ 'ਤੇ ਪੁਹੰਚ ਕੇ ਮੱਥਾ ਟੇਕਿਆ ਤੇ ਸੰਤ ਨਿਰੰਜਣ ਦਾਸ ਤੋਂ ਅਸ਼ੀਰਵਾਦ ਲਿਆ। (ਫੋਟੋ ਤੇ ਵੇਰਵਾ : ਸੁਰਿੰਦਰ ਕੁਮਾਰ, ਜਲੰਧਰ)

# ਗੜ੍ਹਸ਼ੰਕਰ ਦੇ ਆਸ-ਪਾਸ ਪਿੰਡਾਂ 'ਚ ਨਹੀਂ ਰੁਕ ਰਹੀ ਨਾਜਾਇਜ਼ ਮਾਈਨਿੰਗ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**

ਗੜ੍ਹਸ਼ੰਕਰ ਇਲਾਕੇ ਦੇ ਆਸ-ਪਾਸ ਪੈਂਦੇ ਪਿੰਡਾਂ 'ਚ ਨਾਜਾਇਜ਼ ਮਾਈਨਿੰਗ ਦਾ ਧੰਦਾ ਬੇਰੋਕ ਜੰਗੀ ਪੱਧਰ ਤੇ ਜਾਰੀ ਹੈ। ਮਿੱਟੀ ਮਾਫ਼ੀਆ ਵੱਲੋਂ ਰਾਤ ਦੇ ਹਨੇਰੇ 'ਚ ਟਰੈਕਟਰ-ਟਰਾਲੀਆ ਨਾਲ ਧੜੱਲੇ ਨਾਲ ਮਾਈਨਿੰਗ ਕੀਤੀ ਜਾ ਰਹੀ ਹੈ, ਪਰ ਪ੍ਰਸ਼ਾਸਨ ਵੀ ਲੰਬੇ ਸਮੇਂ ਤੋਂ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ।ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਗੜ੍ਹਸ਼ੰਕਰ ਦੇ ਸੋਲੀ, ਲਹਿਰਾ, ਬੀਰਮਪੁਰ, ਖ਼ਾਨਪੁਰ, ਹਾਜੀਪੁਰ ਸਮੇਤ ਹੋਰ ਦਰਜਨਾਂ ਪਿੰਡਾਂ 'ਚ ਜੋਂ ਪਿੰਡ ਜਿਆਦਾਤਰ ਪਹਾੜੀ ਖੇਤਰ ਅਤੇ ਬੰਜਰ ਜ਼ਮੀਨਾਂ ਵਾਲੇ ਖੇਤਾਂ 'ਚੋਂ ਵੱਡੇ ਪੱਧਰ ਤੇ ਨਾਜਾਇਜ਼ ਮਿੱਟੀ ਚੁੱਕੀ ਜਾ ਰਹੀ ਹੈ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਹਨਾ ਓਵਰਲੋਡਿੰਗ ਟਰੈਕਟਰ ਟਰਾਲੀਆ ਨਾਲ ਪਿੰਡਾਂ ਦੀਆਂ ਲਿੰਕ ਸੜਕਾਂ ਟੁੱਟ ਚੁੱਕੀਆਂ ਹਨ ਤੇ ਧੂੜ-ਮਿੱਟੀ ਵੀ ਸੜਕਾਂ ਤੇ ਉੱਡ ਰਹੀ ਹੈ। ਵਾਤਾਵਰਨ ਪ੍ਰੇਮੀਆਂ ਨੇ ਦੱਸਿਆ ਕਿ ਸ਼ਿਕਾਇਤਾਂ ਦੇ ਬਾਵਜੂਦ ਪੁਲਿਸ ਤੇ ਮਾਈਨਿੰਗ ਵਿਭਾਗ ਕੋਈ ਠੋਸ ਕਾਰਵਾਈ ਨਹੀਂ ਕਰ ਰਿਹਾ। ਰਾਤ 10 ਵਜੇ ਤੋਂ ਬਾਅਦ ਟ੍ਰੈਕਟਰ ਟਰਾਲੀਆਂ ਦੀ ਆਵਾਜਾਈ ਹੋਰ ਤੇਜ਼ ਹੋ ਜਾਂਦੀ ਹੈ। ਉਹਨਾਂ ਨੇ ਕਿਹਾ ਕਿ ਨਾਜਾਇਜ਼ ਮਾਈਨਿੰਗ ਨਾਲ ਵਾਤਾਵਰਨ ਦਾ ਵੀ ਭਾਰੀ ਨੁਕਸਾਨ ਹੋ ਰਿਹਾ ਹੈ। ਸਰਕਾਰ ਤੋਂ ਮੰਗ ਕੀਤੀ ਕਿ ਨਾਜਾਇਜ਼ ਮਾਈਨਿੰਗ ਨੂੰ ਤੁਰੰਤ ਬੰਦ ਕਰਵਾਇਆ ਜਾਵੇ ਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।ਇਸ ਸੰਬੰਧੀ ਵਿਭਾਗ ਦੇ ਐਸ ਡੀ ਓ ਹਰਕਮਲ ਸਿੰਘ ਨਾਲ ਫੋਨ ਤੇ ਪੱਖ ਜਾਣਿਆ ਤਾਂ ਉਹਨਾਂ ਕਿਹਾ ਕਿ ਇਹਨਾਂ ਪਿੰਡਾ 'ਚ ਹੋ ਰਹੀ ਮਾਈਨਿੰਗ ਦੀ ਜਾਣਕਾਰੀ ਨਹੀਂ ਹੈ ਤੇ ਜੇ ਈ ਸਮੇਤ ਟੀਮ ਨੂੰ ਭੇਜ ਕੇ ਮੌਕਾ ਦੇਖ ਲਿਆ ਜਾਵੇਗਾ।



# ਪੰਜਾਬ ਸਰਕਾਰ ਵੱਲੋਂ ਖਿਡਾਰੀਆਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾ ਰਿਹੈ : ਕੈਬਨਿਟ ਮੰਤਰੀ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**

ਪੰਜਾਬ ਦੇ ਜਲ ਸਰੋਤ, ਖਣਨ ਤੇ ਭੂ-ਵਿਗਿਆਨ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਖਿਡਾਰੀਆਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾ ਰਿਹਾ ਹੈ। ਉਹ ਪਿੰਡ ਸੀਚੇਵਾਲ ਵਿਖੇ ਸੰਤ ਅਵਤਾਰ ਸਿੰਘ ਦੀ ਯਾਦ ਵਿੱਚ ਕਰਵਾਏ ਜਾ ਰਹੇ ਖੇਡ ਮੇਲੇ ਵਿੱਚ ਪਹੁੰਚੇ ਹੋਏ ਸਨ। ਇਸ ਮੌਕੇ ਪ੍ਰਸਿੱਧ ਵਾਤਾਵਰਣ ਪ੍ਰੇਮੀ ਅਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੀ ਮੌਜੂਦ ਸਨ।ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਲਈ ਲਗਾਤਾਰ ਯਤਨ ਕਰ ਰਹੀ ਹੈ ਅਤੇ ਉਨ੍ਹਾਂ ਨੂੰ ਵੱਡੇ ਪੱਧਰ 'ਤੇ ਮਾਣ-ਸਤਿਕਾਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਚੰਡੀਗੜ੍ਹ ਵਿਖੇ ਸੂਬੇ ਦੇ 87 ਖਿਡਾਰੀਆਂ ਨੂੰ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ 1070 ਮੈਡਲ ਜੇਤੂ ਖਿਡਾਰੀਆਂ ਨੂੰ 27.70 ਕਰੋੜ ਰੁਪਏ ਦੀ ਰਾਸ਼ੀ ਦਿੱਤੀ ਗਈ ਅਤੇ 12000 ਖਿਡਾਰੀਆਂ ਨੂੰ ਖੇਡਾਂ ਦੇ ਸਮਾਨ ਲਈ 15 ਕਰੋੜ ਰੁਪਏ ਦੀ ਰਾਸ਼ੀ ਵੰਡੀ ਗਈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ' ਤੋਂ ਇਲਾਵਾ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਖੇਡਾਂ ਨਾਲ ਜੋੜਨ ਲਈ ਸੂਬੇ ਭਰ ਵਿੱਚ 3000 ਤੋਂ ਵੱਧ ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਖੇਡ ਮੈਦਾਨ ਵਿਕਸਿਤ ਕੀਤੇ ਜਾ ਰਹੇ ਹਨ।ਪ੍ਰਸਿੱਧ ਵਾਤਾਵਰਣ ਪ੍ਰੇਮੀ ਅਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਤੰਦਰੁਸਤ ਨੌਜਵਾਨੀ ਲਈ ਬਚਪਨ ਵਿੱਚ ਹੀ ਬੱਚਿਆਂ ਅੰਦਰ ਖੇਡ ਰੁਚੀ ਪੈਦਾ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਮਾਪਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਅੰਦਰ ਖੇਡ ਰੁਚੀ ਵੀ ਪੈਦਾ ਕੀਤੀ ਜਾਵੇ। ਉਨ੍ਹਾਂ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਖੇਡਣ ਲਈ ਵੀ ਕਿਹਾ।ਇਸ ਤੋਂ ਬਾਅਦ ਕੈਬਨਿਟ ਮੰਤਰੀ ਨੇ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਮੌਕੇ ਉਨ੍ਹਾਂ ਗਿੱਦੜਪਿੰਡੀ ਰੇਲਵੇ ਪੁਲ ਹੇਠ ਜਮ੍ਹਾ ਗਾਰ ਕੱਢਣ ਦੇ ਕੰਮ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ, ਤਾਂ ਜੋ ਆਉਣ ਵਾਲੇ ਬਰਸਾਤ ਦੇ ਸੀਜ਼ਨ ਤੋਂ ਪਹਿਲਾਂ ਪਾਣੀ ਦੀ ਨਿਕਾਸੀ ਯਕੀਨੀ ਬਣਾਈ ਜਾ ਸਕੇ।

# ਸਰਕਾਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ : ਡਾ. ਰਵਜੋਤ ਸਿੰਘ

**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**

ਗ੍ਰੀਨ ਵੈਲੀ (ਬੱਸੀ ਖਿਜ਼ਰ) ਖੇਤਰ ਵਿੱਚ ਰਹਿ ਰਹੇ ਵਸਨੀਕਾਂ ਨੇ ਸਰਬਜੀਤ ਸਿੰਘ ਸਰਪੰਚ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਦੀ ਅਗਵਾਈ ਹੇਠ ਕੈਬਨਿਟ ਮੰਤਰੀ ਜੇਲ੍ਹ, ਪ੍ਰਵਾਸੀ ਭਾਰਤੀ ਮਾਮਲੇ ਅਤੇ ਸੰਸਦੀ ਕਾਰਜ ਵਿਭਾਗ ਡਾ. ਰਵਜੋਤ ਸਿੰਘ ਨਾਲ ਮੁਲਾਕਾਤ ਕਰਕੇ ਇਲਾਕੇ ਦੀਆਂ ਵੱਖ-ਵੱਖ ਸਮੱਸਿਆਵਾਂ ਤੋਂ ਜਾਣੂ ਕਰਵਾਇਆ।ਇਸ ਮੌਕੇ ਸਰਪੰਚ ਸਰਬਜੀਤ ਸਿੰਘ ਨੇ ਮੰਤਰੀ ਨੂੰ ਦੱਸਿਆ ਕਿ ਖੇਤਰ ਦੀਆਂ ਗਲੀਆਂ ਅਤੇ ਸੜਕਾਂ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ, ਜਿਸ ਕਾਰਨ ਲੋਕਾਂ ਨੂੰ ਰੋਜ਼ਾਨਾ ਆਵਾਜਾਈ ਦੌਰਾਨ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ ਪੀਣ ਵਾਲੇ ਪਾਣੀ ਦੀ ਸਪਲਾਈ ਦੀ ਸਮੱਸਿਆ ਵੀ ਲੰਬੇ ਸਮੇਂ ਤੋਂ ਬਣੀ ਹੋਈ ਹੈ, ਜਿਸ ਕਾਰਨ ਸਥਾਨਕ ਨਿਵਾਸੀਆਂ ਨੂੰ ਕਾਫ਼ੀ ਦਿੱਕਤਾਂ ਝੱਲਣੀਆਂ ਪੈ ਰਹੀਆਂ ਹਨ।ਇਸ ਮੌਕੇ ਖੇਤਰ ਵਾਸੀਆਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਦਿਆਂ ਡਾ. ਰਵਜੋਤ ਸਿੰਘ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਉਨ੍ਹਾਂ ਨੇ ਸੰਬੰਧਿਤ ਸਰਪੰਚ ਨੂੰ ਹਦਾਇਤ ਕਰਦਿਆਂ ਕਿਹਾ ਕਿ ਖੇਤਰ ਵਿੱਚ ਲੋੜੀਂਦੇ ਵਿਕਾਸ ਕਾਰਜਾਂ ਦਾ ਅਨੁਮਾਨ (ਐਸਟੀਮੇਟ) ਜਲਦ ਤਿਆਰ ਕਰਕੇ ਭੇਜਿਆ ਜਾਵੇ ਤਾਂ ਜੋ ਸਰਕਾਰ ਵੱਲੋਂ ਉਚਿਤ ਗ੍ਰਾਂਟ ਜਾਰੀ ਕਰਕੇ ਵਿਕਾਸ ਕਾਰਜਾਂ ਨੂੰ ਛੇਤੀ ਸ਼ੁਰੂ ਕਰਵਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਅਤੇ ਪਿੰਡਾਂ ਤੇ ਸ਼ਹਿਰਾਂ ਦੇ ਸਰਵਪੱਖੀ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਮੌਕੇ ਕਾਲਾ ਪੰਚ, ਜਸਵੀਰ ਸਿੰਘ, ਬਲਵਿੰਦਰ ਸਿੰਘ, ਪ੍ਰਦੀਪ ਕੁਮਾਰ, ਰਾਮ ਸਰੂਪ ਖੰਨੀ, ਸੂਰਜ ਕੁਮਾਰ, ਜਸਪਾਲ ਸਿੰਘ, ਬਿੱਟੂ ਪੰਚ, ਦੀਪਕ ਕੁਮਾਰ ਅਤੇ ਹੋਰ ਹਾਜ਼ਰ ਸਨ।



# ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਵੀਜ਼ਨ ਲਈ ਸੋਧਿਆ ਗਿਆ ਪ੍ਰੋਗਰਾਮ ਜਾਰੀ

**ਨਵਾਂਸ਼ਹਿਰ (ਮਨੋਜ ਲਾਡੀ)**-ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਗੁਲਪ੍ਰੀਤ ਸਿੰਘ ਔਲਖ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰੀਵਿਜ਼ਨ (ਐੱਸ ਆਈ ਆਰ) ਸਬੰਧੀ ਸੋਧਿਆ ਹੋਇਆ ਕਾਰਜਕ੍ਰਮ ਜਾਰੀ ਕੀਤਾ ਗਿਆ ਹੈ, ਜਿਸ ਅਨੁਸਾਰ ਵੋਟਰ ਸੂਚੀਆਂ ਦੀ ਸੁਧਾਈ ਅਤੇ ਅਪਡੇਸ਼ਨ ਦਾ ਕੰਮ ਨਿਰਧਾਰਿਤ ਸਮਾਂ-ਸਾਰਣੀ ਅਨੁਸਾਰ ਕੀਤਾ ਜਾਵੇਗਾ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੋਧੇ ਗਏ ਪ੍ਰੋਗਰਾਮ ਅਨੁਸਾਰ ਡਰਾਫ਼ਟ ਵੋਟਰ ਸੂਚੀ 3 ਅਗਸਤ 2026 ਨੂੰ ਪ੍ਰਕਾਸ਼ਿਤ ਕੀਤੀ ਜਾਵੇਗੀ। ਇਸ ਤੋਂ ਬਾਅਦ 3 ਅਗਸਤ ਤੋਂ 2 ਸਤੰਬਰ 2026 ਤੱਕ ਦਾਅਵੇ ਅਤੇ ਇਤਰਾਜ਼ ਪ੍ਰਾਪਤ ਕੀਤੇ ਜਾਣਗੇ, ਜਦਕਿ ਇਨ੍ਹਾਂ ਦੇ ਨਿਪਟਾਰੇ ਦੀ ਪ੍ਰਕਿਰਿਆ 28 ਸਤੰਬਰ 2026 ਤੱਕ ਪੂਰੀ ਕੀਤੀ ਜਾਵੇਗੀ। ਅੰਤਿਮ ਵੋਟਰ ਸੂਚੀ 1 ਅਕਤੂਬਰ 2026 ਨੂੰ ਜਾਰੀ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ 15 ਤੋਂ 24 ਜੂਨ ਤੱਕ ਤਿਆਰੀ, ਸਿਖਲਾਈ ਅਤੇ ਛਪਾਈ ਦਾ ਕੰਮ ਕੀਤਾ ਜਾਵੇਗਾ, ਜਦਕਿ 25 ਜੂਨ ਤੋਂ 24 ਜੁਲਾਈ ਤੱਕ ਬੂਥ ਲੈਵਲ ਅਫ਼ਸਰ (ਬੀ ਐੱਲ ਓ) ਘਰ-ਘਰ ਜਾ ਕੇ ਵੋਟਰਾਂ ਤੋਂ ਐਨੂਮੀਰੇਸ਼ਨ ਫਾਰਮ ਭਰਵਾਉਣਗੇ।ਔਲਖ ਨੇ ਦੱਸਿਆ ਕਿ ਜ਼ਿਲ੍ਹੇ ਦੇ 88.76 ਫੀਸਦੀ ਵੋਟਰ ਸੂਚੀ ਨਾਲ ਕੀਤੀ ਜਾ ਚੁੱਕੀ ਹੈ। ਬਾਕੀ ਰਹਿੰਦੇ ਵੋਟਰਾਂ ਦੀ ਸਹੂਲਤ ਲਈ 7 ਜੂਨ 2026 ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਸਾਰੇ ਬੂਥਾਂ 'ਤੇ ਵਿਸ਼ੇਸ਼ ਕੈਂਪ ਲਗਾਏ ਜਾਣਗੇ, ਜਿੱਥੇ ਬੀ ਐੱਲ ਓ ਮੌਜੂਦ ਰਹਿਣਗੇ।

# ਸੰਤ ਮਹਿੰਦਰ ਪਾਲ ਪੰਡਵਾਂ ਦਾ ਅਮਰੀਕਾ ਦੀਆਂ ਸੰਗਤਾਂ ਨੇ ਕੀਤਾ ਨਿੱਘਾ ਸਵਾਗਤ



**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**

ਸਤਿਗੁਰੂ ਰਵਿਦਾਸ ਮਹਾਰਾਜ ਦੀ ਕ੍ਰਾਂਤੀਕਾਰੀ ਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਅਮਰੀਕਾ ਦੀ ਧਰਤੀ ਤੇ ਪਹੁੰਚੇ ਸੰਤ ਮਹਿੰਦਰ ਪਾਲ ਪੰਡਵਾਂ ਗੱਦੀ ਨਸ਼ੀਨ ਡੇਰਾ ਸੱਚਖੰਡ ਸੰਤ ਹੰਸ ਰਾਜ ਪੰਡਵਾਂ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦਾ ਫਰਿਜ਼ਨੋ ਅਮਰੀਕਾ ਦੀਆਂ ਸੰਗਤਾਂ ਵੱਲੋਂ ਫੁੱਲਾਂ ਦੇ ਹਾਰ ਪਾ ਕੇ ਅਤੇ ਬੁੱਕੇ ਭੇਟ ਕਰਕੇ ਨਿੱਘਾ ਤੇ ਭਰਵਾਂ ਸਵਾਗਤ ਕੀਤਾ। ਇਸ ਮੌਕੇ ਡੇਰਾ ਹੰਸ ਰਾਜ ਪੰਡਵਾਂ ਦੇ ਪ੍ਰਧਾਨ ਸੁਖਦੇਵ ਸਿੰਘ ਯੂ ਐੱਸ ਏ, ਪ੍ਰਦੀਪ ਸਿੰਘ, ਕੇਵਲ ਕ੍ਰਿਸ਼ਨ ਚੌਹਾਨ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ, ਯੂ ਐਸ ਏ ਨੇ ਸਵਾਗਤ ਕਰਦਿਆਂ ਕਿਹਾ ਕਿ ਸੰਤ ਮਹਿੰਦਰ ਪਾਲ ਵੱਲੋਂ ਵਿਦੇਸ਼ਾਂ ਦੀਆਂ ਸੰਗਤਾਂ ਨੂੰ ਬਾਣੀ ਅਤੇ ਰਹਿਬਰਾਂ ਦੇ ਕ੍ਰਾਂਤੀਕਾਰੀ ਜੀਵਨ ਇਤਿਹਾਸ ਨਾਲ ਜੋੜਨਾ ਬਹੁਤ ਵੱਡਾ ਉਪਰਾਲਾ ਹੈ, ਜਿਸ ਨਾਲ ਸਾਡੇ ਵਿਦੇਸ਼ਾਂ ਵਿੱਚ ਕਿਰਤ ਕਮਾਈ ਕਰ ਰਹੇ ਬੱਚਿਆਂ ਦੇ ਹਿਰਦਿਆਂ ਵਿੱਚ ਗੁਰੂ ਮਹਾਰਾਜ ਦੀ ਬਾਣੀ ਅਤੇ ਆਪਣੇ ਇਤਿਹਾਸ ਨਾਲ ਜੁੜਨ ਦੀ ਪ੍ਰੇਰਨਾ ਮਿਲੇਗੀ।ਉਹਨਾਂ ਡੇਰਾ ਸੰਤ ਹੰਸ ਰਾਜ ਪੰਡਵਾਂ ਵੱਲੋਂ ਸੰਗਤਾਂ ਲਈ ਕੀਤੇ ਜਾ ਰਹੇ ਧਾਰਮਿਕ, ਸਮਾਜਕ ਕਾਰਜਾਂ ਲਈ ਸੰਤ ਮਹਿੰਦਰ ਪਾਲ ਦਾ ਧੰਨਵਾਦ ਵੀ ਕੀਤਾ।ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਸੰਤ ਮਹਿੰਦਰ ਪਾਲ ਨੇ ਕਿਹਾ ਕਿ ਸੰਗਤਾਂ ਦਾ ਪਿਆਰ ਅਤੇ ਗੁਰੂ ਮਹਾਰਾਜ ਜੀ ਬਾਣੀ ਨਾਲ ਜੁੜਨ ਦਾ ਸੰਕਲਪ ਹੀ ਉਹਨਾਂ ਨੂੰ ਵਿਦੇਸ਼ਾਂ ਦੀ ਧਰਤੀ ਤੇ ਖਿੱਚ ਲਿਆਉਂਦਾ ਹੈ। ਉਨ੍ਹਾਂ ਸੰਗਤਾਂ ਨੂੰ ਏਕਤਾ ਆਪਸੀ ਭਾਈਚਾਰਕ ਸਾਂਝ ਤੇ ਆਪਸੀ ਪਿਆਰ ਬਣਾਕੇ ਅੱਗੇ ਵਧਣ ਦਾ ਉਪਦੇਸ਼ ਦਿੰਦਿਆਂ ਕਿਹਾ ਕਿ ਵਿਦੇਸ਼ਾਂ ਵਿੱਚ ਰਹਿਕੇ ਵੀ ਜੋ ਤੁਸੀ ਸਤਿਗੁਰੂ ਰਵਿਦਾਸ ਮਹਾਰਾਜ ਦੀ ਬਾਣੀ ਨਾਲ ਪ੍ਰੇਮ ਕਰ ਰਹੇ ਹੋ, ਕਦੇ ਭੁਲੇ ਨਹੀਂ ਅਤੇ ਬਹੁਜਨ ਸਮਾਜ ਦੇ ਮਹਾਨ ਰਹਿਬਰਾਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਪ੍ਰੇਰਨਾ 'ਪੜ੍ਹੋ,ਜੁੜੋ ਤੇ ਸੰਘਰਸ਼ ਕਰੋ' ਅਤੇ 'ਪੇ ਬੈਕ ਟੂ ਸੁਸਾਇਟੀ' ਦੇ ਲਕਸ਼ ਨੂੰ ਪੂਰਾ ਕਰਦਿਆਂ ਜਿਥੇ ਆਪਣੇ ਬੱਚਿਆਂ ਨੂੰ ਸਿੱਖਿਅਤ ਕਰ ਰਹੇ ਹੋ ਉਥੇ ਡੇਰਾ ਸੱਚਖੰਡ ਹੰਸ ਰਾਜ ਪੰਡਵਾਂ ਦੇ ਮਾਧਿਅਮ ਤੋਂ ਲੋੜਵੰਦ ਲੋਕਾਂ ਦੀ ਇਲਾਜ,ਸਿੱਖਿਆ ਅਤੇ ਧਾਰਮਿਕ, ਸਮਾਜਕ ਕਾਰਜਾਂ ਲਈ ਮਦਦ ਕਰਕੇ ਵੱਡੇ ਕਾਰਜ ਕਰ ਰਹੇ ਹੋ ਜਿਸ ਲਈ ਡੇਰਾ ਸੰਤ ਹੰਸ ਰਾਜ ਪੰਡਵਾਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਦਾ ਹਮੇਸ਼ਾਂ ਰਿਣੀ ਰਹੇਗਾ।

# ਹਲਕਾ ਇੰਚਾਰਜ ਲੋਹਟੀਆ ਵੱਲੋਂ ਨਾਰਾਜ਼ ਵਲੰਟੀਅਰਾਂ ਨੂੰ ਘਰ ਘਰ ਜਾ ਕੇ ਮਿਲਣ ਦੀ ਸ਼ੁਰੂਆਤ

**ਫਿਲੌਰ (ਨਿਰਮਲ)**- ਆਮ ਆਦਮੀ ਪਾਰਟੀ ਦੀ ਹਲਕਾ ਇੰਚਾਰਜ ਹਰਜੋਤ ਕੌਰ ਲੋਹਟੀਆ ਵੱਲੋਂ ਬੀਤੇ ਦਿਨ ਪ੍ਰੈਸ ਮੀਟਿੰਗ ਦੌਰਾਨ ਹਲਕੇ ਦੇ ਵਲੰਟੀਅਰਾ ਨਾਲ ਵਾਅਦਾ ਕੀਤਾ ਸੀ ਕਿ ਉਹ ਪੁਰਾਣੇ ਟਕਸਾਲੀ ਵਲੰਟੀਅਰਾ ਨੂੰ ਘਰ ਘਰ ਜਾ ਕੇ ਮਿਲਣਗੇ ਜਿਸ ਦੀ ਸ਼ੁਰੂਆਤ ਕਰਦੇ ਹੋਏ ਹਲਕਾ ਫਿਲੌਰ ਦੇ ਪੁਰਾਣੇ ਟਕਸਾਲੀ ਵਲੰਟੀਅਰ ਹਰਿੰਦਰ ਸਿੰਘ ਸੈਣੀ ਅਤੇ ਡਾਕਟਰ ਵਰਿੰਦਰ ਸਿੰਘ ਸੈਣੀ ਦੇ ਘਰ ਪਹੁੰਚੇ। ਜਿੱਥੇ ਹਲਕਾ ਇੰਚਾਰਜ ਹਰਜੋਤ ਕੌਰ ਲੋਹਟੀਆ ਦਾ ਗਰਮ ਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਹਰਜੋਤ ਕੌਰ ਲੋਹਟੀਆ ਵੱਲੋਂ ਇਕੱਠੇ ਹੋਏ ਵਲੰਟੀਅਰਾ ਨਾਲ ਵਿਚਾਰਾ ਕੀਤੀਆਂ। ਇਸ ਮੌਕੇ ਉਨ੍ਹਾਂ ਵਲੰਟੀਅਰਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਵਿੱਚ ਪਹਿਲਾਂ ਜੋ ਕੁਝ ਹੋ ਗਿਆ ਉਹ ਸਭ ਭੁੱਲ ਕੇ ਆਮ ਆਦਮੀ ਪਾਰਟੀ ਦਾ ਸਾਥ ਦਿਓ ਤਾਂ ਜੋ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਦੇਖਿਆ ਸੁਪਨਾ 2027 ਚ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਰਪੀਟ ਕਰਾਈਏ। ਹਾਜ਼ਰ ਵਲੰਟੀਅਰਾ ਨੇ ਹਲਕਾ ਇੰਚਾਰਜ ਹਰਜੋਤ ਕੌਰ ਲੋਹਟੀਆ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਸਾਰੇ ਪਾਰਟੀ ਹਾਈਕਮਾਂਡ ਦੇ ਆਦੇਸ਼ ਤੇ ਪਹਿਰਾ ਦਿੰਦੇ ਹੋਏ ਦਿਨ ਰਾਤ ਮਿਹਨਤ ਕਰਕੇ ਵਿਧਾਨ ਸਭਾ ਚੋਣਾਂ 2027 ਪਾਰਟੀ ਦੀ ਝੋਲੀ ਪਾਵਾਂਗੇ। ਇਸ ਮੌਕੇ ਹਾਜ਼ਰ ਪਰਮਿੰਦਰ ਸਿੰਘ ਮਾਹਲ, ਸੁਖਵਿੰਦਰ ਸਿੰਘ ਸੁੱਖਾ ਸਗਨੇਵਾਲ, ਡਾਕਟਰ ਪ੍ਰਿੰਸ ਸਰਪੰਚ, ਮਨਦੀਪ ਸਿੰਘ ਮੀਡੀਆ ਇੰਚਾਰਜ ਫਿਲੌਰ, ਅਮਰੀਕ ਸਿੰਘ ਬਿੱਟੂ, ਤੇਜ਼ੀ , ਪ੍ਰਦੀਪ ਕੁਮਾਰ, ਵਿੱਕੀ ਛਿਛੋਵਾਲ, ਗੁਰਦੀਪ ਸਿੰਘ, ਚਰਨ ਸਿੰਘ ਪੰਚ ਗੜ੍ਹਾ, ਗੋਲੀ ਭੱਠੇ ਵਾਲਾ, ਬਲਵੀਰ ਰਾਮ ਫ਼ਿਲੌਰ, ਡਾਕਟਰ ਰਾਕੇਸ਼ ਕੁਮਾਰ ਤੇਹਿੰਗ, ਡਾਕਟਰ ਗੁਰਪ੍ਰੀਤ, ਹਰਦੀਪ ਸਿੰਘ ਤਰਲੋਕ ਸਿੰਘ ਵਿਰਕ ਅਤੇ ਹੋਰ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।



# ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਗੁਰਮਤਿ ਤੇ ਗੱਤਕਾ ਕੈਂਪ ਸ਼ੁਰੂ

**ਮੋਹਾਲੀ (ਗੁਰਜੀਤ ਬਿੱਲਾ)**- ਸਿੰਘ ਸਾਹਿਬ ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਬੱਚਿਆਂ ਨੂੰ ਗੁਰਸਿੱਖੀ ਨਾਲ ਜੋੜਨ ਲਈ ਗੁਰਮਤਿ ਅਤੇ ਗੱਤਕਾ ਸਿਖਲਾਈ ਕੈਂਪ ਦਾ ਆਯੋਜਨ 1 ਜੂਨ ਤੋਂ 18 ਜੂਨ ਤੱਕ ਰੋਜ਼ਾਨਾ ਸਵੇਰੇ 6 ਵਜੇ ਤੋਂ 9 ਵਜੇ ਤੱਕ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬੁਲਾਰੇ ਨੇ ਦੱਸਿਆ ਪ੍ਰਬੰਧਕ ਕਮੇਟੀ ਅਤੇ ਗੱਤਕਾ ਅਖਾੜਾ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵੱਲੋ ਇਸ ਕੈਂਪ ਵਿੱਚ ਬੱਚਿਆਂ ਨੂੰ ਸਿੱਖ ਇਤਿਹਾਸ, ਭਾਸ਼ਾ ਗਿਆਨ, ਗੁਰਬਾਣੀ ਕੰਠ, ਗੁਰਮਤਿ ਸਿਖਿਆ, ਸ਼ਸ਼ਤਰ ਵਿਦਿਆ ਅਤੇ ਗੱਤਕਾ ਸਿੱਖਲਾਈ ਦਿੱਤੀ ਜਾਵੇਗੀ।ਇਸ ਕੈਂਪ ਦੇ ਅਖੀਰਲੇ 2 ਦਿਨ ਗੁਰਮਤਿ ਮੁਕਾਬਲਾ, ਗੁਰਬਾਣੀ ਕੰਠ ਮੁਕਾਬਲਾ ਅਤੇ ਗੱਤਕਾ ਮੁਕਾਬਲਾ ਕਰਵਾਇਆ ਜਾਵੇਗਾ। ਪ੍ਰਬੰਧਕ ਕਮੇਟੀ ਵਲੋਂ ਜੇਤੂ ਵਿਦਿਆਰਥੀਆਂ ਨੂੰ ਇਨਾਮ ਅਤੇ ਕੈਂਪ ਵਿੱਚ ਭਾਗ ਲੈਣ ਵਾਲਿਆਂ ਹਰ ਵਿਦਿਆਰਥੀ ਨੂੰ ਸਨਮਾਨਤ ਕੀਤਾ ਜਾਵੇਗਾ।ਸਾਰੇ ਵਿਦਿਆਰਥੀਆਂ ਨੂੰ 1 ਦਿਨ ਬੱਸਾਂ ਰਾਹੀਂ ਸ੍ਰੀ ਚਮਕੌਰ ਸਾਹਿਬ ਜੀ, 'ਦਾਸਤਾਨ-ਏ-ਸ਼ਹਾਦਤ ਯਾਦਗਾਰ' ਅਤੇ ਹੋਰ ਗੁਰਧਾਮਾ ਦੀ ਯਾਤਰਾ ਕਰਵਾਈ ਜਾਵੇਗੀ। ਗੁਰੂ ਕਾ ਲੰਗਰ ਰੋਜ਼ਾਨਾ ਅਤੁੱਟ ਵਰਤਾਇਆ ਜਾਵੇਗਾ।

# ਸਾਲਾਨਾ ਜੋੜ ਮੇਲਾ ਕਰਵਾਇਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਪੰਡੋਰੀ ਬੀਬੀ ਵਿਖੇ ਦਰਬਾਰ ਸਰਕਾਰ ਖ਼ਾਕੀ ਸ਼ਾਹ ਚਿਸ਼ਤੀ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਐੱਨ ਆਰ ਆਈ ਅਤੇ ਇਲਾਕੇ ਦੇ ਸਹਿਯੋਗ ਨਾਲ ਪ੍ਰਬੰਧਕ ਕਮੇਟੀ ਦਰਬਾਰ ਸਾਈਂ ਖ਼ਾਕੀ ਸ਼ਾਹ ਚਿਸ਼ਤੀ ਵੱਲੋਂ ਸਰਕਾਰ ਖ਼ਾਕੀ ਸ਼ਾਹ ਚਿਸ਼ਤੀ ਦੀ ਯਾਦ ਵਿੱਚ ਸਾਲਾਨਾ ਤਿੰਨ ਰੋਜ਼ਾ ਜੋੜ ਮੇਲਾ ਧੂਮਧਾਮ ਨਾਲ ਕਰਵਾਇਆ ਗਿਆ। ਇਸ ਮੌਕੇ ਕਮੇਟੀ ਪ੍ਰਧਾਨ ਰਿਪਨ ਕੁਮਾਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਾਲਾਨਾ ਤਿੰਨ ਰੋਜ਼ਾ ਜੋੜ ਮੇਲੇ ਮੌਕੇ ਮਹਿੰਦੀ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਸਾਲਾਨਾ ਜੋੜ ਮੇਲੇ ਮੌਕੇ ਝੰਡਾ, ਚਿਰਾਗ ਰੋਸ਼ਨ ਅਤੇ ਸਿਹਰਾਬੰਦੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਰਾਤ ਨੂੰ ਮਹਿਫਲ-ਏ-ਕਵਾਲ ਦੌਰਾਨ ਮੁਨੱਵਰ ਤਕੀ ਕਵਾਲ ਪਾਰਟੀ, ਅਮਰਿੰਦਰ ਬੋਬੀ ਇੰਟਰਨੈਸ਼ਨਲ ਕਲਾਕਾਰ, ਸੋਹਨ ਲਾਲ ਨਕਾਲ ਪਾਰਟੀ ਪੀਰਾਂ ਦੀ ਮਹਿਫਲ ਸਜਾਈ। ਉਨ੍ਹਾਂ ਦੱਸਿਆ ਕਿ ਸਲਾਨਾ ਜੋੜ ਮੇਲੇ ਮੌਕੇ ਰਾਜ ਕੁਮਾਰ ਨਕਾਲ ਪਾਰਟੀ ਪੰਡੋਰੀ ਬੀਬੀ, ਸ਼ੌਕਤ ਅਲੀ ਦੀਵਾਨਾ ਕਵਾਲ ਪਾਰਟੀ, ਚਾਹਤ ਮਹੰਤ ਮਹਿੰਦੀ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਸਲਾਨਾ ਤਿੰਨ ਰੋਜ਼ਾ ਜੋੜ ਮੇਲੇ ਮੌਕੇ ਵੱਖ ਵੱਖ ਦਰਬਾਰਾ ਤੋਂ ਸਾਈਂ ਦੀਸੇ ਸ਼ਾਹ ਮੋਨਾ ਕਲਾਂ, ਸਾਈਂ ਕਮਲਜੀਤ ਕੁਮਾਰੀ ਮੇਹਟੀਆਣਾ, ਸਾਈਂ ਜੋਗਿੰਦਰ ਸ਼ਾਹ ਮੋਨਾ ਕਲਾਂ, ਬਾਬਾ ਨਿਰਮਲ ਦਾਸ ਢੇਹਾ, ਸਾਈਂ ਜਸਵੰਤ ਸਿੰਘ ਜੱਸਾ ਖੰਨੌੜਾ, ਸਾਈਂ ਮੋਹਣਾ ਸ਼ਾਹ ਹੁੱਕੜਾ, ਬਾਬਾ ਮੋਤਾ ਸਿੰਘ ਮਸਤਾਨਾ, ਬਾਬਾ ਡਾਕਟਰ ਮਹਿੰਦਰ ਪਾਲ ਮੇਹਟੀਆਣਾ ਤੋਂ ਇਲਾਵਾ ਵੱਡੀ ਗਿਣਤੀ ਫੱਕਰ ਫ਼ਕੀਰਾ ਨੇ ਪੁੱਜ ਕੇ ਹਾਜ਼ਰੀ ਭਰੀ। ਇਸ ਮੌਕੇ ਸਲਾਨਾ ਜੋੜ ਮੇਲੇ ਮੌਕੇ ਡਾ. ਇਸ਼ਾਂਕ ਕੁਮਾਰ, ਹਲਕਾ ਵਿਧਾਇਕ ਚੱਬੇਵਾਲ ਤੋਂ ਇਲਾਵਾ ਹੋਰ ਪ੍ਰਮੁੱਖ ਸਖਸ਼ੀਅਤਾਂ ਨੇ ਪੁੱਜ ਕੇ ਹਾਜ਼ਰੀ ਭਰੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਆਏ ਹੋਏ ਸੰਤ ਮਹਾਂਪੁਰਸ਼, ਫੱਕਰ ਫ਼ਕੀਰ, ਪ੍ਰਮੁੱਖ ਸਖਸ਼ੀਅਤਾਂ ਅਤੇ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਕਮੇਟੀ ਪ੍ਰਧਾਨ ਰਿਪਨ ਕੁਮਾਰ, ਸੰਦੀਪ ਸਿੰਘ ਵਾਇਸ ਪ੍ਰਧਾਨ, ਮੱਖਣ ਸਿੰਘ ਖਜਾਨਚੀ, ਸਰਪੰਚ ਪਰਮਜੀਤ ਸਿੰਘ ਪੰਡੋਰੀ ਬੀਬੀ, ਸਤਪਾਲ ਸੈਕਟਰੀ, ਬਲਜਿੰਦਰ ਕੁਮਾਰ ਪੰਚ ਮੈਂਬਰ, ਕਮਲਜੀਤ ਕੁਮਾਰ ਮੈਂਬਰ, ਪਰਵਿੰਦਰ ਕੁਮਾਰ ਲੰਗਰ ਇੰਚਾਰਜ, ਰਵੀ ਪ੍ਰਕਾਸ਼ ਸਿੰਘ ਸਾਬਕਾ ਸਰਪੰਚ ਮਾਈਓਪੱਟੀ, ਸੰਜੀਵ ਕੁਮਾਰ, ਯਸ਼ਪਾਲ, ਹਰਪ੍ਰੀਤ ਸਿੰਘ, ਸਲਾਮਤ, ਪਾਖਰ ਦਾਸ, ਗੌਰਵ ਸਿੱਧੂ, ਮਹਿੰਦਰ ਪਾਲ, ਕਮਲਜੀਤ ਸਿੱਧੂ, ਜਤਿੰਦਰ ਕੁਮਾਰ, ਭੁਪਿੰਦਰ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ। ਇਸ ਮੌਕੇ ਸਲਾਨਾ ਜੋੜ ਮੇਲੇ ਮੌਕੇ ਤਿੰਨੇ ਦਿਨ ਛਬੀਲ, ਕੋਲਡ ਡਰਿੰਕ, ਆਇਸਕ੍ਰੀਮ, ਚਾਹ ਪਕੌੜੇ, ਦਾਤਾ ਜੀ ਦੇ ਲੰਗਰ ਅਤੁੱਟ ਵਰਤਾਏ ਗਏ।



# ਹਰਜਿੰਦਰ ਸਿੰਘ ਛਿੱਬਰ ਨੇ ਵੋਟਰਾਂ ਦਾ ਕੀਤਾ ਧੰਨਵਾਦ



**ਮੋਰਿੰਡਾ (ਨਿਹਾਲ ਸਿੰਘ ਕਲਸੀ)**

ਨਗਰ ਕੌਂਸਲ ਮੋਰਿੰਡਾ ਦੀਆਂ ਹੋਈਆਂ ਤਾਜ਼ਾ ਚੋਣਾਂ ਵਿੱਚ ਵਾਰਡ ਨੰਬਰ 14 ਤੋਂ ਜਿੱਤ ਹਾਸਲ ਕਰਨ ਵਾਲੇ ਪਤਰਕਾਰ ਹਰਜਿੰਦਰ ਸਿੰਘ ਛਿੱਬਰ ਵੱਲੋਂ ਆਪਣੇ ਵਾਰਡ ਦਾ ਧੰਨਵਾਦੀ ਦੌਰਾ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਉਹਨਾਂ ਦੇ ਸਪੁੱਤਰ ਐਡਵੋਕੇਟ ਗੁਰਦਿੱਤ ਸਿੰਘ ਛਿੱਬਰ ਨੇ ਦੱਸਿਆ ਕਿ ਵਾਰਡ ਨੰਬਰ 14 ਜੋ ਮੋਰਿੰਡਾ ਸ਼ਹਿਰ ਦਾ ਸਭ ਤੋਂ ਵੱਡਾ ਵਾਰਡ ਹੈ ਇਹ ਵਾਰਡ ਨਜ਼ਦੀਕੀ 6 ਪਿੰਡਾਂ ਦੀਆਂ ਸਰਹੱਦਾਂ ਨਾਲ ਲਗਦਾ ਹੈ। ਇਸ ਵਾਰਡ ਦੀ ਵੋਟ 2000 ਦੇ ਕਰੀਬ ਵੋਟਾਂ ਹਨ। ਹਰਜਿੰਦਰ ਸਿੰਘ ਛਿੱਬਰ ਕੌਂਸਲਰ ਨੇ ਸਵੇਰੇ 8 ਵਜੇ ਇਤਿਹਾਸਕ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਵਿਖੇ ਮੱਥਾ ਟੇਕ ਕੇ ਗੁਰੂ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ । ਉਪਰੰਤ ਵਾਰਡ ਦੇ ਲੋਕਾਂ ਦਾ ਧੰਨਵਾਦ ਕਰਨ ਲਈ ਧੰਨਵਾਦੀ ਦੌਰਾ ਕੀਤਾ। ਇਸ ਦੌਰਾਨ ਜਿਥੇ ਹਰਜਿੰਦਰ ਸਿੰਘ ਛਿੱਬਰ ਵਲੋਂ ਵਾਰਡ ਵਾਸੀਆਂ ਦਾ ਘਰੋ ਘਰੀ ਜਾ ਕੇ ਧੰਨਵਾਦ ਕੀਤਾ ਗਿਆ ਉਥੇ ਵਾਰਡ ਵਾਸੀਆਂ ਵਲੋਂ ਛਿੱਬਰ ਸਾਹਿਬ ਨੂੰ ਫੁੱਲਾਂ ਦੇ ਹਾਰਾਂ, ਗੁਲਦਸਤਿਆਂ ਅਤੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਅਨੇਕਾਂ ਥਾਵਾਂ ਤੇ ਵਾਰਡ ਵਾਸੀਆਂ ਵਲੋਂ ਲੱਡੂ,ਚਾਹ ਪਕੌੜਿਆਂ ਅਤੇ ਫੱਲਾ ਦੇ ਲੰਗਰ ਲਗਾਏ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਨਗ੍ਰੇਨ ਪੰਜਾਬ ਦੇ ਸਾਬਕਾ ਚੇਅਰਮੈਨ ਬੰਤ ਸਿੰਘ ਕਲਾਰਾਂ, ਚੰਡੀਗੜ੍ਹ ਅਤੇ ਪੰਜਾਬ ਜਰਨਲਿਸਟ ਯੂਨੀਅਨ ਪੰਜਾਬ ਦੇ ਪ੍ਰਧਾਨ ਜੈ ਸਿੰਘ ਛਿੱਬਰ, ਪੀ ਏ ਡੀ ਬੈਂਕ ਦੇ ਵਾਇਸ ਚੇਅਰਮੈਨ ਕਰਨੈਲ ਸਿੰਘ ਜੀਤ, ਹਰਮਿੰਦਰ ਸਿੰਘ ਲੱਕੀ, ਨਗਰ ਕੌਂਸਲ ਮੋਰਿੰਡਾ ਦੇ ਸਾਬਕਾ ਪ੍ਰਧਾਨ ਹਰੀਪਾਲ, ਚੌਧਰੀ ਭੂਸ਼ਨ ਰਾਣਾ, ਪਰਮਿੰਦਰ ਸਿੰਘ ਸੋਨੂੰ, ਦਰਸ਼ਨ ਸਿੰਘ ਸੰਧੂ, ਸਾਬਕਾ ਕੌਂਸਲਰ ਰਾਜਪ੍ਰੀਤ ਸਿੰਘ ਰਾਜੀ, ਹਰਜੀਤ ਸਿੰਘ, ਡਾ ਬਚਨ ਲਾਲ ਵਰਮਾ, ਭਾਗ ਸਿੰਘ ਮਕੜੌਨਾ, ਐਡਵੋਕੇਟ ਅਮਨਪ੍ਰੀਤ ਸਿੰਘ ਛਿੱਬਰ, ਐਡਵੋਕੇਟ ਗੁਰਦਿੱਤ ਸਿੰਘ ਛਿੱਬਰ, ਐਡਵੋਕੇਟ ਕੋਮਲਪ੍ਰੀਤ ਕੌਰ, ਮਹਿਲਾ ਚੇਤਨਾ ਮੰਚ ਮੋਰਿੰਡਾ ਦੀ ਪ੍ਰਧਾਨ ਬਲਜੀਤ ਕੌਰ, ਰਾਣੀ ਰੁਪਿੰਦਰ ਕੌਰ ਛਿੱਬਰ, ਕੁਲਵਿੰਦਰ ਸਿੰਘ, ਅਵਤਾਰ ਸਿੰਘ ਪ੍ਰਦੀਪ ਸਿੰਘ ਟੋਨੀ ਆਦਿ ਨੌਜਵਾਨ ਆਗੂ ਹਾਜ਼ਰ ਸਨ।

# ਸਟਾਰ ਕੱਪਲ ਬਲੱਡ ਡੋਨਰ ਨੇ 36ਵੀਂ ਵਾਰ ਇਕੱਠਿਆਂ ਖ਼ੂਨਦਾਨ ਕੀਤਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਬੁੱਲੋਵਾਲ ਨਿਵਾਸੀ ਸਟਾਰ ਕੱਪਲ ਬਲੱਡ ਡੋਨਰ ਬਹਾਦਰ ਸਿੰਘ ਸਿੱਧੂ ਅਤੇ ਜਤਿੰਦਰ ਕੌਰ ਸਿੱਧੂ ਨੇ ਬਲੱਡ ਬੈਂਕ ਸਿਵਲ ਹਸਪਤਾਲ ਹਸ਼ਿਆਰਪੁਰ ਵਿਖੇ ਪਹੁੰਚ ਕੇ 36ਵੀਂ ਵਾਰ ਇਕੱਠਿਆਂ ਖਨਦਾਨ ਕਰਕੇ ਇੱਕ ਮਿਸਾਲ ਪੇਸ਼ ਕੀਤੀ। ਇਹ ਜੋੜਾ ਹਰ ਚਾਰ ਮਹੀਨੇ ਬਾਅਦ ਲਗਾਤਾਰ ਖ਼ੂਨਦਾਨ ਕਰਦਾ ਹੈ। ਨਿੱਜੀ ਤੌਰ ਤੇ ਬਹਾਦਰ ਸਿੰਘ ਸਿੱਧ ਨੇ 71ਵੀ ਵਾਰ ਅਤੇ ਜਤਿੰਦਰ ਕੌਰ ਸਿੱਧ ਨੇ 36ਵੀ ਵਾਰ ਖ਼ੂਨਦਾਨ ਕੀਤਾ ਹੈ । ਇਸ ਮੌਕੇ ਗੱਲਬਾਤ ਕਰਦਿਆਂ ਸਿੱਧੂ ਜੋੜੇ ਨੇ ਕਿਹਾ ਕਿ ਖ਼ੂਨਦਾਨ ਸਭ ਤੋਂ ਵੱਡਾ ਦਾਨ ਹੈ ਕਿਉਂਕਿ ਸਾਡੇ ਦੁਆਰਾ ਦਾਨ ਕੀਤਾ ਖ਼ੂਨ ਹੀ ਕਿਸੇ ਲੋੜਵੰਦ ਦੀ ਕੀਮਤੀ ਜਾਨ ਬਚਾ ਸਕਦਾ ਹੈ। ਇਸ ਸਮੇਂ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਬਲੱਡ ਬੈਂਕ ਇੰਚਾਰਜ ਡਾ ਗੁਰੀਕਾ, ਲੈਬ ਟੈਕਨੀਸ਼ੀਅਨ ਦਿਲਾਵਰ ਸਿੰਘ ਸਿੰਘ, ਲੈਬ ਟੈਕਨੀਸ਼ੀਅਨ ਸੰਦੀਪ ਸਿੰਘ ਅਤੇ ਮੈਡਮ ਕਮਲਪ੍ਰੀਤ ਕੌਰ ਨੇ ਸਿੱਧੂ ਜੋੜੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਨੌਜਵਾਨ ਵਰਗ ਨੂੰ ਵੀ ਸਿੱਧੂ ਜੋੜੇ ਤੋਂ ਪ੍ਰੇਰਨਾ ਲੈਂਦੇ ਹੋਏ ਖ਼ੂਨਦਾਨ ਮਹਿੰਮ ਵਿੱਚ ਵੱਧ-ਚੜ ਕੇ ਹਿੱਸਾ ਲੈਣ ਦੀ ਅਪੀਲ ਕੀਤੀ ਤੇ ਮੁਹਿੰਮ ਵਿੱਚ ਵੱਧ-ਚੜ ਕੇ ਹਿੱਸਾ ਲੈਣ ਦੀ ਅਪੀਲ ਕੀਤੀ।

# ਮੁਫ਼ਤ ਆਨਲਾਈਨ ਹੁਨਰ ਸਿਖਲਾਈ ਤੇ ਰੋਜ਼ਗਾਰ ਟੈਸਟ ਲਈ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਸ਼ੁਰੂ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**

ਨੌਜਵਾਨਾਂ ਨੂੰ ਹੁਨਰ ਸਿਖਲਾਈ ਪ੍ਰਦਾਨ ਕਰਕੇ ਰੋਜ਼ਗਾਰ ਦੇ ਬਿਹਤਰ ਮੌਕੇ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਪੰਜਾਬ ਹੁਨਰ ਵਿਕਾਸ ਮਿਸ਼ਨ (ਪੀ ਐੱਸ ਡੀ ਐੱਮ) ਤਹਿਤ ਪ੍ਰਦਾਨ ਕੀਤੀ ਜਾਂਦੀ ਆਨਲਾਈਨ ਸਿਖ਼ਲਾਈ ਸਬੰਧੀ ਟੈਸਟ ਲਈ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ।ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦਿਵਿਆ ਪੀ. ਨੇ ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਹੁਨਰ ਵਿਕਾਸ ਮਿਸ਼ਨ ਵੱਲੋਂ ਰਾਇਨਾ ਸਿੱਖਿਆ ਫਾਊਂਡੇਸ਼ਨ ਨਾਲ ਕੀਤੇ ਗਏ ਐੱਮ ਓ ਯੂ. ਤਹਿਤ 12 ਸਾਫਟ ਸਕਿੱਲਜ਼ ਅਤੇ 14 ਹਾਰਡ ਸਕਿੱਲਜ਼ ਨਾਲ ਸੰਬੰਧਤ 21 ਘੰਟਿਆਂ ਦੀ ਮੁਫ਼ਤ ਆਨਲਾਈਨ ਸਿਖਲਾਈ ਪ੍ਰਦਾਨ ਕਰਵਾਈ ਜਾਵੇਗੀ।ਉਨ੍ਹਾਂ ਦੱਸਿਆ ਕਿ ਇਸ ਟ੍ਰੇਨਿੰਗ ਵਿੱਚ ਭਾਗ ਲੈਣ ਲਈ ਉਮੀਦਵਾਰਾਂ ਨੂੰ ਪਹਿਲਾਂ ਆਨਲਾਈਨ 'ਵਰਕ ਰੈਡੀਨੈੱਸ ਐਪਟੀਟਿਊਡ ਪ੍ਰਿਡਕਟਰ' (ਡਬਲਿਊ ਆਰ ਏ ਪੀ) ਟੈਸਟ ਦੇਣਾ ਹੋਵੇਗਾ। ਟੈਸਟ ਵਿੱਚ ਸਫ਼ਲ ਉਮੀਦਵਾਰਾਂ ਨੂੰ ਰਿਸਰਚ, ਸਟ੍ਰੈਟਰਜੀ, ਉਦਮਤਾ, ਮਾਰਕੀਟਿੰਗ, ਸੋਸ਼ਲ ਮੀਡੀਆ ਮਾਰਕੀਟਿੰਗ, ਬਿਜ਼ਨਸ ਆਪ੍ਰੇਸ਼ਨਜ਼, ਸੇਲਜ਼, ਕੋਡਿੰਗ, ਡਿਜ਼ਾਈਨ, ਫੈਸ਼ਨ, ਅਕਾਦਮਿਕ ਖੇਤਰ ਅਤੇ ਡਾਟਾ ਐਨਾਲਿਟਿਕਸ ਆਦਿ ਵਿੱਚ ਸਿਖ਼ਲਾਈ ਪ੍ਰਦਾਨ ਕੀਤੀ ਜਾਵੇਗੀ।ਵਧੀਕ ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਟ੍ਰੇਨਿੰਗ ਪੂਰੀ ਹੋਣ ਉਪਰੰਤ ਉਮੀਦਵਾਰਾਂ ਦਾ ਮੁਲਾਂਕਣ ਕੀਤਾ ਜਾਵੇਗਾ ਅਤੇ ਸਫ਼ਲ ਉਮੀਦਵਾਰਾਂ ਨੂੰ ਵੱਖ-ਵੱਖ ਪ੍ਰਾਈਵੇਟ ਕੰਪਨੀਆਂ ਵਿੱਚ ਰੋਜ਼ਗਾਰ ਦੇ ਮੌਕੇ ਉਪਲਬਧ ਕਰਵਾਉਣ ਲਈ ਪਲੇਸਮੈਂਟ ਵਿੱਚ ਸਹਾਇਤਾ ਦਿੱਤੀ ਜਾਵੇਗੀ।ਯੋਗਤਾ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਲਈ ਕਿਸੇ ਵੀ ਸਟ੍ਰੀਮ ਵਿੱਚ ਗ੍ਰੈਜੂਏਸ਼ਨ ਦੇ ਆਖਰੀ ਸਾਲ ਵਿੱਚ ਪੜ੍ਹ ਰਹੇ ਵਿਦਿਆਰਥੀ, ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਉਮੀਦਵਾਰ ਅਪਲਾਈ ਕਰ ਸਕਦੇ ਹਨ। ਕੋਰਸ ਤੇ ਡਬਲਿਊ ਆਰ ਏ ਪੀ ਟੈਸਟ ਦੋਵੇਂ ਪੂਰੀ ਤਰ੍ਹਾਂ ਮੁਫ਼ਤ ਹਨ।ਟੈਸਟ ਦੇਣ ਦੇ ਚਾਹਵਾਨ ਉਮੀਦਵਾਰ ਗੂਗਲ ਫਾਰਮ https://form.typeform.com/to/FjueMdNc ਰਾਹੀਂ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।

# ਵਿਸ਼ਵ ਬਾਈਸਾਈਕਲ ਦਿਵਸ ਮੌਕੇ ਸਾਈਕਲ ਰੈਲੀ ਕਰਵਾਈ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

ਅਲਾਇੰਸ ਕਲੱਬ ਹੁਸ਼ਿਆਰਪੁਰ ਸਰਗਮ ਵੱਲੋਂ 9ਵੇਂ 'ਵਿਸ਼ਵ ਬਾਈ-ਸਾਈਕਲ ਦਿਵਸ' ਦੇ ਮੌਕੇ ਤੇ ਕਲੱਬ ਦੇ ਸਰਪਰਸਤ ਐਲੀ. ਅਸ਼ਵਨੀ ਕੁਮਾਰ ਦੱਤਾ ਦੀ ਪ੍ਰਧਾਨਗੀ ਹੇਠ ਇਕ ਬਾਈ-ਸਾਈਕਲ ਰੈਲੀ ਦਾ ਆਯੋਜਨ ਕੀਤਾ ਗਿਆ । ਇਸ ਦੇ ਮੁੱਖ ਮਹਿਮਾਨ ਇੰਟਰਨੈਸ਼ਨਲ ਵਾਇਸ ਪ੍ਰੈਜ਼ੀਡੈਂਟ - 2 ਐਲੀ. ਅਸ਼ੋਕ ਪੁਰੀ ਅਤੇ ਵਿਸ਼ਵ ਵਿਖਿਆਤ ਸਾਇਕਲ-ਲੀਸਟ ਬਲਰਾਜ ਸਿੰਘ ਚੌਹਾਨ ਸਨ । 9ਵੇਂ 'ਵਿਸ਼ਵ ਬਾਈ-ਸਾਇਕਲ ਰੈਲੀ ਵਿੱਚ ਆਈ ਸੀ ਸੀ ਐਲੀ ਡਾ ਐਮ. ਜਮੀਲ ਬਾਲੀ ਨੌਰਥ ਮਲਟੀਪਲ ਐਡਵਾਈਜ਼ਰ ਐਲੀ. ਰਮੇਸ਼ ਕੁਮਾਰ ਅਤੇ ਡਿਸਟ੍ਰਿਕ ਗਵਰਨਰ ਐਲੀ. ਹਰਜੀਤ ਸਿੰਘ ਮਠਾਰੂ ਬਤੌਰ ਵਿਸ਼ੇਸ਼ ਮਹਿਮਾਨ ਹਾਜ਼ਰ ਹੋਏ। ਇਸ ਰੈਲੀ ਦੇ ਪ੍ਰੋਜੈਕਟ ਚੇਅਰਮੈਨ ਪਾਸਟ ਡਿਸਟ੍ਰਿਕ ਗਵਰਨਰ ਐਲੀ. ਵਿਵੇਕ ਸਾਹਨੀ ਅਤੇ ਸਰਗਮ ਦੇ ਐਲੀ. ਨਰਿੰਦਰ ਸਿੰਘ ਸਨ।

9ਵੇਂ 'ਵਿਸ਼ਵ ਬਾਈ-ਸਾਈਕਲ ਦਿਵਸ' ਦੇ ਮੌਕੇ ਤੇ ਮੰਥਨ ਕਰਦੇ ਹੋਏ ਐਲੀ. ਅਸ਼ੋਕ ਪੁਰੀ ਨੇ ਦੱਸਿਆ ਕਿ 1860 ਤੋਂ ਨੌਰਮਲ ਡਿਜ਼ਾਇਨ ਵਿੱਚ ਆਏ ਸਾਇਕਲ ਦੀ ਮਹੱਤਤਾ ਨੂੰ ਬਹੁਤ ਦੇਰ ਬਾਅਦ ਡਬਲਯੂ ਐੱਚ ਓ ਨੇ 2018 ਵਿੱਚ 3 ਜੂਨ ਨੂੰ ਪਹਿਲੀ ਵਾਰ ਵਿਸ਼ਵ ਪੱਧਰ ਤੇ ਸਾਇਕਲ ਦੀ ਅਹਿਮੀਅਤ ਤੋਂ ਜਾਗਰੂਕ ਕਰਵਾਉਣ ਦਾ ਸੁਪਨਾ ਲਿਆ ਹੈ, ਉਹਨਾਂ ਕਿਹਾ ਕਿ ਇੱਕ ਆਮ ਸਾਇਕਲ ਮਨੁੱਖ ਨੂੰ ਯਾਤਾਯਾਤ, ਇੱਕਨੌਮੀਕਲ ਦੇ ਨਾਲ ਸਿਹਤ ਲਈ ਸਭ ਤੋਂ ਵੱਧ ਮੱਹਤਵਪੂਰਨ ਹੈ । ਰੈਲੀ ਡਾ. ਬਾਲੀ ਹਸਪਤਾਲ ਤੋਂ ਸ਼ੁਰੂ ਹੋ ਕੇ ਗੁਰਦੁਆਰਾ ਕਲਗੀਧਰ ਸਾਹਿਬ, ਪ੍ਰਭਾਤ ਚੌਂਕ, ਸ਼੍ਰੀ ਭਗਵਾਨ ਰਾਮ ਚੌਂਕ (ਫਗਵਾੜਾ ਚੌਂਕ), ਮਾਤਾ ਚਿੰਤਪੂਰਨੀ ਚੌਂਕ, ਖਾਨਪੂਰੀ ਗੇਟ ਅਤੇ ਰੌਸ਼ਨ ਗਰਾਊਂਡ ਤੋਂ ਹੁੰਦੇ ਹੋਏ ਮਾਡਲ ਟਾਊਨ ਵਿਖੇ ਪਹੁੰਚੀ।ਇਸ ਮੌਕੇ ਐਲੀ. ਡਾ. ਐਮ. ਜਮੀਲ ਬਾਲੀ, ਐਲੀ. ਹਰਜੀਤ ਸਿੰਘ ਅਤੇ ਐਲੀ. ਅਸ਼ਵਨੀ ਕੁਮਾਰ ਦੱਤਾ ਨੇ ਸਾਇਕਲ- ਲੀਸਟ ਬਲਰਾਜ ਸਿੰਘ ਚੌਹਾਨ, ਨਿਰੰਜਣ ਸਿੰਘ ਅਤੇ ਐਲੀ. ਰਮੇਸ਼ ਕੁਮਾਰ ਨੂੰ ਆਪਣਾ ਜੀਵਨ ਤੰਦਰੁਸਤ ਬਣਾਉਣ ਲਈ ਸਾਇਕਲ ਆਪਣਾਉਣ ਵਾਸਤੇ ਸਨਮਾਨਤ ਕੀਤਾ । ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਪਾਸਟ ਡਿਸਟ੍ਰਿਕ ਗਵਰਨਰ ਐਲੀ. ਸੁਮੇਸ਼ ਕੁਮਾਰ ਵਰਮਾ, ਐਲੀ. ਵਿਵੇਕ ਸਾਹਨੀ, ਐਲੀ. ਨਰਿੰਦਰ ਸਿੰਘ ਅਤੇ ਐਲੀ. ਮੁਹੰਮਦ ਸਲੀਮ, ਗੁਰਪ੍ਰੀਤ ਸਿੰਘ ਅਤੇ ਇੰਦਰਮੋਹਨ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ।



# ਸਟਾਰਟਅੱਪ ਇੰਡੀਆ ਤੇ ਡਿਜੀਟਲ ਇੰਡੀਆ ਸਕੀਮਾਂ ਨੌਜਵਾਨਾਂ ਨੂੰ ਬਣਾ ਰਹੀਆਂ ਆਤਮ ਨਿਰਭਰ : ਗੁਲਾਬ ਚੰਦ ਕਟਾਰੀਆ

**ਮੁਹਾਲੀ (ਗੁਰਜੀਤ ਬਿੱਲਾ)**

ਤੁਸੀਂ ਸਿਰਫ਼ ਨੌਕਰੀ ਦੀ ਭਾਲ ਕਰਨ ਵਾਲੇ ਨੌਜਵਾਨ ਨਾ ਬਣੋ, ਸਗੋਂ ਅਜਿਹੇ ਨੌਜਵਾਨ ਬਣੋ ਜੋ ਦੂਜਿਆਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰੇ। ਨੌਜਵਾਨਾਂ ਨੂੰ ਆਤਮ-ਨਿਰਭਰ ਅਤੇ ਸਮਰੱਥ ਬਣਾਉਣ ਲਈ ਦੇਸ਼ ਵਿੱਚ ਸਟਾਰਟਅੱਪ ਇੰਡੀਆ, ਸਟੈਂਡ ਅੱਪ ਇੰਡੀਆ, ਸਕਿੱਲ ਇੰਡੀਆ, ਡਿਜੀਟਲ ਇੰਡੀਆ, ਪੀਐਮ ਈ-ਵਿੱਦਿਆ, ਸਵੈਮ, ਨੈਸ਼ਨਲ ਡਿਜੀਟਲ ਲਾਈਬ੍ਰੇਰੀ, ਅਟਲ ਇਨੋਵੇਸ਼ਨ ਮਿਸ਼ਨ ਅਤੇ ਪੀਐਮ ਵਿੱਦਿਆ ਲਕਸ਼ਮੀ ਵਰਗੀਆਂ ਅਨੇਕਾਂ ਸਰਕਾਰੀ ਸਕੀਮਾਂ ਲਾਗੂ ਕੀਤੀਆਂ ਜਾ ਰਹੀਆਂ ਹਨ, ਤਾਂ ਜੋ ਸਾਡੀ ਨੌਜਵਾਨ ਪੀੜ੍ਹੀ ਖ਼ੁਦ ਦੇ ਪੈਰਾਂ 'ਤੇ ਖੜੀ ਹੋ ਸਕੇ। ਇਨ੍ਹਾਂ ਪ੍ਰੇਰਨਾਦਾਇਕ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ ਚੰਡੀਗੜ੍ਹ ਯੂਨੀਵਰਸਿਟੀ ਦੇ 'ਸੀ ਯੂ ਸਕਾਲਰਜ਼ ਸਮਿਟ 2026' ਦੇ ਤੀਜੇ ਐਡੀਸ਼ਨ ਦਾ ਉਦਘਾਟਨ ਦੌਰਾਨ ਕੀਤਾ।ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ ਬਤੌਰ ਮੁੱਖ ਮਹਿਮਾਨ ਇਸ ਵੱਕਾਰੀ ਸਮਿਟ ਦਾ ਉਦਘਾਟਨ ਕੀਤਾ। ਇਸ ਮੌਕੇ ਵਿਗਿਆਨੀ ਪ੍ਰੋਫੈਸਰ (ਡਾ.) ਵਾਈ.ਵੀ.ਐਨ. ਕ੍ਰਿਸ਼ਨਾਮੂਰਤੀ (ਸਾਬਕਾ ਡਾਇਰੈਕਟਰ-ਆਈ ਆਈ ਆਰ ਐੱਸ, ਐੱਨ ਆਰ ਐੱਸ ਸੀ, ਐੱਨ ਏ ਆਰ ਐੱਲ ਅਤੇ ਆਈ ਆਈ ਐੱਸ ਟੀ), ਬਾਲੀਵੁੱਡ ਦੇ ਮਸ਼ਹੂਰ ਅਦਾਕਾਰ ਚੰਕੀ ਪਾਂਡੇ, ਬਾਲੀਵੁੱਡ ਅਦਾਕਾਰ ਅਤੇ ਕਾਮੇਡੀਅਨ ਕੀਕੂ ਸ਼ਾਰਦਾ, ਇੰਡੋ-ਕੈਨੇਡੀਅਨ ਅਦਾਕਾਰ ਅਤੇ ਪ੍ਰੋਡਿਊਸਰ ਰਜਤ ਬੇਦੀ, ਟਾਟਾ ਕੰਸਲਟੈਂਸੀ ਸਰਵਿਸਿਜ਼ ਲਿਮਟਿਡ (ਟੀ ਸੀ ਐੱਸ) ਦੇ ਹੈੱਡ ਆਪ੍ਰੇਸ਼ਨਜ਼ ਮੈਨੇਜਮੈਂਟ ਤੇ ਸੀ ਐੱਸ ਆਰ ਸੁਸ਼ੀਲ ਖੋਸਲਾ, ਗ੍ਰਾਂਟ ਥੋਰਨਟਨ ਭਾਰਤ ਐੱਲ ਐੱਲ ਪੀ ਦੇ ਚੀਫ਼ ਲਰਨਿੰਗ ਆਫੀਸਰ ਅੰਕਿਤ ਝਾਂਬ ਸਮੇਤ ਉਦਯੋਗਿਕ ਅਤੇ ਅਕਾਦਮਿਕ ਜਗਤ ਦੀਆਂ ਕਈ ਹੋਰ ਉੱਘੀਆਂ ਸ਼ਖ਼ਸੀਅਤਾਂ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।




# ਨਾਇਬ ਸਿੰਘ ਸੈਣੀ ਨੇ ਤਕਨੀਕੀ ਆਡਿਟ 'ਚ ਪਾਈਆਂ ਕਮੀਆਂ ਨੂੰ ਦੂਰ ਕਰਨ ਦੇ ਦਿੱਤੇ ਨਿਰਦੇਸ਼

**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਰਾਜ ਦੇ ਵੱਖ-ਵੱਖ ਇੰਜੀਨੀਅਰਿੰਗ ਵਿਭਾਗਾਂ ਵਿੱਚ ਗੁਣਵੱਤਾ ਭਰੋਸਾ ਅਥਾਰਟੀ ਵੱਲੋਂ ਕੀਤੇ ਗਏ ਤਕਨੀਕੀ ਆਡਿਟ ਦੌਰਾਨ ਸਾਹਮਣੇ ਆਈਆਂ ਕਮੀਆਂ ਅਤੇ ਬੇਨਿਯਮੀਆਂ ਨੂੰ ਗੰਭੀਰਤਾ ਨਾਲ ਲਿਆ ਹੈ। ਮੁੱਖ ਮੰਤਰੀ ਨੇ ਸਪੱਸ਼ਟ ਕਿਹਾ ਕਿ ਜਨਤਕ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਵਿੱਚ ਗੁਣਵੱਤਾ, ਜਵਾਬਦੇਹੀ ਅਤੇ ਪਾਰਦਰਸ਼ਤਾ ਯਕੀਨੀ ਬਣਾਉਣਾ ਰਾਜ ਸਰਕਾਰ ਦੀ ਸਰਵਉੱਚ ਤਰਜੀਹ ਹੈ ਅਤੇ ਗੁਣਵੱਤਾ ਭਰੋਸਾ ਅਥਾਰਟੀ ਵੱਲੋਂ ਦਿੱਤੀਆਂ ਗਈਆਂ ਟਿੱਪਣੀਆਂ ਅਤੇ ਨਤੀਜਿਆਂ 'ਤੇ ਸਬੰਧਤ ਵਿਭਾਗਾਂ ਵੱਲੋਂ ਤੁਰੰਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।ਸਮੀਖਿਆ ਤੋਂ ਬਾਅਦ ਲੋਕ ਨਿਰਮਾਣ ਵਿਭਾਗ (ਭਵਨ ਅਤੇ ਸੜਕਾਂ) ਦੇ ਤਿੰਨ ਅਧਿਕਾਰੀਆਂ ਅਤੇ ਵਿਕਾਸ ਤੇ ਪੰਚਾਇਤ ਵਿਭਾਗ ਦੇ ਤਿੰਨ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ, ਵੱਖ-ਵੱਖ ਵਿਭਾਗਾਂ ਦੇ ਕੁਝ ਹੋਰ ਅਧਿਕਾਰੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਹਨ। ਹਰਿਆਣਾ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਦੇ ਇੱਕ ਮਾਮਲੇ ਵਿੱਚ ਕੰਮ ਦੀ ਗੁਣਵੱਤਾ ਸਬੰਧੀ ਕਮੀਆਂ ਕਾਰਨ ਸਬੰਧਤ ਠੇਕੇਦਾਰ ਵਿਰੁੱਧ ਰਿਕਵਰੀ (ਵਸੂਲੀ) ਦੀ ਕਾਰਵਾਈ ਵੀ ਸ਼ੁਰੂ ਕਰ ਦਿੱਤੀ ਗਈ ਹੈ।ਮੁੱਖ ਮੰਤਰੀ ਪਿਛਲੇ ਦਿਨੀ ਚੰਡੀਗੜ੍ਹ ਵਿਖੇ ਗੁਣਵੱਤਾ ਭਰੋਸਾ ਅਥਾਰਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।

# ਬੇਗਮਪੁਰਾ ਟਾਈਗਰ ਫੋਰਸ ਨੇ ਮੋਦੀ ਸਰਕਾਰ ਤੇ ਰਵਨੀਤ ਬਿੱਟੂ ਦਾ ਫੂਕਿਆ ਪੁਤਲਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਗਮਪੁਰਾ ਟਾਈਗਰ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ, ਦੋਆਬਾ ਪ੍ਰਧਾਨ ਨੇਕੂ ਅਜਨੋਹਾਂ,ਜਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਅਤੇ ਬੰਟੀ ਹਰਿਆਣਾ ਬਲਾਕ ਪ੍ਰਧਾਨ ਹਲਕਾ ਸ਼ਾਮ ਚੁਰਾਸੀ ਦੀ ਪ੍ਰਧਾਨਗੀ ਹੇਠ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਡੀਜ਼ਲ, ਪੈਟਰੋਲ ਅਤੇ ਰਸੋਈ ਗੈਸ ਸਿਲੰਡਰਾਂ ਦੀਆਂ ਕੀਮਤਾਂ ਵਿੱਚ ਕੀਤੇ ਜਾ ਰਹੇ ਲਗਾਤਾਰ ਵਾਧੇ, ਡਾਲਰ ਦੇ ਮੁਕਾਬਲੇ ਭਾਰਤੀ ਕਰੰਸੀ ਦੇ ਲਗਾਤਾਰ ਡਿੱਗ ਰਹੇ ਮਿਆਰ ਅਤੇ ਭਾਜਪਾ ਆਗੂ ਰਵਨੀਤ ਸਿੰਘ ਬਿੱਟੂ ਵੱਲੋਂ ਪਿਛਲੇ ਦਿਨੀਂ ਐੱਸ ਸੀ ਸਮਾਜ ਪ੍ਰਤੀ ਵਰਤੀ ਗਈ ਕਥਿਤ ਭੱਦੀ ਸ਼ਬਦਾਵਲੀ ਦੇ ਵਿਰੋਧ ਵਿੱਚ ਬੇਗਮਪੁਰਾ ਟਾਈਗਰ ਫੋਰਸ ਵੱਲੋਂ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਚੌਕ ਨੇੜੇ ਬੱਸ ਸਟੈਂਡ ਹੁਸ਼ਿਆਰਪੁਰ ਵਿਖੇ ਮੋਦੀ ਸਰਕਾਰ, ਸਾਂਸਦ ਮੈਂਬਰ ਰਵਨੀਤ ਬਿੱਟੂ ਦਾ ਪੁਤਲਾ ਫੂਕਿਆ ਗਿਆ। ਫੋਰਸ ਦੇ ਆਗੂਆਂ ਅਤੇ ਵਰਕਰਾਂ ਨੇ ਮੋਦੀ ਸਰਕਾਰ ਅਤੇ ਭਾਜਪਾ ਦੇ ਖ਼ਿਲਾਫ਼ ਜੰਮ ਕੇ ਭੜਾਸ ਕੱਢੀ। ਉਹਨਾਂ ਕਿਹਾ ਕਿ ਦੇਸ਼ ਵਿੱਚ ਮਹਿੰਗਾਈ ਅਸਮਾਨੀਂ ਚੜ੍ਹ ਚੁੱਕੀ ਹੈ ਕਿ ਪੈਟਰੋਲ, ਡੀਜ਼ਲ ਅਤੇ ਘਰੇਲੂ ਸਿਲੰਡਰਾਂ ਦੇ ਰੇਟ ਵਧਣ ਕਾਰਨ ਗਰੀਬ ਅਤੇ ਮੱਧ ਵਰਗ ਦੇ ਲੋਕਾਂ ਦਾ ਜਿਊਣਾ ਮੁਹਾਲ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇੱਕ ਪਾਸੇ ਸਰਕਾਰ ਦੇਸ਼ ਦੇ ਵਿਕਾਸ ਦੇ ਵੱਡੇ-ਵੱਡੇ ਦਾਅਵੇ ਕਰ ਰਹੀ ਹੈ, ਜਦ ਕਿ ਦੂਜੇ ਪਾਸੇ ਅੰਤਰਰਾਸ਼ਟਰੀ ਪੱਧਰ 'ਤੇ ਡਾਲਰ ਦੇ ਮੁਕਾਬਲੇ ਰੁਪਿਆ ਲਗਾਤਾਰ ਕਮਜ਼ੋਰ ਹੋ ਰਿਹਾ ਹੈ, ਜੋ ਕਿ ਦੇਸ਼ ਲਈ ਬਹੁਤ ਮੰਦਭਾਗੀ ਗੱਲ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਪਨ ਬਸੀ ਕਲਾ, ਅਨਮੋਲ ਗੋਕਲ ਨਗਰ, ਅਮਨ, ਆਕਾਸ਼ ਸੁੰਦਰ ਨਗਰ, ਰਜੇਸ਼ ਸ੍ਰੀ ਗੁਰੂ ਰਵਿਦਾਸ ਨਗਰ, ਅੰਕੁਸ਼ ਨਿਊ ਫਤਿਹਗੜ੍ਹ, ਗੁਰਦੀਪ ਰਿਹਾਣਾ ਕਲਾਂ, ਕੁਲਵੰਤ ਰਿਹਾਣਾ ਕਲਾਂ, ਗੁਰਮੀਤ ਸਿੰਘ ਨਲੋਈਆ, ਰਵੀ ਬੁੱਲੋਵਾਲ, ਲੱਕੀ ਨਲੋਈਆ, ਗੁਰਮੁਖ ਨਲੋਈਆ ਚੌਂਕ, ਹੈਪੀ ਬਾਗਪੁਰ, ਰਾਮ ਮੂਰਤੀ ਸ਼ੇਰਪੁਰ, ਵੰਸ਼ ਮੁਸਤਾਪੁਰ ਕਪਾਹਟ, ਮੋਨੂੰ ਬਲਵੀਰ ਕਲੋਨੀ, ਬਿੱਲਾ ਬਾਗਪੁਰ, ਗੌਤਮ, ਦੀਪ, ਜੱਸੀ ਬਲਵੀਰ ਕਲੋਨੀ, ਮਨੀ, ਰਵੀ ਸੁੰਦਰ,ਨਿੱਕੂ ਸੁੰਦਰ ਨਗਰ, ਵਿਸ਼ਾਲ ਰਹੀਮਪੁਰ, ਰਾਜਵੀਰ ਚੌਟਾਲਾ, ਅਮਨਦੀਪ ਕੌਂਡਲਾ, ਰੋਹਿਤ ਬੱਧਣ ਨਾਰਾ, ਸੰਦੀਪ, ਗਗਨ ਨਾਰਾ, ਰਾਹੁਲ ਕਲੋਤਾ, ਰਮਨ, ਸੁਖਜਿੰਦਰ, ਰਵਿੰਦਰਾ, ਬਲਵੀਰ ਸਿੰਘ ਆਦਿ ਹਾਜ਼ਰ ਸਨ।

# ਨੀਟ ਪੇਪਰ ਲੀਕ ਹੋਣ 'ਤੇ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ

**ਨਵਾਂਸ਼ਹਿਰ (ਮਨੋਜ ਲਾਡੀ)**

ਨੀਟ ਪੇਪਰ ਲੀਕ ਮਾਮਲੇ ਵਿਚ ਕੇਂਦਰ ਸਰਕਾਰ ਦੀ ਗਲਤ ਨੀਤੀਆਂ ਖਿਲਾਫ਼ ਨਾਅਰੇਬਾਜੀ ਕਰਦਿਆਂ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੇ ਆਪਣੇ ਸਾਥੀਆਂ ਸਮੇਤ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸਾਹਮਣੇ ਰੋਸ ਪ੍ਰਦਰਸ਼ਨ ਕੀਤਾ। ਆਗੂਆਂ ਨੇ ਇਸ ਦਾ ਵਿਰੋਧ ਕਰਦਿਆਂ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ ਅਤੇ ਨਾਅਰੇਬਾਜ਼ੀ ਕਰਦਿਆਂ ਨੀਟ ਪ੍ਰੀਖਿਆ ਲੀਕ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਨ ਦੀ ਮੰਗ ਵੀ ਕੀਤੀ। ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਕਾਰਜਕਾਲ ਦੌਰਾਨ ਦੇਸ਼ ਦਾ ਸਿੱਖਿਆ ਪ੍ਰਬੰਧ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ ਅਤੇ ਨੀਟ ਵਰਗੀ ਵੱਕਾਰੀ ਪ੍ਰੀਖਿਆ ਦਾ ਪੇਪਰ ਲੀਕ ਹੋਣਾ ਬਹੁਤ ਹੀ ਗੰਭੀਰ ਮਾਮਲਾ ਹੈ। ਨੀਟ ਪ੍ਰੀਖਿਆ ਲਈ ਲੱਖਾਂ ਵਿਦਿਆਰਥੀ ਦਿਨ-ਰਾਤ ਮਿਹਨਤ ਕਰਦੇ ਹਨ ਅਤੇ ਉਨ੍ਹਾਂ ਦੇ ਮਾਪੇ ਵੀ ਆਪਣੇ ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਵੱਡੀਆਂ ਉਮੀਦਾਂ ਰੱਖਦੇ ਹਨ, ਪਰ ਪੇਪਰ ਲੀਕ ਵਰਗੀਆਂ ਘਟਨਾਵਾਂ ਨੇ ਮਿਹਨਤੀ ਵਿਦਿਆਰਥੀਆਂ ਦੇ ਸੁਪਨਿਆਂ ਨੂੰ ਤੋੜ ਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਇੱਕ ਪ੍ਰੀਖਿਆ ਦਾ ਮਾਮਲਾ ਨਹੀਂ, ਸਗੋਂ ਦੇਸ਼ ਦੇ ਭਵਿੱਖ ਨਾਲ ਜੁੜਿਆ ਵੱਡਾ ਘਪਲਾ ਹੈ। ਕੇਂਦਰ ਸਰਕਾਰ ਦੇ ਰਾਜ ਦੌਰਾਨ ਦੇਸ਼ ਦੇ ਵੱਖ-ਵੱਖ ਰਾਜਾਂ ਵਿਚ ਸਰਕਾਰੀ ਨੌਕਰੀਆਂ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇ ਪੇਪਰ ਲੀਕ ਹੋਣ ਦੀਆਂ ਘਟਨਾਵਾਂ ਲਗਾਤਾਰ ਸਾਹਮਣੇ ਆ ਰਹੀਆਂ ਹਨ, ਜਿਸ ਕਾਰਨ ਪ੍ਰੀਖਿਆ ਪ੍ਰਣਾਲੀ ਦੀ ਭਰੋਸੇਯੋਗਤਾ ਅਤੇ ਪਾਰਦਰਸ਼ਤਾ ਤੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ। ਉਨ੍ਹਾਂ ਮੰਗ ਕੀਤੀ ਕਿ ਇਸ ਪੂਰੇ ਮਾਮਲੇ ਦੀ ਨਿਰਪੱਖ ਅਤੇ ਉੱਚ ਪੱਧਰੀ ਜਾਂਚ ਕਰਵਾਈ ਜਾਵੇ ਅਤੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਜਦੋਂ ਤੱਕ ਨੀਟ ਪੇਪਰ ਲੀਕ ਮਾਮਲੇ ਦੇ ਪੀੜਤ ਵਿਦਿਆਰਥੀਆਂ ਨੂੰ ਇਨਸਾਫ਼ ਨਹੀਂ ਮਿਲਦਾ ਅਤੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਨਹੀਂ ਹੁੰਦੀ, ਉਦੋਂ ਤੱਕ ਕਾਂਗਰਸ ਪਾਰਟੀ ਦਾ ਸੰਘਰਸ਼ ਜਾਰੀ ਰਹੇਗਾ। ਇਸ ਰੋਸ ਪ੍ਰਦਰਸ਼ਨ ਵਿਚ ਕਾਂਗਰਸੀ ਆਗੂ ਹਰਜਿੰਦਰ ਸਿੰਘ ਜਾਡਲੀ, ਨਾਨਕ ਸਿੰਘ ਜੰਡੀ, ਕਮਲਜੀਤ ਬੰਗਾ, ਸੁਭਾਸ਼ ਪੌੜਵਾਲ, ਸਾਬਕਾ ਕੌਂਸਲਰ ਪ੍ਰਵੀਨ ਅਰੋੜਾ, ਸਾਬਕਾ ਕੌਂਸਲਰ ਬਲਵਿੰਦਰ ਤੂੰਬਲਾ, ਰਾਜਾ ਸਭਰਵਾਲ ਸਮੇਤ ਮਹਿਲਾ ਕਾਂਗਰਸ, ਯੂਥ ਕਾਂਗਰਸ, ਕਿਸਾਨ ਸੈੱਲ, ਐੱਸ ਸੀ ਸੈੱਲ, ਬੀ ਸੀ ਸੈੱਲ ਤੇ ਜ਼ਿਲ੍ਹਾ ਕਾਂਗਰਸ ਕਮੇਟੀ, ਬਲਾਕ ਕਾਂਗਰਸ ਦੇ ਸਮੂਹ ਅਹੁਦੇਦਾਰਾਂ ਅਤੇ ਵਰਕਰਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਮੁਸਲਿਮ ਸੰਗਠਨ ਪੰਜਾਬ ਨੇ ਗਾਂ ਨੂੰ ਰਾਸ਼ਟਰੀ ਪਸ਼ੂ ਐਲਾਨਣ ਲਈ ਦਿੱਤਾ ਮੰਗ ਪੱਤਰ



**ਜਲੰਧਰ (ਰਾਜੇਸ਼ ਥਾਪਾ)**- ਮੁਸਲਿਮ ਸੰਗਠਨ ਪੰਜਾਬ ਦੇ ਪ੍ਰਧਾਨ ਤੇ ਮਨੁੱਖੀ ਅਧਿਕਾਰ ਕਾਰਕੁਨ ਐਡਵੋਕੇਟ ਨਈਮ ਖਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਮੰਗ ਪੱਤਰ ਭੇਜ ਕੇ ਭਾਰਤ ਸਰਕਾਰ ਤੋਂ ਗਾਂ ਨੂੰ ਰਾਸ਼ਟਰੀ ਪਸ਼ੂ ਐਲਾਨਣ ਦੀ ਮੰਗ ਕੀਤੀ ਹੈ। ਮੰਗ ਪੱਤਰ ਨੂੰ ਡਿਪਟੀ ਕਮਿਸ਼ਨਰ ਜਲੰਧਰ ਵਰਜੀਤ ਵਾਲੀਆ ਰਾਹੀਂ ਪ੍ਰਧਾਨ ਮੰਤਰੀ ਦਫ਼ਤਰ ਨੂੰ ਭੇਜਣ ਦੀ ਬੇਨਤੀ ਕੀਤੀ ਗਈ ਹੈ।ਮੈਮੋਰੰਡਮ ਵਿੱਚ ਕਿਹਾ ਗਿਆ ਹੈ ਕਿ ਗਾਂ ਭਾਰਤ ਦੀ ਸੱਭਿਆਚਾਰਕ, ਧਾਰਮਿਕ, ਖੇਤੀਬਾੜੀ, ਆਰਥਿਕ ਅਤੇ ਵਾਤਾਵਰਣ ਵਿਰਾਸਤ ਦਾ ਇੱਕ ਮਹੱਤਵਪੂਰਨ ਹਿੱਸਾ ਰਹੀ ਹੈ। ਸੰਗਠਨ ਨੇ ਕਿਹਾ ਕਿ ਦੇਸ਼ ਦੀ ਵਿਭਿੰਨਤਾ ਅਤੇ ਏਕਤਾ ਨੂੰ ਮਜ਼ਬੂਤ ਕਰਨ ਲਈ ਵੱਖ-ਵੱਖ ਭਾਈਚਾਰਿਆਂ ਦੇ ਧਾਰਮਿਕ ਅਤੇ ਸੱਭਿਆਚਾਰਕ ਮੁੱਲਾਂ ਦਾ ਸਤਿਕਾਰ ਕਰਨਾ ਜ਼ਰੂਰੀ ਹੈ। ਮੈਮੋਰੰਡਮ ਵਿੱਚ ਮੰਗ ਕੀਤੀ ਗਈ ਸੀ ਕਿ ਸਰਕਾਰ ਗਾਂ ਨੂੰ ਰਾਸ਼ਟਰੀ ਪਸ਼ੂ ਦਾ ਦਰਜਾ ਦੇ ਕੇ ਉਸ ਦੀ ਰੱਖਿਆ ਅਤੇ ਸਤਿਕਾਰ ਲਈ ਜ਼ਰੂਰੀ ਵਿਧਾਨਕ ਅਤੇ ਪ੍ਰਸ਼ਾਸਕੀ ਕਦਮ ਚੁੱਕੇ।

## ਨਵਜੰਮੇ ਬੱਚਿਆਂ ਲਈ ਹਸਪਤਾਲ 'ਚ ਲਾਏ ਕੂਲਰ



**ਬੁਢਲਾਡਾ (ਅਸ਼ੋਕ ਲਾਕੜਾ)**-ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ ਵੱਲੋਂ ਗਰਮੀ ਦੇ ਮੌਸਮ ਨੂੰ ਦੇਖਦੇ ਹੋਏ ਸਰਕਾਰੀ ਹਸਪਤਾਲ ਦੇ ਤਿੰਨੋਂ ਜੱਚਾ ਬੱਚਾ ਵਾਰਡਾਂ ਵਿੱਚ ਨਵਜਨਮੇ ਬੱਚਿਆਂ ਦੀ ਸਹੂਲਤ ਲਈ ਕੂਲਰ ਰੱਖੇ ਗਏ। ਹਸਪਤਾਲ ਦੇ ਐਸ ਐਮ ਓ ਅਤੇ ਸਟਾਫ਼ ਵੱਲੋਂ ਸੰਸਥਾ ਦੇ ਇਸ ਭਲਾਈ ਕਾਰਜ ਦੀ ਸ਼ਲਾਘਾ ਕੀਤੀ ਗਈ ਅਤੇ ਧੰਨਵਾਦ ਕੀਤਾ ਗਿਆ।ਸੰਸਥਾ ਆਗੂ ਮਾਸਟਰ ਕੁਲਵੰਤ ਸਿੰਘ ਤੇ ਈ ਓ ਕੁਲਵਿੰਦਰ ਸਿੰਘ ਵਲੋਂ ਦੱਸਿਆ ਗਿਆ ਕਿ ਸਰਕਾਰੀ ਹਸਪਤਾਲ ਦੇ ਜੱਚਾ ਬੱਚਾ ਵਾਰਡਾਂ ਵਿੱਚ ਪੱਖੇ ਤਾਂ ਹਨ, ਪਰ ਤੇਜ਼ ਪੈ ਰਹੀ ਗਰਮੀ ਕਾਰਨ ਮਾਵਾਂ ਅਤੇ ਬੱਚੇ ਔਖੇ ਹੋ ਰਹੇ ਸਨ। ਮਾਤਾ ਗੁਜਰੀ ਜੀ ਭਲਾਈ ਕੇਂਦਰ ਵੱਲੋਂ ਪਿਛਲੇ ਸਾਲ ਇਸ ਮੁਸ਼ਕਲ ਨੂੰ ਦੇਖਦੇ ਹੋਏ ਕੂਲਰ ਰੱਖੇ ਗਏ ਸਨ ਜਿਨਾਂ ਨੂੰ ਸਰਦੀਆਂ ਵਿੱਚ ਉਠਾ ਲਿਆ ਗਿਆ ਸੀ ਹੁਣ ਉਹਨਾਂ ਦੀ ਸਰਵਿਸ ਕਰਾ ਕੇ ਨਵੀਆਂ ਮੋਟਰਾਂ ਪਵਾ ਕੇ ਇਹਨਾਂ ਕੂਲਰਾਂ ਨੂੰ ਦੁਬਾਰਾ ਫੇਰ ਇਹਨਾਂ ਨੰਨ੍ਹੇ ਬੱਚਿਆਂ ਦੇ ਵਾਰਡਾਂ ਵਿੱਚ ਰੱਖਿਆ ਗਿਆ ਹੈ।ਤਿੰਨੇ ਕੂਲਰਾਂ ਦੀਆਂ ਮੋਟਰਾਂ ਬਦਲਾਉਣ ਦੀ ਸੇਵਾ ਅਗਰਵਾਲ ਇੰਡਸਟਰੀ ਅਹਿਮਦਪੁਰ ਰੋਡ ਵੱਲੋਂ ਕੀਤੀ ਗਈ ਹੈ, ਸੰਸਥਾ ਵੱਲੋਂ ਉਨ੍ਹਾਂ ਦਾ ਧੰਨਵਾਦ ਕੀਤਾ ਜਾਂਦਾ ਹੈ।

## ਕਾਮਰੇਡ ਅਮੋਲਕ ਸਿੰਘ ਔਲਖ ਤੇ ਉਨ੍ਹਾਂ ਦੇ ਸਾਥੀਆਂ ਦਾ ਬਰਸੀ ਸਮਾਗਮ ਪਿੰਡ ਔਲਖ 'ਚ 7 ਨੂੰ




**ਕੋਟਕਪੂਰਾ (ਰਛਪਾਲ ਭੁੱਲਰ)**-ਪਿੰਡ ਗੰਜੀ ਗੁਲਾਬ ਸਿੰਘ ਵਿਖੇ 7 ਜੂਨ 1991 ਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਲਈ ਸ਼ਹਾਦਤ ਦਾ ਜਾਮ ਪੀਣ ਵਾਲੇ ਸ਼ਹੀਦ ਕਾਮਰੇਡ ਅਮੋਲਕ ਸਿੰਘ ਔਲਖ, ਬਲਜੀਤ ਸਿੰਘ ਔਲਖ, ਲਛਮਣ ਸਿੰਘ ਸਾਬਕਾ ਸਰਪੰਚ, ਮਹਿੰਦਰ ਸਿੰਘ ਹੈਡ ਕਾਂਸਟੇਬਲ, ਲਾਲ ਸਿੰਘ (ਬੁੱਧ ਸਿੰਘ ਵਾਲਾ), ਨਛੱਤਰ ਸਿੰਘ, (ਕੋਟਲਾ ਰਾਏਕਾ) ਅਤੇ ਮੁਖਤਿਆਰ ਸਿੰਘ, (ਅਰਾਈਆਵਾਲਾ ਕਲਾਂ) ਦਾ 35ਵਾਂ ਬਰਸੀ ਸਮਾਗਮ 7 ਜੂਨ ਨੂੰ ਪਿੰਡ ਔਲਖ ਵਿਖੇ ਸਵੇਰੇ 10-030 ਵਜੇ ਪੂਰੇ ਉਤਸ਼ਾਹ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ।ਪਾਰਟੀ ਦੇ ਜ਼ਿਲ੍ਹਾ ਕਾਰਜਕਾਰੀ ਸਕੱਤਰ ਪ੍ਰੇਮ ਚਾਵਲਾ, ਕਾਮਰੇਡ ਗੁਰਨਾਮ ਸਿੰਘ ਜ਼ਿਲ੍ਹਾ ਪ੍ਰਧਾਨ ਪੰਜਾਬ ਖੇਤ ਮਜ਼ਦੂਰ ਸਭਾ, ਕਾਮਰੇਡ ਵੀਰ ਸਿੰਘ ਕੰਮੇਆਣਾ, ਗੋਰਾ ਪਿਪਲੀ, (ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ) ਸੁਖਜਿੰਦਰ ਸਿੰਘ ਤੂੰਬੜਭੰਨ ਕੁੱਲ ਹਿੰਦ ਕਿਸਾਨ ਸਭਾ, ਵਿੱਤ ਸਕੱਤਰ ਗੁਰਚਰਨ ਸਿੰਘ ਮਾਨ, ਹਰਪਾਲ ਸਿੰਘ ਮਚਾਕੀ ਇੰਦਰਜੀਤ ਸਿੰਘ ਗਿੱਲ ਤੇ ਬਲਕਾਰ ਸਿੰਘ ਸਹੋਤਾ ਨੇ ਦੱਸਿਆ ਕਿ ਬਰਸੀ ਸਮਾਗਮ ਨੂੰ ਸੰਬੋਧਨ ਕਰਨ ਲਈ ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਕੌਂਸਲ ਮੈਂਬਰ ਤੇ ਸਾਬਕਾ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਅਤੇ ਕਾਮਰੇਡ ਹਰਦੇਵ ਅਰਸ਼ੀ ਸਾਬਕਾ ਵਿਧਾਇਕ, ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ।ਉਨ੍ਹਾਂ ਦੱਸਿਆ ਕਿ ਸਮਾਗਮ ਦੌਰਾਨ ਹਰਵਿੰਦਰ ਦੀਵਾਨਾ ਦੀ ਨਿਰਦੇਸ਼ਨਾ ਹੇਠ ਚੇਤਨਾ ਕਲਾ ਕੇਂਦਰ ਬਰਨਾਲਾ ਦੀ ਟੀਮ ਵੱਲੋਂ ਇਨਕਲਾਬੀ ਨਾਟਕ ਤੇ ਕੋਰੀਓਗ੍ਰਾਫ਼ੀਆਂ ਪੇਸ਼ ਕੀਤੀਆਂ ਜਾਣਗੀਆਂ।ਉਨ੍ਹਾਂ ਅੱਗੇ ਦੱਸਿਆ ਕਿ ਬਰਸੀ ਸਮਾਗਮ ਦੀਆਂ ਤਿਆਰੀਆਂ ਕਰਨ ਸਬੰਧੀ ਬ੍ਰਾਂਚ ਦੇ ਆਗੂ ਸੁਖਦਰਸ਼ਨ ਸ਼ਰਮਾ, ਬੋਹੜ ਸਿੰਘ ਔਲਖ, ਜਸਵੰਤ ਸਿੰਘ ਨਿੱਕਾ ਔਲਖ, ਸ਼ਿਵ ਕੁਮਾਰ ਸ਼ਰਮਾ, ਕੁਲਵੰਤ ਸਿੰਘ ਉਰਫ ਡੀ.ਸੀ, ਗੁਰਚਰਨ ਸਿੰਘ, ਰੁਪਿੰਦਰ ਕੌਰ ਔਲਖ ਦੀ ਅਗਵਾਈ ਹੇਠ ਪੂਰੀ ਟੀਮ ਵੱਲੋਂ ਪੂਰੇ ਜ਼ੋਰ-ਸ਼ੋਰ ਨਾਲ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

## ਪੈਟਰੋਲ-ਡੀਜ਼ਲ ਦੀਆਂ ਵਧਦੀਆਂ ਕੀਮਤਾਂ ਨਾਲ ਲੋਕਾਂ ਦਾ ਜੀਵਨ ਹੋਇਆ ਮੁਸ਼ਕਲ : ਸੰਧੂ



**ਸਨੌਰ/ਪਟਿਆਲਾ (ਰਜਿੰਦਰ ਸਿੰਘ ਥਿੰਦ)**-ਕੇਂਦਰ ਸਰਕਾਰ ਵੱਲੋਂ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਲਗਾਤਾਰ ਹੋ ਰਹੇ ਵਾਧੇ ਦੀ ਨਿੰਦਾ ਕਰਦਿਆਂ ਹਲਕਾ ਸੀਨੀਅਰ ਆਮ ਆਦਮੀ ਪਾਰਟੀ ਆਗੂ ਇੰਦਰਜੀਤ ਸਿੰਘ ਸੰਧੂ ਨੇ ਕਿਹਾ ਕਿ ਤੇਲ ਦੀਆਂ ਵਧਦੀਆਂ ਕੀਮਤਾਂ ਨੇ ਆਮ ਲੋਕਾਂ ਦੀ ਜ਼ਿੰਦਗੀ ਨੂੰ ਬਹੁਤ ਪ੍ਰਭਾਵਤ ਕੀਤਾ ਹੈ। ਉਨ੍ਹਾਂ ਕਿਹਾ ਕਿ ਪੈਟਰੋਲ ਤੇ ਡੀਜ਼ਲ ਹਰ ਵਰਗ ਦੀ ਜ਼ਰੂਰਤ ਹਨ ਅਤੇ ਇਨ੍ਹਾਂ ਦੀਆਂ ਕੀਮਤਾਂ ਵਿੱਚ ਵਾਧੇ ਦਾ ਸਿੱਧਾ ਅਸਰ ਮਹਿੰਗਾਈ 'ਤੇ ਪੈਂਦਾ ਹੈ।ਇੰਦਰਜੀਤ ਸਿੰਘ ਸੰਧੂ ਨੇ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਪੈਟਰੋਲ ਤੇ ਡੀਜ਼ਲ ਦੇ ਰੇਟਾਂ ਵਿੱਚ ਹੋ ਰਹੇ ਵਾਧੇ ਕਾਰਨ ਆਮ ਆਦਮੀ, ਕਿਸਾਨ, ਮਜ਼ਦੂਰ, ਛੋਟੇ ਵਪਾਰੀ ਤੇ ਟਰਾਂਸਪੋਰਟ ਸੈਕਟਰ ਨਾਲ ਜੁੜੇ ਲੋਕ ਬਹੁਤ ਪ੍ਰੇਸ਼ਾਨ ਹਨ।ਉਨ੍ਹਾਂ ਕਿਹਾ ਕਿ ਜਦੋਂ ਇੰਧਨ ਮਹਿੰਗਾ ਹੁੰਦਾ ਹੈ ਤਾਂ ਆਵਾਜਾਈ ਦਾ ਖਰਚ ਵਧਦਾ ਹੈ, ਜਿਸ ਕਾਰਨ ਰੋਜ਼ਾਨਾ ਵਰਤੋਂ ਦੀਆਂ ਵਸਤੂਆਂ ਦੇ ਭਾਅ ਵੀ ਵਧ ਜਾਂਦੇ ਹਨ।ਇਸ ਦਾ ਸਭ ਤੋਂ ਵੱਧ ਬੋਝ ਗਰੀਬ ਅਤੇ ਮੱਧ ਵਰਗ ਦੇ ਪਰਵਾਰਾਂ 'ਤੇ ਪੈਂਦਾ ਹੈ।ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਮਹਿੰਗਾਈ ਨੂੰ ਕਾਬੂ ਕਰਨ ਵਿੱਚ ਨਾਕਾਮ ਸਾਬਤ ਹੋ ਰਹੀ ਹੈ।ਲੋਕ ਪਹਿਲਾਂ ਹੀ ਬੇਰੁਜ਼ਗਾਰੀ ਤੇ ਵਧਦੇ ਖਰਚਿਆਂ ਨਾਲ ਜੂਝ ਰਹੇ ਹਨ, ਉੱਪਰੋਂ ਪੈਟਰੋਲ ਤੇ ਡੀਜ਼ਲ ਦੀਆਂ ਵਧਦੀਆਂ ਕੀਮਤਾਂ ਨੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਹੋਰ ਵਧਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਲੋਕ ਹਿਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇੰਧਨ 'ਤੇ ਲਾਏ ਜਾ ਰਹੇ ਟੈਕਸਾਂ ਵਿੱਚ ਕਟੌਤੀ ਕਰੇ ਤਾਂ ਜੁ ਆਮ ਲੋਕਾਂ ਨੂੰ ਰਾਹਤ ਮਿਲ ਸਕੇ।ਅੰਤ ਵਿੱਚ ਇੰਦਰਜੀਤ ਸਿੰਘ ਸੰਧੂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਤੁਰੰਤ ਕਮੀ ਕਰਕੇ ਲੋਕਾਂ ਨੂੰ ਮਹਿੰਗਾਈ ਤੋਂ ਰਾਹਤ ਦਿੱਤੀ ਜਾਵੇ, ਤਾਂ ਜੁ ਆਮ ਪਰਵਾਰਾਂ ਦਾ ਘਰੇਲੂ ਬਜਟ ਸੰਤੁਲਤ ਰਹਿ ਸਕੇ ਤੇ ਲੋਕਾਂ ਨੂੰ ਆਰਥਿਕ ਤੌਰ 'ਤੇ ਹੋ ਰਹੀ ਪ੍ਰੇਸ਼ਾਨੀ ਤੋਂ ਛੁਟਕਾਰਾ ਮਿਲ ਸਕੇ।

## ਪਲਾਸਟਿਕ ਦੇ ਮਾੜੇ ਪ੍ਰਭਾਵਾਂ ਲਈ ਕੀਤਾ ਪ੍ਰੋਗਰਾਮ




**ਅਬੋਹਰ (ਨਿਸ਼ਾ ਸ਼ਰਮਾ)**-ਖੇਤੀਬਾੜੀ ਵਿਗਿਆਨ ਕੇਂਦਰ ਦੀ ਟੀਮ ਵੱਲੋਂ ਪਿੰਡ ਗੋਬਿੰਦਗੜ੍ਹ ਵਿਖੇ ਖੇਤ ਬਚਾਓ ਅਭਿਆਨ ਤਹਿਤ ਸੰਤੁਲਤ ਉਰਵਰਕ ਵਰਤੋਂ ਤੇ ਸਿੰਗਲ ਯੂਜ਼ ਪਲਾਸਟਿਕ ਦੇ ਮਾੜੇ ਪ੍ਰਭਾਵਾਂ ਵਿਸ਼ੇ 'ਤੇ ਜਾਗਰੂਕਤਾ ਪ੍ਰੋਗਰਾਮ ਆਯੋਜਤ ਕੀਤਾ ਗਿਆ।ਪ੍ਰੋਗਰਾਮ ਵਿੱਚ ਕਿਸਾਨਾਂ ਨੂੰ ਮਿੱਟੀ ਦੀ ਸਿਹਤ ਬਣਾਈ ਰੱਖਣ ਲਈ ਸੰਤੁਲਤ ਖਾਦਾਂ ਦੀ ਵਰਤੋਂ ਤੇ ਸਿੰਗਲ ਯੂਜ਼ ਪਲਾਸਟਿਕ ਨਾਲ ਵਾਤਾਵਰਣ ਨੂੰ ਹੋਣ ਵਾਲੇ ਨੁਕਸਾਨ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।ਕੇ.ਵੀ.ਕੇ. ਟੀਮ ਦੇ ਮੈਂਬਰ ਪ੍ਰਿਥਵੀਰਾਜ, ਰਮੇਸ਼ ਕਾਂਟਵਾ ਤੇ ਕਿਸ਼ਨ ਪਟੇਲ ਨੇ ਕਿਸਾਨਾਂ ਨੂੰ ਜਾਗਰੂਕ ਕਰਦਿਆਂ ਵਾਤਾਵਰਣ ਸੰਭਾਲ ਤੇ ਟਿਕਾਊ ਖੇਤੀ ਅਪਣਾਉਣ ਦਾ ਸੁਨੇਹਾ ਦਿੱਤਾ।ਕਿਸਾਨਾਂ ਨੇ ਪ੍ਰੋਗਰਾਮ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ ਅਤੇ ਜਾਗਰੂਕਤਾ ਗਤੀਵਿਧੀਆਂ ਦੀ ਸ਼ਲਾਘਾ ਕੀਤੀ।

## ਮਾਈ ਭਾਰਤ ਕੇਂਦਰ ਤੇ ਜ਼ਿਲ੍ਹਾ ਰੂਰਲ ਯੂਥ ਕਲੱਬਜ਼ ਐਸੋਸੀਏਸ਼ਨ ਵੱਲੋਂ ਸਾਈਕਲ ਰੈਲੀ




**ਮਾਨਸਾ (ਆਤਮਾ ਸਿੰਘ ਪਮਾਰ)**-ਵਿਸ਼ਵ ਸਾਈਕਲ ਦਿਵਸ ਮੌਕੇ ਮਾਈ ਭਾਰਤ ਕੇਂਦਰ ਮਾਨਸਾ ਅਤੇ ਜ਼ਿਲ੍ਹਾ ਰੂਰਲ ਯੂਥ ਕਲੱਬਜ਼ ਐਸੋਸੀਏਸ਼ਨ ਮਾਨਸਾ ਦੇ ਸਾਂਝੇ ਉਪਰਾਲੇ ਤਹਿਤ ਇੱਕ ਵਿਸ਼ਾਲ ਸਾਈਕਲ ਰੈਲੀ ਦਾ ਆਯੋਜਨ ਕੀਤਾ ਗਿਆ। ਇਹ ਰੈਲੀ ਗਾਂਧੀ ਸੀਨੀਅਰ ਸੈਕੰਡਰੀ ਸਕੂਲ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਚੋਂ ਲੰਘੀ। ਰੈਲੀ 'ਚ ਨੌਜਵਾਨਾਂ, ਵਿਦਿਆਰਥੀਆਂ, ਕਲੱਬ ਮੈਂਬਰਾਂ ਅਤੇ ਵਲੰਟੀਅਰਾਂ ਨੇ ਉਤਸ਼ਾਹ ਨਾਲ ਭਾਗ ਲਿਆ।ਇਸ ਮੌਕੇ ਭਾਗੀਦਾਰਾਂ ਨੂੰ ਸਾਈਕਲਿੰਗ ਦੇ ਸਿਹਤ ਅਤੇ ਵਾਤਾਵਰਣ ਨਾਲ ਜੁੜੇ ਪ੍ਰਭਾਵਾਂ/ਲਾਭਾਂ ਬਾਰੇ ਜਾਣਕਾਰੀ ਦਿੱਤੀ ਗਈ। ਰੈਲੀ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ, ਨਿਯਮਿਤ ਕਸਰਤ ਕਰਨ ਅਤੇ ਪ੍ਰਦੂਸ਼ਣ ਮੁਕਤ ਵਾਤਾਵਰਣ ਲਈ ਸਾਈਕਲ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ ਸੀ।ਫੁੱਟਬਾਲ ਕੋਚ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਸਾਈਕਲ ਇੱਕ ਸਸਤਾ, ਸਿਹਤਮੰਦ ਅਤੇ ਵਾਤਾਵਰਣ ਪੱਖੀ ਆਵਾਜਾਈ ਦਾ ਸਾਧਨ ਹੈ, ਜਿਸ ਦੀ ਵਰਤੋਂ ਨਾਲ ਸਰੀਰਕ ਤੰਦਰੁਸਤੀ ਦੇ ਨਾਲ-ਨਾਲ ਵਾਤਾਵਰਣ ਦੀ ਸੰਭਾਲ 'ਚ ਵੀ ਮਹੱਤਵਪੂਰਨ ਯੋਗਦਾਨ ਪਾਇਆ ਜਾ ਸਕਦਾ ਹੈ।ਜ਼ਿਲ੍ਹਾ ਰੂਰਲ ਯੂਥ ਕਲੱਬਜ਼ ਐਸੋਸੀਏਸ਼ਨ ਮਾਨਸਾ ਦੇ ਪ੍ਰਧਾਨ ਰਜਿੰਦਰ ਕੁਮਾਰ ਮੋਨੀ ਵਰਮਾ ਨੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਸਾਈਕਲ ਦੀ ਵਰਤੋਂ ਕਰਨ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ 'ਚ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ। ਇਹ ਪ੍ਰੋਗਰਾਮ ਸਫਲਤਾ ਪੂਰਵਕ ਸੰਪੰਨ ਹੋਇਆ ਅਤੇ ਭਾਗੀਦਾਰਾਂ ਨੇ ਭਵਿੱਖ 'ਚ ਵੀ ਅਜਿਹੀਆਂ ਜਾਗਰੂਕਤਾ ਗਤੀਵਿਧੀਆਂ 'ਚ ਹਿੱਸਾ ਲੈਣ ਦਾ ਸੰਕਲਪ ਵੀ ਲਿਆ।

## ਮਦਰ ਟੱਚ ਸਕੂਲ 'ਚ ਬੱਚਿਆਂ ਦਾ ਬੈਲਟ ਟੈਸਟ




**ਲੁਧਿਆਣਾ (ਪੱਤਰ ਪ੍ਰੇਰਕ)**-ਲੁਧਿਆਣਾ ਦੇ ਮਦਰ ਟੱਚ ਸਕੂਲ ਵਿਚ ਬੱਚਿਆਂ ਦਾ ਬੈਲਟ ਟੈਸਟ ਹੋਇਆ। ਇਸ ਮੌਕੇ ਬਤੌਰ ਮੁੱਖ ਮਹਿਮਾਨ ਐੱਸ.ਐੱਚ.ਓ. ਦੀਪਿਕਾ ਪੁੱਜੇ ਅਤੇ ਉਨ੍ਹਾਂ ਦਾ ਸਕੂਲ ਪ੍ਰਿੰਸੀਪਲ ਜਸਰੀਨ ਕੌਰ ਤੇ ਕਰਾਟੇ ਕੋਚ ਰਾਹੁਲ ਕੁਮਾਰ ਨੇ ਨਿੱਘਾ ਸਵਾਗਤ ਕੀਤਾ। ਇਸ ਮੌਕੇ ਖਵਾਇਸ਼ ਮਹਾਜਨ ਨੇ ਪਰਪਲ ਬੈਲਟ, ਅਜੂਨੀ ਸੰਧੂ ਨੇ ਗਰੀਨ ਬੈਲਟ, ਮਾਇਰਾ ਛਾਬੜਾ, ਸਾਬਿਸ ਮਲਹੋਤਰਾ ਤੇ ਆਰਬ ਅਰੋੜਾ ਨੇ ਬਲਿਊ ਬੈਲਟ, ਓਮ, ਸ਼ਨਾਇਆ ਗਰਗ, ਆਹਾਨਾ ਅਰੋੜਾ, ਸਵਨਿਆ, ਅਕਾਲ ਵੀਰ ਤੇ ਆਨੰਦ ਅਰੋੜਾ ਨੇ ਯੈਲੋ ਬੈਲਟ ਅਤੇ ਨਾਵੀਸ ਗੋਇਲ ਨੇ ਔਰੇਂਜ ਬੈਲਟ ਪ੍ਰਾਪਤ ਕੀਤੀ। ਮੁੱਖ ਮਹਿਮਾਨ ਐੱਸ.ਐੱਚ.ਓ ਦੀਪਿਕਾ ਨੇ ਬੱਚਿਆਂ ਨੂੰ ਅੱਗੇ ਵਧਣ 'ਤੇ ਜਿੱਤ ਪ੍ਰਾਪਤ ਕਰਨ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।

# ਨੌਜਵਾਨ ਦੀ ਭੇਦਭਰੀ ਹਾਲਤ 'ਚ ਮੌਤ ਦੇ ਮਾਮਲੇ 'ਚ ਤਿੰਨ ਖਿਲਾਫ ਕੇਸ ਦਰਜ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਪਿੰਡ ਰਾਜਗੜ੍ਹ ਸੰਧੇਵਾਲ ਦੇ 24 ਸਾਲਾ ਨੌਜਵਾਨ ਲੱਖ ਨਿਰੰਜਨ ਉਰਫ਼ ਹਨੀ ਦੀ ਭੇਦਭਰੇ ਹਾਲਾਤ 'ਚ ਹੋਈ ਮੌਤ ਦੇ 14 ਦਿਨਾਂ ਬਾਅਦ ਮਵੀ ਪੁਲਿਸ ਚੌਕੀ ਵੱਲੋਂ ਤਿੰਨ ਜਣਿਆਂ ਖਿਲਾਫ ਐਨਡੀਪੀਸੀ ਤਹਿਤ ਮੁਕੱਦਮਾ ਦਰਜ ਕਰਕੇ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ।ਪੀੜਤ ਪਰਵਾਰ ਨੇ ਲੜਕੇ ਦੀ ਮੌਤ ਨਸ਼ੇ ਦੀ ਓਵਰਡੋਜ਼ ਦਿੱਤੇ ਜਾਣ ਦੀ ਗੱਲ ਪੁਲਸ ਪਾਸ ਰੱਖੀ ਸੀ, ਕਿਉਂਕਿ ਲੜਕਾ ਪਰਵਾਰ ਨੂੰ ਕਈ ਦਿਨਾਂ ਤੋਂ ਕੁੱਝ ਨਸ਼ੇ ਨਾਲ ਜੁੜੇ ਨੌਜਵਾਨਾਂ ਵਲੋਂ ਤੰਗ ਪ੍ਰੇਸ਼ਾਨ ਕੀਤੇ ਜਾਣ ਦੀ ਗੱਲ ਆਖ ਰਿਹਾ ਸੀ। ਜਾਣਕਾਰੀ ਅਨੁਸਾਰ 28 ਮਈ ਨੂੰ ਲੱਖ ਨਿਰੰਜਨ ਦੀ ਮੌਤ ਦੇ 8 ਦਿਨ ਬੀਤ ਜਾਣ ਬਾਅਦ ਇਨਸਾਫ਼ ਨਾ ਮਿਲਣ ਕਾਰਣ ਪਰਵਾਰ ਨੇ ਹਲਕਾ ਸ਼ੁਤਰਾਣਾ ਦੇ ਸਰਗਰਮ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਪਾਸ ਇਨਸਾਫ਼ ਲਈ ਗੁਹਾਰ ਲਾਉਣ ਮਗਰੋਂ ਕਥਿਤ ਦੋਸ਼ੀਆਂ ਖਿਲਾਫ ਕਾਨੂੰਨੀ ਕਾਰਵਾਈ ਲਈ ਡਾ. ਮੱਟੂ ਨੇ ਹਲਕੇ ਦੇ ਲੋਕਾਂ ਨੂੰ ਨਾਲ ਲੈ ਕੇ ਪੁਲਿਸ ਨੂੰ ਕਾਰਵਾਈ ਲਈ ਦਿੱਤੇ ਅਲਟੀਮੇਟਮ ਤੋਂ ਬਾਅਦ ਪੁਲਸ ਪ੍ਰਸ਼ਾਸ਼ਨ ਹਰਕਤ ਵਿੱਚ ਆਇਆ, ਜਿਸ ਤੋਂ ਬਾਅਦ ਪੁਲਸ ਨੇ ਨਸ਼ਿਆਂ ਦਾ ਕਰੋਬਾਰ ਕਰਨ ਵਾਲੇ 3 ਨੌਜਵਾਨਾਂ ਖਿਲਾਫ ਐਨਡੀਪੀਸੀ ਐਕਟ 1985 ਦੀ ਧਾਰਾ 21 ਤਹਿਤ ਮੁਕੱਦਮਾ ਦਰਜ ਕਰਕੇ ਕਥਿਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।ਪੁਲਸ ਚੌਕੀ ਮਵੀ ਕਲਾਂ ਵਿਖੇ ਪੀੜ੍ਹਤ ਪਰਵਾਰ ਨਾਲ ਪਹੁੰਚੇ ਡਾ ਮੱਟੂ ਨੂੰ ਪੁਲਿਸ ਵਲੋਂ ਕਥਿਤ ਦੋਸ਼ੀਆਂ ਖਿਲਾਫ ਕੀਤੀ ਕਾਰਵਾਈ ਬਾਰੇ ਜਾਣੂ ਕਰਵਾਇਆ, ਜਿਸ ਮਗਰੋਂ ਪਰਵਾਰ ਵਲੋਂ ਇਨਸਾਫ਼ ਲਈ ਕੀਤੇ ਜਾਣ ਵਾਲੇ ਰੋਸ ਪ੍ਰਦਰਸ਼ਨ ਨੂੰ ਮੁਲਤਵੀ ਕੀਤਾ ਗਿਆ।ਡਾ ਜਤਿੰਦਰ ਸਿੰਘ ਮੱਟੂ ਨੇ ਕਿਹਾ ਕਿ ਨਸ਼ਿਆਂ ਦਾ ਕਾਲਾ ਕਾਰੋਬਾਰ ਲੋਕਾਂ ਦੇ ਜਵਾਨ ਪੁੱਤਾਂ ਨੂੰ ਖਾ ਰਿਹਾ ਹੈ।ਅਜਿਹੇ ਵਿਅਕਤੀਆਂ ਖਿਲਾਫ ਪੁਲਸ ਪ੍ਰਸ਼ਾਸ਼ਨ ਨੂੰ ਸਖਤੀ ਨਾਲ ਨਜਿੱਠਣਾ ਚਾਹੀਦਾ ਹੈ ਤਾਂ ਜੁ ਇਸ ਜ਼ਹਿਰ ਨੂੰ ਹੋਰ ਫੈਲਣ ਤੋਂ ਰੋਕਿਆ ਜਾ ਸਕੇ।



ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਪੁਲਸ ਵਲੋਂ ਕੀਤੀ ਕਾਰਵਾਈ ਬਾਰੇ ਪੀੜਤ ਪਰਵਾਰ ਨੂੰ ਜਾਣੂ ਕਰਾਉਂਦੇ ਹੋਏ।

## ਇਟਕ ਵੱਲੋਂ ਸੇਵਾ ਕੇਂਦਰ ਮੁਲਾਜ਼ਮਾਂ ਦੇ ਸੰਘਰਸ਼ ਦੀ ਪੂਰਨ ਹਮਾਇਤ



**ਲੁਧਿਆਣਾ (ਨਜ਼ਸ)**-ਸੇਵਾ ਕੇਂਦਰ ਮੁਲਾਜ਼ਮਾਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਧਰਨਾ ਤੇ ਰੋਸ ਪ੍ਰਦਰਸ਼ਨ ਕੀਤਾ। ਧਰਨੇ ਨੂੰ ਏਟਕ ਲੁਧਿਆਣਾ ਦੇ ਜਨਰਲ ਸਕੱਤਰ ਐਮ ਐਸ ਭਾਟੀਆ ਤੇ ਸੀਨੀਅਰ ਮੀਤ ਪ੍ਰਧਾਨ ਕੇਵਲ ਸਿੰਘ ਬਨਵੈਤ ਨੇ ਸੰਬੋਧਨ ਕੀਤਾ।ਆਗੂਆਂ ਨੇ ਮੰਗ ਕੀਤੀ ਕਿ ਸੇਵਾ ਕੇਂਦਰ ਦੇ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨੂੰ ਮੰਨਿਆ ਜਾਵੇ ਤੇ ਠੇਕੇਦਾਰੀ ਪ੍ਰਬੰਧ ਖਤਮ ਕਰਕੇ ਸਰਕਾਰ ਇਨ੍ਹਾਂ ਨੂੰ ਰੈਗੂਲਰ ਰੁਜ਼ਗਾਰ ਦਵੇ।ਪੈਨਸ਼ਨ ਸਮੇਤ ਸਾਰੀਆਂ ਬਣਦੀਆਂ ਸਹੂਲਤਾਂ ਦਿੱਤੀਆਂ ਜਾਣ।ਹੋਰਨਾਂ ਤੋਂ ਇਲਾਵਾ ਮੋਲਡਰ ਅਤੇ ਸਟੀਲ ਵਰਕਰਜ ਯੂਨੀਅਨ ਦੇ ਪ੍ਰਧਾਨ ਹਰਜਿੰਦਰ ਸਿੰਘ ਤੇ ਪਲਸ ਮੰਚ ਦੇ ਆਗੂ ਕਸਤੂਰੀ ਲਾਲ ਨੇ ਵੀ ਸੰਬੋਧਨ ਕੀਤਾ। ਕਾਮਰੇਡ ਭਾਟੀਆ ਨੇ ਕਿਹਾ ਕਿ 4 ਜੂਨ ਨੂੰ ਯੂਨਾਈਟਡ ਫਰੰਟ ਆਫ ਟ੍ਰੇਡ ਯੂਨੀਅਨਜ ਲੁਧਿਆਣਾ, ਜਿਸ ਵਿੱਚ ਏਟਕ, ਸੀਟੂ, ਸੀਟੀਯੂ ਪੰਜਾਬ ਅਤੇ ਹੋਰ ਯੂਨੀਅਨਾਂ ਸ਼ਾਮਿਲ ਹਨ, ਦੀ ਮੀਟਿੰਗ ਸਵੇਰੇ 10. 30 ਵਜੇ ਪੰਜਾਬੀ ਭਵਨ ਦੇ ਕੋਲ ਸੱਦੀ ਗਈ ਹੈ, ਜਿਸ ਵਿੱਚ ਇਨ੍ਹਾਂ ਸੰਘਰਸ਼ ਕਰ ਰਹੇ ਮੁਲਾਜ਼ਮਾਂ ਨੂੰ ਸਮਰਥਨ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

## ਸੇਵਾ ਕੇਂਦਰ ਦੇ ਮੁਲਾਜ਼ਮਾਂ ਨੂੰ ਹਰ ਤਰ੍ਹਾਂ ਦਾ ਸਮਰਥਨ ਦੇਵਾਂਗੇ : ਟ੍ਰੇਡ ਯੂਨੀਅਨ ਆਗੂ

### ਮੁਲਾਜ਼ਮਾਂ ਦੀ ਹੜਤਾਲ ਦਸਵੇਂ ਦਿਨ 'ਚ ਹੋਈ ਦਾਖਲ



**ਲੁਧਿਆਣਾ (ਰੈਕਟਰ ਕਥੂਰੀਆ)**-ਯੂਨਾਈਟਿਡ ਫਰੰਟ ਆਫ ਟ੍ਰੇਡ ਯੂਨੀਅਨਜ਼ ਲੁਧਿਆਣਾ ਦੀ ਇੱਕ ਮੀਟਿੰਗ ਸਾਥੀ ਹਨੂਮਾਨ ਪ੍ਰਸਾਦ ਦੂਬੇ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪੰਜਾਬ ਵਿੱਚ ਸੇਵਾ ਕੇਂਦਰ ਦੇ ਮੁਲਾਜ਼ਮਾਂ ਵੱਲੋਂ ਚੱਲ ਰਹੇ ਸੰਘਰਸ਼ ਤੇ ਹੜਤਾਲ ਨੂੰ ਸਮਰਥਨ ਦੇਣ 'ਤੇ ਵਿਚਾਰ ਕੀਤਾ ਗਿਆ।ਮੀਟਿੰਗ ਵਿੱਚ ਏਟਕ ਵੱਲੋਂ ਐਮ ਐਸ ਭਾਟੀਆ ਤੇ ਕੇਵਲ ਸਿੰਘ ਬਣਵੈਤ, ਸੀਟੂ ਵੱਲੋਂ ਰਾਮ ਲਾਲ ਤੇ ਹਨੂਮਾਨ ਪ੍ਰਸਾਦ ਦੂਬੇ, ਸੀਟੀਯੂ ਪੰਜਾਬ ਵੱਲੋਂ ਜਗਦੀਸ਼ ਚੰਦ, ਮੋਲਡਰ ਐਂਡ ਸਟੀਲ ਵਰਕਰ ਯੂਨੀਅਨ ਵੱਲੋਂ ਹਰਜਿੰਦਰ ਸਿੰਘ, ਪਲਸ ਮੰਚ ਵੱਲੋਂ ਕਸਤੂਰੀ ਲਾਲ, ਰੋਡਵੇਜ਼ ਦੇ ਰਿਟਾਇਰ ਸਾਥੀਆਂ ਵੱਲੋਂ ਦਰਸ਼ਨ ਸਿੰਘ ਓਟਾਲ, ਐਕਟੂ ਵੱਲੋਂ ਜੈ ਪ੍ਰਕਾਸ਼ ਨਰਾਇਣ, ਪੱਲੇਦਾਰ ਯੂਨੀਅਨ ਵੱਲੋਂ ਕੁਲਦੀਪ ਸਿੰਘ ਕਿਲ੍ਹਾ ਰਾਏਪੁਰ ਤੋਂ ਇਲਾਵਾ ਜਮਹੂਰੀ ਕਿਸਾਨ ਸਭਾ ਵੱਲੋਂ ਰਘਬੀਰ ਸਿੰਘ ਬੈਨੀਪਾਲ ਤੇ ਬੀਕੇਯੂ ਉਗਰਾਹਾਂ ਵੱਲੋਂ ਜਸਬੀਰ ਸਿੰਘ ਨੇ ਹਿੱਸਾ ਲਿਆ।ਭਾਵੇਂ ਇੰਟਕ ਦੇ ਆਗੂ ਐਡਵੋਕੇਟ ਸਰਬਜੀਤ ਸਿੰਘ ਸਰਹਾਲੀ ਤੇ ਕੁੱਲ ਹਿੰਦ ਕਿਸਾਨ ਸਭਾ 1936 ਦੇ ਆਗੂ ਚਮਕੌਰ ਸਿੰਘ ਬਰਮੀ ਮੀਟਿੰਗ ਵਿੱਚ ਨਹੀਂ ਪਹੁੰਚ ਸਕੇ, ਪਰ ਉਨ੍ਹਾਂ ਵੀ ਆਪਣੇ ਸਮਰਥਨ ਦਾ ਐਲਾਨ ਕੀਤਾ ਹੈ।ਮੀਟਿੰਗ ਵਿੱਚ ਸੇਵਾ ਕੇਂਦਰ ਦੇ ਮੁਲਾਜ਼ਮਾਂ ਨੂੰ ਸਮਰਥਨ ਦੇਣ ਦਾ ਫੈਸਲਾ ਕੀਤਾ ਗਿਆ।ਇੱਕ ਹੋਰ ਫੈਸਲੇ ਅਨੁਸਾਰ 5 ਜੂਨ 2026 ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਨਾਂਅ ਡਿਪਟੀ ਕਮਿਸ਼ਨਰ ਰਾਹੀਂ ਮੰਗ ਪੱਤਰ ਦਿੱਤਾ ਜਾਵੇਗਾ, ਜਿਸ ਵਿੱਚ ਮੰਗ ਕੀਤੀ ਜਾਏਗੀ ਕਿ ਇਨ੍ਹਾਂ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਬਿਨਾਂ ਕਿਸੇ ਦੇਰੀ ਦੇ ਮੰਨੀਆਂ ਜਾਣ ਅਤੇ ਸਰਕਾਰ ਤੇ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਤਸ਼ੱਦਦ ਨੂੰ ਬੰਦ ਕੀਤਾ ਜਾਵੇ।ਮੀਟਿੰਗ ਉਪਰੰਤ ਸਾਰੇ ਆਗੂ ਸਾਥੀ ਨਵੀਂ ਕਚਹਿਰੀ ਵਿਖੇ ਸੇਵਾ ਕੇਂਦਰ ਦੇ ਬਾਹਰ ਧਰਨੇ 'ਤੇ ਬੈਠੇ ਸਾਥੀਆਂ ਕੋਲ ਗਏ ਤੇ ਉਥੇ ਉਨ੍ਹਾਂ ਨੇ ਸਾਥੀਆਂ ਨੂੰ ਸੰਬੋਧਨ ਕੀਤਾ।ਇਨ੍ਹਾਂ ਤੋਂ ਇਲਾਵਾ ਪੰਜਾਬੀ ਸਾਹਿਤ ਅਕਾਦਮੀ ਦੇ ਜਨਰਲ ਸਕੱਤਰ ਡਾ: ਗੁਲਜਾਰ ਸਿੰਘ ਪੰਧੇਰ ਨੇ ਵੀ ਆਪਣੇ ਸਮਰਥਨ ਦਾ ਐਲਾਨ ਕੀਤਾ। ਟਰੇਡ ਯੂਨੀਅਨ ਆਗੂ ਮਲਕੀਤ ਸਿੰਘ ਮਾਲੜਾ ਨੇ ਵੀ ਧਰਨੇ 'ਤੇ ਬੈਠੇ ਸਾਥੀਆਂ ਨੂੰ ਸੰਬੋਧਨ ਕੀਤਾ।

## ਕਚਹਿਰੀ ਕੰਪਲੈਕਸ 'ਚ 100 ਮੀਟਰ ਦੇ ਘੇਰੇ ਅੰਦਰ ਪਾਬੰਦੀ ਦੇ ਹੁਕਮ

**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਮੈਜਿਸਟ੍ਰੇਟ ਸ੍ਰੀਮਤੀ ਨਵਜੋਤ ਕੌਰ, ਆਈ.ਏ.ਐੱਸ. ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਅਤੇ ਕਚਹਿਰੀ ਕੰਪਲੈਕਸ ਵਿਖੇ 100 ਮੀਟਰ ਦੇ ਘੇਰੇ ਅੰਦਰ ਜਲੂਸ ਕੱਢਣ, ਜਲਸਾ ਕਰਨ, ਲਾਊਡ ਸਪੀਕਰ ਲਾ ਕੇ ਭਾਸ਼ਣ ਕਰਨ ਅਤੇ ਧਰਨੇ 'ਤੇ ਬੈਠਣ 'ਤੇ ਪਾਬੰਦੀ ਲਾਈ ਹੈ।



ਹੁਕਮ 'ਚ ਕਿਹਾ ਗਿਆ ਹੈ ਕਿ ਰਾਜਨੀਤਕ ਪਾਰਟੀਆਂ/ ਜਥੇਬੰਦੀਆਂ ਆਪਣੇ ਮੁੱਦਿਆਂ ਨੂੰ ਲੈ ਕੇ ਜਲੂਸ ਆਦਿ ਕੱਢਣ ਉਪਰੰਤ ਜ਼ਿਲ੍ਹਾ ਕਚਹਿਰੀ 'ਚ ਲਾਊਡ ਸਪੀਕਰ ਲਾ ਕੇ ਭਾਸ਼ਣ ਦਿੰਦੇ ਰਹਿੰਦੇ ਹਨ ਜਾਂ ਧਰਨਾ ਆਦਿ ਲਗਾ ਕੇ ਬੈਠ ਜਾਂਦੇ ਹਨ, ਜਿਸ ਨਾਲ ਅਮਨ ਤੇ ਸ਼ਾਂਤੀ 'ਚ ਵਿਘਨ ਪੈਂਦਾ ਹੈ ਅਤੇ ਸਰਕਾਰੀ ਕੰਮ 'ਚ ਰੁਕਾਵਟ ਪੈਂਦੀ ਹੈ, ਜਿਸ ਨਾਲ ਆਮ ਲੋਕਾਂ ਨੂੰ ਆਪਣੇ ਕੰਮ ਕਰਾਉਣ ਵਾਸਤੇ ਔਕੜ ਪੇਸ਼ ਆਉਂਦੀ ਹੈ।ਇਹ ਹੁਕਮ 31 ਜੁਲਾਈ ਤੱਕ ਲਾਗੂ ਰਹੇਗਾ।

## ਬਿਜਲੀ ਮੁਲਾਜ਼ਮਾਂ ਦੀ ਹੜਤਾਲ ਦੀ ਹਮਾਇਤ 'ਤੇ ਗ੍ਰਿਫ਼ਤਾਰੀਆਂ ਦੇਣਗੇ ਪੈਨਸ਼ਨਰ



**ਚੌਕੀਮਾਨ (ਇੰਜੀ ਬਲਬੀਰ ਸਿੰਘ ਮਾਨ)**-ਪਾਵਰਕੌਮ ਤੇ ਟਰਾਂਸਕੋ ਪੈਨਸ਼ਨ ਯੂਨੀਅਨ ਰਜਿ: ਪੰਜਾਬ ਸਬੰਧਤ ਏਟਕ ਦੀ ਹੰਗਾਮੀ ਮੀਟਿੰਗ ਪ੍ਰਧਾਨ ਰਾਧੇ ਸ਼ਾਮ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪਾਵਰਕਾਮ ਦੀ ਮੈਨੇਜਮੈਂਟ ਨਾਲ 30 ਜੂਨ ਨੂੰ ਹੋਈ ਮੀਟਿੰਗ ਦੌਰਾਨ ਬਣੀ ਆਪਸੀ ਸਹਿਮਤੀ ਲਾਗੂ ਨਾ ਕਰਨ ਅਤੇ ਮੈਨੇਜਮੈਂਟ ਦੁਆਰਾ ਟਾਲ ਮਟੋਲ ਦੀ ਨੀਤੀ ਅਪਣਾਉਣ ਤੇ ਸਖਤ ਨਿਖੇਧੀ ਕਰਦਿਆਂ ਫੈਸਲਾ ਕੀਤਾ ਕਿ ਬਿਜਲੀ ਏਕਤਾ ਮੰਚ ਸਾਂਝਾ ਫੋਰਮ ਅਤੇ ਪੈਨਸਰਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਸਬੰਧੀ 14 ਜੂਨ ਨੂੰ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਜ਼ੋਰਦਾਰ ਰੋਸ ਪ੍ਰਦਰਸ਼ਨ ਕਰਕੇ ਆਪ ਆਦਮੀ ਪਾਰਟੀ ਦੀ ਸਰਕਾਰ ਦੇ ਜੜਾਂ ਨੂੰ ਤੇਲ ਦੇਣ ਦਾ ਕੰਮ ਕੀਤਾ ਜਾਵੇਗਾ।ਪਾਵਰਕਾਮ ਦੀ ਮੈਨੇਜਮੈਂਟ ਦੁਆਰਾ ਮੰਨੀਆਂ ਹੋਈਆਂ ਮੰਗਾਂ ਲਾਗੂ ਨਾ ਕਰਨ, ਕੱਚੇ ਮੁਲਾਜ਼ਮਾਂ ਨੂੰ ਪੱਕੇ ਨਾ ਕਰਨ, ਕੈਸ਼ਲੈਸ ਸਕੀਮ ਚਾਲੂ ਨਾ ਕਰਨ, 200 ਰੁਪਏ ਜਜ਼ੀਆ ਟੈਕਸ ਨਾ ਬੰਦ ਕਰਨ, ਪੇ ਕਮਿਸ਼ਨ ਅਤੇ ਡੀਏ ਦੀਆਂ ਕਿਸ਼ਤਾਂ ਸਮੇਤ ਬਕਾਏ ਨਾ ਦੇਣ ਆਦਿ ਮੰਗਾਂ ਸਬੰਧੀ ਸਾਂਝੇ ਥੜੇ ਵੱਲੋਂ ਕੀਤੀ ਜਾ ਰਹੀ 16-17 ਜੂਨ ਦੀ ਦੋ ਦਿਨਾਂ ਹੜਤਾਲ ਦੇ ਸਮੇਂ ਪਾਵਰਕਾਮ ਦੇ ਮੁਲਾਜ਼ਮਾਂ ਦੀ ਹਮਾਇਤ ਦੇ ਵਿੱਚ ਪਾਵਰਕਾਮ ਤੇ ਟਰਾਂਸਕੋ ਪੈਨਸ਼ਨ ਯੂਨੀਅਨ ਦੇ ਆਗੂ ਤੇ ਮੈਂਬਰ ਵੱਡੀ ਗਿਣਤੀ ਵਿੱਚ ਡੀ ਸੀ ਦਫ਼ਤਰਾਂ ਦੇ ਅੱਗੇ ਰੋਸ ਪ੍ਰਦਰਸ਼ਨ ਕਰਕੇ ਕਾਲੇ ਝੰਡੇ ਲੈ ਕੇ ਆਪਣੇ ਆਪ ਨੂੰ ਗ੍ਰਿਫ਼ਤਾਰ ਕਰਾਉਣ ਲਈ ਜੇਲ ਭਰੋ ਅੰਦੋਲਨ ਵਿੱਚ ਭਾਗ ਲੈਣਗੇ।ਪ੍ਰਧਾਨ ਰਾਧੇ ਸ਼ਾਮ ਸੀਨੀਅਰ ਮੀਤ ਪ੍ਰਧਾਨ ਕੇਵਲ ਸਿੰਘ ਬਨਵੈਤ ਵਰਕਿੰਗ ਪ੍ਰਧਾਨ ਚਮਕੌਰ ਸਿੰਘ ਬਰਮੀ ਵਰਕਿੰਗ ਜਨਰਲ ਸਕੱਤਰ ਨਰਿੰਦਰ ਕੁਮਾਰ ਬੱਲ ਨੇ ਮੈਨੇਜਮੈਂਟ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸੇਵਾਮੁਕਤ ਮੁਲਾਜ਼ਮਾਂ ਨੂੰ ਬਿਨਾਂ ਸ਼ਰਤ 23 ਸਾਲਾ ਤਰੱਕੀ, ਐਚ ਆਰ ਡਾਟੇ ਕੰਪਲੀਟ ਕਰਕੇ ਪਰਵਾਰਕ ਪੈਨਸ਼ਨਰਾਂ ਦਾ ਬਕਾਇਆ, ਫੈਮਿਲੀ ਪੈਨਸ਼ਨਾਂ ਦੀ ਮੌਤ ਤੋਂ ਬਾਅਦ ਬਕਾਏ ਲੈਣ ਲਈ ਵਾਰਸਾਂ ਦਾ ਨਿਰਧਾਰਤ ਕਰਨਾ ਆਦਿ। ਮੰਗਾਂ 'ਤੇ ਬਣੀ ਹੋਈ ਸਹਿਮਤੀ ਮੁਤਾਬਕ ਜੇਕਰ ਆਉਣ ਵਾਲੀ ਮੀਟਿੰਗ ਵਿੱਚ ਮਸਲੇ ਹੱਲ ਨਾ ਕੀਤੇ ਤਾਂ ਸਾਂਝੇ ਥੜੇ ਦੀ ਨੁਮਾਇੰਦਗੀ ਵਿੱਚ ਤਿਖੇ ਸੰਘਰਸ਼ ਲਈ ਪੈਨਸ਼ਨਰ ਮਜਬੂਰ ਹੋਣਗੇ। ਇਸ ਲਈ ਪੰਜਾਬ ਦੇ ਪ੍ਰਧਾਨ ਸਕੱਤਰਾਂ ਦੀ ਮਹੀਨਾਵਾਰ ਮੀਟਿੰਗ ਦੌਰਾਨ ਫੈਸਲਾ ਕੀਤਾ ਕਿ ਸਾਂਝੇ ਤੌਰ 'ਤੇ ਕੀਤੇ ਜਾ ਰਹੇ ਘੋਲ ਵਿੱਚ 14 ਜੂਨ ਨੂੰ ਸੰਗਰੂਰ ਵਿਖੇ ਪੰਜਾਬ ਪੱਧਰੀ ਧਰਨਾ ਦੇ ਕੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਚੱਲਦਾ ਕਰਨ ਲਈ ਉਹਦੇ ਜੜ੍ਹੀਂ ਤੇਲ ਦੇਣ ਦਾ ਕੰਮ ਕੀਤਾ ਜਾਵੇਗਾ।ਪਾਵਰਕਾਮ ਦੇ ਮੁਲਾਜ਼ਮਾਂ ਵੱਲੋਂ 16 ਤੇ 17 ਜੂਨ ਨੂੰ ਆਪਣੀਆਂ ਹੱਕੀ ਤੇ ਜਾਇਜ ਮੰਗਾਂ ਦੀ ਪ੍ਰਾਪਤੀ ਲਈ ਕੀਤੀ ਜਾ ਰਹੀ ਹੜਤਾਲ ਦੀ ਹਮਾਇਤ ਕਰਦਿਆਂ ਸਮੂਹ ਪੈਨਸ਼ਨਰਾਂ ਨੇ ਫੈਸਲਾ ਲਿਆ ਕਿ ਇਸ ਦਿਨ ਜ਼ਿਲ੍ਹਾ ਪੱਧਰੀ ਧਰਨੇ ਦੇ ਕੇ ਆਪਣੇ ਆਪ ਨੂੰ ਗ੍ਰਿਫ਼ਤਾਰੀਆਂ ਦੇਣ ਲਈ ਸਮਰਪਤ ਕਰਕੇ ਜੇਲ ਭਰੋ ਅੰਦੋਲਨ ਕੀਤਾ ਜਾਵੇਗਾ।

## ਮਾਸਟਰ ਕੇਡਰ ਯੂਨੀਅਨ ਦੀ ਸੂਬਾ ਪੱਧਰੀ ਮੀਟਿੰਗ ਅੱਜ



**ਮੋਗਾ (ਇਕਬਾਲ ਸਿੰਘ ਖਹਿਰਾ)**-ਮਾਸਟਰ ਕੇਡਰ ਯੂਨੀਅਨ ਦੇ ਸੂਬਾ ਪ੍ਰਧਾਨ ਬਲਜਿੰਦਰ ਧਾਲੀਵਾਲ, ਸੂਬਾ ਜਨਰਲ ਸਕੱਤਰ ਗੁਰਮੀਤ ਸਿੰਘ ਭੁੱਲਰ, ਸਰਪਰਸਤ ਗੁਰਪ੍ਰੀਤ ਸਿੰਘ ਰਿਆੜ, ਸੀਨੀਅਰ ਆਗੂ ਹਰਮਿੰਦਰ ਉੱਪਲ, ਜੋਇੰਟ ਸਕੱਤਰ ਦਲਜੀਤ ਸਿੰਘ ਸਬਰਵਾਲ, ਸਹਾਇਕ ਵਿੱਤ ਸਕੱਤਰ ਸੁਖਰਾਜ ਸਿੰਘ ਬੁੱਟਰ, ਸੀਨੀਅਰ ਮੀਤ ਪ੍ਰਧਾਨ ਹਰਬੰਸ ਲਾਲ, ਅਮਰਵਰ ਸਿੰਘ ਗੁਰਦਾਸਪੁਰ, ਬਲਜਿੰਦਰ ਸ਼ਾਂਤਪੁਰੀ, ਜਥੇਬੰਦਕ ਸਕੱਤਰ ਹਰ ਸੇਵਕ ਸਿੰਘ ਸਾਧੂਵਾਲਾ, ਸੂਬਾ ਪ੍ਰੈੱਸ ਸਕੱਤਰ ਰਾਜਪਾਲ ਸਿੰਘ ਮੀਡੀਆ ਕੋਆਰਡੀਨੇਟਰ ਅਮਨਦੀਪ ਸਿੰਘ ਨੇ ਦੱਸਿਆ ਕਿ ਮਾਸਟਰ ਕੇਡਰ ਯੂਨੀਅਨ ਦੀਆਂ ਜਾਇਜ਼ ਮੰਗਾਂ ਨੂੰ ਹੱਲ ਕਰਾਉਣ ਵਾਸਤੇ 5 ਜੂਨ ਨੂੰ ਮੋਗਾ ਵਿਖੇ ਸੂਬਾ ਪੱਧਰੀ ਮੀਟਿੰਗ ਰੱਖੀ ਗਈ ਹੈ। ਮੀਟਿੰਗ ਵਿੱਚ ਸੂਬੇ ਦੇ ਸਾਰੇ ਜ਼ਿਲ੍ਹਾ ਪ੍ਰਧਾਨ, ਜ਼ਿਲ੍ਹਾ ਜਨਰਲ ਸਕੱਤਰ ਤੇ ਸਟੇਟ ਕਮੇਟੀ ਮੈਂਬਰ ਵੱਡੀ ਗਿਣਤੀ 'ਚ ਮੀਟਿੰਗ ਵਿੱਚ ਸ਼ਮੂਲੀਅਤ ਕਰਨਗੇ ਤੇ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮਾਸਟਰ ਕੇਡਰ ਯੂਨੀਅਨ ਪੰਜਾਬ ਦੀਆਂ ਜਾਇਜ਼ ਮੰਗਾਂ ਨੂੰ ਹੱਲ ਕਰਾਉਣ ਵਾਸਤੇ ਸੰਘਰਸ਼ਾਂ ਦੀ ਰੂਪਰੇਖਾ ਉਲੀਕੀ ਜਾਵੇਗੀ। ਮਾਸਟਰ ਕੇਡਰ ਯੂਨੀਅਨ ਦੇ ਸੂਬਾ ਆਗੂਆਂ ਨੇ ਹੋਰ ਵਿਸਥਾਰ 'ਚ ਦੱਸਿਆ ਹੈ ਕਿ ਸਿੱਖਿਆ ਮੰਤਰੀ ਅਧਿਆਪਕਾਂ ਦੀਆਂ ਮੰਗਾਂ ਪ੍ਰਤੀ ਸੰਜੀਦਾ ਨਹੀਂ ਹੈ। ਪੰਜਾਬ ਸਰਕਾਰ ਵੱਲੋਂ ਜਿੱਥੇ ਡੀ.ਏ ਦੀਆਂ ਬਕਾਇਆ ਕਿਸ਼ਤਾਂ ਦੇਣ ਤੋਂ ਸਰਕਾਰ ਭੱਜ ਰਹੀ ਹੈ ਪੇਂਡੂ ਭੱਤਾ, ਬਾਰਡਰ ਅਲਾਊਂਸ, ਪੁਰਾਣੀ ਪੈਨਸ਼ਨ, ਏਸੀਪੀ ਆਦਿ ਵਿੱਤੀ ਮੰਗਾਂ ਨੂੰ ਵੀ ਸਰਕਾਰ ਵੱਲੋਂ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ। ਇਸ ਦੇ ਨਾਲ-ਨਾਲ ਪੰਜਾਬ ਸਰਕਾਰ ਵੱਲੋਂ ਅਧਿਆਪਕਾਂ ਤੋਂ ਗੈਰ ਵਿਦਿਅਕ ਡਿਊਟੀਆਂ ਕਰਾ ਕੇ ਅਧਿਆਪਕਾਂ ਨੂੰ ਮਾਨਸਿਕ ਪਰੇਸ਼ਾਨ ਕੀਤਾ ਜਾ ਰਿਹਾ ਹੈ ਤੇ ਸਿੱਖਿਆ ਕ੍ਰਾਂਤੀ ਦਾ ਨਾਰਾ ਲੈ ਕੇ ਆਉਣ ਵਾਲੀ ਸਰਕਾਰ ਹਰ ਫੀਲਡ ਵਿੱਚ ਫੇਲ੍ਹ ਹੋ ਚੁੱਕੀ ਹੈ।ਬੇਲੋੜੇ ਪ੍ਰੋਜੈਕਟ ਸ਼ੁਰੂ ਕਰਕੇ ਸਿੱਖਿਆ ਦਾ ਨਾਸ਼ ਮਾਰ ਚੁੱਕੀ ਸਰਕਾਰ ਅਧਿਆਪਕਾਂ ਤੇ ਮਾਨਸਿਕ ਬੋਝ ਨੂੰ ਵਧਾਵਾ ਦੇ ਰਹੀ ਹੈ।ਇਨ੍ਹਾਂ ਸਾਰਿਆਂ ਮਸਲਿਆਂ ਨੂੰ ਨਜਿੱਠਣ ਵਾਸਤੇ ਪੰਜਾਬ ਸਰਕਾਰ ਖਿਲਾਫ ਮਾਸਟਰ ਕੇਡਰ ਯੂਨੀਅਨ ਵੱਲੋਂ 05 ਜੂਨ ਦੀ ਮੀਟਿੰਗ ਵਿੱਚ ਸੰਘਰਸ਼ ਦੀ ਰੂਪ ਰੇਖਾ ਉਲੀਕੀ ਜਾਵੇਗੀ ਤੇ ਸਰਕਾਰ ਖਿਲਾਫ ਤਿੱਖੇ ਸੰਘਰਸ਼ ਆਉਣ ਵਾਲੇ ਦਿਨਾਂ 'ਚ ਵਿੱਢੇ ਜਾਣਗੇ।

## ਪੰਚਾਇਤੀ ਤੌਰ 'ਤੇ ਮਸਲਾ ਸੁਲਝਣ ਨਾਲ ਪੁਲਸ ਖ਼ਿਲਾਫ਼ ਕਾਮਰੇਡਾਂ ਦਾ ਧਰਨਾ ਸਮਾਪਤ



**ਮੰਡੀ ਘੁਬਾਇਆ/ ਜਲਾਲਾਬਾਦ (ਬਲਵਿੰਦਰ ਸਿੰਘ )**-ਸ਼ਹੀਦ ਭਗਤ ਸਿੰਘ ਯੂਥ ਕਲੱਬ ਘੁਬਾਇਆ ਦੇ ਪ੍ਰਧਾਨ ਅਤੇ ਸਰਬ ਭਾਰਤ ਨੌਜਵਾਨ ਸਭਾ ਜ਼ਿਲ੍ਹਾ ਫਾਜ਼ਿਲਕਾ ਦੇ ਮੀਤ ਪ੍ਰਧਾਨ ਸਾਥੀ ਬਲਵਿੰਦਰ ਘੁਬਾਇਆ ਅਤੇ ਉਸ ਦੀ ਪਤਨੀ ਸਰੋਜ ਰਾਣੀ 'ਤੇ ਨਜਾਇਜ਼ ਤੌਰ 'ਤੇ ਸਦਰ ਥਾਣਾ ਜਲਾਲਾਬਾਦ ਅਧੀਨ ਪੈਂਦੀ ਚੌਕੀ ਘੁਬਾਇਆ ਵਿਖੇ ਚੋਰੀ ਦਾ ਮੁਕੱਦਮਾ ਦਰਜ ਕਰਨ ਖ਼ਿਲਾਫ਼ ਦੂਜੇ ਦਿਨ ਲਗਾਤਾਰ ਸੀ ਪੀ ਆਈ ਦੀ ਅਗਵਾਈ 'ਚ ਧਰਨਾ ਜਾਰੀ ਰਿਹਾ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਰਿੰਦਰ ਢੰਡੀਆਂ,ਹੰਸ ਰਾਜ ਗੋਲਡਨ, ਪਰਮਜੀਤ ਢਾਬਾਂ ਨੇ ਦੱਸਿਆ ਕਿ ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਵੱਲੋਂ ਮਸਲਾ ਹੱਲ ਨਾ ਹੋਣ ਖ਼ਿਲਾਫ਼ ਜ਼ਿਲ੍ਹਾ ਪੁਲਿਸ ਮੁਖੀ ਦਾ ਪੁਤਲਾ ਫੂਕਣ ਦਾ ਐਲਾਨ ਕੀਤਾ ਗਿਆ ਸੀ। ਦੂਜੇ ਦਿਨ ਪੁਲਿਸ ਚੌਕੀ ਘੁਬਾਇਆ ਸਾਹਮਣੇ ਸੈਂਕੜਿਆਂ ਦੀ ਗਿਣਤੀ ਵਿੱਚ ਜੁੜੇ ਪਾਰਟੀ ਵਰਕਰਾਂ ਅਤੇ ਹਮਦਰਦਾਂ ਨੇ ਏਨਾ ਜੋਸ਼ ਦਿਖਾਇਆ ਕਿ ਉਹਨਾਂ ਨੇ ਪੰਜਾਬ ਪੁਲਿਸ ਅਤੇ ਸੱਤਾ ਧਿਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਆਗੂਆਂ ਨੇ ਦੱਸਿਆ ਕਿ ਪੁਲਿਸ ਦੇ ਉੱਚ ਅਧਿਕਾਰੀਆਂ ਵੱਲੋਂ ਇਸ ਮਾਮਲੇ ਨੂੰ ਸੁਲਝਾਉਣ ਲਈ ਪਹਿਲ ਕਦਮੀ ਕਰਦਿਆਂ ਦੂਜੀ ਧਿਰ ਨੂੰ ਬੁਲਾ ਕੇ ਦੋਨਾਂ ਧਿਰਾਂ ਦਾ ਆਪਸੀ ਮਸਲਾ ਸੁਲਝਾ ਦਿੱਤਾ। ਪੁਲਿਸ ਨੇ ਵਿਸ਼ਵਾਸ ਦਿਵਾਇਆ ਕਿ ਪੰਚਾਇਤ ਦੇ ਬਿਆਨ ਦੇ ਆਧਾਰ 'ਤੇ ਮੁਕੱਦਮੇ ਵਿੱਚ ਸ਼ਾਮਲ ਬਲਵਿੰਦਰ ਸਿੰਘ ਅਤੇ ਉਸ ਦੀ ਪਤਨੀ ਨੂੰ ਡਿਸਚਾਰਜ ਕਰਨ ਦੀ ਕਾਰਵਾਈ ਪਾ ਦਿੱਤੀ ਜਾਵੇਗੀ ਅਤੇ ਇਸ ਤੋਂ ਬਾਅਦ ਦੋਨਾਂ ਧਿਰਾਂ ਦਾ ਮਿਲ ਬੈਠ ਕੇ ਮੁਕੰਮਲ ਤੌਰ 'ਤੇ ਰਾਜ਼ੀਨਾਮਾ ਕਰਵਾਇਆ ਜਾਵੇਗਾ।ਇਸ ਤੋਂ ਬਾਅਦ ਧਰਨਾ ਖਤਮ ਕਰ ਦਿੱਤਾ ਗਿਆ। ਇਸ ਮੌਕੇ ਹੋਰਾਂ ਤੋਂ ਇਲਾਵਾ ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਅਸ਼ੋਕ ਕੰਬੋਜ, ਸਰਬ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸ਼ੁਬੇਗ ਝੰਗੜਭੈਣੀ, ਜ਼ਿਲ੍ਹਾ ਸਕੱਤਰ ਹਰਭਜਨ ਛੱਪੜੀ ਵਾਲਾ, ਨਰਿੰਦਰ ਢਾਬਾਂ, ਹਰਜੀਤ ਢੰਡੀਆਂ, ਗੁਰਦਿਆਲ ਢਾਬਾਂ, ਸੋਨਾ ਧੁੰਨਕੀਆਂ, ਸੰਦੀਪ ਜੋਧਾ, ਰਾਜਵਿੰਦਰ ਨਿਊਲਾ, ਤੇਜਾ ਅਮੀਰ ਖਾਸ, ਕੁਲਦੀਪ ਬੱਖੂਸ਼ਾਹ, ਬਲਵੰਤ ਚੋਹਾਣਾ, ਅਰਵੀਨ ਢਾਬਾਂ, ਰਾਜ ਚੱਕ ਖੀਵਾ ਅਤੇ ਪ੍ਰੇਮ ਸਿੰਘ ਨੇ ਵੀ ਸੰਬੋਧਨ ਕੀਤਾ।

## ਕਿਰਾਏਦਾਰਾਂ ਦਾ ਵੇਰਵਾ ਥਾਣੇ 'ਚ ਦਰਜ ਕਰਾਉਣ ਦੇ ਹੁਕਮ

**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਮੈਜਿਸਟਰੇਟ ਸ੍ਰੀਮਤੀ ਨਵਜੋਤ ਕੌਰ, ਆਈ.ਏ.ਐੱਸ. ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਕਾਨ ਮਾਲਕਾਂ ਤੇ ਮਕਾਨਾਂ ਦੇ ਇੰਚਾਰਜ ਵਿਅਕਤੀਆਂ ਨੂੰ ਇਹ ਹੁਕਮ ਜਾਰੀ ਕੀਤਾ ਹੈ ਕਿ ਉਨ੍ਹਾਂ ਵੱਲੋਂ ਜੋ ਵੀ ਮਕਾਨ ਕਿਰਾਏ 'ਤੇ ਦਿੱਤੇ ਹੋਣ ਜਾਂ ਭਵਿੱਖ ਵਿਚ ਦਿੱਤੇ ਜਾਣੇ ਹਨ, ਉਨ੍ਹਾਂ 'ਚ ਰਹਿਣ ਵਾਲੇ ਕਿਰਾਏਦਾਰ ਵਿਅਕਤੀਆਂ ਦਾ ਨਾਂਅ ਤੇ ਮੁਕੰਮਲ ਵੇਰਵਾ ਆਪਣੇ ਇਲਾਕੇ ਦੇ ਥਾਣੇ/ਪੁਲਸ ਚੌਕੀ 'ਚ ਤੁਰੰਤ ਦਰਜ ਕਰਾਉਣ।ਹੁਕਮ ਵਿੱਚ ਕਿਹਾ ਗਿਆ ਹੈ ਕਿ ਸਮਾਜ ਵਿਰੋਧੀ ਅਨਸਰਾਂ ਵੱਲੋਂ ਮਕਾਨ ਕਿਰਾਏ 'ਤੇ ਲੈ ਕੇ ਸਮਾਜ ਵਿਰੋਧੀ ਕਾਰਵਾਈਆਂ ਕਰਨ ਦਾ ਅੰਦੇਸ਼ਾ ਹੈ ਕਿ ਜਿਸ ਨਾਲ ਲੋਕਾਂ ਦੀ ਜਾਨ ਮਾਲ ਨੂੰ ਖਤਰਾ ਹੋ ਸਕਦਾ ਹੈ ਤੇ ਸਰਕਾਰੀ ਪ੍ਰਾਈਵੇਟ ਸੰਪਤੀ ਨੂੰ ਨੁਕਸਾਨ ਪਹੁੰਚ ਸਕਦਾ ਹੈ, ਅਮਨ ਕਾਨੂੰਨ ਦੀ ਸਥਿਤੀ ਵੀ ਭੰਗ ਹੋ ਸਕਦੀ ਹੈ ਤੇ ਦੰਗੇ ਆਦਿ ਭੜਕ ਸਕਦੇ ਹਨ।ਇਸ ਲਈ ਅਜਿਹੀਆਂ ਕਾਰਵਾਈਆਂ ਨੂੰ ਰੋਕਣ ਲਈ ਫੌਰੀ ਕਦਮ ਚੁੱਕੇ ਜਾਣ ਦੀ ਲੋੜ ਹੈ।ਇਹ ਹੁਕਮ 31 ਜੁਲਾਈ ਤੱਕ ਲਾਗੂ ਰਹੇਗਾ।

## ਨਿਸ਼ਾਨਦੇਹੀ ਦੀ ਨਕਲ ਨਾ ਦੇਣ 'ਤੇ ਕਿਸਾਨਾਂ ਕੀਤੀ ਸੜਕ ਜਾਮ



**ਭੀਖੀ (ਧਰਮਵੀਰ ਸ਼ਰਮਾ)**-ਨੇੜਲੇ ਪਿੰਡ ਮੋਜੋ ਖੁਰਦ ਵਿਖੇ ਮਾਲ ਵਿਭਾਗ ਵੱਲੋਂ ਜ਼ਮੀਨ ਦੀ ਕੀਤੀ ਨਿਸ਼ਾਨਦੇਹੀ ਦੀ ਨਕਲ ਬਿਨੈਕਾਰ ਕਿਸਾਨ ਨੂੰ ਮੁਹੱਈਆ ਨਾ ਕਰਵਾਉਣ ਕਾਰਨ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਪਹਿਲਾਂ ਸਬ ਤਹਿਸੀਲ ਭੀਖੀ ਵਿਖੇ ਰੋਸ ਧਰਨਾ ਦਿੱਤਾ ਗਿਆ, ਉਪਰੰਤ ਸ਼ਹਿਰ ਵਿੱਚੋਂ ਗੁਜ਼ਰਦੇ ਰਾਜਮਾਰਗ 'ਤੇ ਆਵਾਜਾਈ ਨੂੰ ਰੋਕ ਕੇ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਯੂਨੀਅਨ ਆਗੂ ਜਗਜੀਤ ਸਿੰਘ ਧਲੇਵਾਂ ਨੇ ਦੱਸਿਆ ਕਿ ਨੇੜਲੇ ਪਿੰਡ ਮੋਜੋਂ ਖੁਰਦ ਦੇ ਕਿਸਾਨ ਕੁਲਦੀਪ ਸਿੰਘ ਪੁੱਤਰ ਗੁਰਜੰਟ ਸਿੰਘ ਵੱਲੋਂ ਜ਼ਮੀਨ ਦੀ ਨਿਸ਼ਾਨਦੇਹੀ ਲਈ ਭੀਖੀ ਤਹਿਸੀਲ ਵਿਖੇ ਅਰਜ਼ੀ ਪੱਤਰ ਕੀਤਾ ਸੀ, ਪ੍ਰੰਤੂ ਮਾਲ ਵਿਭਾਗ ਵੱਲੋਂ ਸਮੇਂ ਸਿਰ ਉਸ ਦੀ ਬੇਨਤੀ 'ਤੇ ਕਾਰਵਾਈ ਨਹੀਂ ਕੀਤੀ ਗਈ, ਉਪਰੰਤ ਭਾਰਤੀ ਕਿਸਾਨ ਯੂਨੀਅਨ ਵੱਲੋਂ ਕਿਸਾਨ ਦੇ ਹੱਕ ਵਿੱਚ ਖੜਨ ਉਪਰੰਤ ਨਿਸ਼ਾਨਦੇਹੀ ਤਾਂ ਕਰ ਦਿੱਤੀ, ਪ੍ਰੰਤੂ ਹਾਲੇ ਤੱਕ ਉਸ ਦੀ ਕਾਪੀ ਬਿਨੈਕਾਰ ਨੂੰ ਨਹੀਂ ਦਿੱਤੀ ਗਈ। ਵਿਭਾਗ ਤੋਂ ਕਾਪੀ ਹਾਸਲ ਕਰਨ ਲਈ ਅੱਜ ਯੂਨੀਅਨ ਵੱਲੋਂ ਪਹਿਲਾਂ ਸਬ ਤਹਿਸੀਲ ਵਿਖੇ ਧਰਨਾ ਪ੍ਰਦਰਸ਼ਨ ਕਰਕੇ ਕਾਨੂੰਨਗੋ ਤੋਂ ਨਿਸ਼ਾਨਦੇਹੀ ਦੀ ਨਕਲ ਹਾਸਲ ਕਰਨ ਲਈ ਪਹੁੰਚ ਕੀਤੀ, ਪ੍ਰੰਤੂ ਵਿਭਾਗ ਦੇ ਕੰਨ 'ਤੇ ਜੂੰ ਨਹੀਂ ਸਰਕੀ, ਉਪਰੰਤ ਭੀਖੀ ਸੁਨਾਮ ਸੜਕ ਨੂੰ ਜਾਮ ਕਰਕੇ ਰੋਸ ਕੀਤਾ ਗਿਆ। ਉਨ੍ਹਾਂ ਕਿਹਾ ਕਿ ਵਿਭਾਗ ਇੱਕ ਵੱਡੇ ਅਧਿਕਾਰੀ ਦੇ ਦਬਾਅ ਕਾਰਨ ਕਿਸਾਨ ਨੂੰ ਨਕਲ ਮੁਹੱਈਆ ਨਹੀਂ ਕਰਵਾ ਰਿਹਾ। ਉਧਰ ਪੁਲਸ ਪ੍ਰਸ਼ਾਸਨ ਵੱਲੋਂ ਡੀਐੱਸਪੀ ਹਰਜਿੰਦਰ ਸਿੰਘ ਗਿੱਲ ਦੇ ਭਰੋਸੇ ਕਿ ਅਗਾਮੀ ਇੱਕ ਦੋ ਦਿਨਾਂ ਵਿੱਚ ਮਾਲ ਵਿਭਾਗ ਵੱਲੋਂ ਨਕਲ ਦੇ ਦਿੱਤੀ ਜਾਵੇਗੀ, ਦੇ ਭਰੋਸੇ 'ਤੇ ਸੜਕ ਤੋਂ ਧਰਨਾ ਚੁੱਕਿਆ ਗਿਆ। ਇਸ ਸਬੰਧੀ ਜਦੋਂ ਨਾਇਬ ਤਹਿਸੀਲਦਾਰ ਤੇ ਕਾਨੂੰਨਗੋ ਤੋਂ ਜਾਣਕਾਰੀ ਹਾਸਲ ਕਰਨੀ ਚਾਹੀ ਤਾਂ ਉਨ੍ਹਾਂ ਨੇ ਫੋਨ ਨਹੀਂ ਉਠਾਇਆ। ਰੋਸ ਧਰਨੇ ਵਿੱਚ ਮਹਿੰਦਰ ਸਿੰਘ ਭੈਣੀਬਾਘਾ, ਰਾਜਪਾਲ ਸਿੰਘ ਅਲੀਸ਼ੇਰ, ਮਨਜੀਤ ਸਿੰਘ ਮਾਖਾ, ਗੁਰਮੀਤ ਸਿੰਘ ਭੂਪਾਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਤੇ ਯੂਨੀਅਨ ਕਾਰਕੁੰਨ ਮੌਜੂਦ ਸਨ।

## ਸੰਜੀਵ ਮੈਨਨ ਲਾਇਨਜ਼ ਡਿਸਟ੍ਰਿਕਟ 321-ਐਫ ਦਾ ਡਿਪਟੀ ਗਵਰਨਰ ਨਿਯੁਕਤ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਐਮਜੇਐਫ ਲਾਇਨ ਸੰਜੀਵ ਮੈਨਨ, ਜੋ ਲਾਇਨਜ਼ ਕਲੱਬ ਸੁਨਾਮ ਰਾਇਲਜ਼ ਦੇ ਸੀਨੀਅਰ ਮੈਂਬਰ ਅਤੇ ਇੱਕ ਸਮਾਜ ਸੇਵੀ ਹਨ, ਨੂੰ ਲਾਇਨਜ਼ ਡਿਸਟ੍ਰਿਕਟ 321-ਐਫ ਦਾ ਡਿਪਟੀ ਗਵਰਨਰ ਨਿਯੁਕਤ ਕੀਤਾ ਗਿਆ ਹੈ।ਇਸ ਮਹੱਤਵਪੂਰਨ ਨਿਯੁਕਤੀ ਨਾਲ ਕਲੱਬ ਤੇ ਖੇਤਰ ਦੇ ਲਾਇਨ ਮੈਂਬਰਾਂ ਵਿੱਚ ਖੁਸ਼ੀ ਦੀ ਲਹਿਰ ਹੈ।ਐਮਜੇਐਫ ਲਾਇਨ ਸੰਜੀਵ ਮੈਨਨ ਨੇ ਜ਼ਿਲ੍ਹਾ ਗਵਰਨਰ ਐਮਜੇਐਫ ਲਾਇਨ ਅਜੈ ਗੋਇਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਉਨ੍ਹਾਂ 'ਤੇ ਭਰੋਸਾ ਰੱਖਿਆ ਹੈ ਤੇ ਉਨ੍ਹਾਂ ਨੂੰ ਇਹ ਮਹੱਤਵਪੂਰਨ ਜ਼ਿੰਮੇਵਾਰੀ ਸੌਂਪੀ ਹੈ।ਉਹ ਇਸ ਲਈ ਤਹਿ ਦਿਲੋਂ ਧੰਨਵਾਦੀ ਹਨ। ਲਾਇਨ ਸੰਜੀਵ ਮੈਨਨ ਨੇ ਕਿਹਾ ਕਿ ਮੈਂ ਜ਼ਿਲ੍ਹਾ ਗਵਰਨਰ ਐਮਜੇਐਫ ਲਾਇਨ ਅਜੈ ਗੋਇਲ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਮੈਨੂੰ ਇਸ ਮਹੱਤਵਪੂਰਨ ਅਹੁਦੇ ਦੇ ਯੋਗ ਸਮਝਿਆ।ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ ਕਿ ਮੈਂ ਇਸ ਜ਼ਿੰਮੇਵਾਰੀ ਨੂੰ ਪੂਰੀ ਵਫ਼ਾਦਾਰੀ, ਇਮਾਨਦਾਰੀ ਤੇ ਸਮਰਪਣ ਨਾਲ ਨਿਭਾਵਾਂਗਾ ਤੇ ਜ਼ਿਲ੍ਹਾ 321-ਐਫ ਦੇ ਵਿਕਾਸ ਅਤੇ ਲਾਇਨਜ਼ ਦੇ ਸੇਵਾ ਕਾਰਜ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਲਈ ਸਭ ਤੋਂ ਵਧੀਆ ਯੋਗਦਾਨ ਪਾਵਾਂਗਾ।



## ਚਾਰ ਵਿਦਿਆਰਥੀਆਂ ਨੇ ਐੱਚ ਐੱਮ ਈ ਐੱਲ ਦੇ ਸੁਪਰ 100 ਪ੍ਰੋਗਰਾਮ ਨਾਲ ਜੇ ਈ ਈ ਐਡਵਾਂਸ ਕੀਤਾ ਕੁਆਲੀਫਾਈ

**ਤਲਵੰਡੀ ਸਾਬੋ (ਜਗਦੀਪ ਗਿੱਲ)**-ਸੀਮਤ ਸਾਧਨਾਂ, ਆਰਥਿਕ ਤੰਗੀਆਂ ਤੇ ਸਧਾਰਨ ਪਰਿਵਾਰਕ ਪਿਛੋਕੜ ਦੇ ਬਾਵਜੂਦ ਜੇਕਰ ਹੌਸਲੇ ਬੁਲੰਦ ਹੋਣ ਤੇ ਸਹੀ ਮਾਰਗਦਰਸ਼ਨ ਮਿਲ ਜਾਵੇ ਤਾਂ ਕੋਈ ਵੀ ਸੁਪਨਾ ਅਸੰਭਵ ਨਹੀਂ ਰਹਿੰਦਾ।ਇਸ ਗੱਲ ਨੂੰ ਬਠਿੰਡਾ ਦੇ ਸਰਕਾਰੀ ਸਕੂਲਾਂ ਦੇ ਚਾਰ ਹੋਣਹਾਰ ਵਿਦਿਆਰਥੀਆਂ ਨੇ ਸਾਬਤ ਕਰ ਦਿੱਤਾ ਹੈ, ਜਿਨ੍ਹਾਂ ਨੇ ਦੇਸ਼ ਦੀਆਂ ਸਭ ਤੋਂ ਮੁਸ਼ਕਲ ਇੰਜੀਨੀਅਰਿੰਗ ਦਾਖਲਾ ਪ੍ਰੀਖਿਆਵਾਂ ਵਿੱਚੋਂ ਇੱਕ ਜੇਈਈ ਐਡਵਾਂਸ 2026 ਨੂੰ ਕਵਾਲੀਫਾਈ ਕਰਕੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ ਹੈ।ਇਹ ਸਫ਼ਲਤਾ ਸਿਰਫ਼ ਇਨ੍ਹਾਂ ਵਿਦਿਆਰਥੀਆਂ ਦੀ ਨਿੱਜੀ ਪ੍ਰਾਪਤੀ ਨਹੀਂ, ਸਗੋਂ ਹਜ਼ਾਰਾਂ ਪੇਂਡੂ ਤੇ ਆਰਥਿਕ ਤੌਰ 'ਤੇ ਕਮਜ਼ੋਰ ਪਰਵਾਰਾਂ ਲਈ ਪ੍ਰੇਰਣਾ ਹੈ।ਇਨ੍ਹਾਂ ਵਿੱਚੋਂ ਬਹੁਤੇ ਵਿਦਿਆਰਥੀ ਅਜਿਹੇ ਪਰਿਵਾਰਾਂ ਨਾਲ ਸਬੰਧਤ ਹਨ ਜਿੱਥੇ ਮਾਪੇ ਖੇਤੀਬਾੜੀ, ਮਜ਼ਦੂਰੀ ਜਾਂ ਛੋਟੇ-ਮੋਟੇ ਕੰਮ ਕਰਕੇ ਪਰਵਾਰ ਦਾ ਗੁਜ਼ਾਰਾ ਕਰਦੇ ਹਨ।ਇਹ ਨੌਜਵਾਨ ਆਪਣੇ ਪਰਿਵਾਰਾਂ ਵਿੱਚ ਇੰਜੀਨੀਅਰ ਬਣਨ ਵੱਲ ਕਦਮ ਵਧਾਉਣ ਵਾਲੀ ਪਹਿਲੀ ਪੀੜ੍ਹੀ ਬਣ ਰਹੇ ਹਨ। ਇਸ ਉਪਲਬਧੀ ਦੇ ਪਿੱਛੇ ਐਚਐਮਈਐਲ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਤੇ ਸੀਐਸਆਰਐਲ (ਸੈਂਟਰ ਫਾਰ ਸੋਸ਼ਲ ਰਿਸਪਾਂਸਬਿਲਿਟੀ ਐਂਡ ਲੀਡਰਸ਼ਿਪ), ਦਿੱਲੀ ਵੱਲੋਂ ਚਲਾਇਆ ਜਾ ਰਿਹਾ ਨੈਸ਼ਨਲ ਸੁਪਰ 100 ਪ੍ਰੋਗਰਾਮ ਅਹਿਮ ਭੂਮਿਕਾ ਨਿਭਾ ਰਿਹਾ ਹੈ।ਇਸ ਪਹਿਲ ਤਹਿਤ ਚੁਣੇ ਗਏ ਵਿਦਿਆਰਥੀਆਂ ਨੂੰ 11 ਮਹੀਨਿਆਂ ਦੀ ਮੁਫ਼ਤ ਰਿਹਾਇਸ਼ੀ ਕੋਚਿੰਗ, ਰਹਿਣ-ਸਹਿਣ, ਖਾਣ-ਪੀਣ ਤੇ ਪੜ੍ਹਾਈ ਲਈ ਲੋੜੀਂਦੀ ਸਮੱਗਰੀ ਮੁਹੱਈਆ ਕਰਾਈ ਜਾਂਦੀ ਹੈ ਤਾਂ ਜੁ ਆਰਥਿਕ ਕਮਜ਼ੋਰੀ ਕਿਸੇ ਵੀ ਪ੍ਰਤਿਭਾ ਦੇ ਸੁਪਨਿਆਂ ਦੇ ਰਾਹ ਵਿੱਚ ਰੁਕਾਵਟ ਨਾ ਬਣੇ। ਜੇਈਈ ਐਡਵਾਂਸ ਕਵਾਲੀਫਾਈ ਕਰਨ ਵਾਲੇ ਵਿਦਿਆਰਥੀਆਂ 'ਚ ਅਨਮੋਲਪ੍ਰੀਤ ਸਿੰਘ (ਸ਼ਹੀਦ ਸੰਦੀਪ ਸਿੰਘ ਸਰਕਾਰੀ ਸਕੂਲ, ਪਰਸ ਰਾਮ ਨਗਰ), ਅਭੈ ਸਾਮਾ (ਮੈਰੀਟੋਰੀਅਸ ਸਕੂਲ, ਬਠਿੰਡਾ), ਪ੍ਰਭਜੋਤ ਸਿੰਘ (ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭੁੱਚੋ ਮੰਡੀ) ਤੇ ਕਿਸ਼ਨਾ ਬਾਈ (ਮੈਰੀਟੋਰੀਅਸ ਸਕੂਲ, ਬਠਿੰਡਾ) ਸ਼ਾਮਲ ਹਨ।ਇਨ੍ਹਾਂ ਵਿਦਿਆਰਥੀਆਂ ਦੀ ਚੋਣ ਸਾਲ 2025 ਵਿੱਚ ਕਰਵਾਈ ਗਈ ਨੈਸ਼ਨਲ ਸੁਪਰ 100 ਪ੍ਰਵੇਸ਼ ਪ੍ਰੀਖਿਆ ਰਾਹੀਂ ਹੋਈ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਦਿੱਲੀ ਸਥਿਤ ਸੀਐਸਆਰਐਲ ਕੇਂਦਰ ਵਿੱਚ ਭੇਜਿਆ ਗਿਆ, ਜਿੱਥੇ ਮਾਹਿਰ ਅਧਿਆਪਕਾਂ ਦੀ ਨਿਗਰਾਨੀ ਹੇਠ ਜੇਈਈ ਮੇਨਜ਼ ਅਤੇ ਜੇਈਈ ਐਡਵਾਂਸ ਦੀ ਤਿਆਰੀ ਕਰਾਈ ਗਈ।ਸਕੂਲ ਵਿੱਚ ਹੋਏ ਸੁਪਰ 100 ਟੈਸਟ ਵਿੱਚ ਭਾਗ ਲੈਣ ਤੋਂ ਬਾਅਦ ਉਨ੍ਹਾਂ ਦੀ ਚੋਣ ਹੋਈ ਅਤੇ ਦਿੱਲੀ ਵਿੱਚ ਦੇਸ਼ ਭਰ ਤੋਂ ਆਏ ਹੋਣਹਾਰ ਵਿਦਿਆਰਥੀਆਂ ਨਾਲ ਪੜ੍ਹਨ ਦਾ ਮੌਕਾ ਮਿਲਿਆ।ਇਸ ਨਾਲ ਉਨ੍ਹਾਂ ਦਾ ਆਤਮ-ਵਿਸ਼ਵਾਸ ਅਤੇ ਗਿਆਨ ਦੋਵੇਂ ਵਧੇ ਅਤੇ ਅੱਜ ਉਹ ਮਾਣਯੋਗ ਐਨਆਈਟੀ ਤੋਂ ਇੰਜੀਨੀਅਰਿੰਗ ਕਰਨ ਦਾ ਸੁਪਨਾ ਦੇਖ ਰਹੇ ਹਨ।

## ਡੀ ਐੱਸ ਪੀ ਨੇ ਸ਼ਹਿਰ ਦਾ ਲਿਆ ਜਾਇਜ਼ਾ



**ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)**-ਨਗਰ ਕੌਂਸਲ ਚੋਣਾਂ ਤੋਂ ਬਾਅਦ ਸ਼ਹਿਰ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਡੀ.ਐੱਸ.ਪੀ. ਮੁਰਾਦ ਜਸਵੀਰ ਸਿੰਘ ਗਿੱਲ ਨੇ ਸ਼ਹਿਰ ਦੇ ਬਾਜ਼ਾਰਾਂ ਦਾ ਦੌਰਾ ਕੀਤਾ। ਇਸ ਦੌਰਾਨ ਉਹ ਦੁਕਾਨਦਾਰ ਯੂਨੀਅਨਾਂ ਦੇ ਪ੍ਰਧਾਨਾਂ ਦੀਆਂ ਦੁਕਾਨਾਂ 'ਤੇ ਪਹੁੰਚੇ ਤੇ ਵਪਾਰੀਆਂ ਦਾ ਹਾਲ-ਚਾਲ ਜਾਣਿਆ।ਡੀ.ਐੱਸ.ਪੀ. ਗਿੱਲ ਨੇ ਵਪਾਰੀਆਂ ਨੂੰ ਭਰੋਸਾ ਦਿਵਾਇਆ ਕਿ ਉਹ ਕਿਸੇ ਵੀ ਸਮੇਂ, ਕਿਸੇ ਵੀ ਕੰਮ ਲਈ ਬਿਨਾਂ ਕਿਸੇ ਝਿਜਕ ਤੇ ਡਰ ਦੇ ਮੇਰੇ ਦਫ਼ਤਰ ਆ ਸਕਦੇ ਹਨ।ਹਰ ਵਿਅਕਤੀ ਨੂੰ ਪੂਰਾ ਸਤਿਕਾਰ ਤੇ ਇਨਸਾਫ਼ ਦਿੱਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ ਹਨ ਕਿ ਪੁਲਸ ਪ੍ਰਸ਼ਾਸਨ ਲੋਕਾਂ ਨਾਲ ਸਿੱਧਾ ਸੰਪਰਕ ਬਣਾ ਕੇ ਰੱਖੇ, ਤਾਂ ਜੋ ਲੋਕ ਬਿਨਾਂ ਕਿਸੇ ਸੰਕੋਚ ਤੇ ਡਰ ਦੇ ਆਪਣੇ ਕੰਮ ਕਰਵਾ ਸਕਣ।ਡੀ.ਐੱਸ.ਪੀ. ਸਾਹਿਬ ਨੇ ਕਰਿਆਨਾ ਯੂਨੀਅਨ ਦੇ ਚੇਅਰਮੈਨ ਅਵੰਤ ਜੈਨ, ਕੱਪੜਾ ਵਿਕਰੇਤਾ ਯੂਨੀਅਨ ਦੇ ਪ੍ਰਧਾਨ ਅਮਿਤ ਜੈਨ ਤੇ ਚੇਅਰਮੈਨ ਕੁਲਵੰਤ ਸਿੰਘ, ਹਲਵਾਈ ਯੂਨੀਅਨ ਦੇ ਪ੍ਰਧਾਨ ਰਮੇਸ਼ ਧੀਰ, ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਡਾਕਟਰ ਬਲਦੇਵ ਕ੍ਰਿਸ਼ਨ ਖੁਰਾਨਾ, ਬਰਤਨ ਵਿਕਰੇਤਾ ਐਸੋਸੀਏਸ਼ਨ ਦੇ ਪ੍ਰਧਾਨ ਕੁਲਦੀਪ ਉੱਪਲ ਤੇ ਸਵਰਨਕਾਰ ਸੰਘ ਦੇ ਪ੍ਰਧਾਨ ਵਿਨੋਦ ਖੁਰਮੀ ਦੀਆਂ ਦੁਕਾਨਾਂ 'ਤੇ ਜਾ ਕੇ ਮੀਟਿੰਗ ਕੀਤੀ ਤੇ ਵਪਾਰੀਆਂ ਦਾ ਹਾਲ-ਚਾਲ ਜਾਣਿਆ।

# ਮਾਲੇਰਕੋਟਲਾ ਜ਼ਿਲਾ ਪ੍ਰੈੱਸ ਕਲੱਬ ਵੱਲੋਂ ਚੋਣ ਜਿੱਤੇ ਪੱਤਰਕਾਰ ਮੁਨਸ਼ੀ ਫਾਰੂਕ ਦਾ ਸਨਮਾਨ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਮਾਲੇਰਕੋਟਲਾ ਦੇ ਵਾਰਡ ਨੰਬਰ 22 ਤੋਂ ਚੋਣ ਜਿੱਤ ਕੇ ਕੌਂਸਲਰ ਬਣੇ ਸੀਨੀਅਰ ਪੱਤਰਕਾਰ ਮੁਨਸ਼ੀ ਫਾਰੂਕ ਅਹਿਮਦ ਦਾ ਸਨਮਾਨ ਕਰਨ ਲਈ ਬੁੱਧਵਾਰ ਨੂੰ ਮਾਲੇਰਕੋਟਲਾ ਜ਼ਿਲ੍ਹਾ ਪ੍ਰੈਸ ਕਲੱਬ ਵੱਲੋਂ ਸਥਾਨਕ ਮਾਲੇਰਕੋਟਲਾ ਕਲੱਬ ਵਿਖੇ ਪ੍ਰੈਸ ਕਲੱਬ ਦੇ ਜ਼ਿਲਾ ਪ੍ਰਧਾਨ ਸ਼ਹਾਬੁਦੀਨ ਦੀ ਪ੍ਰਧਾਨਗੀ ਹੇਠ ਇੱਕ ਸਾਦੇ ਪ੍ਰਭਾਵਸ਼ਾਲੀ ਸਨਮਾਨ ਸਮਾਗਮ ਦਾ ਆਯੋਜਨ ਕੀਤਾ ਗਿਆ। ਸਭ ਤੋਂ ਪਹਿਲਾਂ ਸਮੂਹ ਕਲੱਬ ਮੈਂਬਰਾਂ ਵੱਲੋਂ ਆਪਣੇ ਸੀਨੀਅਰ ਸਾਥੀ ਮੁਨਸ਼ੀ ਫਾਰੂਕ ਅਹਿਮਦ ਨੂੰ ਕੌਂਸਲ ਚੋਣਾਂ 'ਚ ਮਿਲੀ ਸ਼ਾਨਾਮਤੀ ਜਿੱਤ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਾਰਿਆਂ ਵੱਲੋਂ ਮੁਨਸ਼ੀ ਫਾਰੂਕ ਨੂੰ ਮੁਬਾਰਕਬਾਦ ਦਿੱਤੀ ਗਈ।ਇਸ ਉਪਰੰਤ ਹਾਜ਼ਰ ਸਮੂਹ ਪੱਤਰਕਾਰਾਂ ਨੇ ਮੁਨਸ਼ੀ ਫਾਰੂਕ ਨੂੰ ਲੋਈ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕਰਦਿਆਂ ਉਮੀਦ ਜਤਾਈ ਕਿ ਮੁਨਸ਼ੀ ਫਾਰੂਕ ਨਗਰ ਕੌਂਸਲ ਅੰਦਰ ਜਿਥੇ ਹਮੇਸ਼ਾ ਲੋਕਾਂ ਦੇ ਹੱਕਾਂ ਦੀ ਆਵਾਜ਼ ਬਣਕੇ ਬੋਲਣਗੇ ਉਥੇ ਸਾਡੇ ਸ਼ਹਿਰ ਅੰਦਰਲੇ ਮੁੱਦਿਆਂ ਦੀ ਆਵਾਜ਼ ਚੁੱਕ ਕੇ ਉਨ੍ਹਾਂ ਦਾ ਹੱਲ ਕਰਵਾਉਣ ਦੇ ਨਾਲ-ਨਾਲ ਆਪਣੇ ਪੱਤਰਕਾਰ ਭਾਈਚਾਰੇ ਦੇ ਹੱਕਾਂ ਲਈ ਵੀ ਲੜਣਗੇ।ਪ੍ਰੈਸ ਕਲੱਬ ਦੇ ਜ਼ਿਲਾ ਪ੍ਰਧਾਨ ਸ਼ਹਾਬੁਦੀਨ ਨੇ ਮੁਨਸ਼ੀ ਫਾਰੂਕ ਦਾ ਸਵਾਗਤ ਕਰਦਿਆਂ ਕਿਹਾ ਕਿ ਅੱਜ ਸਾਡੇ ਲਈ ਇਹ ਬਹੁਤ ਵੱਡੀ ਖੁਸ਼ੀ ਦੀ ਗੱਲ ਹੈ ਕਿ ਸਾਡੇ ਜ਼ਿਲ੍ਹਾ ਪ੍ਰੈਸ ਕਲੱਬ ਦੇ ਇੱਕ ਸੀਨੀਅਰ ਮੈਂਬਰ ਮੁਨਸ਼ੀ ਫਾਰੂਕ ਨਗਰ ਕੌਂਸਲ ਦੇ ਚੋਣ ਦੰਗਲ 'ਚ ਆਪਣੇ ਵਿਰੋਧੀਆਂ ਨੂੰ ਸਖਤ ਟੱਕਰ ਦਿੰਦੇ ਹੋਏ ਇਤਿਹਾਸਕ ਜਿੱਤ ਪ੍ਰਾਪਤ ਕਰਕੇ ਮਾਲੇਰਕੋਟਲਾ ਦੀ ਨਗਰ ਕੌਂਸਲ 'ਚ ਪੁੱਜੇ ਹਨ।ਮੁਨਸ਼ੀ ਫਾਰੂਕ ਨੇ ਕਿਹਾ ਕਿ ਕੜਾਕੇ ਦੀ ਗਰਮੀ ਦੀ ਪ੍ਰਵਾਹ ਕੀਤੇ ਬਗੈਰ ਮੇਰੀ ਸਮੁੱਚੀ ਟੀਮ ਦੇ ਵਰਕਰ ਸਵੇਰ ਤੋਂ ਦੇਰ ਰਾਤ ਤੱਕ ਲੋਕਾਂ 'ਚ ਹੀ ਰਹੇ ਅਤੇ ਚੋਣ ਪ੍ਰਚਾਰ ਨੂੰ ਮਜ਼ਬੂਤੀ ਨਾਲ ਚਲਾਇਆ।ਉਨ੍ਹਾਂ ਕਿਹਾ ਕਿ ਇਹ ਚੋਣ ਸਿਰਫ ਇਕ ਉਮੀਦਵਾਰ ਦੀ ਨਹੀਂ, ਸਗੋਂ ਪੂਰੇ ਵਾਰਡ ਦੇ ਵਿਕਾਸ ਅਤੇ ਲੋਕਾਂ ਦੀਆਂ ਉਮੀਦਾਂ ਦੀ ਚੋਣ ਸੀ। ਇਸ ਮੌਕੇ ਸਾਹਿਦ ਜ਼ੁਬੈਰੀ, ਦਲਜਿੰਦਰ ਸਿੰਘ ਕਲਸੀ, ਭੁਪੇਸ਼ ਜੈਨ, ਸੁਮੰਤ ਤਲਵਾਨੀ, ਅਸਲਮ ਨਾਜ਼, ਮਾਮੂਨ ਰਸ਼ੀਦ, ਸਰਬਜੀਤ ਸਿੰਘ, ਮੁਹੰਮਦ ਸਲੀਮ ਅਤੇ ਮੁਹੰਮਦ ਸਹਿਬਾਜ਼ ਸਮੇਤ ਕਈ ਹੋਰ ਪੱਤਰਕਾਰ ਸਾਥੀ ਹਾਜ਼ਰ ਸਨ।

## ਹੈਰੋਇਨ ਸਣੇ ਇੱਕ ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ)**

ਥਾਣਾ ਵੈਰੋਕੇ ਦੀ ਪੁਲਸ ਨੇ 3 ਗ੍ਰਾਮ ਹੈਰੋਇਨ ਸਣੇ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਕੇਵਲ ਕ੍ਰਿਸ਼ਨ ਨੇ ਦੱਸਿਆ ਕਿ ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਬੱਸ ਅੱਡਾ ਚੱਕ ਪੰਜ ਕੋਹੀ ਉਰਫ ਕੱਚਾ ਕਾਲੇਵਾਲਾ ਦੇ ਕੋਲ ਪੁੱਜੇ ਤਾਂ ਇਕ ਮੋਨਾ ਨੌਜਵਾਨ ਵਿਅਕਤੀ ਬੱਸ ਅੱਡੇ ਵਿੱਚ ਬੈਠਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਦੇਖ ਕੇ ਹੱਥ ਵਿੱਚ ਫੜਿਆ ਲਿਫ਼ਾਫ਼ਾ ਸੁੱਟ ਕੇ ਖਿਸਕਣ ਲੱਗਾ, ਜਿਸ ਨੂੰ ਪੁਲਸ ਪਾਰਟੀ ਨੇ ਕਾਬੂ ਕਰਕੇ ਉਸਦੀ ਤੇ ਉਸ ਵੱਲੋਂ ਸੁੱਟੇ ਹੋਏ ਲਿਫਾਫੇ ਦੀ ਚੈਕਿੰਗ ਕੀਤੀ ਗਈ ਤਾਂ ਉਸ ਵਿਚੋਂ 3 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਗੁਰਪ੍ਰੀਤ ਸਿੰਘ ਉਰਫ ਗੋਰੀ ਪੁੱਤਰ ਸੁਰਜੀਤ ਸਿੰਘ ਵਾਸੀ ਚੱਕ ਬਲੋਚਾ ਉਰਫ ਮਹਾਲਮ ਨੂੰ ਹੈਰੋਇਨ ਸਣੇ ਕਾਬੂ ਕਰਨ ਉਪਰੰਤ ਥਾਣਾ ਵੈਰੋਕੇ ਵਿਖੇ ਮੁਕੱਦਮਾ ਨੰਬਰ 75 ਮਿਤੀ 2 ਜੂਨ 2026 ਨੂੰ ਧਾਰਾ 21/61/85 ਐਨ.ਡੀ.ਪੀ.ਐਸ. ਐਕਟ ਅਧੀਨ ਦਰਜ ਕੀਤਾ ਗਿਆ ਹੈ।

## ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਅੱਜ

**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਮਾਨਸਾ ਵਿਖੇ ਅੱਜ 5 ਜੂਨ ਨੂੰ 'ਮੁਥੂਟ ਮਾਈਕਰੋਫਿਨ ਲਿਮਟਡ' ਵੱਲੋਂ ਰਿਲੇਸ਼ਨਸ਼ਿਪ ਅਫ਼ਸਰਾਂ ਦੀ ਭਰਤੀ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸ੍ਰੀ ਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਘੱਟੋ ਘੱਟ ਯੋਗਤਾ 12ਵੀਂ ਪਾਸ ਲੜਕੇ ਤੇ ਲੜਕੀਆਂ ਭਾਗ ਲੈ ਸਕਦੇ ਹਨ, ਜਿਨ੍ਹਾਂ ਦੀ ਉਮਰ ਸੀਮਾ 20 ਤੋਂ 32 ਸਾਲ ਤੱਕ ਹੋਣੀ ਚਾਹੀਦੀ ਹੈ ਅਤੇ ਪ੍ਰਾਰਥੀ ਸਰੀਰਕ ਤੌਰ 'ਤੇ ਫਿੱਟ ਹੋਣੇ ਚਾਹੀਦੇ ਹਨ, ਪ੍ਰਾਰਥੀ ਕੋਲ ਆਪਣਾ ਦੋ ਪਹੀਆ ਵਾਹਨ ਤੇ ਵੈਲਿਡ ਡਰਾਇਵਿੰਗ ਲਾਇਸੰਸ ਹੋਣਾ ਲਾਜ਼ਮੀ ਹੈ।ਉਨ੍ਹਾਂ ਦੱਸਿਆ ਕਿ ਕੈਂਪ 'ਚ ਭਾਗ ਲੈਣ ਦੇ ਚਾਹਵਾਨ ਪ੍ਰਾਰਥੀ ਆਪਣੀ ਯੋਗਤਾ ਦੇ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ, ਆਧਾਰ ਕਾਰਡ ਦੀ ਫੋਟੋ ਕਾਪੀ ਤੇ ਯੋਗਤਾ ਦਾ ਵੇਰਵਾ (ਰਜ਼ਿਊਮ) ਲੈ ਕੇ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦਫ਼ਤਰ ਮਾਨਸਾ (ਨੇੜੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸੇਵਾ ਕੇਂਦਰ ਦੀ ਪਹਿਲੀ ਮੰਜ਼ਿਲ 'ਤੇ) ਸਵੇਰੇ 9:30 ਵਜੇ ਪਹੁੰਚਣ ਦੀ ਖੇਚਲ ਕਰਨ।ਉਨ੍ਹਾਂ ਦੱਸਿਆ ਕਿ ਅਸਾਮੀਆਂ ਦੀ ਗਿਣਤੀ 50 ਹੈ।ਇੰਟਰਵਿਊ ਦਾ ਸਮਾਂ ਸਵੇਰੇ 9:30 ਵਜੇ ਤੋਂ ਬਾਅਦ ਦੁਪਹਿਰ 01:.00 ਵਜੇ ਤੱਕ ਰੱਖਿਆ ਗਿਆ ਹੈ।

## ਪਲੇਸਮੈਂਟ ਕੈਂਪ ਲਗਾਇਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ ਸਿੰਘ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਸ੍ਰੀ ਮੁਕਤਸਰ ਸਾਹਿਬ ਵਿਖੇ ਪਲੇਸਮੈਂਟ ਕੈਂਪ ਲਗਾਇਆ ਗਿਆ। ਇਹ ਜਾਣਕਾਰੀ ਪਲੇਸਮੈਂਟ ਅਫਸਰ ਦਲਜੀਤ ਸਿੰਘ ਬਰਾੜ ਵੱਲੋਂ ਸਾਂਝੀ ਕੀਤੀ ਗਈ।ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਦੌਰਾਨ ਐੱਸ.ਆਈ.ਐੱਸ. ਸਿਕਿਊਰਟੀ ਕੰਪਨੀ ਵੱਲੋਂ ਸਕਿਊਰਟੀ ਗਾਰਡ ਦੀ ਅਸਾਮੀ ਲਈ ਇੰਟਰਵਿਊ ਲਈ ਗਈ।ਪਲੇਸਮੈਂਟ ਕੈਂਪ ਦੌਰਾਨ 119 ਪ੍ਰਾਰਥੀਆਂ ਵੱਲੋਂ ਭਾਗ ਲਿਆ ਗਿਆ ਤੇ ਭਰਤੀ ਪ੍ਰਕਿਰਿਆ ਉਪਰੰਤ 91 ਪ੍ਰਾਰਥੀਆਂ ਦੀ ਸਕਿਊਰਟੀ ਗਾਰਡ ਲਈ ਚੋਣ ਕੀਤੀ ਗਈ।ਉਨ੍ਹਾਂ ਅੱਗੇ ਦੱਸਿਆ ਕਿ ਬੇਰੁਜ਼ਗਾਰਾਂ ਦੀ ਸਹੂਲਤ ਲਈ ਭਵਿੱਖ ਵਿੱਚ ਵੀ ਅਜਿਹੇ ਕੈਂਪਾਂ ਦਾ ਆਯੋਜਨ ਕੀਤਾ ਜਾਵੇਗਾ।

# ਪੰਜਾਬ ਸਟੇਟ ਟਰੇਡਰਜ਼ ਕਮਿਸ਼ਨ ਵੱਲੋਂ ਵਪਾਰੀਆਂ 'ਚ ਸੁਰੱਖਿਆ ਦੀ ਭਾਵਨਾ ਮਜ਼ਬੂਤ ਕਰਨ ਲਈ ਮੀਟਿੰਗਾਂ



ਅੰਮ੍ਰਿਤਸਰ ( ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ) - ਪੰਜਾਬ ਸਟੇਟ ਟਰੇਡਰਜ਼ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਅਤੇ ਜ਼ੋਨ ਇੰਚਾਰਜ ਤੇ ਪੰਜਾਬ ਸਟੇਟ ਟਰੇਡਰਜ਼ ਕਮਿਸ਼ਨ ਦੇ ਮੈਂਬਰ ਸ਼ੀਤਲ ਜੁਨੇਜਾ ਦੀ ਅਗਵਾਈ ਹੇਠ ਅੰਮ੍ਰਿਤਸਰ ਦੇ ਵੱਖ-ਵੱਖ ਵਪਾਰਕ ਖੇਤਰਾਂ ਵਿੱਚ ਦੁਕਾਨਦਾਰਾਂ ਅਤੇ ਵਪਾਰੀਆਂ ਨਾਲ ਮੀਟਿੰਗਾਂ ਕੀਤੀਆਂ ਗਈਆਂ। ਇਸ ਤਹਿਤ ਵਿਧਾਨ ਸਭਾ ਹਲਕਾ ਪੱਛਮੀ ਦੇ ਛੇਹਰਟਾ ਵਿਖੇ ਹਲਕਾ ਚੇਅਰਮੈਨ ਮਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਵਪਾਰੀਆਂ ਨਾਲ ਮੀਟਿੰਗ ਕੀਤੀ ਗਈ।

ਇਸੇ ਤਰ੍ਹਾਂ ਵਿਧਾਨ ਸਭਾ ਹਲਕਾ ਉੱਤਰੀ ਦੀ ਲਿਬਰਟੀ ਮਾਰਕੀਟ ਅਤੇ ਨਹਿਰੂ ਸ਼ਾਪਿੰਗ ਕੰਪਲੈਕਸ ਵਿਖੇ ਹਲਕਾ ਚੇਅਰਮੈਨ ਰਾਹਿਲ ਖੰਨਾ ਦੀ ਅਗਵਾਈ ਹੇਠ ਵਪਾਰੀਆਂ ਅਤੇ ਦੁਕਾਨਦਾਰਾਂ ਨਾਲ ਵਿਸ਼ੇਸ਼ ਮੀਟਿੰਗਾਂ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਮੀਟਿੰਗਾਂ ਦਾ ਮੁੱਖ ਉਦੇਸ਼ ਸਥਾਨਕ ਵਪਾਰੀਆਂ ਦੇ ਮਨਾਂ ਵਿੱਚੋਂ ਡਰ ਅਤੇ ਅਸੁਰੱਖਿਆ ਦੀ ਭਾਵਨਾ ਨੂੰ ਦੂਰ ਕਰਨਾ ਅਤੇ ਉਨ੍ਹਾਂ ਵਿੱਚ ਵਿਸ਼ਵਾਸ ਅਤੇ ਸੁਰੱਖਿਆ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨਾ ਸੀ। ਇਨ੍ਹਾਂ ਮੀਟਿੰਗਾਂ ਵਿੱਚ ਸਬੰਧਤ ਖੇਤਰਾਂ ਦੇ ਏ.ਸੀ.ਪੀ. ਅਤੇ ਐਸ.ਐਚ.ਓ. ਵੀ ਹਾਜ਼ਰ ਰਹੇ। ਉਨ੍ਹਾਂ ਵਪਾਰੀਆਂ ਨੂੰ ਭਰੋਸਾ ਦਿਵਾਇਆ ਕਿ ਪੁਲਸ ਵਿਭਾਗ ਉਨ੍ਹਾਂ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਅਣਚਾਹੀ ਘਟਨਾ, ਧਮਕੀ ਜਾਂ ਸ਼ੱਕੀ ਗਤੀਵਿਧੀ ਸਬੰਧੀ ਜਾਣਕਾਰੀ ਤੁਰੰਤ ਪੁਲਸ ਨਾਲ ਸਾਂਝੀ ਕਰਨ ਦੀ ਅਪੀਲ ਕੀਤੀ।

ਜ਼ੋਨ ਇੰਚਾਰਜ ਅਤੇ ਪੰਜਾਬ ਸਟੇਟ ਟਰੇਡਰਜ਼ ਕਮਿਸ਼ਨ ਦੇ ਮੈਂਬਰ ਸ਼ੀਤਲ ਜੁਨੇਜਾ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਪੰਜਾਬ ਸਟੇਟ ਟਰੇਡਰਜ਼ ਕਮਿਸ਼ਨ ਵਪਾਰੀਆਂ ਦੇ ਹਿੱਤਾਂ ਦੀ ਰੱਖਿਆ ਅਤੇ ਉਨ੍ਹਾਂ ਨੂੰ ਸੁਰੱਖਿਅਤ ਕਾਰੋਬਾਰੀ ਮਾਹੌਲ ਮੁਹੱਈਆ ਕਰਵਾਉਣ ਲਈ ਵਚਨਬੱਧ ਹਨ।

## ਜਨਗਣਨਾ ਡਿਊਟੀ ਦੇ ਰਹੇ ਅਧਿਆਪਕਾਂ ਨੂੰ ਚੋਣ ਡਿਊਟੀ ਤੋਂ ਛੋਟ ਦਿੱਤੀ ਜਾਵੇ : ਜੀ ਟੀ ਯੂ

ਧਾਰੀਵਾਲ (ਮਨਦੀਪ ਵਿੱਕੀ)- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਆਗੂਆਂ ਕੁਲਦੀਪ ਪੁਰੋਵਾਲ, ਦਿਲਦਾਰ ਭੰਡਾਲ, ਅਨਿਲ ਕੁਮਾਰ ਲਾਹੌਰੀਆ, ਸੁਖਵਿੰਦਰ ਰੰਧਾਵਾ ਅਤੇ ਲਵਪ੍ਰੀਤ ਰੋੜਾਂਵਾਲੀ ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਜਿਹਨਾਂ ਅਧਿਆਪਕਾਂ ਦੀ ਜਨਗਣਨਾ ਵਿੱਚ ਡਿਊਟੀ ਲਗਾਈ ਗਈ ਹੈ ਉਨ੍ਹਾਂ ਦੀ ਦੋਹਰੀ ਡਿਊਟੀ ਨਗਰ ਕੌਂਸਲ ਚੋਣਾਂ ਵਿੱਚ ਨਾ ਲਗਾਈ ਜਾਵੇ ਕਿਉਂਕਿ ਜਨਗਣਨਾ ਦਾ ਕੰਮ ਇੱਕ ਮਹੱਤਵਪੂਰਨ ਦੌਰ ਵਿੱਚ ਪੁੱਜ ਚੁੱਕਾ ਹੈ। ਆਗੂਆਂ ਮੰਗ ਕੀਤੀ ਕਿ ਅੰਗਹੀਣ, ਵਿਧਵਾ, ਗੰਭੀਰ ਬਿਮਾਰੀ ਤੋਂ ਪੀੜਤ ਅਤੇ ਕਪਲ ਕੇਸਾਂ ਵਿੱਚ ਵੀ ਚੋਣ ਡਿਊਟੀ ਤੋਂ ਛੋਟ ਦਿੱਤੀ ਜਾਵੇ। ਆਗੂਆਂ ਮੰਗ ਕੀਤੀ ਕਿ ਚੋਣ ਡਿਊਟੀ ਦੌਰਾਨ ਕਰਮਚਾਰੀਆਂ ਦੀ ਸੁਰੱਖਿਆ, ਖਾਣ-ਪੀਣ, ਰਿਹਾਇਸ਼ ਦੇ ਪ੍ਰਬੰਧ ਵਧੀਆ ਕੀਤੇ ਜਾਣ ਤਾਂ ਕਿ ਕਿਸੇ ਵੀ ਕਰਮਚਾਰੀ ਨੂੰ ਕੋਈ ਵੀ ਅਸੁਵਿਧਾ ਨਾ ਹੋਵੇ। ਇਸ ਮੌਕੇ ਅਮਰਬੀਰ ਸਿੰਘ, ਜੋਤਿ ਪਰਕਾਸ਼ ਸਿੰਘ, ਨਰਿੰਦਰ ਸ਼ਰਮਾ, ਬਲਕਾਰ ਸਿੰਘ, ਹਰਪ੍ਰੀਤ ਸਿੰਘ, ਕਪਿਲ ਸ਼ਰਮਾ, ਰਜਿੰਦਰ ਸਿੰਘ, ਬਲਵਿੰਦਰ ਕੁਮਾਰ, ਸੁਖਵਿੰਦਰ ਬਟਾਲਾ, ਸੁਭਾਸ਼ ਚੰਦ ਅਤੇ ਮਨਜੀਤ ਸਿੰਘ ਹਾਜ਼ਰ ਸਨ।

# ਨਸ਼ਿਆਂ ਵਿਰੁੱਧ ਮੁਹਿੰਮ ਨੂੰ ਹੋਰ ਮਜ਼ਬੂਤ ਕਰਨ ਲਈ ਅੰਮ੍ਰਿਤਸਰ ਕੇਂਦਰੀ 'ਚ ਅਹਿਮ ਮੀਟਿੰਗ

ਅੰਮ੍ਰਿਤਸਰ ( ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ) - ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਤਹਿਤ ਨਸ਼ਾ ਮੁਕਤੀ ਮੋਰਚਾ ਅੰਮ੍ਰਿਤਸਰ ਸ਼ਹਿਰੀ ਵੱਲੋਂ ਇੱਕ ਅਹਿਮ ਮੀਟਿੰਗ ਸ਼ਕਤੀ ਨਗਰ ਵਿਖੇ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਵਿਧਾਨ ਸਭਾ ਹਲਕਾ ਅੰਮ੍ਰਿਤਸਰ (ਕੇਂਦਰੀ) ਦੇ ਵਿਧਾਇਕ ਡਾ. ਅਜੇ ਕੁਮਾਰ ਗੁਪਤਾ ਵੱਲੋਂ ਕੀਤੀ ਗਈ।

ਇਸ ਮੌਕੇ ਨਸ਼ਾ ਮੁਕਤੀ ਮੋਰਚਾ ਸ਼ਹਿਰੀ ਦੇ ਇੰਚਾਰਜ ਦਿਕਸ਼ਿਤ ਧਵਨ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਰੁਪਿੰਦਰਪਾਲ ਸਿੰਘ, ਕੌਂਸਲਰ ਵਿੱਕੀ ਦੱਤਾ, ਕੌਂਸਲਰ ਜਰਨੈਲ ਸਿੰਘ ਢੋਟ, ਏ.ਡੀ.ਸੀ. ਰੁਪਿੰਦਰ ਸਿੰਘ, ਏ.ਸੀ.ਪੀ. ਸੁਰਿੰਦਰ ਸਿੰਘ, ਇੰਸਪੈਕਟਰ ਮਨਜੀਤ ਕੌਰ, ਇੰਸਪੈਕਟਰ ਹਰਮਨਦੀਪ ਸਿੰਘ, ਇੰਸਪੈਕਟਰ ਸ਼ਮਿੰਦਰਜੀਤ ਸਿੰਘ, ਸੋਨੂੰ ਕੁਮਾਰ ਦਿਲਬਰ, ਚੇਅਰਮੈਨ ਹਰਪ੍ਰੀਤ ਸਿੰਘ ਅਲੂਵਾਲੀਆ ਸਮੇਤ ਹੋਰ ਮੁਹਤਬਰ ਅਤੇ ਨਸ਼ਾ ਮੁਕਤੀ ਮੋਰਚਾ ਦੇ ਵਲੰਟੀਅਰਜ਼ ਵੀ ਹਾਜ਼ਰ ਸਨ। ਮੀਟਿੰਗ ਦੌਰਾਨ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਨੂੰ ਹੋਰ ਤੇਜ਼ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਵਿਧਾਨ ਸਭਾ ਹਲਕਾ ਅੰਮ੍ਰਿਤਸਰ (ਕੇਂਦਰੀ) ਦੇ ਵਿਧਾਇਕ ਡਾ. ਅਜੇ ਕੁਮਾਰ ਗੁਪਤਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਵੱਲੋਂ ਨਸ਼ਿਆਂ ਨੂੰ ਜੜ੍ਹ ਤੋਂ ਖ਼ਤਮ ਲਈ ਯੁੱਧ ਨਸ਼ਿਆਂ ਵਿਰੁੱਧ ਚਲਾਇਆ ਜਾ ਰਿਹਾ ਹੈ ਅਤੇ 'ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ 459 ਦਿਨ ਪੂਰੇ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਸਿਰਫ 459 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 66,473 ਹੋ ਗਈ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਨਸ਼ਾ ਤਸਕਰਾਂ ਖਿਲਾਫ ਵੱਡੀ ਕਾਰਵਾਈ ਕੀਤੀ ਜਾ ਰਹੀ ਹੈ ਜਿਸ ਦੇ ਹਾਂ-ਪੱਖੀ ਨਤੀਜੇ ਸਾਹਮਣੇ ਆ ਰਹੇ ਹਨ।

ਇਸ ਮੌਕੇ ਨਸ਼ਾ ਮੁਕਤੀ ਮੋਰਚਾ ਸ਼ਹਿਰੀ ਦੇ ਇੰਚਾਰਜ ਦਿਕਸ਼ਿਤ ਧਵਨ ਨੇ ਸਾਰੇ ਅਹੁਦੇਦਾਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ-ਆਪਣੇ ਖੇਤਰਾਂ ਵਿੱਚ ਜਾ ਕੇ ਲੋਕਾਂ ਨੂੰ ਨਸ਼ਿਆਂ ਦੇ ਨੁਕਸਾਨ ਬਾਰੇ ਜਾਗਰੂਕ ਕਰਨ ਅਤੇ ਨੌਜਵਾਨ ਪੀੜ੍ਹੀ ਨੂੰ ਇਸ ਬੁਰਾਈ ਤੋਂ ਦੂਰ ਰੱਖਣ ਲਈ ਸਰਗਰਮ ਭੂਮਿਕਾ ਨਿਭਾਉਣ। ਮੀਟਿੰਗ ਵਿੱਚ ਇਹ ਵੀ ਫੈਸਲਾ ਲਿਆ ਗਿਆ ਕਿ ਆਉਣ ਵਾਲੇ ਸਮੇਂ ਵਿੱਚ ਜਾਗਰੂਕਤਾ ਮੁਹਿੰਮਾਂ, ਸੈਮੀਨਾਰਾਂ ਅਤੇ ਕੈਂਪਾਂ ਦਾ ਆਯੋਜਨ ਵੱਡੇ ਪੱਧਰ 'ਤੇ ਕੀਤਾ ਜਾਵੇਗਾ। ਇਸ ਮੌਕੇ ਨਸ਼ਾ ਮੁਕਤੀ ਮੋਰਚਾ ਅੰਮ੍ਰਿਤਸਰ ਸ਼ਹਿਰੀ ਦੇ ਅਹੁਦੇਦਾਰ ਸਾਹਿਬਾਨ ਹਾਜ਼ਰ ਸਨ ਅਤੇ ਸਾਰੇ ਮੈਂਬਰਾਂ ਵੱਲੋਂ ਨਸ਼ਿਆਂ ਦੇ ਖਿਲਾਫ਼ ਜੰਗ ਨੂੰ ਹੋਰ ਮਜ਼ਬੂਤ ਬਣਾਉਣ ਲਈ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਗਿਆ।

## ਪਾਣੀ ਦੀ ਨਿਕਾਸੀ ਵਾਸਤੇ ਡਰੇਨ ਦੀ ਸਫਾਈ ਦਾ ਕੰਮ ਆਰੰਭ

ਗੁਰਦਾਸਪੁਰ (ਜਨਕ ਮਹਾਜਨ)- ਕਸਬਾ ਪੁਰਾਣਾ ਸ਼ਾਲਾ ਤੋਂ ਸੇਮ ਨਹਿਰ ਤੱਕ ਪਾਣੀ ਦੀ ਸਹੀ ਨਿਕਾਸੀ ਕਰਵਾਉਣ ਵਾਸਤੇ ਨਾਲੇ ਦੀ ਸਫ਼ਾਈ ਦਾ ਕੰਮ ਜੇ.ਸੀ.ਬੀ. ਰਾਹੀਂ ਮਹਿਕਮੇ ਵਲੋਂ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਨਾਲ ਪਿੰਡ ਤੇ ਆਲੇ ਦੁਆਲੇ ਤੇ ਕਾਲੋਨੀਆਂ ਨੂੰ ਕਾਫ਼ੀ ਲਾਭ ਮਿਲੇਗਾ ਕਿਉਂਕਿ ਪਹਿਲਾਂ ਕੁਝ ਕੁ ਲੋਕਾਂ ਨੇ ਆਪਣੇ ਘਰਾਂ ਅੱਗੇ ਪਾਈਪਾਂ ਬਹੁਤ ਵੱਡੀਆਂ ਪਾਈਆਂ ਹੋਈਆਂ ਸਨ ਜਿਸ ਨਾਲ ਪਾਣੀ ਦਾ ਨਿਕਾਸ ਰੁਕ ਗਿਆ ਸੀ ਅਤੇ ਇਸ ਨਾਲ ਪਾਣੀ ਦੀ ਡਾਫ ਲੱਗਣ ਨਾਲ ਨਹਿਰ ਵਿਚ ਪਾਣੀ ਪੈਣ ਦੀ ਬਜਾਏ ਲੋਕਾਂ ਦੇ ਖੇਤਾਂ ਵਿਚ ਜਾਣ ਕਰਕੇ ਫ਼ਸਲਾਂ ਦਾ ਭਾਰੀ ਨੁਕਸਾਨ ਹੁੰਦਾ ਸੀ। ਪਿੰਡ ਦੇ ਸਰਪੰਚ ਬਲਜੀਤ ਸਿੰਘ ਖ਼ਾਲਸਾ ਤੇ ਉਸ ਦੇ ਸਾਥੀਆਂ ਨੇ ਦੱਸਿਆ ਕਿ ਪਿੰਡ ਵਾਸੀਆਂ ਦੀ ਇਹ ਮੁਸ਼ਕਲ ਲੰਬੇ ਸਮੇਂ ਤੋਂ ਲਟਕੀ ਪਈ ਸੀ ਅਤੇ ਇਸ ਦਾ ਹੱਲ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਸੰਪਰਕ ਕਰਕੇ ਮਸਲੇ ਦਾ ਹੱਲ ਕਰਵਾਇਆ ਗਿਆ ਹੈ। ਸਰਬਜੀਤ ਸਿੰਘ ਲਾਲੀਆ ਅਤੇ ਬਲਜਿੰਦਰ ਸਿੰਘ ਚੀਮਾ ਨੇ ਦੱਸਿਆ ਕਿ ਨਾਲੇ ਦੀ ਡੂੰਘਾਈ ਤੇ ਸਫ਼ਾਈ ਨਾਲ ਪਾਣੀ ਦਾ ਨਿਕਾਸ ਸਹੀ ਹੋਣ ਦੇ ਨਾਲ ਬਰਸਾਤਾਂ ਦੇ ਪਾਣੀ ਨਾਲ ਲੋਕਾਂ ਦਾ ਨੁਕਸਾਨ ਹੋਣ ਤੋਂ ਬਚਾਅ ਹੋ ਜਾਵੇਗਾ। ਉਨ੍ਹਾਂ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਜਿਸ ਤਰ੍ਹਾਂ ਪੁਰਾਣਾ ਸ਼ਾਲਾ ਤੋਂ ਸੇਮ ਨਹਿਰ ਤੱਕ ਨਾਲੇ ਦੀ ਸਫਾਈ ਕੀਤੀ ਜਾ ਰਹੀ ਹੈ, ਇਸੇ ਤਰ੍ਹਾਂ ਹੋਰਨਾਂ ਡਰੇਨਾਂ ਦੀ ਸਫਾਈ ਬਰਸਾਤਾਂ ਤੋਂ ਪਹਿਲਾਂ ਕਾਰਵਾਈ ਜਾਵੇ।

## ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਜ਼ਿਲ੍ਹਾ ਅੰਮ੍ਰਿਤਸਰ ਦੀ ਮੀਟਿੰਗ 7 ਨੂੰ



ਝਬਾਲ (ਹਰਜਿੰਦਰ ਸਿੰਘ ਸੋਨੀ)-ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਜ਼ਿਲ੍ਹਾ ਅੰਮ੍ਰਿਤਸਰ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ 7 ਜੂਨ ਨੂੰ ਠੀਕ 11 ਵਜੇ ਪਾਰਟੀ ਦਫਤਰ ਅੰਮ੍ਰਿਤਸਰ ਵਿਖੇ ਹੋਵੇਗੀ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਜ਼ਿਲ੍ਹਾ ਜਨਰਲ ਸਕੱਤਰ ਜਸਬੀਰ ਸਿੰਘ ਝਬਾਲ ਨੇ ਦੱਸਿਆ ਕਿ ਮੀਟਿੰਗ ਵਿੱਚ ਮੈਂਬਰਸ਼ਿਪ, ਯੂਨਿਟ ਚੋਣਾਂ ਅਤੇ ਜਥੇਬੰਧਕ ਕੰਮਾਂ ਤੇ ਵਿਚਾਰ ਚਰਚਾ ਕੀਤੀ ਜਾਵੇਗੀ। ਸਾਰੇ ਸਾਥੀਆਂ ਨੂੰ ਜਥੇਬੰਦੀ ਦੀ ਮੈਂਬਰਸ਼ਿਪ ਲੈ ਕੇ ਆਉਣ ਅਤੇ ਮੀਟਿੰਗ ਵਿਚ ਸਮੇਂ ਸਿਰ ਪਹੁੰਚਣ ਦਾ ਸੱਦਾ ਦਿੱਤਾ ਜਾਂਦਾ ਹੈ।

## ਸੁਖਜਿੰਦਰ ਸਿੰਘ ਕਸੇਲ ਤੇ ਲੱਕੀ ਢਿੱਲੋਂ ਨੂੰ ਸਦਮਾ, ਪਿਤਾ ਦਾ ਦੇਹਾਂਤ



ਝਬਾਲ (ਮੱਖਣ ਮਨੋਜ)-ਇਲਾਕੇ ਦੀ ਪ੍ਰਮੁੱਖ ਸ਼ਖ਼ਸੀਅਤ ਭਗਵੰਤ ਸਿੰਘ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦੇ ਅਚਾਨਕ ਹੋਏ ਦੇਹਾਂਤ ਨਾਲ ਸੁਖਜਿੰਦਰ ਸਿੰਘ ਕਸੇਲ ਅਤੇ ਲੱਕੀ ਢਿੱਲੋਂ ਨੂੰ ਗਹਿਰਾ ਸਦਮਾ ਪੁੱਜਾ ਹੈ। ਭਗਵੰਤ ਸਿੰਘ ਦੇ ਚਲੇ ਜਾਣ ਨਾਲ ਸਮੁੱਚੇ ਇਲਾਕੇ ਅਤੇ ਪਰਵਾਰ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਵੱਖ-ਵੱਖ ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ ਸ਼ਖ਼ਸੀਅਤਾਂ ਵੱਲੋਂ ਪੀੜਤ ਪਰਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ।ਪਰਵਾਰਕ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਵਿਛੜੀ ਰੂਹ ਦਾ ਅੰਤਿਮ ਸੰਸਕਾਰ ਸ਼ੁੱਕਰਵਾਰ ਦੁਪਹਿਰ 12:00 ਵਜੇ ਪਿੰਡ ਕਸੇਲ ਦੇ ਸਟੇਡੀਅਮ ਨੇੜੇ ਸਥਿਤ ਸ਼ਮਸ਼ਾਨਘਾਟ ਵਿਖੇ ਕੀਤਾ ਜਾਵੇਗਾ।

## ਬਸਪਾ ਨੇ ਰਮੇਸ਼, ਗਗਨਦੀਪ, ਸੁਮਨ ਤੇ ਰਜਨੀ ਬਾਲਾ ਨੂੰ ਚੋਣ ਮੈਦਾਨ 'ਚ ਉਤਾਰਿਆ

ਗੁਰਦਾਸਪੁਰ (ਦਿਨੇਸ਼ ਕੁਮਾਰ)-ਨਗਰ ਕੌਂਸਲ ਚੋਣਾਂ ਵਿਚ ਬਹੁਜਨ ਸਮਾਜ ਪਾਰਟੀ ਵੱਲੋਂ ਸ਼ਾਨਦਾਰ ਜਿੱਤ ਪ੍ਰਾਪਤ ਕੀਤਾ ਜਾਵੇਗੀ ਅਤੇ ਇਸ ਸਬੰਧੀ ਵਿਸ਼ੇਸ਼ ਤੌਰ 'ਤੇ ਰੂਪ ਰੇਖਾ ਤਿਆਰ ਕੀਤੀ ਗਈ ਹੈ । ਉਕਤ ਵਿਚਾਰ ਬਹੁਜਨ ਸਮਾਜ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਸੁਰਿੰਦਰ ਚੌਧਰੀ ਨੇ ਪਾਰਟੀ ਉਮੀਦਵਾਰਾਂ ਦੇ ਚੋਣ ਪ੍ਰਚਾਰ ਨੂੰ ਸ਼ੁਰੂ ਕਰਨ ਸਮੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਪ੍ਰਗਟ ਕੀਤੇ । ਉਨ੍ਹਾ ਕਿਹਾ ਕਿ ਪਾਰਟੀ ਵੱਲੋਂ ਵਾਰਡ ਨੰਬਰ 27 ਤੋਂ ਰਮੇਸ਼ ਕੁਮਾਰ, ਵਾਰਡ ਨੰਬਰ 5 ਤੋਂ ਗਗਨਦੀਪ ਉਰਫ ਗੱਗਾ, ਵਾਰਡ ਨੰਬਰ 28 ਤੋਂ ਸੁਮਨ ਕੁਮਾਰੀ ਅਤੇ ਵਾਰਡ ਨੰਬਰ 22 ਤੋਂ ਰਜਨੀ ਬਾਲਾ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ ਅਤੇ ਸਾਰੇ ਉਮੀਦਵਾਰਾਂ ਦਾ ਅਕਸ ਸਾਫ ਸੁਥਰਾ ਅਤੇ ਸਾਰੇ ਪੜ੍ਹੇ ਲਿਖੇ ਹਨ । ਸੁਰਿੰਦਰ ਚੌਧਰੀ ਨੇ ਕਿਹਾ ਕਿ ਪਾਰਟੀ ਹਾਈਕਮਾਨ ਦੇ ਦਿਸ਼ਾ ਨਿਰਦੇਸ਼ਾ ਮੁਤਾਬਕ ਚੋਣ ਪ੍ਰਚਾਰ ਸ਼ੁਰੂ ਕੀਤਾ ਗਿਆ ਹੈ ਜਿਸ ਦੇ ਸਾਰਥਕ ਸਿੱਟੇ ਨਿਕਲ ਕੇ ਸਾਹਮਣੇ ਆ ਰਹੇ ਹਨ ਅਤੇ ਪਾਰਟੀ ਉਮੀਦਵਾਰ ਚੋਣਾਂ ਵਿਚ ਰਿਕਾਰਡ ਜਿਤ ਹਾਸਲ ਕਰਨਗੇ ।



## ਸੁਰਿੰਦਰ ਕੌਰ ਬਟਾਲਾ ਨਮਿਤ ਅੰਤਿਮ ਅਰਦਾਸ ਅੱਜ



ਵੇਰਕਾ (ਰਾਣਾ) ਅਧਿਆਪਕ ਵਰਗ ਦੇ ਹੱਕਾਂ ਤੇ ਹਿੱਤਾਂ ਦੀ ਰੱਖਿਆ ਲਈ ਸੁਹਿਰਦਤਾ ਨਾਲ ਸੰਘਰਸ਼ ਵਿੱਢਣ ਵਾਲੇ ਅਧਿਆਪਕ ਆਗੂ ਬਚਿੱਤਰ ਸਿੰਘ ਸਰਕਾਰੀ ਐਲੀ: ਸਕੂਲ ਜੈਂਤੀਪੁਰ ਦੇ ਪੂਜਨੀਕ ਮਾਤਾ ਸੁਰਿੰਦਰ ਕੌਰ (61) ਜੋ 27 ਮਈ ਨੂੰ ਸੰਖੇਪ ਜਿਹੀ ਬਿਮਾਰੀ ਕਾਰਨ ਅਚਨਚੇਤ ਆਪਣੇ ਪਰਵਾਰ ਨੂੰ ਸਦੀਵੀ ਵਿਛੋੜਾ ਦਿੰਦੇ ਹੋਏ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ, ਉਨ੍ਹਾਂ ਦੀ ਆਤਮਿਕ ਸ਼ਾਤੀ ਲਈ ਸਮੂਹ ਪਰਵਾਰ ਵੱਲੋਂ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਆਪਣੇ ਗ੍ਰਹਿ ਰਣਜੀਤ ਨਗਰ ਕਾਦੀਆਂ ਰੋਡ ਬਟਾਲਾ ਵਿਖੇ ਪਾਏ ਜਾਣਗੇ। ਇਸ ਉਪਰੰਤ ਸਵ: ਸੁਰਿੰਦਰ ਕੌਰ ਨਮਿਤ ਸਤਸੰਗ ਕੀਰਤਨ ਅਤੇ ਅੰਤਿਮ ਅਰਦਾਸ 11:00 - 1 ਵਜੇ ਦੁਪਹਿਰ ਨੂੰ ਕਮਿਊਨਿਟੀ ਹਾਲ ( ਸਾਹਮਣੇ ਐਸ. ਐਲ ਕਾਲਜ) ਖਜੂਰੀ ਗੇਟ, ਬਟਾਲਾ ਵਿਖੇ ਹੋਵੇਗੀ। ਇਸ ਮੌਕੇ ਵੱਖ-ਵੱਖ ਅਧਿਆਪਕ ਯੂਨੀਅਨ, ਸਮਾਜਿਕ ਸੰਗਠਨ, ਸਿਆਸੀ, ਸਮਾਜ ਸੇਵੀ ਅਤੇ ਧਾਰਮਿਕ ਆਗੂਆਂ ਵੱਲੋ ਸਵ: ਸੁਰਿੰਦਰ ਕੌਰ ਨੂੰ ਸ਼ਰਧਾ ਸੁਮਨ ਵੀ ਭੇਟ ਕੀਤੇ ਜਾਣਗੇ।

## ਚੋਣ ਅਬਜ਼ਰਵਰ ਗਰਗ ਨੇ ਨਗਰ ਨਗਰ ਕੌਂਸਲ ਚੋਣਾਂ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ



ਗੁਰਦਾਸਪੁਰ (ਜਨਕ ਮਹਾਜਨ)- ਰਾਜ ਚੋਣ ਕਮਿਸ਼ਨ ਪੰਜਾਬ ਵਲੋਂ ਕਮਲ ਕੁਮਾਰ ਗਰਗ ਨੂੰ ਗੁਰਦਾਸਪੁਰ ਜ਼ਿਲ੍ਹੇ ਵਿਚ ਹੋ ਰਹੀਆਂ ਨਗਰ ਕੌਂਸਲ ਚੋਣਾਂ ਗੁਰਦਾਸਪੁਰ, ਦੀਨਾਨਗਰ ਤੇ ਕਾਦੀਆਂ ਲਈ ਚੋਣ ਆਬਜ਼ਰਵਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਵਲੋਂ ਗੁਰਦਾਸਪੁਰ ਵਿਖੇ ਪਹੁੰਚ ਕੇ ਚੋਣਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਗੁਰਦਾਸਪੁਰ ਤੇ ਦੀਨਾਨਗਰ ਵਿਖੇ ਨਾਮਜ਼ਦਗੀ ਪ੍ਰਕਿਰਿਆ ਦਾ ਵੀ ਜਾਇਜ਼ਾ ਲਿਆ ਅਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਨਾਮਜ਼ਦਗੀ ਸੈਂਟਰਾਂ ਵਿੱਚ ਉਮੀਦਵਾਰਾਂ ਦੀ ਸਹੂਲਤ ਲਈ ਕੀਤੇ ਪ੍ਰਬੰਧਾਂ 'ਤੇ ਤਸੱਲੀ ਪ੍ਰਗਟਾਈ। ਉਨ੍ਹਾਂ ਕਿਹਾ ਕਿ ਚੋਣ ਪ੍ਰਕਿਰਿਆ ਨੂੰ ਰਾਜ ਚੋਣ ਕਮਿਸ਼ਨ ਦੁਆਰਾ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਖ਼ਤੀ ਨਾਲ ਮੁਕੰਮਲ ਕਰਨ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਚੋਣਾਂ ਨੂੰ ਨਿਰਪੱਖ ਅਤੇ ਸ਼ਾਂਤੀ ਪੂਰਵਕ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇਗਾ।

## ਪ੍ਰਿੰਸੀਪਲ ਡਾ.ਤਰਨਜੀਤ ਸਿੰਘ ਹੋਏ ਸੇਵਾਮੁਕਤ

ਝਬਾਲ (ਹਰਜਿੰਦਰ ਸਿੰਘ ਸੋਨੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਸਿੱਧ ਵਿੱਦਿਅਕ ਅਦਾਰੇ ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬੀੜ ਸਾਹਿਬ ਦੇ ਪ੍ਰਿੰਸੀਪਲ ਡਾ. ਤਰਨਜੀਤ ਸਿੰਘ ਆਪਣੀਆਂ ਲੰਬੀਆਂ ਅਤੇ ਮਾਣਮੱਤੀਆਂ ਸੇਵਾਵਾਂ ਪੂਰੀਆਂ ਕਰਕੇ ਸੇਵਾਮੁਕਤ ਹੋ ਗਏ। ਉਨ੍ਹਾਂ ਨੇ ਸੰਸਥਾ ਵਿੱਚ ਕੁੱਲ 27 ਸਾਲ ਸੇਵਾ ਨਿਭਾਈ, ਜਿਨ੍ਹਾਂ ਵਿੱਚੋਂ 21 ਸਾਲ ਪ੍ਰਿੰਸੀਪਲ ਵਜੋਂ ਸਫਲਤਾਪੂਰਵਕ ਅਗਵਾਈ ਕੀਤੀ।ਇਸ ਮੌਕੇ ਸਕੂਲ ਵਿਖੇ ਆਯੋਜਿਤ ਵਿਸ਼ੇਸ਼ ਵਿਦਾਇਗੀ ਸਮਾਰੋਹ ਦੌਰਾਨ ਡਾ. ਤਰਨਜੀਤ ਸਿੰਘ ਅਤੇ ਉਨ੍ਹਾਂ ਦੇ ਪਰਵਾਰ ਨੂੰ ਸਕੂਲ ਪ੍ਰਬੰਧਕਾਂ, ਸਟਾਫ ਅਤੇ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਨਿੱਘੀ ਵਿਦਾਇਗੀ ਦਿੱਤੀ ਗਈ।ਸਮਾਰੋਹ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ, ਭਾਈ ਮਗਮਿੰਦਰ ਸਿੰਘ ਖਾਪੜਖੇੜੀ, ਮੀਤ ਸਕੱਤਰ ਗੁਰਦਿਆਲ ਸਿੰਘ, ਡਿਪਟੀ ਡਾਇਰੈਕਟਰ ਸਤਵੰਤ ਕੌਰ, ਮਨਿੰਦਰ ਮੋਹਨ ਸਿੰਘ, ਆਈ.ਏ.ਸੁਖਜਿੰਦਰ ਸਿੰਘ ਗੋਲਡੀ, ਸੁਖਦੀਪ ਸਿੰਘ ਸਿੱਧੂ ਅਤੇ ਗੁਰਦੁਆਰਾ ਬੀੜ ਸਾਹਿਬ ਦੇ ਹੈੱਡ ਗ੍ਰੰਥੀ ਬਾਬਾ ਨਿਸ਼ਾਨ ਸਿੰਘ ਨੇ ਕਿਹਾ ਕਿ ਡਾ. ਤਰਨਜੀਤ ਸਿੰਘ ਨੇ ਆਪਣੀ ਦੂਰਅੰਦੇਸ਼ੀ, ਮਿਹਨਤ ਅਤੇ ਸਮਰਪਣ ਨਾਲ ਸਕੂਲ ਨੂੰ ਨਵੀਆਂ ਬੁਲੰਦੀਆਂ ਤੱਕ ਪਹੁੰਚਾਇਆ। ਪ੍ਰਿੰਸੀਪਲ ਤਰਨਜੀਤ ਸਿੰਘ ਨੇ ਸਮੂਹ ਪ੍ਰਬੰਧਕਾਂ, ਸਟਾਫ ਮੈਂਬਰਾਂ ਅਤੇ ਸਮਾਗਮ ਵਿੱਚ ਸ਼ਾਮਲ ਹੋਈਆਂ ਸ਼ਖ਼ਸੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਦੀ ਅਪਾਰ ਕਿਰਪਾ ਅਤੇ ਬਾਬਾ ਖੜਕ ਸਿੰਘ ਜੀ ਦੇ ਅਸ਼ੀਰਵਾਦ ਸਦਕਾ ਉਨ੍ਹਾਂ ਨੂੰ ਸੰਸਥਾ ਵਿੱਚ ਅਧਿਆਪਕ ਤੋਂ ਪ੍ਰਿੰਸੀਪਲ ਤੱਕ ਦਾ ਸਫ਼ਰ ਤੈਅ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਕਿਹਾ ਕਿ ਸਟਾਫ ਦੇ ਪੂਰਨ ਸਹਿਯੋਗ ਕਾਰਨ ਹੀ ਉਹ ਹਮੇਸ਼ਾ ਸੰਸਥਾ, ਵਿਦਿਆਰਥੀਆਂ ਅਤੇ ਸਮਾਜ ਦੀ ਭਲਾਈ ਲਈ ਕਾਰਜ ਕਰ ਸਕੇ।

ਸਮਾਰੋਹ ਦੌਰਾਨ ਧਾਰਮਿਕ, ਸਮਾਜਿਕ ਅਤੇ ਸਿਆਸੀ ਖੇਤਰ ਨਾਲ ਸਬੰਧਤ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸਕੂਲ ਸਟਾਫ ਵੱਲੋਂ ਡਾ. ਤਰਨਜੀਤ ਸਿੰਘ, ਉਨ੍ਹਾਂ ਦੀ ਧਰਮ ਪਤਨੀ ਕਿਰਨਜੀਤ ਕੌਰ ਅਤੇ ਪਰਵਾਰ ਨੂੰ ਸਿਰੋਪਾਓ, ਸ੍ਰੀ ਸਾਹਿਬ, ਸ੍ਰੀ ਦਰਬਾਰ ਸਾਹਿਬ ਦਾ ਮਾਡਲ, ਸਨਮਾਨ ਚਿੰਨ੍ਹ ਅਤੇ ਯਾਦਗਾਰੀ ਤੋਹਫ਼ੇ ਭੇਟ ਕਰਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਪ੍ਰਿੰਸੀਪਲ ਦਿਲਬਾਗ ਸਿੰਘ, ਪ੍ਰਿੰਸੀਪਲ ਜਗਰੂਪ ਕੌਰ, ਚੇਅਰਮੈਨ ਹਰਵੰਤ ਸਿੰਘ ਝਬਾਲ, ਅਮਰਜੀਤ ਸਿੰਘ, ਪੱਤਰਕਾਰ ਨਰਿੰਦਰ ਕੁਮਾਰ ਪੱਪਾ ਝਬਾਲ, ਪੱਤਰਕਾਰ ਸੁਖਦੇਵ ਸਿੰਘ, ਐਡਵੋਕੇਟ ਇੰਦਰਜੀਤ ਸਿੰਘ, ਐਡਵੋਕੇਟ ਸ਼ਿਸ਼ਪਾਲ ਸਿੰਘ, ਨਿਸ਼ਾਨ ਸਿੰਘ ਦੋਦੇ, ਗੁਰਮੁਖ ਸਿੰਘ, ਭੁਪਿੰਦਰ ਸਿੰਘ (ਸਾਬਕਾ ਮੀਤ ਸਕੱਤਰ), ਸਰਬਜੀਤ ਸਿੰਘ ਪੀ.ਐਸ.ਓ., ਜਸਪਾਲ ਸਿੰਘ, ਹਰਜਿੰਦਰ ਸਿੰਘ, ਐਡਵੋਕੇਟ ਗੁਰਬਖਸ਼ ਸਿੰਘ, ਅੰਮ੍ਰਿਤਪਾਲ ਸਿੰਘ (ਸਕਾਊਟ ਐਂਡ ਗਾਈਡ), ਮਨਿੰਦਰ ਸਿੰਘ, ਗੁਰਮੀਤ ਸਿੰਘ ਡੀ.ਪੀ.ਈ., ਤਰਸੇਮ ਸਿੰਘ, ਜਗਮੀਤ ਸਿੰਘ, ਜਸਬੀਰ ਸਿੰਘ, ਭੁਪਿੰਦਰ ਸਿੰਘ ਸਮੇਤ ਸਕੂਲ ਸਟਾਫ ਅਤੇ ਇਲਾਕੇ ਦੀਆਂ ਅਨੇਕਾਂ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

## ਖਾਲਸਾ ਕਾਲਜ ਗੁਰਦਾਸ ਨੰਗਲ ਵਿਖੇ ਤਿੰਨ ਰੋਜ਼ਾ ਫੈਕਲਟੀ ਵਿਕਾਸ ਪ੍ਰੋਗਰਾਮ



ਧਾਰੀਵਾਲ (ਮਨਦੀਪ ਵਿੱਕੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਦੀ ਦੇਖ-ਰੇਖ ਹੇਠ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਤਿੰਨ ਰੋਜ਼ਾ ਪ੍ਰਭਾਵਸ਼ਾਲੀ ਪੇਸ਼ਕਾਰੀ ਦਾ ਹੁਨਰ ਵਿਸ਼ੇ ਤੇ ਫੈਕਲਟੀ ਵਿਕਾਸ ਪ੍ਰੋਗਰਾਮ (ਐਫ.ਡੀ.ਪੀ) ਕਰਵਾਇਆ ਗਿਆ। ਕਾਲਜ ਵੱਲੋਂ ਆਈ ਸੀ ਟੀ ਅਕੈਡਮੀ ਜੰਮੂ ਨਾਲ ਐਮ ਓ ਯੂ ਸਾਈਨ ਕੀਤਾ ਹੋਇਆ ਹੈ। ਕਾਲਜ ਵਿਖੇ ਆਈ ਸੀ ਟੀ ਅਕੈਡਮੀ ਦੇ ਸਹਿਯੋਗ ਨਾਲ ਇਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਸ਼ਾ ਮਾਹਰ ਮੁਹੰਮਦ ਆਦਿਲ ਨੇ ਵੱਖ-ਵੱਖ ਸੈਸ਼ਨਾਂ ਦੌਰਾਨ ਅਧਿਆਪਕਾਂ ਨੂੰ ਬਹੁਮੁੱਲੀ ਜਾਣਕਾਰੀ ਪ੍ਰਦਾਨ ਕੀਤੀ। ਉਹਨਾਂ ਆਧੁਨਿਕ ਅਧਿਆਪਨ ਵਿਧੀਆਂ, ਖੋਜ ਕਾਰਜ, ਆਧੁਨਿਕ ਤਕਨੀਕਾਂ ਦੀ ਵਰਤੋਂ, ਅਧਿਆਪਕ- ਵਿਦਿਆਰਥੀ ਰਿਸ਼ਤਾ ਆਦਿ ਮਹੱਤਵਪੂਰਨ ਵਿਸ਼ਿਆਂ 'ਤੇ ਗੱਲਬਾਤ ਕੀਤੀ। ਕਾਲਜ ਪ੍ਰਿੰਸੀਪਲ ਡਾ.ਗੁਰਜੀਤ ਸਿੰਘ ਨੇ ਦੱਸਿਆ ਕਿ ਅਧਿਆਪਨ ਕਾਰਜ ਨੂੰ ਨਿਖਾਰਨ ਅਤੇ ਸਮੇਂ ਦਾ ਹਾਣੀ ਬਣਾਉਣ ਦੇ ਉਦੇਸ਼ ਨਾਲ ਇਸ ਫੈਕਲਟੀ ਵਿਕਾਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਆਪਕਾਂ ਨੇ ਉਤਸ਼ਾਹ ਭਰਪੂਰ ਹਿੱਸਾ ਲਿਆ। ਪ੍ਰਿੰਸੀਪਲ ਨੇ ਪ੍ਰੋਗਰਾਮ ਦੇ ਵਿਸ਼ਾ ਮਾਹਰ ਮੁਹੰਮਦ ਆਦਿਲ ਦਾ ਉਚੇਚੇ ਤੌਰ 'ਤੇ ਧੰਨਵਾਦ ਕੀਤਾ ਅਤੇ ਯਾਦਗਾਰੀ ਚਿੰਨ੍ਹ ਭੇਟ ਕੀਤਾ। ਉਹਨਾਂ ਪ੍ਰੋਗਰਾਮ ਦੇ ਕੋਆਰਡੀਨੇਟਰ ਪ੍ਰੋਫ਼ੈਸਰ ਸੁਰੇਖਾ ਸ਼ਰਮਾ ਨੂੰ ਪ੍ਰੋਗਰਾਮ ਦੀ ਸਫ਼ਲਤਾਪੂਰਵਕ ਸੰਪੰਨਤਾ 'ਤੇ ਵਧਾਈ ਦਿੱਤੀ। ਇਸ ਮੌਕੇ ਕਾਲਜ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਬਲਾਕ ਖਰੜ -2 ਦੇ ਅਧਿਆਪਕ ਬਕਾਇਆਂ ਲਈ ਤਰਸੇ

ਮੋਹਾਲੀ (ਗੁਰਜੀਤ ਬਿੱਲਾ)-ਵਿਭਾਗੀ ਅਣਗਹਿਲੀਆਂ ਕਾਰਨ ਵਿੱਦਿਅਕ ਬਲਾਕ ਖਰੜ-2 ਦੇ ਦੋ ਦਰਜਨ ਤੋਂ ਵੱਧ ਅਧਿਆਪਕ ਅਨੇਕਾਂ ਤਰ੍ਹਾਂ ਦੇ ਬਕਾਇਆਂ ਲਈ ਤਰਸ ਗਏ ਹਨ। ਇਸ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸਾਬਕਾ ਸੂਬਾ ਪ੍ਰੈੱਸ ਸਕੱਤਰ ਹਰਨੇਕ ਸਿੰਘ ਮਾਵੀ ਨੇ ਦੱਸਿਆ ਕਿ ਵਿੱਦਿਅਕ ਬਲਾਕ ਖਰੜ-2 ਵਿਖੇ ਸੰਬੰਧਤ ਅਧਿਕਾਰੀਆਂ ਦੀ ਅਣਗਹਿਲੀ ਦੇ ਚੱਲਦੇ ਅਨੇਕਾਂ ਅਧਿਆਪਕਾਂ ਦੇ ਦੇਰੀ ਨਾਲ ਲੱਗੀ ਸਾਲਾਨਾ ਤਰੱਕੀ ਦੇ ਬਕਾਏ, ਤਨਖਾਹ ਫਿਕਸੇਸ਼ਨ ਦੇ ਬਕਾਏ ਜਾਂ ਕੁਝ ਵਿਸ਼ੇਸ਼ ਹਾਲਤਾਂ ਵਿੱਚ ਐੱਲ ਟੀ ਸੀ ਦੇ ਬਕਾਏ ਦੇ ਬਿੱਲ ਅਦਾਇਗੀ ਲਈ ਬਕਾਇਆ ਹਨ। ਇਹਨਾਂ ਵਿੱਚੋਂ ਕੁਝ ਬਿੱਲ ਦੇਰ ਹੋਣ ਕਾਰਨ ਸਬੰਧਤ ਅਧਿਕਾਰੀਆਂ ਦੀ ਵਿਸ਼ੇਸ਼ ਟਿੱਪਣੀ ਦੀ ਅਣਹੋਂਦ ਕਾਰਨ ਵੀ ਪੈਂਡਿੰਗ ਹਨ।

ਹਰਨੇਕ ਸਿੰਘ ਮਾਵੀ ਨੇ ਦੱਸਿਆ ਕਿ ਸੈਂਟਰ ਹੈਡ ਟੀਚਰ ਸਰਕਾਰੀ ਪ੍ਰਇਮਰੀ ਸਕੂਲ ਸਕਰੂਲਾਂਪੁਰ ਦੀ ਹੀ ਪੇ ਫਿਕਸੇਸ਼ਨ ਦੀ ਡੇਢ ਲੱਖ ਦੀ ਰਾਸ਼ੀ ਸਬੰਧਤ ਦਫ਼ਤਰ ਵੱਲ ਬਕਾਇਆ ਹੈ। ਇਸੇ ਤਰ੍ਹਾਂ ਗੁਰਪ੍ਰੀਤ ਕੌਰ ਈ.ਟੀ.ਟੀ ਅਧਿਆਪਕਾ ਸਰਕਾਰੀ ਪ੍ਰਾਇਮਰੀ ਸਕੂਲ ਮਾਮੂਪੁਰ, ਬਲਾਕ ਖਰੜ -2 ਦਾ 3 ਸਾਲ ਪੁਰਾਣਾ ਐੱਲ ਟੀ ਸੀ ਸਬੰਧੀ ਏਰੀਅਰ ਹਾਲੇ ਤੱਕ ਪੈਂਡਿੰਗ ਹੈ।

ਸਾਬਕਾ ਅਧਿਆਪਕ ਆਗੂ ਨੇ ਕਿਹਾ ਕਿ ਜੇਕਰ ਤੁਰੰਤ ਪੀੜਤ ਅਧਿਆਪਕਾਂ ਦੇ ਬਕਾਏ ਜਾਰੀ ਨਾ ਕੀਤੇ ਗਏ ਤਾਂ ਉਹ ਇਹਨਾਂ ਅਧਿਆਪਕਾਂ ਦੀ ਸਮੁੱਚੀ ਬਕਾਇਆ ਅਦਾਇਗੀਆਂ ਦੀ ਵਿਸਥਾਰਪੂਰਵਕ ਲਿਖਤੀ ਜਾਣਕਾਰੀ ਸਿੱਖਿਆ ਮੰਤਰੀ ਪੰਜਾਬ, ਮਾਣਯੋਗ ਸਿੱਖਿਆ ਸਕੱਤਰ ਪੰਜਾਬ ਸਮੇਤ ਹੋਰ ਉੱਚ ਅਧਿਕਾਰੀਆਂ ਨੂੰ ਲਿਖਤੀ ਸੌਂਪਦੇ ਹੋਏ ਸੰਘਰਸ਼ ਦਾ ਪਿੜ ਮੱਲਣਗੇ।

## ਪੁਲਸ ਨੇ ਮੁਕਤੇਸ਼ਵਰ ਮੰਦਰ ਵਾਲੀ ਥਾਂ 'ਤੇ ਚੌਕਸੀ ਵਧਾਈ



ਪਠਾਨਕੋਟ (ਦਵਿੰਦਰ ਸਿੰਘ)- ਅੱਤਵਾਦੀਆਂ ਵੱਲੋਂ ਬਾਬਾ ਮੁਕਤੇਸ਼ਵਰ ਮੰਦਰ ਨੂੰ ਉਡਾਉਣ ਦੀ ਯੋਜਨਾ ਬਣਾਉਣ ਦੀ ਜਾਣਕਾਰੀ ਦੇ ਆਧਾਰ 'ਤੇ ਜ਼ਿਲ੍ਹਾ ਪੁਲਸ ਨੇ ਪੂਰੇ ਪਵਿੱਤਰ ਸਥਾਨ 'ਤੇ ਚੌਕਸੀ ਵਧਾ ਦਿੱਤੀ ਹੈ। ਸਥਾਈ ਤੌਰ 'ਤੇ ਆਈ ਆਰ ਬੀ ਬਟਾਲੀਅਨ ਦੇ ਪੁਲਸ ਕਰਮਚਾਰੀਆਂ ਨੂੰ ਤਾਇਨਾਤ ਕੀਤਾ ਹੈ ਅਤੇ ਹਥਿਆਰਾਂ ਨਾਲ ਲੈਸ ਆਈ ਆਰ ਬੀ ਵਾਹਨ ਤਾਇਨਾਤ ਕੀਤੇ ਹਨ। ਡੀ ਐਸ ਪੀ ਧਾਰ ਕਲਾਂ ਰਾਜੇਸ਼ ਕੱਕੜ ਅਤੇ ਸ਼ਾਹਪੁਰ ਕੰਢੀ ਪੁਲਸ ਸਟੇਸ਼ਨ ਦੇ ਐਸ ਐਚ ਓ ਇੰਸਪੈਕਟਰ ਮੋਹਿਤ ਟਾਂਕ ਅਨੁਸਾਰ ਉਨ੍ਹਾਂ ਦੀ ਪੁਲਸ ਨੇ ਪ੍ਰਾਪਤ ਜਾਣਕਾਰੀ ਦੇ ਆਧਾਰ 'ਤੇ ਪੂਰੇ ਖੇਤਰ ਵਿੱਚ ਚੌਕਸੀ ਵਧਾ ਦਿੱਤੀ ਹੈ। ਆਈ ਆਰ ਬੀ ਬਟਾਲੀਅਨ ਚੌਥੀ ਦੇ ਪੁਲਸ ਕਰਮਚਾਰੀ ਬਾਬਾ ਮੁਕਤੇਸ਼ਵਰ ਦੇ ਪਵਿੱਤਰ ਅਸਥਾਨ ਦੇ ਪ੍ਰਵੇਸ਼ ਦੁਆਰ 'ਤੇ ਤਾਇਨਾਤ ਕੀਤੇ ਗਏ ਹਨ ਅਤੇ ਹਰੇਕ ਸ਼ਰਧਾਲੂ ਦੇ ਸਮਾਨ ਦੀ ਜਾਂਚ ਕੀਤੀ ਜਾ ਰਹੀ ਹੈ। ਕਿਸੇ ਵੀ ਸਮਾਜ ਵਿਰੋਧੀ ਅਨਸਰ ਨੂੰ ਇਲਾਕੇ ਵਿੱਚ ਦਾਖਲ ਹੋਣ ਤੋਂ ਰੋਕਣ ਲਈ ਵਾਹਨਾਂ ਦੀ ਸਖ਼ਤ ਜਾਂਚ ਵੀ ਜਾਰੀ ਹੈ। ਪੁਲਸ ਨੇ ਨੇੜਲੇ ਪਿੰਡਾਂ ਦੇ ਲੋਕਾਂ ਅਤੇ ਪਿੰਡ ਮੁਖੀਆਂ ਨੂੰ ਵੀ ਅਪੀਲ ਕੀਤੀ ਹੈ ਕਿ ਜੇਕਰ ਉਹ ਇਲਾਕੇ ਵਿੱਚ ਕੋਈ ਸ਼ੱਕੀ ਵਿਅਕਤੀ ਘੁੰਮਦੇ ਦੇਖਦੇ ਹਨ ਤਾਂ ਤੁਰੰਤ ਪੁਲਸ ਨੂੰ ਸੂਚਿਤ ਕਰਨ।

ਪੁਲਿਸ ਨੇ ਬਾਬਾ ਮੁਕਤੇਸ਼ਵਰ ਮੰਦਰ ਕਮੇਟੀ ਦੇ ਅਧਿਕਾਰੀਆਂ ਨਾਲ ਇੱਕ ਮੀਟਿੰਗ ਵੀ ਕੀਤੀ ਅਤੇ ਉਨ੍ਹਾਂ ਦੇ ਪੂਰੇ ਸਹਿਯੋਗ ਦੀ ਅਪੀਲ ਕੀਤੀ।

# ਬੀਬੀ ਰਮਨਦੀਪ ਕੌਰ ਸ਼ੇਰੋਂ ਗੁਰਦੁਆਰਾ ਬੀੜ ਸਾਹਿਬ ਵਿਖੇ ਹੋਏ ਨਤਮਸਤਕ



ਝਬਾਲ (ਹਰਜਿੰਦਰ ਸਿੰਘ ਸੋਨੀ)-ਹਲਕਾ ਖਡੂਰ ਸਾਹਿਬ ਦੇ ਸ਼੍ਰੋਮਣੀ ਅਕਾਲੀ ਦਲ ਦੇ ਇੰਚਾਰਜ ਬੀਬੀ ਰਮਨਦੀਪ ਕੌਰ ਸ਼ੇਰੋਂ ਆਪਣੇ ਪਤੀ ਅਵਤਾਰ ਸਿੰਘ ਬਿੱਲਾ ਸਰਪੰਚ ਸ਼ੇਰੋਂ ਅਤੇ ਅਕਾਲੀ ਵਰਕਰਾਂ ਸਮੇਤ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਨਤਮਸਤਕ ਹੋਏ। ਉਨ੍ਹਾਂ ਕੜਾਹ ਪ੍ਰਸ਼ਾਦਿ ਦੀ ਦੇਗ ਕਰਵਾਉਂਦਿਆਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ।

ਮੈਨੇਜਰ ਧਰਵਿੰਦਰ ਸਿੰਘ ਮਾਨੋਚਾਹਲ ਨੇ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਭੇਟ ਕੀਤਾ। ਇਸ ਮੌਕੇ ਹਰਭਜਨ ਸਿੰਘ ਸਰਹਾਲੀ, ਜੰਗਸ਼ੇਰ ਸਿੰਘ ਟੋਨੀ, ਸੁਖਰਾਜ ਸਿੰਘ ਰਾਜਾ ਸਰਪੰਚ ਭੈਲ, ਜਗਦੀਪ ਸਿੰਘ ਖ਼ਾਨ ਰਜ਼ਾਦਾ, ਮਨਦੀਪ ਸਿੰਘ, ਹੀਰਾ ਹਰੀਕੇ, ਸਿਕੰਦਰ ਸਿੰਘ ਵਰਾਣਾ, ਸਤਿਨਾਮ ਸਿੰਘ, ਫਤਿਹ ਸਿੰਘ ,ਗੱਬਰ ਸਿੰਘ, ਅਰਵਨਪ੍ਰੀਤ ਸਿੰਘ ਕੈਰੋਂ, ਜਤਿੰਦਰ ਸਿੰਘ ਸਟੋਰ ਕੀਪਰ ਵੀ ਹਾਜ਼ਰ ਸਨ।

## ਪ੍ਰਲੇਸ ਪੰਜਾਬ ਵੱਲੋਂ ਸਵਰਨ ਸਿੰਘ ਭੰਗੂ ਦੀ ਮੌਤ 'ਤੇ ਦੁੱਖ ਪ੍ਰਗਟ



ਲੁਧਿਆਣਾ-ਪ੍ਰਗਤੀਸ਼ੀਲ ਲੇਖਕ ਸੰਘ ਨੇ ਪ੍ਰਸਿੱਧ ਪੱਤਰਕਾਰ ਅਤੇ ਫਿਲਮ ਸਟਾਰ ਗੁਰਪ੍ਰੀਤ ਭੰਗੂ ਦੇ ਜੀਵਨ ਸਾਥੀ ਸਵਰਨ ਭੰਗੂ ਦੇ ਅਚਨਚੇਤ ਤੁਰ ਜਾਣ 'ਤੇ ਡੂੰਘੇ ਅਫਸੋਸ ਦਾ ਇਜ਼ਹਾਰ ਕੀਤੀ ਹੈ। ਉਹ ਸਿਰਫ਼ ਇੱਕ ਵਿਅਕਤੀ ਨਹੀਂ ਸਨ, ਬਲਕਿ ਇੱਕ ਮੁਕੰਮਲ ਸੰਸਥਾ ਸਨ। ਸੰਸਥਾ ਦੇ ਕੌਮੀ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਸੂਬਾ ਪ੍ਰਧਾਨ ਸੁਰਜੀਤ ਜੱਜ, ਸੂਬਾ ਜਨਰਲ ਸਕੱਤਰ ਡਾ. ਕੁਲਦੀਪ ਸਿੰਘ ਦੀਪ ਤੇ ਉੱਘੇ ਚਿੰਤਕ ਡਾ. ਸਵਰਾਜਬੀਰ ਨੇ ਕਿਹਾ ਕਿ ਉਹ ਪ੍ਰਸਿੱਧ ਫਿਲਮ ਸਟਾਰ ਗੁਰਪ੍ਰੀਤ ਕੌਰ ਭੰਗੂ ਦੇ ਹਮਸਫ਼ਰ ਤਾਂ ਸੀ ਹੀ ਪਰ ਉਹਨਾਂ ਦਾ ਆਪਣਾ ਕਾਰਜ ਬੇਮਿਸਾਲ ਹੈ। ਪੱਤਰਕਾਰਤਾ, ਸਿੱਖਿਆ, ਤਰਕਸ਼ੀਲਤਾ, ਸਮਾਜ ਸੇਵਾ, ਕਲਾ ਅਤੇ ਸਭ ਤੋਂ ਵੱਧ ਬੱਚਿਆਂ ਨੂੰ ਭਵਿੱਖ ਦੀਆਂ ਰਾਹਾਂ ਦਿਖਾਉਣ ਦੇ ਖੇਤਰ ਵਿੱਚ ਉਹਨਾਂ ਵੱਲੋਂ ਕੀਤਾ ਗਿਆ ਕਾਰਜ ਲਾਸਾਨੀ ਹੈ।ਪੰਜਾਬੀ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ, ਡਾ. ਗੁਲਜ਼ਾਰ ਸਿੰਘ ਪੰਧੇਰੇ, ਡਾ. ਅਨੂਪ ਸਿੰਘ, ਪ੍ਰੋ. ਬਲਦੇਵ ਬੱਲੀ, ਪਰਮਿੰਦਰ ਸਵੈਚ, ਰਮੇਸ਼ ਯਾਦਵ, ਜਸਪਾਲ ਮਾਨਖੇੜਾ, ਸੁਰਿੰਦਰ ਗਿੱਲ, ਦਰਸ਼ਨ ਜੋਗਾ, ਹਰਮੀਤ ਵਿਦਿਆਰਥੀ, ਡਾ. ਸੰਤੋਖ ਸੁੱਖੀ, ਰਾਬਿੰਦਰ ਸਿੰਘ ਰੱਬੀ ਅਤੇ ਹਰਿਆਣਾ ਇਕਾਈ ਦੇ ਜਨਰਲ ਸਕੱਤਰ ਡਾ. ਹਰਵਿੰਦਰ ਸਿੰਘ ਨੇ ਉਹਨਾਂ ਦੇ ਮਹਾਨ ਕਾਰਜ ਨੂੰ ਨਮਨ ਕਰਦਿਆਂ ਕਿਹਾ ਕਿ ਸਵਰਨ ਸਿੰਘ ਭੰਗੂ ਦੇ ਜਾਣ ਨਾਲ ਉਹਨਾਂ ਦੇ ਪਰਵਾਰ ਨੂੰ ਤਾਂ ਜੋ ਸਦਮਾ ਲੱਗੇਗਾ ਉਹ ਸ਼ਬਦਾਂ ਤੋਂ ਬਾਹਰ ਹੈ, ਇਸ ਦੇ ਨਾਲ ਨਾਲ ਇਸ ਖੇਤਰ ਦੀਆਂ ਸੈਂਕੜੇ ਸਰਗਰਮੀਆਂ ਨੂੰ ਜੋ ਢਾਅ ਲੱਗੇਗੀ ਅਤੇ ਖਲਾਅ ਪੈਦਾ ਹੋਵੇਗਾ ਉਸ ਨੂੰ ਵੀ ਪੂਰਿਆ ਜਾਣਾ ਸੁਖਾਲਾ ਨਹੀਂ ਹੋਵੇਗਾ। ਪ੍ਰਗਤੀਸ਼ੀਲ ਲੇਖਕ ਸੰਘ ਇਸ ਮੌਕੇ 'ਤੇ ਉਹਨਾਂ ਦੇ ਪਰਵਾਰ ਨਾਲ ਡੂੰਘੀ ਸੰਵੇਦਨਾ ਦਾ ਇਜ਼ਹਾਰ ਕਰਦਾ ਹੈ।

# ਔਜਲਾ ਨੇ ਰਾਮਬਾਗ ਅੱਗ ਪੀੜਤਾਂ ਨਾਲ ਕੀਤੀ ਮੁਲਾਕਾਤ



ਛੇਹਰਟਾ/ਚੇਤਨਪੁਰਾ (ਮਨੋਜ ਕੁਮਾਰ/ਸੁਖਵੰਤ ਚੇਤਨਪੁਰੀ)-ਅੰਮ੍ਰਿਤਸਰ ਦੇ ਰਾਮਬਾਗ ਇਲਾਕੇ ਵਿਚ ਹਾਲ ਹੀ ਦੌਰਾਨ ਲੱਗੀ ਭਿਆਨਕ ਅੱਗ ਕਾਰਨ ਪ੍ਰਭਾਵਿਤ ਹੋਏ ਦੁਕਾਨਦਾਰਾਂ ਤੇ ਪਰਵਾਰਾਂ ਨਾਲ ਦੁੱਖ ਸਾਂਝਾ ਕਰਨ ਲਈ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਮੌਕੇ 'ਤੇ ਪਹੁੰਚੇ। ਇਸ ਦੌਰਾਨ ਉਨ੍ਹਾਂ ਅੱਗ ਕਾਰਨ ਹੋਏ ਵੱਡੇ ਜਾਨੀ ਤੇ ਮਾਲੀ ਨੁਕਸਾਨ 'ਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਪੰਜਾਬ ਸਰਕਾਰ ਤੋਂ ਪੀੜਤ ਪਰਵਾਰਾਂ ਨੂੰ ਤੁਰੰਤ ਯੋਗ ਮੁਆਵਜ਼ਾ ਦੇਣ ਦੀ ਮੰਗ ਕੀਤੀ ਔਜਲਾ ਨੇ ਕਿਹਾ ਕਿ ਰਾਮਬਾਗ ਦੀ ਮਾਰਕੀਟ ਵਿਚ ਜ਼ਿਆਦਾਤਰ ਗਰੀਬ ਤੇ ਮਜ਼ਦੂਰ ਵਰਗ ਨਾਲ ਸਬੰਧਤ ਲੋਕ ਆਪਣਾ ਰੋਜ਼ਗਾਰ ਚਲਾਉਂਦੇ ਹਨ। ਅੱਗ ਦੀ ਇਸ ਘਟਨਾ ਨੇ ਕਈ ਪਰਵਾਰਾਂ ਦੀ ਰੋਜ਼ੀ-ਰੋਟੀ ਖੋਹ ਲਈ ਹੈ। ਉਨ੍ਹਾਂ ਕਿਹਾ ਕਿ ਇੱਕ ਵਿਅਕਤੀ ਦੀ ਮੌਤ ਹੋਈ ਹੈ ਤੇ ਕਈ ਲੋਕਾਂ ਦਾ ਵੱਡਾ ਆਰਥਿਕ ਨੁਕਸਾਨ ਹੋਇਆ ਹੈ, ਜਿਸ ਦੀ ਭਰਪਾਈ ਲਈ ਸਰਕਾਰ ਨੂੰ ਅੱਗੇ ਆਉਣਾ ਚਾਹੀਦਾ ਹੈ। ਸੰਸਦ ਮੈਂਬਰ ਨੇ ਫਾਇਰ ਬ੍ਰਿਗੇਡ ਤੇ ਯੋਗ ਨਗਰ ਨਿਗਮ ਦੇ ਪ੍ਰਬੰਧਾਂ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਜੇਕਰ ਐਮਰਜੈਂਸੀ ਸੇਵਾਵਾਂ ਪੂਰੀ ਤਰ੍ਹਾਂ ਚੁਸਤ ਹੁੰਦੀਆਂ ਤਾਂ ਨੁਕਸਾਨ ਨੂੰ ਕਾਫੀ ਹੱਦ ਤਕ ਘਟਾਇਆ ਜਾ ਸਕਦਾ ਸੀ। ਉਨ੍ਹਾਂ ਦੋਸ਼ ਲਗਾਇਆ ਕਿ ਫਾਇਰ ਬ੍ਰਿਗੇਡ ਦੇ ਸਾਜ਼ੋ-ਸਾਮਾਨ ਤੇ ਵਾਹਨਾਂ ਦੀ ਸਮੇਂ ਸਿਰ ਦੇਖਭਾਲ ਨਾ ਹੋਣ ਕਾਰਨ ਲੋਕਾਂ ਨੂੰ ਖੁਦ ਅੱਗ ਬੁਝਾਉਣ ਲਈ ਮੈਦਾਨ ਵਿਚ ਉਤਰਨਾ ਪਿਆ।

ਔਜਲਾ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਕਿ ਅੱਗ ਪੀੜਤਾਂ ਦੇ ਨੁਕਸਾਨ ਦਾ ਮੁਲਾਂਕਣ ਕਰਵਾ ਕੇ ਯੋਗ ਮੁਆਵਜ਼ਾ ਦਿੱਤਾ ਜਾਵੇ ਅਤੇ ਮ੍ਰਿਤਕ ਦੇ ਪਰਿਵਾਰ ਲਈ ਵਿਸ਼ੇਸ਼ ਆਰਥਿਕ ਸਹਾਇਤਾ ਦਾ ਐਲਾਨ ਕੀਤਾ ਜਾਵੇ।

# ਸਮਾਜ ਸੇਵਾ ਨਾਲ ਜਨਸੇਵਾ ਦੀ ਰਾਜਨੀਤੀ ਤੱਕ ਪਹੁੰਚੇ ਐਡਵੋਕੇਟ ਵਰੁਣ ਗੋਸਾਈ



ਗੁਰਦਾਸਪੁਰ (ਦਿਨੇਸ਼ ਕੁਮਾਰ)- ਨਗਰ ਕੌਂਸਲ ਚੋਣਾਂ ਤੋਂ ਪਹਿਲਾਂ ਵਾਰਡ ਨੰਬਰ 27 ਵਿੱਚ ਚੋਣ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਭਾਜਪਾ ਉਮੀਦਵਾਰ ਐਡਵੋਕੇਟ ਵਰੁਣ ਗੋਸਾਈ ਲਗਾਤਾਰ ਘਰ-ਘਰ ਜਾ ਕੇ ਲੋਕਾਂ ਨਾਲ ਸੰਪਰਕ ਕਰ ਰਹੇ ਹਨ ਅਤੇ ਆਪਣਾ ਚੋਣ ਏਜੰਡਾ ਪੇਸ਼ ਕਰ ਰਹੇ ਹਨ। ਸਮਾਜ ਸੇਵਾ ਦੇ ਖੇਤਰ ਵਿੱਚ ਲੰਬੇ ਸਮੇਂ ਤੋਂ ਸਰਗਰਮ ਰਹੇ ਐਡਵੋਕੇਟ ਵਰੁਣ ਗੋਸਾਈ ਦਾ ਕਹਿਣਾ ਹੈ ਕਿ ਰਾਜਨੀਤੀ ਵਿੱਚ ਆਉਣ ਦਾ ਉਨ੍ਹਾਂ ਦਾ ਇੱਕੋ ਇੱਕ ਮਕਸਦ ਚੋਣ ਜਿਤ ਕੇ ਕੌਂਸਲਰ ਹੋਣ ਦੇ ਨਾਤੇ, ਵਾਰਡ ਦੀ ਨੁਹਾਰ ਨੂੰ ਬਦਲਨਾ ਹੈ । ਉਨ੍ਹਾਂ ਕਿਹਾ ਕਿ ਜੇਕਰ ਜਨਤਾ ਉਨ੍ਹਾਂ ਨੂੰ ਸੇਵਾ ਕਰਨ ਦਾ ਮੌਕਾ ਦੇਵੇਗੀ ਤਾਂ ਹਰ ਗਲੀ ਅਤੇ ਮੁਹੱਲੇ ਵਿੱਚ ਬੁਨਿਆਦੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਵਾਰਡ ਦੀਆਂ ਸੜਕਾਂ ਅਤੇ ਨਾਲੀਆਂ ਦੀ ਹਾਲਤ ਵਿੱਚ ਸੁਧਾਰ ਕੀਤਾ ਜਾਵੇਗਾ, ਸਟਰੀਟ ਲਾਈਟ ਸਿਸਟਮ ਨੂੰ ਮਜ਼ਬੂਤ ਕੀਤਾ ਜਾਵੇਗਾ ਅਤੇ ਸਾਫ਼ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਵਿਸ਼ੇਸ਼ ਯਤਨ ਕੀਤੇ ਜਾਣਗੇ। ਇਸ ਤੋਂ ਇਲਾਵਾ ਸਫਾਈ ਵਿੱਚ ਹੋਰ ਸੁਧਾਰ ਕੀਤਾ ਜਾਵੇਗਾ । ਭਾਜਪਾ ਉਮੀਦਵਾਰ ਐਡਵੋਕੇਟ ਗੋਸਾਈ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਵਾਰਡ ਨੰਬਰ 27 ਦੇ ਲੋਕਾਂ ਵੱਲੋਂ ਭਾਰੀ ਸਮਰਥਨ ਅਤੇ ਪਿਆਰ ਮਿਲ ਰਿਹਾ ਹੈ। ਉਨ੍ਹਾ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦਾ ਸਮਰਥਨ ਕਰਨ ਤਾਂ ਜੋ ਵਾਰਡ ਵਿੱਚ ਅਧੂਰੇ ਕੰਮਾਂ ਨੂੰ ਪੂਰਾ ਕੀਤਾ ਜਾ ਸਕੇ ਅਤੇ ਵਿਕਾਸ ਦੀ ਇੱਕ ਨਵੀਂ ਸ਼ੁਰੂਆਤ ਕੀਤੀ ਜਾ ਸਕੇ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਲੋਕਾਂ ਦੇ ਸਹਿਯੋਗ ਨਾਲ ਵਾਰਡ ਨੰਬਰ 27 ਨੂੰ ਇੱਕ ਮਾਡਲ ਵਾਰਡ ਵਜੋਂ ਵਿਕਸਤ ਕੀਤਾ ਜਾਵੇਗਾ।

## ਪੁਲ ਦੀ ਰੇਲਿੰਗ ਟੁੱਟਣ ਨਾਲ ਵਾਪਰ ਸਕਦਾ ਵੱਡਾ ਹਾਦਸਾ

ਗੁਰਦਾਸਪੁਰ (ਜਨਕ ਮਹਾਜਨ)- ਗੁਰਦਾਸਪੁਰ-ਮੁਕੇਰੀਆਂ ਸੜਕ 'ਤੇ ਪੈਂਦੇ ਕਸਬਾ ਪੁਰਾਣਾ ਸ਼ਾਲਾ ਨਜ਼ਦੀਕ ਪੈਂਦੇ ਪੁਲ ਦੀ ਰੇਲਿੰਗ ਟੁੱਟਣ ਨਾਲ ਕਿਸੇ ਸਮੇਂ ਵੀ ਕਈ ਵੱਡਾ ਹਾਦਸਾ ਵਾਪਰ ਸਕਦਾ ਹੈ। ਇਸ ਸਬੰਧੀ ਸਰਪੰਚ ਰਾਮ ਲੁਭਾਇਆ ਜਗਤਪੁਰ ਤੇ ਡਾਕਟਰ ਬਲਕਾਰ ਸਿੰਘ ਟਾਂਡਾ ਸਾਬਕਾ ਸਰਪੰਚ ਨੇ ਦੱਸਿਆ ਕਿ ਇਸ ਸੜਕ ਉੱਤੇ ਪੰਜਾਬ ਤੋਂ ਲੈ ਕੇ ਹੋਰਨਾਂ ਰਾਜਾਂ ਨੂੰ ਦਿਨ-ਰਾਤ ਬੱਸਾਂ ਚਲਦੀਆਂ ਹਨ ਅਤੇ ਕਈ ਵਾਰ ਹਨੇਰੇ ਵਿਚ ਇਕ-ਦੂਜੀਆਂ ਗੱਡੀਆਂ ਦੀਆਂ ਲਾਈਟਾਂ ਪੈਣ ਕਰਕੇ ਹਾਦਸਾ ਹੋਣ ਦਾ ਡਰ ਹਰ ਵੇਲੇ ਬਣਿਆ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਪੁਲ ਉੱਤੇ ਰੇਲਿੰਗ ਲਗਾਉਣ ਲਈ ਸੰਬੰਧਤ ਵਿਭਾਗ ਨੂੰ ਮਿਲੇ ਵੀ ਹਨ ਅਤੇ ਪੱਤਰ ਵਿਹਾਰ ਵੀ ਕੀਤਾ ਹੈ ਪਰ ਮਹਿਕਮੇ 'ਤੇ ਕੋਈ ਅਸਰ ਨਹੀਂ ਹੋਇਆ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਉਕਤ ਪੁਲ 'ਤੇ ਰੇਲਿੰਗ ਲਗਾਉਣ ਲਈ ਮਹਿਕਮਾ ਲੋਕ ਨਿਰਮਾਣ ਵਿਭਾਗ ਨੂੰ ਹਦਾਇਤਾਂ ਕੀਤੀਆਂ ਜਾਣ।



# ਨਸ਼ੀਲੀਆਂ ਗੋਲੀਆਂ ਸਮੇਤ ਦੋ ਭਰਾ ਕਾਬੂ



ਧਾਰੀਵਾਲ, (ਮਨਦੀਪ ਵਿੱਕੀ)- ਥਾਣਾ ਧਾਰੀਵਾਲ ਦੀ ਪੁਲਸ ਨੇ ਦੋ ਸਕੇ ਭਰਾਵਾਂ ਨੂੰ 100 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰਕੇ ਉਨ੍ਹਾਂ ਵਿਰੁੱਧ ਐੱਨ ਡੀ ਪੀ ਐੱਸ ਐਕਟ ਤਹਿਤ ਮੁੱਕਦਮਾ ਦਰਜ ਕੀਤਾ ਹੈ। ਥਾਣਾ ਧਾਰੀਵਾਲ ਦੇ ਐੱਸ ਐੱਚ ਓ ਸਬ ਇੰਸਪੈਕਟਰ ਪਰਮਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਸਹਾਇਕ ਸਬ ਇੰਸਪੈਕਟਰ ਰਣਜੀਤ ਸਿੰਘ ਨੇ ਗਸ਼ਤ ਸਮੇਂ ਮਿੱਲ ਗਰਾਊਂਡ ਧਾਰੀਵਾਲ ਤੋਂ ਸ਼ੱਕ ਦੇ ਅਧਾਰ 'ਤੇ ਦੋ ਨੌਜਵਾਨਾਂ ਨੂੰ ਕਾਬੂ ਕਰਕੇ ਤਲਾਸ਼ੀ ਲੈਣ 'ਤੇ ਉਨ੍ਹਾਂ ਕੋਲੋਂ ਬਿਨਾ ਮਾਰਕਾ 100 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਮੁਲਜ਼ਮਾਂ ਦੀ ਪਛਾਣ ਸੁਰਜੀਤ ਸਿੰਘ ਅਤੇ ਰਵਿੰਦਰ ਸਿੰਘ ਪੁੱਤਰਾਨ ਜਸਪਾਲ ਸਿੰਘ ਵਾਸੀ ਕੰਗ ਵਜੋਂ ਹੋਈ।

# ਨੌਜਵਾਨਾਂ ਨਾਲ ਹੋਈ ਕੁੱਟਮਾਰ ਦੀ ਨਿੰਦਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਆਰ ਟੀ ਆਈ ਐਕਟਿਵਿਸਟ ਫਰੰਟ ਆਫ਼ ਇੰਡੀਆ ਦੇ ਰਾਸ਼ਟਰੀ ਪ੍ਰਧਾਨ ਬਲਵੀਰ ਸਿੰਘ ਸੈਣੀ ਨੇ ਹਿਮਾਚਲ ਪ੍ਰਦੇਸ਼ ਦੇ ਕੁੱਲੂ-ਮਨਾਲੀ ਵਿੱਚ ਪੰਜਾਬੀ ਸਿੱਖ ਨੌਜਵਾਨਾਂ ਉੱਤੇ ਹੋਏ ਜਾਨਲੇਵਾ ਹਮਲੇ ਅਤੇ ਬੇਅਦਬੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਹਿਮਾਚਲ ਪ੍ਰਦੇਸ਼ ਦੀ ਸੁੱਖੂ ਸਰਕਾਰ ਕੋਲੋਂ ਹਮਲਾਵਰਾਂ ਖਿਲਾਫ਼ ਕੇਸ ਦਰਜ ਕਰਕੇ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ । ਪ੍ਰੈੱਸ ਬਿਆਨ ਜਾਰੀ ਕਰਦਿਆਂ ਉਨ੍ਹਾਂ ਕਿਹਾ ਕਿ ਹਿਮਾਚਲ 'ਚ 4 ਪੰਜਾਬੀ ਸਿੱਖ ਨੌਜਵਾਨ ਆਪਣੀ ਗੱਡੀ ਵਿੱਚ ਜਾ ਰਹੇ ਸਨ, ਜਿਨ੍ਹਾਂ ਨੂੰ ਕੁਝ ਸਿਰਫਿਰੇ ਅਤੇ ਹੁਲੜਬਾਜ਼ 20/25 ਹਿਮਾਚਲੀ ਨੌਜਵਾਨਾਂ ਨੇ ਘੇਰ ਕੇ ਬਹੁਤ ਹੀ ਬੇਰਹਿਮੀ ਤੇ ਅਣਮਨੁੱਖੀ ਢੰਗ ਨਾਲ ਕੁੱਟਮਾਰ ਦਾ ਸ਼ਿਕਾਰ ਬਣਾਇਆ। ਬਲਵੀਰ ਸਿੰਘ ਸੈਣੀ ਨੇ ਦੱਸਿਆ ਕਿ ਇਨ੍ਹਾਂ ਨੌਜਵਾਨਾਂ ਵਿੱਚੋਂ ਇੱਕ ਸਿੱਖ ਨੌਜਵਾਨ ਮਨਪ੍ਰੀਤ ਸਿੰਘ ਕੋਲੋਂ ਉਸ ਦਾ ਲਾਇਸੰਸੀ ਰਿਵਾਲਵਰ ਖੋਹਣ ਦੀ ਵੀ ਕੋਸ਼ਿਸ਼ ਕੀਤੀ ਗਈ। ਪਰ ਸਿੱਖ ਨੌਜਵਾਨ ਸਰੀਰਕ ਪੱਖੋਂ ਤਕੜਾ ਹੋਣ ਕਰਕੇ ਹਮਲਾਵਰ ਆਪਣੇ ਇਸ ਖ਼ਤਰਨਾਕ ਮਨਸੂਬੇ ਵਿੱਚ ਸਫ਼ਲ ਨਹੀਂ ਹੋ ਸਕੇ। ਇਸ ਖਿੱਚੋਤਾਣ ਅਤੇ ਹਮਲੇ ਦੌਰਾਨ ਇੱਕ ਨੌਜਵਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਵੀ ਹੋਇਆ ਹੈ। ਉਨ੍ਹਾਂ ਅਫ਼ਸੋਸ ਜਤਾਇਆ ਕਿ ਸਿੱਖ ਨੌਜਵਾਨਾਂ ਨੇ ਪੂਰੇ ਸੰਜਮ ਤੋਂ ਕੰਮ ਲਿਆ ਪਰ ਇਸ ਦੇ ਬਾਵਜੂਦ ਕੁੱਲੂ-ਮਨਾਲੀ ਦੀ ਪੁਲਿਸ ਵੱਲੋਂ ਉਲਟਾ ਪੀੜਤ ਪੰਜਾਬੀ ਸਿੱਖ ਨੌਜਵਾਨਾਂ 'ਤੇ ਹੀ ਤਸ਼ੱਦਦ ਢਾਹਿਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਹੀ ਗ੍ਰਿਫ਼ਤਾਰ ਕਰਨ ਦੀ ਕਾਰਵਾਈ ਕੀਤੀ ਜਾ ਰਹੀ ਹੈ, ਜੋ ਕਿ ਬੇਹੱਦ ਪੱਖਪਾਤੀ ਅਤੇ ਮੰਦਭਾਗੀ ਸੋਚ ਹੈ।

## ਭੰਗੂ ਦੀ ਮੌਤ 'ਤੇ ਕੇਂਦਰੀ ਸਭਾ ਵੱਲੋਂ ਗਹਿਰੇ ਦੁੱਖ ਦਾ ਇਜ਼ਹਾਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਪ੍ਰਸਿੱਧ ਪੱਤਰਕਾਰ, ਸਿੱਖਿਆ ਸ਼ਾਸਤਰੀ, ਸਮਾਜ ਸੇਵੀ ਅਤੇ ਤਰਕਸ਼ੀਲ ਚਿੰਤਕ ਸਵਰਨ ਸਿੰਘ ਭੰਗੂ ਜਿਹੜੇ ਸਾਰੀ ਉਮਰ ਮਾੜੇ ਸਿਸਟਮ ਖ਼ਿਲਾਫ਼ ਲੜਦੇ ਰਹੇ ਅੱਜ ਆਪ ਵੀ ਉਸੇ ਦੀ ਭੇਟ ਚੜ੍ਹ ਕੇ ਦਰਦਨਾਕ ਮੌਤ ਦੀ ਭੇਟ ਚੜ੍ਹ ਗਏ। ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਸਵਰਨ ਸਿੰਘ ਭੰਗੂ ਦੀ ਇਸ ਬੇਵਕਤੀ ਮੌਤ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕਰਦਿਆਂ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਸੁਸ਼ੀਲ ਦੁਸਾਂਝ, ਮੱਖਣ ਕੁਹਾੜ ਅਤੇ ਦੀਪ ਦੇਵਿੰਦਰ ਸਿੰਘ ਨੇ ਦੱਸਿਆ ਕਿ ਭੰਗੂ ਸਾਹਬ ਅੱਜ ਸਵੇਰੇ ਰੋਜ਼ਾਨਾ ਦੀ ਤਰ੍ਹਾਂ ਆਪਣੇ ਸਾਈਕਲ 'ਤੇ ਸੈਰ ਕਰਨ ਨਿਕਲੇ। ਅਚਾਨਕ ਮੂੰਹ ਨ੍ਹੇਰੇ ਇਕ ਖੁੱਲ੍ਹੇ ਪਏ ਸੀਵਰੇਜ ਵਿੱਚ ਸਾਈਕਲ ਸਮੇਤ ਜਾ ਡਿੱਗੇ। ਜਿਸਦਾ ਪਤਾ ਉਹਨਾਂ ਦੀ ਤਲਾਸ਼ ਦੌਰਾਨ ਤਕਰੀਬਨ ਢਾਈ ਘੰਟੇ ਬਾਅਦ ਲੱਗਿਆ। ਫਿਲਮੀ ਅਤੇ ਰੰਗਮੰਚ ਅਦਾਕਾਰਾ ਗੁਰਪ੍ਰੀਤ ਕੌਰ ਭੰਗੂ ਦੇ ਜੀਵਨ ਸਾਥੀ ਸਵਰਨ ਸਿੰਘ ਭੰਗੂ ਨੇ ਆਪਣਾ ਸਾਰਾ ਜੀਵਨ ਸਿੱਖਿਆ, ਸਮਾਜਿਕ ਜਾਗਰੂਕਤਾ ਅਤੇ ਮਨੁੱਖਤਾ ਦੀ ਸੇਵਾ ਨੂੰ ਸਮਰਪਤ ਕੀਤਾ। ਉਹਨਾਂ ਵੱਲੋਂ ਆਪਣੀ ਦੇਹ ਪੀ ਜੀ ਆਈ ਨੂੰ ਦਾਨ ਕਰਨ ਦਾ ਫ਼ੈਸਲਾ ਵੀ ਉਹਨਾਂ ਦੀ ਉੱਚੀ ਸੋਚ ਅਤੇ ਮਨੁੱਖਤਾ ਪ੍ਰਤੀ ਸਮਰਪਣ ਦਾ ਪ੍ਰਤੀਕ ਹੈ। ਸਭਾ ਦੇ ਅਹੁਦੇਦਾਰ ਸ਼ੈਲਿੰਦਰਜੀਤ ਰਾਜਨ, ਦਲਜੀਤ ਸਿੰਘ ਸਾਹੀ, ਸੁਰਿੰਦਰਪ੍ਰੀਤ ਘਣੀਆ, ਬਲਵਿੰਦਰ ਸੰਧੂ, ਡਾ. ਸ਼ਿੰਦਰਪਾਲ ਸਿੰਘ, ਡਾ. ਕਰਮਜੀਤ ਸਿੰਘ, ਯਤਿੰਦਰ ਕੌਰ ਮਾਹਲ, ਮੂਲ ਚੰਦ ਸ਼ਰਮਾ, ਰਜਿੰਦਰ ਰਾਜਨ, ਭੁਪਿੰਦਰ ਪ੍ਰੀਤ, ਮਨਜੀਤ ਇੰਦਰਾ ਅਤੇ ਐੱਸ ਨਸੀਮ ਨੇ ਦੁੱਖ ਪ੍ਰਗਟ ਕਰਦਿਆਂ ਕਿਹਾ ਸਿਸਟਮ ਦੀ ਅਣਗਹਿਲੀ ਕਰਕੇ ਸਵਰਨ ਸਿੰਘ ਭੰਗੂ ਵਰਗੀਆਂ ਅਨੇਕਾਂ ਕੀਮਤੀ ਜਾਨਾਂ ਭੰਗ ਦੇ ਭਾੜੇ ਮੌਤ ਦੇ ਮੂੰਹ ਜਾ ਪਈਆਂ ।

## ਕੰਬੋਜ ਭਾਈਚਾਰੇ ਵੱਲੋਂ ਬਣਾਈ ਜਾ ਰਹੀ 'ਵਰਸਿਟੀ ਨਹੀਂ ਹੋ ਰਹੀ ਸਹਿਣ : ਕਿਸ਼ਨਪੁਰੀ



ਜੰਡਿਆਲਾ ਗੁਰੂ - ਕੰਬੋਜ ਫਾਊਂਡੇਸ਼ਨ ਨੇ ਆਪਣੇ ਸਰਪ੍ਰਸਤ ਡਾ. ਸੰਦੀਪ ਸਿੰਘ ਕੌੜਾ, ਜੋ ਕਿ ਐੱਸ.ਯੂ.ਐੱਸ. ਐਜੂਕੇਸ਼ਨਲ ਸੋਸਾਇਟੀ ਦੇ ਚੇਅਰਮੈਨ ਅਤੇ ਪੰਜਾਬ ਦੀ ਪ੍ਰਸਤਾਵਿਤ ਉੁਧਮ ਸਿੰਘ ਸ਼ਹੀਦ ਸਕਿੱਲ ਡਿਵੈਲਪਮੈਂਟ ਐਂਡ ਐਂਟਰਪ੍ਰੈਨਿਓਰਸ਼ਿਪ ਯੂਨੀਵਰਸਿਟੀ ਦੇ ਸੰਸਥਾਪਕ ਚਾਂਸਲਰ (ਨਾਮਜ਼ਦ) ਵੀ ਹਨ, ਦੇ ਖਿਲਾਫ ਝੂਠੇ ਦੋਸ਼ਾਂ ਦੀ ਇੱਕ ਅਪਮਾਨਜਨਕ ਅਤੇ ਯੋਜਨਾਬੱਧ ਮੁਹਿੰਮ ਨੂੰ ਸਪੱਸ਼ਟ ਰੂਪ ਵਿੱਚ ਖਾਰਜ ਅਤੇ ਨਿੰਦਾ ਕਰਦਿਆਂ ਇੱਕ ਸਖ਼ਤ ਬਿਆਨ ਜਾਰੀ ਕੀਤਾ ਹੈ।ਫਾਊਂਡੇਸ਼ਨ ਨੇ ਕਿਹਾ ਕਿ ਜਿਹੜੇ ਦੋਸ਼ ਫੈਲਾਏ ਜਾ ਰਹੇ ਹਨ, ਉਹ ਪੂਰੀ ਤਰ੍ਹਾਂ ਬੇਬੁਨਿਆਦ, ਗੁੰਮਰਾਹਕੁੰਨ ਅਤੇ ਨਿੱਜੀ ਹਿੱਤਾਂ ਤੋਂ ਪ੍ਰੇਰਿਤ ਹਨ, ਜਿਨ੍ਹਾਂ ਦਾ ਮਕਸਦ ਡਾ. ਕੌੜਾ ਦੀ ਸਾਖ ਨੂੰ ਖਰਾਬ ਕਰਨਾ ਹੈ, ਜਿਨ੍ਹਾਂ ਨੇ ਉੱਚ ਸਿੱਖਿਆ, ਹੁਨਰ ਵਿਕਾਸ (ਸਕਿੱਲ ਡਿਵੈਲਪਮੈਂਟ), ਉੱਦਮਤਾ ਪ੍ਰੋਤਸਾਹਨ (ਐਂਟਰਪ੍ਰੈਨਿਓਰਸ਼ਿਪ ਪ੍ਰਮੋਸ਼ਨ) ਅਤੇ ਜਨਤਕ ਸੇਵਾ ਵਿੱਚ ਇੱਕ ਵਿਲੱਖਣ ਰਿਕਾਰਡ ਬਣਾਇਆ ਹੈ।ਫਾਊਂਡੇਸ਼ਨ ਦੇ ਅਨੁਸਾਰ, ਇਹ ਦੋਸ਼ ਨਿਰਮਲ ਸਿੰਘ ਰਾਇਤ ਦੁਆਰਾ ਪ੍ਰਚਾਰੇ ਗਏ ਹਨ, ਜੋ ਵਰਤਮਾਨ ਵਿੱਚ ਲਾਮੜੀਨ ਟੈਕ ਸਕਿੱਲਜ਼ ਯੂਨੀਵਰਸਿਟੀ (ਐਲ ਟੀ ਐਸ ਯੂ) ਦੇ ਚਾਂਸਲਰ ਹੋਣ ਦਾ ਦਾਅਵਾ ਕਰ ਰਿਹਾ ਹੈ। ਫਾਊਂਡੇਸ਼ਨ ਨੇ ਡਾ. ਕੌੜਾ ਦੀ ਇਮਾਨਦਾਰੀ, ਲੀਡਰਸ਼ਿਪ ਅਤੇ ਪੇਸ਼ੇਵਰ ਨੈਤਿਕਤਾ ਵਿੱਚ ਆਪਣੇ ਪੂਰਨ ਵਿਸ਼ਵਾਸ ਦੀ ਪੁਸ਼ਟੀ ਕੀਤੀ ਹੈ। ਜ਼ਿਕਰਯੋਗ ਹੈ ਕਿ ਉੁਧਮ ਸਿੰਘ ਸ਼ਹੀਦ ਸਕਿਲ ਡਿਵੈਲਪਮੈਂਟ ਅਤੇ ਇੰਟਰਪਰਨਿਓਰਸ਼ਿਪ ਯੂਨੀਵਰਸਿਟੀ ਜ਼ਿਲ੍ਹਾ ਕਪੂਰਥਲਾ ਵਿੱਚ ਸ਼ੁਰੂ ਹੋਣ ਜਾ ਰਹੀ ਹੈ ।ਫਾਊਂਡੇਸ਼ਨ ਅਨੁਸਾਰ ਇਸ ਵੱਡੇ ਕਾਰਜ ਨੂੰ ਰੋਕਣ ਲਈ ਵੱਡੀ ਸਾਜਿਸ਼ ਰਚੀ ਗਈ ਹੈ। ਇਸ ਮੌਕੇ ਮੰਗਲ ਸਿੰਘ ਕਿਸ਼ਨਪੁਰੀ ਚੇਅਰਮੈਨ ਕੰਬੋਜ ਫਾਊਂਡੇਸ਼ਨ ਨੇ ਕਿਹਾ ਕਿ ਕੰਬੋਜ ਭਾਈਚਾਰੇ ਵੱਲੋਂ ਬਣਾਈ ਜਾ ਰਹੀ ਯੂਨੀਵਰਸਿਟੀ ਕੁਝ ਤਾਕਤਾਂ ਕੋਲੋਂ ਸਹਿਣ ਨਹੀਂ ਹੋ ਰਹੀ ।

ਇਸ ਸਮੇਂ ਪ੍ਰੋ. ਸੂਬਾ ਸਿੰਘ ਪ੍ਰਧਾਨ , ਮੰਗਲ ਸਿੰਘ ਕਿਸ਼ਨਪੁਰੀ ਚੇਅਰਮੈਨ ਕੰਬੋਜ ਫਾਊਂਡੇਸ਼ਨ , ਮਾਨ ਸਿੰਘ ਧੰਮ , ਮੀਡੀਆ ਮੁਖੀ ਜਗਦੀਸ਼ ਥਿੰਦ , ਬਲਜਿੰਦਰ ਸਿੰਘ ਧੰਜੂ , ਹਰਦਿਆਲ ਸਿੰਘ ਸੁਨਾਮ , ਕ੍ਰਿਪਾਲ ਸਿੰਘ ਰਾਮਦੀਵਾਲੀ , ਗੁਰਇਕਬਾਲ ਸਿੰਘ , ਬਲਵਿੰਦਰ ਸਿੰਘ , ਸੁਰਿੰਦਰ ਸਿੰਘ ਚੰਦੀ , ਚਾਚਾ ਅਮਰ ਸਿੰਘ , ਰਜਿੰਦਰ ਸਿੰਘ ਮੱਖਣ ਫਿਸ਼ , ਮਨਦੀਪ ਸਿੰਘ ਜੰਮੂ ਮੈਂਬਰ ਗਵਰਨਿੰਗ ਕੌਂਸਿਲ , ਮਾਸਟਰ ਮਨਜੀਤ ਸਿੰਘ , ਜੱਗਾ ਚੌਹਾਨ , ਦਵਿੰਦਰ ਸਿੰਘ ਸਰਪੰਚ ਨਵਾਂ ਕੋਟ , ਅਮੋਲਕ ਸਿੰਘ ਜੰਮੂ , ਇੰਜ ਕੁਲਵਿੰਦਰ ਸਿੰਘ ਤੋਂ ਇਲਾਵਾ ਹੋਰ ਵੀ ਪਤਵੰਤੇ ਮੌਜੂਦ ਸਨ

## ਬੱਚਿਆਂ ਨੂੰ ਐੱਚ ਪੀ ਵੀ ਇੰਜੈਕਸ਼ਨ ਲਗਵਾਉਣਾ ਜ਼ਰੂਰੀ : ਡਾ. ਗਿੱਲ



ਚੋਹਲਾ ਸਾਹਿਬ (ਰਮਨ ਚੱਡਾ)-ਕਾਰਜਕਾਰੀ ਸਿਵਲ ਸਰਜਨ ਤਰਨ ਤਾਰਨ ਡਾ. ਭਾਰਤੀ ਧਵਨ ਅਤੇ ਜ਼ਿਲ੍ਹਾ ਟੀਕਾਕਰਨ ਅਫਸਰ ਡਾ ਵਰਿੰਦਰਪਾਲ ਕੌਰ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾ. ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀ ਐਚ ਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਸਮੂਹ ਆਸ਼ਾ ਵਰਕਰਜ਼ ਦੀ ਐਚ ਪੀ ਵੀ ਇੰਜੈਕਸ਼ਨ ਸੰਬੰਧੀ ਮੀਟਿੰਗ ਕੀਤੀ ਗਈ। ਇਸ ਸਮੇਂ ਡਾ. ਜਤਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਹਿਊਮਨ ਪੈਪੀਲੋਮਾ ਵਾਇਰਸ (ਐਚ ਪੀ ਵੀ) ਵੈਕਸੀਨ ਸੀ ਐਚ ਸੀ ਸਰਹਾਲੀ ਵਿਖੇ ਅਤੇ ਬਲਾਕ ਦੇ ਪਿੰਡਾਂ ਵਿੱਚ ਲਗਾਉਣੀ ਸ਼ੁਰੂ ਕੀਤੀ ਗਈ ਹੈ । ਉਹਨਾਂ ਦੱਸਿਆ ਕਿ ਐਚ ਪੀ ਵੀ ਵੈਕਸੀਨ ਵਿਸ਼ੇਸ਼ ਤੌਰ 'ਤੇ 14 ਸਾਲਾਂ ਦੀ ਉਮਰ ਪੂਰੀ ਕਰ ਚੁੱਕੀਆਂ ਲੜਕੀਆਂ ਨੂੰ ਜ਼ਿਲ੍ਹੇ ਭਰ ਦੇ ਵਿੱਚ ਸਿਹਤ ਕਰਮੀਆਂ ਵਲੋਂ ਬਿਲਕੁੱਲ ਮੁਫਤ ਲਗਾਈ ਜਾ ਰਹੀ ਹੈ। ਇਸ ਵੈਕਸੀਨ ਨੂੰ ਲਗਾਉਣ ਦਾ ਮੁੱਖ ਮੰਤਵ ਬੱਚਿਆਂ ਨੂੰ ਸਰਵਿਕਸ (ਬੱਚੇਦਾਨੀ ਦੇ ਮੂੰਹ) ਦੇ ਕੈਂਸਰ ਤੋਂ ਬਚਾਉਣ ਦੇ ਨਾਲ ਨਾਲ ਗੁਪਤ ਅੰਗਾਂ ਦੇ ਰੋਗਾਂ ਤੋਂ ਬਚਾਉਣਾ ਹੈ। ਇਸ ਸਮੇਂ ਬੀ ਈ ਈ ਬਲਰਾਜ ਸਿੰਘ ਗਿੱਲ ਨੇ ਦੱਸਿਆ ਕਿ ਔਰਤਾਂ 'ਚ ਹੋਣ ਵਾਲੇ ਸਰਵਿਕਸ ਕੈਂਸਰ ਦੀ ਰੋਕਥਾਮ ਲਈ ਐਚ ਪੀ ਵੀ ਵੈਕਸੀਨ ਭਾਰਤ ਸਮੇਤ ਕਈ ਮੁਲਕਾਂ ਦੇ ਵਿੱਚ ਪਹਿਲਾਂ ਤੋਂ ਲਗਾਈ ਜਾ ਰਹੀ ਹੈ ਅਤੇ ਇਹ ਟੀਕਾ ਵਿਸ਼ਵ ਸਿਹਤ ਸੰਸਥਾ ਤੋਂ ਪ੍ਰਮਾਣਿਤ ਹੈ। ਇਹ ਵੈਕਸੀਨ ਬਿਲਕੁੱਲ ਮੁਫਤ ਲਗਾਈ ਜਾ ਰਹੀ ਹੈ। ਉਹਨਾਂ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ 14 ਸਾਲਾਂ ਬੱਚਿਆਂ ਨੂੰ ਵੈਕਸੀਨ ਜ਼ਰੂਰ ਲਗਵਾਉਣ ਤਾਂ ਜੋ ਬਿਮਾਰੀਆਂ ਤੋਂ ਬਚਾਅ ਹੋ ਸਕੇ। ਇਸ ਸਮੇਂ ਐਲ ਐਚ ਵੀ ਰੁਪਿੰਦਰਜੀਤ ਕੌਰ,ਏ ਐਨ ਐਮ ਜਸਪ੍ਰੀਤ ਕੌਰ ਅਤੇ ਆਸ਼ਾ ਵਰਕਰਜ਼ ਹਾਜ਼ਰ ਸਨ।



ਹਰ ਕਿਸੇ ਦੇ ਕੰਮ ਆ ਸਕਣ ਦੀ ਲੋਚਾ ਰੱਖਣ ਵਾਲੇ ਐਡਵੋਕੇਟ **ਗੁਰਮੀਤ ਸਿੰਘ ਸ਼ੁਗਲੀ** ਇੱਕ ਸੰਸਥਾ ਸਨ। ਉਸ ਮਹਾਨ ਵਿਅਕਤੀ ਨੂੰ ਉਨ੍ਹਾ ਦੀ ਪਹਿਲੀ ਬਰਸੀ 'ਤੇ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।

**ਵੱਲੋਂ**



**ਐਡਵੋਕੇਟ ਅਦਿੱਤਿਆ ਜੈਨ**
ਪ੍ਰਧਾਨ ਡੀ ਬੀ ਏ ਜਲੰਧਰ



**ਐਡਵੋਕੇਟ ਅਭੈ ਜੈਨ**
ਸਾਬਕਾ ਪ੍ਰਧਾਨ ਡੀ ਬੀ ਏ ਜਲੰਧਰ

## ਸ਼ਬਦਾਂ ਦੇ ਸਹੀ ਅਰਥਾਂ ਵਿੱਚ ਜ਼ਿੰਦਗੀ ਦੇ ਸ਼ਾਹ-ਅਸਵਾਰ ਐਡਵੋਕੇਟ ਸ਼ੁਗਲੀ ਜੀ ਦੀ ਪਹਿਲੀ ਬਰਸੀ ਮੌਕੇ ਉਨ੍ਹਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ



**ਐਡਵੋਕੇਟ ਗੁਰਮੀਤ ਸ਼ੁਗਲੀ ਜੀ**



ਵੱਲੋਂ :-

**ਐਡਵੋਕੇਟ ਰਤਨ ਦੂਆ ਸਾਬਕਾ ਸਕੱਤਰ**
**ਡੀ ਬੀ ਏ ਜਲੰਧਰ**

## ਧੰਨਵਾਦ

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਜੀ ਦੀ ਪਹਿਲੀ ਬਰਸੀ 'ਤੇ ਕੱਢੇ ਜਾ ਰਹੇ ਵਿਸ਼ੇਸ਼ ਸਪਲੀਮੈਂਟ 'ਚ ਸਹਿਯੋਗ ਲਈ ਪਾਈ ਬਾਤ ਨੂੰ ਭਰਪੂਰ ਹੁੰਗਾਰਾ ਦੇਣ ਵਾਲੇ ਸੱਜਣਾਂ ਦਾ ਕੋਟਿਨ-ਕੋਟਿ ਧੰਨਵਾਦ।

**ਰਾਜੇਸ਼ ਥਾਪਾ, ਬਿਊਰੋ ਚੀਫ 98153-26720**



## ਨਵਾਂ ਜ਼ਮਾਨਾ ਸਟਾਫ਼ ਨਾਲ ਐਡਵੋਕੇਟ ਸ਼ੁਗਲੀ



## ਉਲਝੀਆਂ ਤਾਣੀਆਂ ਸੁਲਝਾਉਣ ਵਾਲੇ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਜੀ ਨੂੰ ਮਨ ਦੀਆਂ ਗਹਿਰਾਈਆਂ ਵਿੱਚੋਂ ਸ਼ਰਧਾਂਜਲੀ ਭੇਟ ਕਰਦੇ ਹਾਂ।





ਐਡਵੋਕੇਟ ਅਮਰੀਕ ਸਿੰਘ ਸੈਣੀ ਵਾਈਸ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਜਲੰਧਰ।

## 'ਨਵਾਂ ਜ਼ਮਾਨਾ' ਦੇ ਰੂਹੇ-ਰਵਾਂ ਰਹੇ ਐਡਵੋਕੇਟ **ਗੁਰਮੀਤ ਸਿੰਘ ਸ਼ੁਗਲੀ** ਜੀ ਨੂੰ ਉਨ੍ਹਾ ਦੀ ਪਹਿਲੀ ਬਰਸੀ 'ਤੇ ਸ਼ਰਧਾਂਜਲੀ ਭੇਟ ਕਰਦਾ ਹਾਂ।



**ਐਡਵੋਕੇਟ ਰੋਹਿਤ ਗੰਭੀਰ**
ਸਕੱਤਰ ਡੀ ਬੀ ਏ ਜਲੰਧਰ



## ਵੱਖਰੇ ਤੇ ਨਿਆਰੇ ਅੰਦਾਜ਼ ਨਾਲ ਜ਼ਿੰਦਗੀ ਜਿਉਣ ਵਾਲੇ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਜੀ ਨੂੰ ਉਨ੍ਹਾ ਦੀ ਪਹਿਲੀ ਬਰਸੀ 'ਤੇ ਭਾਵਭਿੰਨੀ ਸ਼ਰਧਾਂਜਲੀ ਭੇਟ ਕਰਦੇ ਹਾਂ



ਵੱਲੋਂ :-

**ਐਡਵੋਕੇਟ ਰਕੇਸ਼ ਧੀਰ**
**ਸਾਬਕਾ ਕਾਰਜਕਾਰਨੀ ਮੈਂਬਰ**
ਡੀ ਬੀ ਏ ਜਲੰਧਰ



**ਐਡਵੋਕੇਟ ਗੁਰਮੀਤ ਸ਼ੁਗਲੀ ਜੀ**

# ਬੈਂਕ ਵੱਧ ਤੋਂ ਵੱਧ ਕਰਜ਼ੇ ਮੁਹੱਈਆ ਕਰਵਾਉਣ : ਵਧੀਕ ਡਿਪਟੀ ਕਮਿਸ਼ਨਰ

**ਜਲੰਧਰ (ਇਕਬਾਲ ਸਿੰਘ ਉਭੀ)**- ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦਿਵਿਯਾ ਪੀ ਨੇ ਜ਼ਿਲ੍ਹਾ ਸਲਾਹਕਾਰ ਕਮੇਟੀ ਦੀ ਵਿਸ਼ੇਸ਼ ਤਿਮਾਹੀ ਸਮੀਖਿਆ ਮੀਟਿੰਗ ਦੌਰਾਨ ਸਾਰੇ ਬੈਂਕਾਂ ਨੂੰ ਖੇਤੀਬਾੜੀ ਅਤੇ ਇਸ ਨਾਲ ਜੁੜੇ ਸਹਾਇਕ ਧੰਦਿਆਂ ਲਈ ਆਸਾਨ ਤੇ ਵੱਧ ਤੋਂ ਵੱਧ ਕਰਜ਼ੇ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਕਿਹਾ।ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਬੈਂਕਾਂ ਨੂੰ ਹਦਾਇਤ ਕੀਤੀ ਕਿ ਸਰਕਾਰ ਦੀਆਂ ਖੇਤੀਬਾੜੀ, ਡੇਅਰੀ, ਪਸ਼ੂ ਪਾਲਣ, ਮੱਛੀ ਪਾਲਣ ਸਬੰਧੀ ਵੱਖ-ਵੱਖ ਸਕੀਮਾਂ ਨੂੰ ਤਵਜੋਂ ਦਿੰਦਿਆਂ ਇਨ੍ਹਾਂ ਸਕੀਮਾਂ ਤਹਿਤ ਖੁੱਲ੍ਹ ਦਿਲੀ ਨਾਲ ਕਰਜ਼ੇ ਪ੍ਰਦਾਨ ਕੀਤੇ ਜਾਣ। ਮੀਟਿੰਗ ਦੌਰਾਨ ਵਿੱਤੀ ਸਾਲ 2025-26 ਦੀ ਸਲਾਨਾ ਕਰਜ਼ਾ ਯੋਜਨਾ ਦੀ 31 ਮਾਰਚ, 2026 ਨੂੰ ਖ਼ਤਮ ਹੋਈ ਤਿਮਾਹੀ ਲਈ ਮਿੱਥੇ ਗਏ ਟੀਚਿਆਂ ਅਤੇ ਨਤੀਜਿਆਂ ਦੀ ਸਮੀਖਿਆਂ ਕਰਦਿਆਂ ਉਨ੍ਹਾਂ ਕਿਹਾ ਕਿ ਬੈਂਕਾਂ ਨੂੰ ਸੀ.ਡੀ. ਰੇਸ਼ੋ ਵਿੱਚ ਹੋਰ ਸੁਧਾਰ ਕਰਨ ਦੀ ਲੋੜ ਹੈ। ਉਨ੍ਹਾਂ ਸਵੈ ਸਹਾਇਤਾ ਸਮੂਹ ਦੀਆਂ ਅਰਜ਼ੀਆਂ ਦਾ ਪਹਿਲ ਦੇ ਆਧਾਰ 'ਤੇ ਨਿਪਟਾਰਾ ਕਰਨ ਦੀ ਵੀ ਹਦਾਇਤ ਕੀਤੀ। ਐਲ.ਡੀ.ਐਮ. ਐੱਮ. ਐੱਸ. ਮੋਤੀ ਨੇ ਸਾਰੇ ਸਰਕਾਰੀ, ਸਹਿਕਾਰੀ ਅਤੇ ਗੈਰ ਸਰਕਾਰੀ ਬੈਂਕਾਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖ਼ਾ ਮੀਟਿੰਗ ਵਿੱਚ ਪੇਸ਼ ਕਰਦਿਆਂ ਦੱਸਿਆ ਕਿ ਬੈਂਕਾਂ ਨੇ 31 ਮਾਰਚ 2026 ਨੂੰ ਖਤਮ ਹੋਈ ਤਿਮਾਹੀ ਲਈ ਮਿੱਥੇ ਗਏ ਤਰਜੀਹੀ ਖੇਤਰ ਦੇ 16866 ਕਰੋੜ ਰੁਪਏ ਦੇ ਟੀਚੇ ਦੇ ਸਾਹਮਣੇ 19553 ਕਰੋੜ ਰੁਪਏ ਦੇ ਕਰਜ਼ੇ ਮਨਜ਼ੂਰ ਕੀਤੇ ਹਨ ਅਤੇ ਵਿੱਤੀ ਸਾਲ 2025-26 ਦੇ ਸਾਰੇ ਕਰਜ਼ ਟੀਚੇ ਪੂਰੇ ਕਰ ਲਏ ਗਏ ਹਨ। ਖੇਤੀਬਾੜੀ ਕਰਜ਼ੇ ਦੇ 4592 ਕਰੋੜ ਰੁਪਏ ਦੇ ਟੀਚੇ ਦੇ ਸਾਹਮਣੇ 4648 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਗਏ ਹਨ। ਮਾਰਚ 2026 ਤੱਕ 31124 ਕਰੋੜ ਰੁਪਏ ਦੇ ਕੁੱਲ ਕਰਜ਼ੇ ਵੰਡੇ ਜਾ ਚੁੱਕੇ ਹਨ ਉਨ੍ਹਾਂ ਦੱਸਿਆ ਕਿ ਵਿੱਤੀ ਵਰ੍ਹੇ 2026-27 ਲਈ ਸਲਾਨਾ ਕਰਜ਼ਾ ਯੋਜਨਾ ਦਾ ਟੀਚਾ ਐਸ ਐਲ ਬੀ ਸੀ (ਪੰਜਾਬ) ਤੋਂ ਪ੍ਰਾਪਤ ਹੋ ਗਿਆ ਹੈ, ਜੋ ਕਿ ਸਾਰੇ ਬੈਂਕਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਇਸ ਤਿਮਾਹੀ ਵਿੱਚ ਸੀ ਡੀ ਰੇਸ਼ੋ 35.04 % ਰਹੀ ਹੈ, ਜੋ ਕਿ ਦਸੰਬਰ 2025 ਤਿਮਾਹੀ ਨਾਲੋਂ 1.80 ਪੁਆਇੰਟ ਵਧੀ ਹੈ।

# ਲਾਇਲਪੁਰ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ



**ਜਲੰਧਰ (ਸ਼ੈਲੀ ਐਲਬਰਟ)**- ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਐਮ ਏ ਪੋਲੀਟੀਕਲ ਸਾਇੰਸ ਤੀਜਾ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਵਿਦਿਆਰਥਣ ਦਵਿੰਦਰਜੀਤ ਕੌਰ ਨੇ 10 ਐੱਸ ਜੀ ਪੀ ਏ ਵਿਚੋਂ 8.20 ਐੱਸ ਜੀ ਪੀ ਏ ਪ੍ਰਾਪਤ ਕਰਕੇ ਯੂਨੀਵਰਸਿਟੀ ਮੈਰਿਟ ਵਿਚੋਂ ਪੰਜਵਾਂ ਸਥਾਨ ਹਾਸਲ ਕੀਤਾ। ਇਸੇ ਕਲਾਸ ਦੀਆਂ ਵਿਦਿਆਰਥਣਾਂ ਗੁਰਪ੍ਰੀਤ ਕੌਰ ਅਤੇ ਅੰਮ੍ਰਿਤ ਕੌਰ ਨੇ 8.00 ਐੱਸ ਜੀ ਪੀ ਏ. ਪ੍ਰਾਪਤ ਕਰਕੇ ਯੂਨੀਵਰਸਿਟੀ ਮੈਰਿਟ ਵਿਚੋਂ ਸਾਂਝੇ ਰੂਪ ਵਿੱਚ ਛੇਵਾਂ ਸਥਾਨ ਹਾਸਲ ਕੀਤਾ। ਇਸ ਮੌਕੇ ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ ਨੇ ਵਿਸ਼ੇਸ਼ ਤੌਰ ਤੇ ਵਿਦਿਆਰਥਣਾਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਰਛਪਾਲ ਸਿੰਘ ਸੰਧੂ ਨੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਹੋਰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ। ਇਸ ਮੌਕੇ ਡਾ. ਅਨੂ ਕੁਮਾਰੀ ਮੁਖੀ ਪੋਲੀਟੀਕਲ ਸਾਇੰਸ ਵਿਭਾਗ, ਡਾ. ਅਜੀਤਪਾਲ ਸਿੰਘ, ਪ੍ਰੋ. ਸੰਜੇ ਸ਼ਾਦ ਅਤੇ ਪ੍ਰੋ. ਲਿਵਪ੍ਰੀਤ ਵੀ ਹਾਜ਼ਰ ਸਨ।

# ਡੇਰਾ ਸੱਚਖੰਡ ਗਿਆਨਪੁਰੀ ਵਿਛੋਹੀ ਵਿਖੇ ਸੰਤਾਂ ਦੀ ਯਾਦ 'ਚ ਸੰਗਤਾਂ ਹੋਈਆਂ ਨਤਮਸਤਕ

**ਹੁਸ਼ਿਆਰਪੁਰ (ਓ ਪੀ ਰਾਣਾ)**- ਮਹਾਨ ਤਪੱਸਵੀ ਬ੍ਰਹਮਲੀਨ ਸੰਤ ਗਿਆਨ ਦਾਸ ਦੀ 118ਵੀਂ ਬਰਸੀ, ਸੰਤ ਚਰਨ ਦਾਸ, ਸੰਤ ਸਤਨਾਮ ਦਾਸ ਦੀ ਯਾਦ ਵਿੱਚ ਸਾਲਾਨਾ ਸਮਾਗਮ ਡੇਰਾ ਸੱਚਖੰਡ ਗਿਆਨਪੁਰੀ ਵਿਛੋਹੀ ਵਿਖੇ ਗੱਦੀ ਨਸ਼ੀਨ ਸੰਤ ਮਨਜੀਤ ਦਾਸ ਮੈਂਬਰ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ. ਪੰਜਾਬ ਦੀ ਰਹਿਨੁਮਾਈ ਹੇਠ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਲੋਂ ਸ਼ਰਧਾ ਪੂਰਵਕ ਮਨਾਏ ਗਏ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ ਦੇ ਦੀਵਾਨ ਸਜਾਏ ਗਏ ਜਿਸ ਵਿੱਚ ਕੀਰਤਨੀ ਜਥਿਆਂ ਤੋਂ ਇਲਾਵਾ ਰਾਗੀ,ਢਾਡੀ,ਕਵੀਸ਼ਰੀ ਜਥਿਆਂ ਅਤੇ ਵੱਖ ਵੱਖ ਡੇਰਿਆਂ ਦੇ ਸੰਤਾਂ ਮਹਾਂਪੁਰਸ਼ਾਂ ਵਲੋਂ ਬਾਣੀ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਨਾਲ ਸਬੰਧਤ ਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਪੰਜਾਬ ਦੇ ਸਮਾਜਕ ਤੇ ਰਾਜਨੀਤਕ ਆਗੂਆਂ ਅਤੇ ਸੰਗਤਾਂ ਵੱਲੋਂ ਸਮਾਗਮਾਂ 'ਚ ਸ਼ਮੂਲੀਅਤ ਕਰਦਿਆਂ ਹਾਜ਼ਰੀ ਭਰੀ। ਇਸ ਮੌਕੇ ਸੰਤ ਇੰਦਰ ਦਾਸ ਸੇਖੈ ਜਨਰਲ ਸਕੱਤਰ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ



ਪੰਜਾਬ, ਸੰਤ ਸਰਵਣ ਦਾਸ ਲੁਧਿਆਣਾ ਸੀਨੀ.ਮੀਤ ਪ੍ਰਧਾਨ, ਸੰਤ ਧਰਮਪਾਲ ਸ਼ੇਰਗੜ, ਸੰਤ ਸੰਤੋਖ ਦਾਸ ਗਣੇਸ਼ਪੁਰ ਭਾਰਟਾ, ਖਾਨਪੁਰ, ਸੰਤ ਮਹਾਂਵੀਰ ਸਿੰਘ ਤਾਜੇਵਾਲ, ਸੰਤ ਜਗੀਰ ਸਿੰਘ ਸਰਬੱਤ ਭਲਾ ਆਸ਼ਰਮ ਨੰਦਾਚੌਰ, ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਗੁਰਮੀਤ ਦਾਸ, ਸੰਤ ਪਵਨ ਦਾਸ ਤਾਜੇਵਾਲ, ਸੰਤ ਜੋਗਾ ਸਿੰਘ ਸ਼ੇਰਗੜ, ਸੰਤ ਚਮਨ ਸਿੰਘ ਭਵਿਆਣਾ, ਸੰਤ ਮਹਿੰਦਰਪਾਲ ਭੇੜੂਆ, ਸੰਤ ਸਤਨਾਮ ਸਿੰਘ ਕੇਹਡੌਵਾਲ, ਰਾਗੀ ਭਾਈ ਗਿਆਨ ਸਿੰਘ ਬਸੀ, ਬੂਟਾ ਮੁਹੰਮਦ ਨੇ ਕੀਰਤਨ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਹਲਕਾ ਵਿਧਾਇਕ ਡਾ. ਇਸ਼ਾਂਕ ਕੁਮਾਰ, ਹਰਮਿੰਦਰ ਸਿੰਘ ਸੰਧੂ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਚੱਬੇਵਾਲ, ਸਾਬਕਾ ਸਰਪੰਚ ਰਸ਼ਪਾਲ ਕੌਰ, ਸਰਪੰਚ ਮੋਹਣ ਲਾਲ, ਪੰਚ ਮਨਜੀਤ ਕੌਰ, ਜਸਵੀਰ ਸਿੰਘ, ਕੁਲਦੀਪ ਮਾਣਕ, ਹਰਜਿੰਦਰ ਸਿੰਘ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।ਸਟੇਜ ਸਕੱਤਰ ਦੀ ਸੇਵਾ ਪ੍ਰਿੰਸੀਪਲ ਜਸਵੰਤ ਸਿੰਘ ਨੇ ਬਾਖੂਬੀ ਨਿਭਾਈ।ਸੰਤ ਮਨਜੀਤ ਦਾਸ ਵਲੋਂ ਆਏ ਹੋਏ ਸੰਤਾਂ ਮਹਾਂਪੁਰਸ਼ਾਂ,ਸਮਾਜਕ ਤੇ ਰਾਜਨੀਤਕ ਸਖਸ਼ੀਅਤਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਅਤੇ ਧੰਨਵਾਦ ਕੀਤਾ।

# ਕਿਸੇ ਹਾਦਸੇ ਦੀ ਉਡੀਕ 'ਚ ਸ਼ਾਹਕੋਟ ਪੁਲਸ



**ਸ਼ਾਹਕੋਟ (ਅਮਨਦੀਪ ਸੈਦਪੁਰੀ)** ਵੀਰਵਾਰ ਨੂੰ ਪਿੰਡ ਸੈਦਪੁਰ ਝਿੜੀ ਦੇ ਗੁਰਦੁਆਰਾ ਸਿੰਘ ਸਭਾ ਦੇ ਬਿਲਕੁਲ ਸਾਹਮਣੇ ਪਬਲਿਕ ਨੂੰ ਸਹਾਇਤਾ ਦੇਣ ਵਾਲੀ ਪੰਜਾਬ ਪੁਲਿਸ ਦੀ ਗੱਡੀ ਸਵੇਰ ਕਰੀਬ ਅੱਠ ਵਜੇ ਤੋਂ ਸ਼ਾਮ ਛੇ ਕੁ ਵਜੇ ਤੱਕ ਨੁਕਸਾਨੀ ਖੜੀ ਰਹੀ। ਜ਼ਿਕਰਯੋਗ ਹੈ ਇੱਥੋਂ ਮਾਡਲ ਪੁਲਿਸ ਸਟੇਸ਼ਨ ਦੀ ਦੂਰੀ ਕਰੀਬ ਛੇ ਕੁ ਸੌ ਮੀਟਰ ਹੀ ਹੈ। ਜਿੱਥੇ ਗੱਡੀ ਖਰਾਬ ਹੋਈ ਹੈ ਉਸ ਦੇ ਨੇੜੇ ਖ਼ਤਰਨਾਕ ਮੌੜ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਲਗਦਾ ਪੁਲਿਸ ਕਿਸੇ ਹਾਦਸੇ ਦੀ ਉਡੀਕ ਵਿੱਚ ਹੈ ਜੋ ਸਵੇਰ ਦੀ ਪਬਲਿਕ ਨੂੰ ਸਹਾਇਤਾ ਦੇਣ ਵਾਲੀ ਗੱਡੀ ਨੂੰ ਲੈ ਕੇ ਨਹੀਂ ਜਾ ਰਹੀ। ਖ਼ਬਰ ਲਿਖੇ ਜਾਣ ਤੱਕ ਗੱਡੀ ਲਾਵਾਰਿਸ ਖੜੀ ਜਾਪਦੀ ਸੀ।

# ਚੰਦੜ੍ਹ ਗੋਤ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਸੰਪੰਨ

**ਬੰਗਾ (ਅਵਤਾਰ ਕਲੇਰ)** ਪਿੰਡ ਪੱਦੀ ਜਗੀਰ ਵਿਖੇ ਧੰਨ ਧੰਨ ਬਾਬਾ ਕੰਨੀਆਂ, ਬਾਬਾ ਮੱਲੂ ਰਾਮ ਤੇ ਮਾਤਾ ਸਤੀ ਜੀ, ਚੰਦੜ੍ਹ ਗੋਤ ਜਠੇਰਿਆਂ ਦੀ ਪ੍ਰਬੰਧਕ ਕਮੇਟੀ ਵੱਲੋਂ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਸਮੂਹ ਚੰਦੜ੍ਹ ਪਰਵਾਰ ਤੇ ਐੱਨ ਆਰ ਆਈਜ਼ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਵੇਰੇ ਨਿਸ਼ਾਨ ਸਾਹਿਬ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ, ਉਪਰੰਤ ਨਾਮਵਰ



ਕਲਾਕਾਰਾਂ ਬਲਜੀਤ ਜੱਸੀ, ਬਲਵਿੰਦਰ ਸੋਨੂੰ, ਸਾਹਿਲ, ਰੋਹਿਤ ਖਹਿਰਾ ਨੇ ਜਠੇਰਿਆਂ ਦੀ ਮਹਿਮਾਂ ਦਾ ਗੁਣਗਾਨ ਕਰਕੇ ਆਇਆ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੇਲੇ 'ਚ ਸਿੱਧ ਜੋਗੀ ਬਾਬਾ ਬਾਲਕ ਨਾਥ ਸਰਵ ਸਾਂਝਾ ਦਰਬਾਰ ਪਿੰਡ ਉੜਾਪੜ ਦੇ ਸੇਵਾਦਾਰ ਬਾਬਾ ਬਲਵਿੰਦਰ ਲੱਡੂ ਵਿਸ਼ੇਸ਼ ਤੌਰ 'ਤੇ ਪਹੁੰਚੇ। ਮੇਲੇ ਦੌਰਾਨ ਖੂਨਦਾਨ ਕੈਂਪ ਲਗਾਇਆ ਗਿਆ ਜਿਸ ਵਿਚ 22 ਨੌਜਵਾਨਾਂ ਨੇ ਖ਼ੂਨਦਾਨ ਕੀਤਾ। ਠੰਡਾ ਮਿੱਠਾ ਜਲ ਚਾਹ ਅਤੇ ਲੰਗਰ ਅਤੁੱਟ ਵਰਤਾਇਆ ਗਿਆ। ਪ੍ਰਬੰਧਕ ਕਮੇਟੀ ਵੱਲੋਂ ਸਹਿਯੋਗੀ ਸੱਜਣ ਦਾ ਦਿੱਤੇ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਸਿਰੋਪਾਉ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਦੇਵ ਰਾਮ ਕਮਾਲਪੁਰ, ਸੀਨੀਅਰ ਮੀਤ ਪ੍ਰਧਾਨ ਚੌਧਰੀ ਮਨੋਹਰ ਲਾਲ, ਸੀਨੀਅਰ ਮੀਤ ਪ੍ਰਧਾਨ ਤਾਰਾ ਰਾਮ ਪੱਦੀ ਜਗੀਰ, ਸਕੱਤਰ ਸੁਰਿੰਦਰਪਾਲ ਕੁੱਕੂ, ਖਜਾਨਚੀ ਸੁਖਵਿੰਦਰ ਰਾਮ, ਦਲੀਪ ਚੰਦੜ੍ਹ, ਜਗਦੀਸ਼ ਰਾਮ, ਮਹਿੰਦਰ ਪਾਲ, ਭੁਪਿੰਦਰ ਸਿੰਘ ਪੱਦੀ ਜਗੀਰ, ਸੁਰਿੰਦਰ ਲੁਘਾ, ਮਹਿੰਦਰ ਪਾਲ, ਬੂਟਾ ਰਾਮ, ਅਜੇ ਕੁਮਾਰ, ਹਰਬੰਸ ਲਾਲ, ਮੱਖਣ ਲਾਲ, ਸੋਮ ਨਾਥ, ਮੱਖਣ ਲਾਲ ਭਾਣੋਕੀ, ਦੇਸ ਰਾਜ ਅੱਪਰਾ, ਰਾਮ ਦਾਸ ਬੜਾ ਪਿੰਡ, ਰਾਜਵਿੰਦਰ ਮਸੰਦਪੁਰ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਸੰਗਤਾਂ ਆਦਿ ਹਾਜ਼ਰ ਸਨ। ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਸੁਖਵਿੰਦਰ ਰਾਮ ਨੇ ਬਾਖੂਬੀ ਨਿਭਾਈ।

# ਭਾਈ ਬਲਵੀਰ ਸਿੰਘ ਪਾਰਸ ਸਨਮਾਨਤ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਇੰਟਰਨੈਸ਼ਨਲ ਢਾਡੀ ਗਿਆਨੀ ਪਲਦੀਪ ਸਿੰਘ ਅਠੌਲੀ ਦੇ ਗ੍ਰਹਿ ਵਿਖੇ ਪੁੱਜਣ 'ਤੇ ਇੰਟਰਨੈਸ਼ਨਲ ਗੋਲਡ ਮੈਡਲਿਸਟ ਪੰਥਕ ਢਾਡੀ ਭਾਈ ਬਲਵੀਰ ਸਿੰਘ ਪਾਰਸ ਦਾ ਗਿਆਨੀ ਪਲਦੀਪ ਸਿੰਘ ਦੇ ਪਿਤਾ ਗੁਰਬਖਸ਼ ਸਿੰਘ ਅਠੌਲੀ ਤੇ ਪਰਵਾਰ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਗੁਰਬਖਸ਼ ਸਿੰਘ ਅਠੌਲੀ ਨੇ ਢਾਡੀ ਬਲਵੀਰ ਸਿੰਘ ਪਾਰਸ ਅਤੇ ਹੋਰਨਾਂ ਨੂੰ ਗੁਰੂ ਬਖਸ਼ਿਸ਼ ਸਿਰੋਪਾਓ ਪਾ ਕੇ ਸਨਮਾਨਤ ਕਰਦਿਆਂ ਕਿਹਾ ਕਿ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਸੇਵਾ ਨਿਭਾਉਣ ਵਾਲੀਆਂ ਸ਼ਖਸੀਅਤਾਂ ਦਾ ਸਤਿਕਾਰ ਅਤੇ ਸਨਮਾਨ ਕਰਕੇ ਉਹ ਮਾਣ ਮਹਿਸੂਸ ਕਰਦੇ ਹਨ। ਉਹਨਾਂ ਕਿਹਾ ਸਿੱਖ ਪੰਥ ਦਾ ਇਤਿਹਾਸ ਮਹਾਨ ਸ਼ਹਾਦਤਾ ਨਾਲ ਭਰਿਆ ਹੋਇਆ ਹੈ। ਸਿੰਘ ਸੂਰਮਿਆਂ ਦੀਆਂ ਵੀਰ ਗਾਥਾਵਾਂ ਦਾ ਢਾਡੀ ਭਾਈ ਬਲਵੀਰ ਸਿੰਘ ਪਾਰਸ ਦੇ ਜੱਥੇ ਵਲੋਂ ਬਹੁਤ ਹੀ ਸੁੰਦਰ ਵਰਣਨ ਕੀਤਾ ਜਾਂਦਾ ਹੈ ਜਿਸ ਨਾਲ ਸੰਗਤਾਂ 'ਚ ਜੋਸ਼ ਦਾ ਸੰਚਾਰ ਹੁੰਦਾ ਹੈ ਅਤੇ ਆਪਣੇ ਸੁਨਹਿਰੇ ਇਤਿਹਾਸ ਨਾਲ ਰੂ-ਬ-ਰੂ ਹੋ ਕੇ ਗੁਰੂ ਘਰ ਅਤੇ ਬਾਣੀ ਨਾਲ ਜੁੜਨ ਦੀ ਸੇਧ ਮਿਲਦੀ ਹੈ। ਇਸ ਮੌਕੇ ਹਰਦੀਪ ਸਿੰਘ ਘੱਗ, ਮਨਜੀਤ ਕੌਰ, ਸੰਦੀਪ ਕੌਰ, ਅੰਮ੍ਰਿਤ ਸਿੰਘ, ਮਨਵੀਰ ਸਿੰਘ ਤੇ ਜਪਨੂਰ ਸਿੰਘ ਆਦਿ ਵੀ ਹਾਜ਼ਰ ਸਨ।

# ਮੂਰਤੀ ਸਥਾਪਨਾ ਅੱਜ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)**- ਬ੍ਰਹਮਲੀਨ ਮਹੰਤ ਸ਼ੇਰ ਗਿਰੀ ਮਹਾਰਾਜ, ਬ੍ਰਹਮਲੀਨ ਮਹੰਤ ਪ੍ਰੇਮਗਿਰੀ ਮਹਾਰਾਜ, ਬ੍ਰਹਮਲੀਨ ਮਹੰਤ ਗਣਪਤੀ ਗਿਰੀ ਮਹਾਰਾਜ, ਬ੍ਰਹਮਲੀਨ ਮਹੰਤ ਸ੍ਰੀ ਪ੍ਰਯਾਗਨਾਨੰਦ ਗਿਰੀ ਮਹਾਰਾਜ, ਬ੍ਰਹਮਲੀਨ ਮਹੰਤ ਸ਼ਾਂਤੀ ਗਿਰੀ ਮਹਾਰਾਜ ਤੇ ਬ੍ਰਹਮਲੀਨ ਮਹੰਤ ਰਵਿੰਦਰਾ ਗਿਰੀ ਮਹਾਰਾਜ ਦੀ ਅਪਾਰ ਕਿਰਪਾ ਸਦਕਾ ਪ੍ਰਾਚੀਨ ਸ਼ਿਵ ਮੰਦਿਰ ਦੇ ਗੱਦੀਨਸ਼ੀਨ ਮਹਾਂ ਮੰਡਲੇਸ਼ਵਰ ਮਹੰਤ ਸ਼ਿਪਰਾ ਗਿਰੀ ਮਹਾਰਾਜ ਦੇ ਅਸ਼ੀਰਵਾਦ ਨਾਲ ਤੇ ਮਹੰਤ ਜੈ ਰਾਮ ਗਿਰੀ ਮਹਾਰਾਜ ਦੀ ਅਗਵਾਈ ਹੇਠ ਲੋਹੀਆਂ ਖਾਸ ਦੇ ਇਤਿਹਾਸ ਵਿੱਚ ਪਹਿਲੀ ਵਾਰ ਮਾਂ ਚਿੰਤਪੁਰਨੀ ਦੀ ਪਵਿੱਤਰ ਅਖੰਡ ਜੋਤ ਪ੍ਰਾਚੀਨ ਸ਼ਿਵ ਮੰਦਿਰ ਲੋਹੀਆਂ ਖਾਸ ਵਿਖੇ 5 ਜੂਨ ਨੂੰ ਲਿਆਂਦੀ ਜਾ ਰਹੀ ਹੈ। ਇਸ ਮੌਕੇ ਮਾਂ ਚਿੰਤਪੁਰਨੀ ਦੀ ਪਵਿੱਤਰ ਅਖੰਡ ਜੋਤ ਲੈਣ ਜਾਣ ਲਈ ਮਿਤੀ 5 ਜੂਨ ਨੂੰ ਸਵੇਰੇ 05:00 ਵਜੇ ਮਾਂ ਦੇ ਭਗਤਾਂ ਦਾ 51 ਗੱਡੀਆਂ ਦਾ ਕਾਫਲਾ ਰਵਾਨਾ ਹੋਵੇਗਾ ਤੇ ਇਸ ਦੇ ਨਾਲ ਹੀ ਮਾਤਾ ਰਾਣੀ ਦੀ ਮੂਰਤੀ ਦੀ ਸਥਾਪਨਾ ਵੀ ਕੀਤੀ ਜਾਵੇਗੀ। ਇਸ ਮੌਕੇ ਇਸ ਸਮਾਗਮ ਵਿੱਚ ਗੁਜਰਾਤ ਤੇ ਪਾਲਮਪੁਰ ਤੇ ਨਵਾਂਸ਼ਹਿਰ ਤੋਂ ਮੰਹਤ ਪ੍ਰਭੂ ਗਿਰੀ ਮਹਾਰਾਜ ਅਤੇ ਮਹੰਤ ਸ਼ਿਵ ਗਿਰੀ ਮਹਾਰਾਜ ਤੇ ਸੁਆਮੀ ਰਿਸ਼ੀ ਰਾਜ ਵਿਸ਼ੇਸ਼ ਰੂਪ ਵਿੱਚ ਪਹੁੰਚਣਗੇ। ਇਸ ਸਮਾਗਮ ਮੌਕੇ ਮਾਤਾ ਚਿੰਤਪੁਰਨੀ ਦੀ ਜੋਤ ਅਤੇ ਮਾਤਾ ਰਾਣੀ ਜੀ ਦੀ ਮੂਰਤੀ ਦੀ ਪੂਰੇ ਸ਼ਹਿਰ ਵਿੱਚ ਪਰਿਕਰਮਾ ਕੀਤੀ ਜਾਵੇਗੀ ਤੇ ਉਸ ਤੋਂ ਬਾਅਦ ਵਿੱਚ ਮਾਤਾ ਰਾਣੀ ਦੀ ਮੂਰਤੀ ਦੀ ਸਥਾਪਨਾ ਕੀਤੀ ਜਾਵੇਗੀ। ਇਸ ਮੌਕੇ ਪ੍ਰਾਚੀਨ ਸ਼ਿਵ ਮੰਦਿਰ ਲੋਹੀਆਂ ਖਾਸ ਵਿੱਚ ਰਾਤ ਨੂੰ ਮਾਤਾ ਰਾਣੀ ਜੀ ਦੀ ਚੌਂਕੀ ਵੀ ਹੋਵੇਗੀ ਤੇ ਇਸ ਉਪਰੰਤ ਲੰਗਰ ਵੀ ਅਟੁੱਟ ਵਰਤਾਇਆ ਜਾਵੇਗਾ।

## ਅਧਿਆਪਕ, ਸਮਾਜ ਸੇਵੀ ਤੇ ਪੱਤਰਕਾਰ ਸਵਰਨ ਭੰਗੂ ਨਹੀਂ ਰਹੇ

**ਜਲੰਧਰ**- ਸਿੱਖਿਆ ਖੇਤਰ ਦੇ ਨਿਸ਼ਕਾਮ ਸੇਵਕ, ਅਗਾਂਹ ਵਧੂ ਸ਼ਖ਼ਸੀਅਤ, ਜਾਣੇ ਪਹਿਚਾਣੇ ਪੱਤਰਕਾਰ ਅਤੇ ਲੋਕ ਪੱਖੀ ਸੰਸਥਾਵਾਂ ਰੰਗ ਮੰਚ ਨਾਲ ਜੁੜੇ ਹੋਏ ਅਤੇ ਅਦਾਕਾਰਾ



ਗੁਰਪ੍ਰੀਤ ਕੌਰ ਭੰਗੂ ਦੇ ਜੀਵਨ ਸਾਥੀ ਸਵਰਨ ਸਿੰਘ ਭੰਗੂ ਦੇ ਸਦੀਵੀ ਵਿਛੋੜੇ ਤੇ ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਦੇ ਪ੍ਰਧਾਨ ਅਮੋਲਕ ਸਿੰਘ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਪਰਿਵਾਰ, ਸਾਕ ਸਬੰਧੀਆਂ ਅਤੇ ਸੰਗੀ ਸਾਥੀਆਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਉਹਨਾਂ ਦੱਸਿਆ ਕਿ ਕੰਗ ਯਾਦਗਾਰੀ ਸਿੱਖਿਆ ਸੰਸਥਾ ਬੱਸੀ ਗੁੱਜਰਾਂ ਚਮਕੌਰ ਸਾਹਿਬ ਵਿਖੇ 6 ਜੂਨ ਨੂੰ ਸਵੇਰੇ 8 ਤੋਂ 10 ਵਜੇ ਤੱਕ ਅਤੇ ਆਦਰਸ਼ ਭਵਨ ਚਮਕੌਰ ਸਾਹਿਬ 11 ਤੋਂ 11:30 ਵਜੇ ਤੱਕ ਉਹਨਾਂ ਨੂੰ ਅੰਤਿਮ ਵਿਦਾਇਗੀ ਤੋਂ ਪਹਿਲਾਂ ਸਿਜਦਾ ਕੀਤਾ ਜਾਏਗਾ।ਉਪਰੰਤ ਉਹਨਾਂ ਦੀ ਆਪਣੀ ਇੱਛਾ ਮੁਤਾਬਿਕ ਉਹਨਾਂ ਦੀ ਮ੍ਰਿਤਕ ਦੇਹ ਲੈ ਕੇ ਮੈਡੀਕਲ ਖੋਜਾਂ ਲਈ ਪੀ ਜੀ ਆਈ ਚੰਡੀਗੜ੍ਹ ਲਈ ਕਾਫ਼ਲਾ ਰਵਾਨਾ ਹੋਏਗਾ।ਜ਼ਿਕਰਯੋਗ ਹੈ ਕਿ ਉਹ ਸਵੇਰੇ ਸੈਰ ਕਰਨ ਮੌਕੇ ਹਾਦਸੇ ਦਾ ਸ਼ਿਕਾਰ ਹੋ ਜਾਣ ਕਾਰਨ ਸਦੀਵੀ ਵਿਛੋੜਾ ਦੇ ਗਏ।

## ਨਹਿਰਾਂ ਵਿੱਚ ਪਾਣੀ ਛੱਡਣ ਦੀ ਮੰਗ

**ਫਿਲੌਰ (ਨਿਰਮਲ)**- ਫਿਲੌਰ ਇਲਾਕੇ ਦੇ ਕਿਸਾਨ ਬਲਦੇਵ ਸਿੰਘ, ਮਹਿੰਦਰ ਸਿੰਘ, ਜੋਗਿੰਦਰ, ਹਰਬੰਸ ਸਿੰਘ ,ਤੇਜਾ ਸਿੰਘ, ਮੱਖਣ ਸਿੰਘ ਆਦਿ ਨੇ ਨਹਿਰੀ ਵਿਭਾਗ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਫਿਲੌਰ ਇਲਾਕੇ ਦੀਆਂ ਸਾਰੀਆਂ ਨਹਿਰਾਂ ਵਿੱਚ ਤੁਰੰਤ ਪਾਣੀ ਛੱਡਿਆ ਜਾਵੇ ਤਾਂ ਜੋ ਕਿਸਾਨ ਖੇਤਾਂ ਨੂੰ ਪਾਣੀ ਲਾ ਕੇ ਅੱਗੋਂ ਝੋਨੇ ਦੀ ਫਸਲ ਲਈ ਤਿਆਰ ਕਰ ਸਕਣ। ਨਹਿਰਾਂ ਵਿੱਚ ਸਫਾਈ ਵੀ ਤੁਰੰਤ ਕੀਤੀ ਜਾਵੇ ਤਾਂ ਜੋ ਕਿਸਾਨਾਂ ਨੂੰ ਨਹਿਰਾਂ ਦਾ ਪਾਣੀ ਆਸਾਨੀ ਨਾਲ ਮਿਲ ਸਕੇ।

## ਵੋਟਰਾਂ ਦੀ ਸੁਵਿਧਾ ਲਈ ਹਰੇਕ ਬੂਥ 'ਤੇ 7 ਨੂੰ ਲੱਗੇਗਾ ਵਿਸ਼ੇਸ਼ ਕੈਂਪ

**ਮੁਹਾਲੀ (ਗੁਰਜੀਤ ਬਿੱਲਾ)**- ਮੁੱਖ ਚੋਣ ਅਫ਼ਸਰ, ਪੰਜਾਬ, ਦੀਆਂ ਹਦਾਇਤਾਂ ਅਨੁਸਾਰ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਤਹਿਤ ਸਾਲ 2003 ਦੀ ਵੋਟਰ ਸੂਚੀ ਦਾ ਸਾਲ 2025 ਦੀ ਵੋਟਰ ਸੂਚੀ ਨਾਲ ਮਿਲਾਨ (ਮੈਪਿੰਗ) ਕਰਨ ਦੀ ਪ੍ਰਕਿਰਿਆ ਨੂੰ ਤੇਜ਼ੀ ਨਾਲ ਮੁਕੰਮਲ ਕਰਨ ਲਈ ਜ਼ਿਲ੍ਹਾ ਐੱਸ ਏ ਐੱਸ ਨਗਰ ਦੇ ਹਰੇਕ ਪੋਲਿੰਗ ਸਟੇਸ਼ਨ 'ਤੇ 7 ਜੂਨ ਨੂੰ ਸਵੇਰੇ 10:00 ਵਜੇ ਤੋਂ ਸ਼ਾਮ 4:00 ਵਜੇ ਤੱਕ ਵਿਸ਼ੇਸ਼ ਕੈਂਪ ਲਗਾਇਆ ਜਾਵੇਗਾ।

ਇਸ ਵਿਸ਼ੇਸ਼ ਮੁਹਿੰਮ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਜ਼ਿਲ੍ਹੇ ਦਾ ਕੋਈ ਵੀ ਯੋਗ ਵੋਟਰ ਇਸ ਮਹੱਤਵਪੂਰਨ ਪ੍ਰਕਿਰਿਆ ਤੋਂ ਵਾਂਝਾ ਨਾ ਰਹੇ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਆਪਣੇ ਨਜ਼ਦੀਕੀ ਪੋਲਿੰਗ ਸਟੇਸ਼ਨ 'ਤੇ ਪਹੁੰਚ ਕੇ ਵੋਟਰ ਸੂਚੀ ਨਾਲ ਸਬੰਧਤ ਮੈਪਿੰਗ ਪ੍ਰਕਿਰਿਆ ਵਿੱਚ ਸਹਿਯੋਗ ਕਰਨ ਅਤੇ ਹੋਰਨਾਂ ਨੂੰ ਵੀ ਇਸ ਬਾਰੇ ਜਾਗਰੂਕ ਕਰਨ।

# ਗੁਰਮਤਿ ਸਿਰਜਨਾ ਕੈਂਪ ਲਗਾਇਆ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ 'ਕਿਵ ਸਚਿਆਰਾ ਹੋਈਐ' ਚਾਰ ਰੋਜ਼ਾ ਗੁਰਮਤਿ ਸਿਰਜਨਾ ਕੈਂਪ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੇ ਗੁਰਮਤਿ ਸਾਗਰ ਟਰੱਸਟ ਵਿਖੇ ਲਗਾਇਆ ਗਿਆ।ਇਸ ਕੈਂਪ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਕੋਆਰਡੀਨੇਟਰ ਮੈਡਮ ਸੁਖਜੀਤ ਕੌਰ ਨੇ ਦੱਸਿਆ ਕਿ ਸ਼ਹਿਰ ਦੇ ਭੀੜ ਭੜੱਕੇ ਤੋਂ ਦੂਰ ਪ੍ਰਕਿਰਤੀ ਦੀ ਗੋਦ ਵਿੱਚ ਸਥਿਤ ਗੁਰਮਤਿ ਸਾਗਰ ਟਰੱਸਟ ਵਿਖੇ ਲਗਾਏ ਗਏ 'ਕਿਵ ਸਚਿਆਰਾ ਹੋਈਐ' ਗੁਰਮਤਿ ਸਿਰਜਨਾ ਕੈਂਪ ਦਾ ਮੁੱਖ ਉਦੇਸ਼ ਬੱਚਿਆਂ ਵਿੱਚ ਗੁਰਮਤਿ ਦਾ ਪਸਾਰ ਅਤੇ ਸਮਾਜਿਕ ਬੁਰਾਈਆਂ, ਵਹਿਮਾਂ ਭਰਮਾਂ ਤੋਂ ਰਹਿਤ ਜੀਵਨ ਜੀਉਣ ਲਈ ਪ੍ਰੇਰਿਤ ਕਰਨਾ ਸੀ। ਉਹਨਾਂ ਦੱਸਿਆ ਕਿ ਕੈਂਪ ਦੇ ਪਹਿਲੇ ਦਿਨ ਡਾ. ਨਵਲਪ੍ਰੀਤ ਸਿੰਘ ਨੇ ਸੋਸ਼ਲ ਮੀਡੀਆ ਦੀ ਯੋਗ ਵਰਤੋਂ ਵਿਸ਼ੇ 'ਤੇ ਵਿਸਥਾਰ ਨਾਲ ਚਾਨਣ ਪਾਇਆ ਜਦਕਿ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਦੇ ਵਾਈਸ ਪ੍ਰਿੰਸੀਪਲ ਪ੍ਰੋਫੈਸਰ ਸੁਖਵਿੰਦਰ ਸਿੰਘ ਦਦੇਹਰ ਨੇ ਗੁਰਬਾਣੀ ਅਤੇ ਵਹਿਮ ਭਰਮ ਵਿਸ਼ੇ ਤੇ ਵਿਦਿਆਰਥੀਆਂ ਨੂੰ ਵਿਸਥਾਰ ਨਾਲ ਦੱਸਿਆ। ਕੈਂਪ ਦੇ ਦੂਸਰੇ ਦਿਨ ਗੁਰਮਤਿ ਪ੍ਰਸਾਰ ਟ੍ਰੇਨਿੰਗ ਇੰਸਟੀਚਿਊਟ ਮੁੰਡੀ ਖਰੜ ਦੇ ਵਾਈਸ ਪ੍ਰਿੰਸੀਪਲ ਭਾਈ ਹਰਬੀਰ ਸਿੰਘ ਨੇ ਵਿਦਿਆਰਥੀਆਂ ਨੂੰ ਪੰਥ ਦਾ ਨਿਆਰਾਪਣ ਅਤੇ ਹੋਰ ਧਰਮਾਂ ਦੇ ਸਤਿਕਾਰ ਦੀ ਮਰਿਆਦਾ ਵਿਸ਼ੇ ਤੇ ਜ਼ੋਰਦਾਰ ਲੈਕਚਰ ਦਿੱਤਾ। ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਸੈਕਟਰ 34 ਚੰਡੀਗੜ੍ਹ ਦੇ ਹੈੱਡ ਗ੍ਰੰਥੀ ਭਾਈ ਜਸਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ 'ਸਾਕਤ ਤੇ



ਸੂਕਰ ਭਲਾ' ਵਿਸ਼ੇ ਤੇ ਵਿਸਥਾਰ ਨਾਲ ਸਮਝਾਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਭਾਈ ਸੁਖਵਿੰਦਰ ਸਿੰਘ ਰਟੌਲ ਨੇ ਵਿਦਿਆਰਥੀਆਂ ਨੂੰ ਗੁਰਮੁਖੀ ਭਾਸ਼ਾ ਦਾ ਅਰੰਭ, ਵਿਕਾਸ ਅਤੇ ਅਜੋਕੀ ਸਥਿਤੀ ਵਿਸ਼ੇ ਤੇ ਲੈਕਚਰ ਦਿੱਤਾ। ਕੈਂਪ ਦੇ ਅਖੀਰਲੇ ਦਿਨ ਮਾਈਟੀ ਖਾਲਸਾ ਇੰਟਰਨੈਸ਼ਨਲ ਸਕੂਲ ਦੇ ਡਾਇਰੈਕਟਰ ਡਾ. ਅਮਿਤੋਜ ਸਿੰਘ ਨੇ ਵਿਦਿਆਰਥੀਆਂ ਨੂੰ ਆ ਰਹੀਆਂ ਮੁਸ਼ਕਲਾਂ, ਕਾਰਨ ਅਤੇ ਉਹਨਾਂ ਮੁਸ਼ਕਿਲਾਂ ਨੂੰ ਹੱਲ ਕਰਨ ਦੇ ਨੁਕਤੇ ਸਮਝਾਏ। ਮੈਡਮ ਸੁਖਜੀਤ ਕੌਰ ਨੇ ਦੱਸਿਆ ਕਿ ਕੈਂਪ ਦੌਰਾਨ ਵਿਦਿਆਰਥੀਆਂ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਕਿਲਾ ਤਾਰਾਗੜ੍ਹ ਸਾਹਿਬ, ਵਿਰਾਸਤ-ਏ-ਖਾਲਸਾ ਅਤੇ ਗੁਰਦੁਆਰਾ ਬਿਭੌਰ ਸਾਹਿਬ ਨੰਗਲ ਵਿਖੇ ਲਿਜਾਇਆ ਗਿਆ। ਗੁਰਦੁਆਰਾ ਬਿਭੌਰ ਸਾਹਿਬ ਵਿਖੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵਿਦਿਆਰਥੀਆਂ ਨਾਲ ਗੁਰਮਤਿ ਵਿਚਾਰਾਂ ਕੀਤੀਆਂ ਅਤੇ ਸਿੱਖ ਧਰਮ ਨਾਲ ਸਬੰਧਤ ਕਈ ਪ੍ਰਸ਼ਨ ਪੁੱਛੇ ਜਿਨਾਂ ਦਾ ਵਿਦਿਆਰਥੀਆਂ ਨੇ ਪੂਰੀ ਚੜਦੀਕਲਾ ਵਿੱਚ ਜਵਾਬ ਦਿੱਤਾ। ਉਹਨਾਂ ਦੱਸਿਆ ਕਿ ਕੈਂਪ ਦੇ ਅਖੀਰਲੇ ਦਿਨ ਚੀਫ ਖਾਲਸਾ ਦੀਵਾਨ ਦੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਕੁਲਜੀਤ ਸਿੰਘ (ਸਿੰਘ ਬ੍ਰਦਰਜ਼ ਵਾਲੇ), ਹਰਮਨਜੀਤ ਸਿੰਘ ਮੈਂਬਰ ਧਰਮ ਪ੍ਰਚਾਰ ਕਮੇਟੀ, ਇੰਦਰਜੀਤ ਸਿੰਘ ਅੜੀ, ਸ. ਹਰਕੰਵਲ ਸਿੰਘ ਕੋਹਲੀ ਨੇ ਉਚੇਚੇ ਤੌਰ ਤੇ ਕੈਂਪ ਵਿੱਚ ਸ਼ਮੂਲੀਅਤ ਕੀਤੀ ਅਤੇ ਬੁਲਾਰਿਆਂ, ਅਧਿਆਪਕ ਸਾਹਿਬਾਨਾਂ ਦਾ ਜਿੱਥੇ ਸਨਮਾਨ ਕੀਤਾ ਉੱਥੇ ਵਿਦਿਆਰਥੀਆਂ ਨੂੰ ਸਿੱਖੀ ਸਿਧਾਂਤਾਂ ਅਤੇ ਗੁਰਬਾਣੀ ਨਾਲ ਜੁੜੇ ਰਹਿਣ ਲਈ ਪ੍ਰੇਰਿਆ। ਕੁਆਰਡੀਨੇਟਰ ਮੈਡਮ ਸੁਖਜੀਤ ਕੌਰ ਨੇ ਡਾਇਰੈਕਟਰ ਗੁਰਮਿੰਦਰ ਸਿੰਘ ਭੁੱਲਰ, ਪ੍ਰਿੰਸੀਪਲ ਸੁਖਪਾਲ ਕੌਰ ਵਾਲੀਆ, ਪ੍ਰਿੰਸੀਪਲ ਗੁਰਿੰਦਰ ਕੌਰ, ਪ੍ਰਿੰਸੀਪਲ ਆਸ਼ਾ ਰਾਣੀ ਦਾ ਕੈਂਪ ਵਿੱਚ ਸਹਿਯੋਗ ਦੇਣ ਲਈ ਧੰਨਵਾਦ ਵੀ ਕੀਤਾ। ਇਸ ਮੌਕੇ ਹਰਪਾਲ ਸਿੰਘ, ਜਗਜੀਤ ਸਿੰਘ, ਮਨਦੀਪ ਕੌਰ, ਅੰਮ੍ਰਿਤਪਾਲ ਸਿੰਘ, ਨਿਰਮਲ ਸਿੰਘ, ਅੰਮ੍ਰਿਤਪਾਲ ਸਿੰਘ ਵਾਲੀਆ, ਮਨਜੀਤ ਕੌਰ, ਕਰਮਜੀਤ ਕੌਰ ਆਦਿ ਹਾਜ਼ਰ ਸਨ।

# ਖਾਦਾਂ ਦੀ ਸੰਤੁਲਿਤ ਵਰਤੋਂ ਬਾਰੇ ਜਾਗਰੂਕਤਾ ਕੈਂਪ




**ਨਵਾਂ ਸ਼ਹਿਰ (ਮਨੋਜ ਲਾਡੀ)**- ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਤੇ ਆਈ ਸੀ ਏ ਆਰ-ਅਟਾਰੀ, ਜ਼ੋਨ-1, ਲੁਧਿਆਣਾ ਦੀ ਰਹਿਨੁਮਾਈ ਹੇਠ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਦੇ ਵਿਸ਼ੇਸ਼ ਸਹਿਯੋਗ ਨਾਲ ਪਿੰਡ ਨਿਆਣਾ ਬੇਟ ਵਿਖੇ ਰਾਸ਼ਟਰੀ ਪੱਧਰ ਦੀ ਮੁਹਿੰਮ 'ਖੇਤ ਬਚਾਓ ਅਭਿਆਨ' ਤਹਿਤ 4 ਜੂਨ ਨੂੰ ਇੱਕ ਜਾਗਰੂਕਤਾ ਕੈਂਪ ਲਗਾਇਆ ਗਿਆ। ਇਹ ਪ੍ਰੋਗਰਾਮ ਪੀ ਏ ਯੂ -ਕੇ ਵੀ ਕੇ ਲੰਗੜੋਆ ਦੇ ਐਸੋਸੀਏਟ ਡਾਇਰੈਕਟਰ (ਟ੍ਰੇਨਿੰਗ) ਡਾ. ਪ੍ਰਦੀਪ ਕੁਮਾਰ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ।ਕੈਂਪ ਦੌਰਾਨ ਡਾ. ਜਸਵਿੰਦਰ ਕੁਮਾਰ ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ) ਨੇ ਹਰੀ ਖਾਦ ਅਤੇ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਮਿੱਟੀ ਵਿੱਚ ਮਿਲਾਉਣ ਦੇ ਖੇਤੀਬਾੜੀ ਅਤੇ ਵਾਤਾਵਰਨਿਕ ਲਾਭਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਅਭਿਆਸ ਮਿੱਟੀ ਦੇ ਜੈਵਿਕ ਮਾਦੇ (ਔਰਗੈਨਿਕ ਮੈਟਰ) ਨੂੰ ਵਧਾਉਂਦੇ ਹਨ, ਮਿੱਟੀ ਦੀ ਬਣਤਰ ਵਿੱਚ ਸੁਧਾਰ ਕਰਦੇ ਹਨ, ਪਾਣੀ ਨੂੰ ਰੋਕ ਕੇ ਰੱਖਣ ਦੀ ਸਮਰੱਥਾ ਵਧਾਉਂਦੇ ਹਨ ਅਤੇ ਸਿੰਥੈਟਿਕ (ਰਸਾਇਣਕ) ਲਾਗਤਾਂ 'ਤੇ ਨਿਰਭਰਤਾ ਘਟਾਉਂਦੇ ਹੋਏ ਲੰਬੇ ਸਮੇਂ ਦੀ ਫ਼ਸਲੀ ਉਤਪਾਦਕਤਾ ਨੂੰ ਵਧਾਉਂਦੇ ਹਨ।ਡਾ. ਰਜਿੰਦਰ ਕੌਰ, ਸਹਾਇਕ ਪ੍ਰੋਫੈਸਰ (ਗ੍ਰਹਿ ਵਿਗਿਆਨ) ਨੇ ਕਿਸਾਨਾਂ ਅਤੇ ਬੀਬੀਆਂ ਨੂੰ ਬਿਨਾਂ ਮੌਸਮ ਵਾਲੇ ਫ਼ਲਾਂ ਅਤੇ ਸਬਜ਼ੀਆਂ ਦੀ ਬਜਾਏ ਸਥਾਨਕ ਪੱਧਰ 'ਤੇ ਉਗਾਏ ਗਏ ਤਾਜ਼ੇ ਮੌਸਮੀ ਫਲਾਂ ਅਤੇ ਸਬਜ਼ੀਆਂ ਦੀ ਚੋਣ ਕਰਨ ਲਈ ਪ੍ਰੇਰਿਤ ਕੀਤਾ।ਰੇਨੂ ਬਾਲਾ, ਡੈਮੋਨਸਟ੍ਰੇਟਰ (ਗ੍ਰਹਿ ਵਿਗਿਆਨ) ਨੇ ਹਾਜ਼ਰੀਨ ਕਿਸਾਨਾਂ ਅਤੇ ਮਹਿਲਾਵਾਂ ਲਈ ਕੇ ਵੀ ਕੇ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਪਸਾਰ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ, ਉਨ੍ਹਾਂ ਨੇ ਪਿੰਡਾਂ ਵਿੱਚ ਸੈਲਫ਼ ਹੈਲਪ ਗਰੁੱਪ ਅਤੇ ਫਾਰਮਰ ਪ੍ਰੋਡਿਊਸਰ ਆਰਗੇਨਾਈਜ਼ੇਸ਼ਨ ਬਣਾਉਣ 'ਤੇ ਵਿਸ਼ੇਸ਼ ਗੱਲਬਾਤ ਕੀਤੀ। ਕੈਂਪ ਦੀ ਸਮਾਪਤੀ ਇੱਕ ਪਰਸਪਰ ਵਿਚਾਰ-ਵਟਾਂਦਰੇ ਦੇ ਸੈਸ਼ਨ ਨਾਲ ਹੋਈ, ਜਿੱਥੇ ਕਿਸਾਨਾਂ ਨੇ ਖੇਤ ਪੱਧਰ ਦੀਆਂ ਸਮੱਸਿਆਵਾਂ ਉਠਾਈਆਂ ਅਤੇ ਕੇ ਵੀ ਕੇ ਦੇ ਮਾਹਿਰਾਂ ਤੋਂ ਇਲਾਕੇ ਮੁਤਾਬਕ ਸਹੀ ਅਗਵਾਈ ਪ੍ਰਾਪਤ ਕੀਤੀ। ਹਿੱਸਾ ਲੈਣ ਵਾਲੇ ਕਿਸਾਨਾਂ ਨੇ ਚਰਚਾ ਕੀਤੇ ਗਏ ਅਭਿਆਸਾਂ ਨੂੰ ਲਾਗੂ ਕਰਨ ਲਈ ਅਗਲੇਰੇ ਪ੍ਰਦਰਸ਼ਨਾਂ ਅਤੇ ਸਾਂਝੇ ਯਤਨਾਂ ਵਿੱਚ ਡੂੰਘੀ ਦਿਲਚਸਪੀ ਦਿਖਾਈ।

# ਸਮਰ ਕੁਕਿੰਗ ਕੈਂਪ ਦਾ ਕੀਤਾ ਉਦਘਾਟਨ

**ਮਾਹਿਲਪੁਰ (ਸ.ਫ਼ਰੀ)**- ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਵੱਖ ਵੱਖ ਕੋਰਸਾਂ ਦੀ ਅਕਾਦਮਿਕ ਪੜ੍ਹਾਈ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਰੁਜ਼ਗਾਰ



ਕੇਂਦਰਿਤ ਤੇ ਹੁਨਰਮੰਦ ਕੋਰਸਾਂ ਨਾਲ ਜੋੜਨ ਦੇ ਉੱਦਮ ਤਹਿਤ ਚੱਲ ਰਹੇ ਫੂਡ ਪ੍ਰੋਡਕਸ਼ਨ ਅਤੇ ਕੇਟਰਿੰਗ ਮੈਨੇਜਮੈਂਟ ਵਿਭਾਗ ਵੱਲੋਂ ਵਿਦਿਆਰਥੀਆਂ ਨੂੰ ਗਰਮੀਆਂ ਦੇ ਮੌਸਮੀ ਖਾਣ-ਪੀਣ ਨਾਲ ਸਬੰਧਤ ਪਦਾਰਥਾਂ ਨੂੰ ਸ਼ੁੱਧਤਾ ਨਾਲ ਤਿਆਰ ਕਰਨ ਸਬੰਧੀ ਵਿਸ਼ੇਸ਼ ਸਮਰ ਕੁਕਿੰਗ ਕੈਂਪ ਦਾ ਰਸਮੀ ਉਦਘਾਟਨ ਕੀਤਾ ਗਿਆ। ਇਸ ਕੈਂਪ ਦਾ ਉਦਘਾਟਨ ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਨੇ ਕੀਤਾ ਅਤੇ ਕੈਂਪ ਵਿੱਚ ਪੁੱਜੇ ਵਿਦਿਆਰਥੀਆਂ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਅਜਿਹੇ ਕੋਰਸ ਵਿੱਚ ਦਾਖ਼ਲ ਹੋਣ ਵਾਲੇ ਵਿਦਿਆਰਥੀ ਖਾਣ ਪੀਣ ਦੀਆਂ ਸ਼ੁੱਧ ਵਸਤੂਆਂ ਤਿਆਰ ਕਰਕੇ ਜਿੱਥੇ ਤੰਦਰੁਸਤ ਸਮਾਜ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ ਉੱਥੇ ਹੀ ਪੜ੍ਹਾਈ ਦੇ ਨਾਲ ਨਾਲ ਆਪਣਾ ਰੁਜ਼ਗਾਰ ਵੀ ਕਾਇਮ ਕਰ ਰਹੇ ਹਨ।ਇਸ ਮੌਕੇ ਫੂਡ ਪ੍ਰੋਡਕਸ਼ਨ ਅਤੇ ਬੇਕਰੀ ਵਿਭਾਗ ਦੇ ਚੀਫ ਇੰਸਟਰੱਕਟਰ ਅਰੁਣ ਮਹਾਜਨ ਨੇ ਕਿਹਾ ਕਿ ਇਹ ਕੈਂਪ 12 ਜੂਨ ਤੱਕ ਚੱਲੇਗਾ ਅਤੇ ਇਸ ਉਪਰੰਤ ਦੂਜੇ ਪੜਾਅ ਦਾ ਕੈਂਪ 15 ਜੂਨ ਤੋਂ ਆਰੰਭ ਹੋਵੇਗਾ ਜਿਸ ਵਿੱਚ ਗਰਮੀਆਂ ਅਤੇ ਬਰਸਾਤਾਂ ਦੇ ਮੌਸਮੀ ਪੀਣ ਪਦਾਰਥਾਂ ਨੂੰ ਤਿਆਰ ਕਰਨ ਸਬੰਧੀ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਵਿਦਿਆਰਥੀਆਂ ਨੂੰ ਅਗਲੇ ਕੈਂਪ ਦੀ ਰਜਿਸਟ੍ਰੇਸ਼ਨ ਕਰਵਾਉਣ ਦਾ ਸੱਦਾ ਦਿੱਤਾ। ਇਸ ਮੌਕੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਨੇ ਦੱਸਿਆ ਕਿ ਕਾਲਜ ਵਿੱਚ ਤਿੰਨ ਮਹੀਨੇ ਦੀ ਸਮਾਂ ਮਿਆਦ ਵਾਲੇ ਸਰਟੀਫਿਕੇਟ ਕੋਰਸ ਇਨ ਫੂਡ ਪ੍ਰੋਡਕਸ਼ਨ ਐਂਡ ਬੇਕਰੀ ਅਤੇ ਸਰਟੀਫਿਕੇਟ ਕੋਰਸ ਇਨ ਕੂਕਿੰਗ ਐਂਡ ਕੇਟਰਿੰਗ ਮੈਨੇਜਮੈਂਟ ਸ਼ੁਰੂ ਹਨ ਜਿਨ੍ਹਾਂ ਵਿੱਚ ਇਸ ਸੈਸ਼ਨ ਤੋਂ ਵਿਦਿਆਰਥੀਆਂ ਦਾ ਬਹੁਤ ਘੱਟ ਫੀਸਾਂ 'ਤੇ ਦਾਖਿਲਾ ਆਰੰਭ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਉਕਤ ਦੋਵੇਂ ਸਰਟੀਫਿਕੇਟ ਕੋਰਸਾਂ ਵਿੱਚ ਦਾਖ਼ਲੇ ਲਈ ਦਸਵੀਂ ਅਤੇ ਬਾਰ੍ਹਵੀਂ ਤੋਂ ਬਾਅਦ ਦੇ ਵਿਦਿਆਰਥੀ ਦਾਖ਼ਲ ਹੋ ਸਕਦੇ ਹਨ ਅਤੇ ਕਾਲਜ ਵਿੱਚ ਬਾਰ੍ਹਵੀਂ ਅਤੇ ਅੰਡਰ ਗਰੈਜੂਏਟ ਕੋਰਸ ਕਰਨ ਵਾਲੇ ਵਿਦਿਆਰਥੀ ਆਪਣੀ ਪੜ੍ਹਾਈ ਦੇ ਨਾਲ ਨਾਲ ਵੀ ਇਸ ਕੋਰਸ ਵਿੱਚ ਦਾਖ਼ਲਾ ਵੀ ਲੈ ਸਕਦੇ ਹਨ। ਇਸ ਮੌਕੇ ਡਾ ਵਰਿੰਦਰ ਸਿੰਘ, ਡਾ ਰਾਜ ਕੁਮਾਰ, ਡਾ ਜਤਿੰਦਰ, ਹਰਿੰਦਰ ਸਨੀ ਤੇ ਹੋਰ ਸਟਾਫ਼ ਮੈਂਬਰ ਹਾਜ਼ਰ ਸਨ।

# ਸੱਚਖੰਡ ਸ੍ਰੀ ਹਜ਼ੂਰ ਸਾਹਿਬ ਲੰਗਰ ਸੇਵਾ ਲਈ ਕਣਕ ਦਾ ਟਰੱਕ ਭੇਜਿਆ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਮਿਥਲੇਸ਼ ਗਰਗ)**- ਸੱਚਖੰਡ ਸ੍ਰੀ ਨਨਦੇੜ ਸਾਹਿਬ ਸ੍ਰੀ ਹਜ਼ੂਰ ਸਾਹਿਬ ਦੇ ਲੰਗਰ ਵਾਸਤੇ ਨੇੜਲੇ ਹਰਸੀ ਪਿੰਡ ਤੋਂ ਹਰ ਸਾਲ ਦੀ ਤਰ੍ਹਾਂ ਕਣਕ ਦਾ ਟਰੱਕ ਸੇਵਾਦਾਰਾਂ ਵੱਲੋਂ ਭੇਜਿਆ ਗਿਆ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਾਹਿਬ ਪੱਤੀ ਅਮੀਪੁਰ ਤੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਇਲਾਕੇ ਦੇ ਵੱਖ-ਵੱਖ ਪਿੰਡਾਂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਣਕ ਦਾ ਟਰੱਕ ਰਵਾਨਾ ਹੋਣ ਤੋਂ ਪਹਿਲਾਂ ਗਿਆਨੀ ਹਰਜੀਤ ਸਿੰਘ ਨੇ ਗੁਰੂ ਚਰਨਾਂ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।

ਇਸ ਮੌਕੇ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਗਿਆਨੀ ਦਰਸ਼ਨ ਸਿੰਘ ਮਾਸਟਰ ਮਦਨ ਸਿੰਘ ਤੇ ਹੋਰਨਾਂ ਸੇਵਾਦਾਰਾਂ ਨੇ ਦੱਸਿਆ ਕਿ ਹਰਸੀ ਪਿੰਡ ਤੋਂ ਇਲਾਵਾ ਇਸ ਸੇਵਾ ਵਿੱਚ ਨੇੜਲੇ ਪਿੰਡ ਰਾਜਪੁਰ, ਸ਼ਾਲਾਪੁਰ,ਗਹੋਤ, ਮੁਨਕ ਕਲਾ, ਮੁਨਕ ਖੁਰਦ ਬੋਲੇਵਾਲ, ਲੋਧੀ ਚੱਕ, ਚਤੋਵਾਲ ਤੇ ਹੋਰਨਾ ਪਿੰਡਾਂ ਦੀਆਂ ਸੰਗਤਾਂ ਵੱਲੋਂ ਕਣਕ ਦੀ ਸੇਵਾ ਦਾ ਯੋਗਦਾਨ ਪਾਇਆ ਗਿਆ ਹੈ। ਉਹਨਾਂ ਦੱਸਿਆ ਕਿ ਇਹ ਸਾਰੀ ਸੇਵਾ ਸੱਚਖੰਡ ਸ੍ਰੀ ਹਜੂਰ ਸਾਹਿਬ ਵਿਖੇ ਚੱਲ ਰਹੇ ਲੰਗਰ ਬਾਬਾ ਨਿਧਾਨ ਸਿੰਘ ਵਿਖੇ ਕਰੀਬ 10 ਦਿਨ ਦੀ ਯਾਤਰਾ ਉਪਰੰਤ ਪਹੁੰਚਾਏ ਜਾਣਗੇ। ਇਸ ਮੌਕੇ ਪ੍ਰਬੰਧਕ ਸੇਵਾਦਾਰਾਂ ਨੇ ਦੱਸਿਆ ਕਿ ਸੰਗਤਾਂ ਵੱਲੋਂ ਇਹ ਸੇਵਾ ਹਰ ਸਾਲ ਹੀ ਬੜੀ ਸ਼ਰਧਾ ਤੇ ਸਤਿਕਾਰ ਨਾਲ ਕੀਤੀ ਜਾਂਦੀ ਹੈ। ਇਸ ਮੌਕੇ ਪ੍ਰਧਾਨ ਦਰਸ਼ਨ ਸਿੰਘ, ਕਸ਼ਮੀਰਾ ਸਿੰਘ, ਮਾਸਟਰ ਮਦਨ ਸਿੰਘ, ਗੁਰਮਿੰਦਰ ਸਿੰਘ, ਗੁਰਜੀਤ ਸਿੰਘ, ਅਮਰਜੀਤ ਸਿੰਘ, ਪ੍ਰਦੀਪ ਪਾਲ ਸਿੰਘ, ਰਵਿੰਦਰਜੀਤ ਸਿੰਘ, ਸ਼ਰਨਜੀਤ ਸਿੰਘ, ਗੁਰਪ੍ਰੀਤ ਸਿੰਘ, ਇੰਦਰਜੀਤ ਸਿੰਘ, ਹਰਜੀਤ ਸਿੰਘ, ਨਰਿੰਦਰ ਕੌਰ, ਪਰਮਜੀਤ ਕੌਰ, ਮਨਜੀਤ ਕੌਰ, ਮਾਸਟਰ ਗੁਰਦੀਪ ਸਿੰਘ ਦੀਪਾ ਵੀ ਹਾਜ਼ਰ ਸਨ।

# ਡਾ. ਵਿਵੇਕ ਗੁੰਬਰ ਨੇ ਮੌਤ ਦੇ ਮੂੰਹ 'ਚ ਗਏ ਵਿਅਕਤੀ ਦੀ ਜਾਨ ਬਚਾਈ

**ਬੰਗਾ (ਅਵਤਾਰ ਕਲੇਰ)**- ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮੈਡੀਕਲ ਵਿਭਾਗ ਦੇ ਮੁਖੀ ਡਾ. ਵਿਵੇਕ ਗੁੰਬਰ ਨੇ ਹਾਰਟ ਅਟੈਕ ਨਾਲ ਮੌਤ ਦੇ ਮੂੰਹ 'ਚ ਗਏ ਅਤਿ ਗੰਭੀਰ ਹਾਲਤ ਵਾਲੇ ਮਰੀਜ਼ ਲਸ਼ਕਰੀ ਉਮਰ 81 ਸਾਲ ਦੀ ਜਾਨ ਪੰਜ ਦਿਨ ਆਈ ਸੀ ਯੂ ਅਤੇ ਦੋ ਦਿਨ ਐੱਚ ਡੀ ਯੂ ਵਾਰਡ ਵਿੱਚ



ਰੱਖ ਕੇ ਵੈਂਟੀਲੇਟਰ ਦੀ ਮਦਦ ਨਾਲ ਮਿਆਰੀ ਇਲਾਜ ਕਰਕੇ ਬਚਾਏ ਜਾਣ ਦਾ ਸਮਾਚਾਰ ਹੈ। ਡਾ. ਵਿਵੇਕ ਗੁੰਬਰ ਨੇ ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਉਕਤ ਮਰੀਜ਼ ਬਹੁਤ ਨਾਜ਼ੁਕ ਹਾਲਤ ਵਿਚ ਢਾਹਾਂ ਕਲੇਰਾਂ ਹਸਪਤਾਲ ਵਿਖੇ ਇਲਾਜ ਲਈ ਲਿਆਂਦਾ ਗਿਆ ਸੀ । ਹਸਪਤਾਲ ਵਿੱਚ ਦਾਖਲੇ ਸਮੇਂ ਮਰੀਜ਼ ਨੂੰ ਸਾਹ ਚੜ੍ਹ ਰਿਹਾ ਸੀ, ਛਾਤੀ ਵਿੱਚ ਤੇਜ਼ ਦਰਦ ਹੋ ਰਿਹਾ ਸੀ ਅਤੇ ਬਲੱਡ ਪ੍ਰੈਸ਼ਰ ਰਿਕਾਰਡ ਨਹੀਂ ਹੋ ਰਿਹਾ ਸੀ। ਮਰੀਜ਼ ਨੂੰ ਦਿਲ ਦਾ ਦੌਰਾ ਪੈਣ ਕਰਕੇ, ਦਿਲ ਦੀ ਖੂਨ ਪੰਪ ਕਰਨ ਦੀ ਸਮਰੱਥਾ ਸਿਰਫ਼ ਵੀਹ ਫ਼ੀਸਦੀ ਰਹਿ ਗਈ। ਡਾ. ਨੇ ਦੱਸਿਆ ਕਿ ਮਰੀਜ਼ ਦੀ ਜਾਨ ਬਚਾਉਣ ਲਈ ਫੌਰੀ ਤੌਰ 'ਤੇ ਬਲੱਡ ਪ੍ਰੈਸ਼ਰ ਵਧਾਉਣ ਲਈ ਇਨਫਿਊਜਨ ਪੰਪ ਦੀ ਮਦਦ ਨਾਲ ਆਈਨੋਟਰੌਪਸ ਸ਼ੁਰੂ ਕੀਤੇ ਗਏ, ਸਾਹ ਲਈ ਵੈਂਟੀਲੇਟਰ (ਸਾਹ ਦੇਣ ਵਾਲੀ ਮਸ਼ੀਨ) ਲਗਾਇਆ ਗਿਆ।

ਡਾ. ਵਿਵੇਕ ਗੁੰਬਰ ਦੀ ਅਗਵਾਈ ਹੇਠਲੀ ਮੈਡੀਕਲ ਟੀਮ ਵੱਲੋਂ ਮਰੀਜ਼ ਲਸ਼ਕਰੀ ਦਾ ਪਹਿਲੇ ਪੰਜ ਦਿਨ ਆਈ ਸੀ ਯੂ ਵਿਚ ਵੈਂਟੀਲੇਟਰ, ਇਨਫਿਊਜਨ ਪੰਪ ਅਤੇ ਹੋਰ ਆਧੁਨਿਕ ਮੈਡੀਕਲ ਯੰਤਰਾਂ ਦੀ ਸਹਾਇਤਾ ਨਾਲ ਵਧੀਆ ਇਲਾਜ ਤੇ ਨਰਸਿੰਗ ਕੇਅਰ ਕਰਨ ਉਪਰੰਤ ਦੋ ਦਿਨ ਵਿਸ਼ੇਸ਼ ਐੱਚ ਡੀ ਯੂ ਵਾਰਡ ਵਿਚ ਰੱਖ ਕੇ ਕੀਤੇ ਇਲਾਜ ਉਪਰੰਤ ਮਰੀਜ਼ ਬਿਲਕੁੱਲ ਤੰਦਰੁਸਤ ਹੈ । ਇਸ ਲਈ ਡਾ. ਅਮਿਤ ਸੰਧੂ ਸੀਨੀਅਰ ਯੂਰੋਲੋਜਿਸਟ ਨੇ ਵੀ ਵਿਸ਼ੇਸ਼ ਸਹਿਯੋਗ ਦਿੱਤਾ।

# ਵਿਧਾਇਕ ਨੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਪ੍ਰੋਜੈਕਟ ਦਾ ਕੀਤਾ ਉਦਘਾਟਨ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਹੁਸ਼ਿਆਰਪੁਰ ਦੇ ਲੋਕਾਂ ਨੂੰ ਬਰਸਾਤ ਦੇ ਮੌਸਮ ਦੌਰਾਨ ਪਾਣੀ ਭਰਨ ਦੀ ਸਮੱਸਿਆ ਤੋਂ ਰਾਹਤ ਦਿਵਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਸ਼ਿਮਲਾ ਪਹਾੜੀ ਚੌਕ ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਲਈ ਬਣਾਏ ਗਏ ਨਵੇਂ ਇੰਟਰਮੀਡੀਏਟ ਪੰਪਿੰਗ ਸਟੇਸ਼ਨ ਦਾ ਉਦਘਾਟਨ



ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਸਟਾਰਮ ਸੀਵਰ ਦਾ ਇਹ ਪ੍ਰੋਜੈਕਟ ਬਰਸਾਤਾਂ ਦੌਰਾਨ ਲੰਬੇ ਸਮੇਂ ਤੋਂ ਚੱਲੀ ਆ ਰਹੀ ਪਾਣੀ ਭਰਨ ਦੀ ਸਮੱਸਿਆ ਦਾ ਸਥਾਈ ਹੱਲ ਸਾਬਤ ਹੋਵੇਗਾ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਵਸਨੀਕਾਂ ਨੂੰ ਵੱਡੀ ਰਾਹਤ ਮਿਲੇਗੀ।ਵਿਧਾਇਕ ਜਿੰਪਾ ਨੇ ਦੱਸਿਆ ਕਿ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ ਲਗਭਗ 1 ਕਰੋੜ 58 ਲੱਖ ਰੁਪਏ ਦੀ ਲਾਗਤ ਨਾਲ ਇਸ ਮਹਤਵਪੂਰਨ ਪ੍ਰੋਜੈਕਟ ਨੂੰ ਮੁਕੰਮਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ਿਮਲਾ ਪਹਾੜੀ ਚੌਕ 'ਤੇ ਹਰ ਸਾਲ ਬਰਸਾਤ ਦੌਰਾਨ ਵੱਡੀ ਮਾਤਰਾ ਵਿੱਚ ਪਾਣੀ ਇਕੱਠਾ ਹੋ ਜਾਂਦਾ ਸੀ, ਜਿਸ ਕਾਰਨ ਆਮ ਲੋਕਾਂ, ਦੁਕਾਨਦਾਰਾਂ ਅਤੇ ਰਾਹਗੀਰਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਕਈ ਵਾਰ ਜਲਭਰਾਅ ਕਾਰਨ ਆਵਾਜਾਈ ਵੀ ਪ੍ਰਭਾਵਿਤ ਹੁੰਦੀ ਸੀ ਅਤੇ ਲੋਕਾਂ ਨੂੰ ਆਪਣੇ ਰੋਜ਼ਾਨਾ ਦੇ ਕੰਮਾਂ ਵਿੱਚ ਦਿੱਕਤਾਂ ਆਉਂਦੀਆਂ ਸਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਾਗਰਿਕ ਸਹੂਲਤਾਂ ਦੇ ਵਿਸਥਾਰ ਅਤੇ ਸ਼ਹਿਰੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਇਸੇ ਲੜੀ ਤਹਿਤ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਨੂੰ ਤੇਜ਼ੀ ਨਾਲ ਪੂਰਾ ਕੀਤਾ ਜਾ ਰਿਹਾ ਹੈ ਤਾਂ ਜੋ ਲੋਕਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਇਹ ਨਵੀਂ ਵਿਵਸਥਾ ਆਉਣ ਵਾਲੇ ਮਾਨਸੂਨ ਸੀਜ਼ਨ ਦੌਰਾਨ ਆਪਣੀ ਉਪਯੋਗਤਾ ਸਾਬਤ ਕਰੇਗੀ ਤੇ ਇਲਾਕੇ ਵਿੱਚ ਪਾਣੀ ਭਰਨ ਦੀ ਸਮੱਸਿਆ ਨੂੰ ਕਾਫ਼ੀ ਹੱਦ ਤੱਕ ਖਤਮ ਕਰ ਦੇਵੇਗੀ। ਉਦਘਾਟਨ ਸਮਾਗਮ ਦੌਰਾਨ ਸਥਾਨਕ ਲੋਕਾਂ ਨੇ ਵੀ ਇਸ ਪ੍ਰੋਜੈਕਟ ਦੇ ਸ਼ੁਰੂ ਹੋਣ 'ਤੇ ਖ਼ੁਸ਼ੀ ਪ੍ਰਗਟ ਕੀਤੀ ਅਤੇ ਵਿਧਾਇਕ ਜਿੰਪਾ ਦਾ ਧੰਨਵਾਦ ਕੀਤਾ। ਇਸ ਮੌਕੇ ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਅਜੈ ਵਰਮਾ, ਸੁਦਰਸ਼ਨ ਧੀਰ, ਸੰਤੋਸ਼ ਸੈਣੀ, ਅਜੈ ਸੈਣੀ, ਮੰਜੀਤ ਸਿੰਘ, ਵਿਕਾਸ ਸੈਣੀ, ਸੁਭਾਸ਼ ਚੰਦਰ, ਪ੍ਰਦੀਪ ਸੈਣੀ ਅਤੇ ਕੁਲਵਿੰਦਰ ਸਿੰਘ ਹੁੰਦਲ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਵਿਅਕਤੀ ਅਤੇ ਇਲਾਕਾ ਵਾਸੀ ਹਾਜ਼ਰ ਸਨ।

# ਖ਼ਾਲਸਾ ਕਾਲਜ ਦੀਆਂ ਵਿਦਿਆਰਥਣਾਂ ਨੇ ਮੈਰਿਟ ਸੂਚੀ 'ਚ ਤੀਜਾ ਤੇ ਚੌਥਾ ਸਥਾਨ ਕੀਤਾ ਹਾਸਲ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਚੱਲ ਰਹੇ ਚਾਰ ਸਾਲਾ ਇੰਟਗ੍ਰੇਟਿਡ ਕੋਰਸ ਬੀ ਐੱਸ ਸੀ ਬੀ ਐੱਡ ਦੇ ਤੀਜੇ ਸਮੈਸਟਰ ਦੇ ਨਤੀਜੇ ਵਿਚ 2



ਵਿਦਿਆਰਥਣਾਂ ਨੇ ਪੰਜਾਬ 'ਵਰਸਿਟੀ ਦੀ ਮੈਰਿਟ ਸੂਚੀ ਵਿਚ ਤੀਜਾ ਅਤੇ ਚੌਥਾ ਸਥਾਨ ਹਾਸਿਲ ਕੀਤਾ ਹੈ। ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਦੱਸਿਆ ਕਿ ਬੀ ਐੱਸ ਸੀ ਬੀ ਐੱਡ ਤੀਜੇ ਸਮੈਸਟਰ ਦੇ ਨਤੀਜੇ ਵਿਚ ਵਿਦਿਆਰਥਣ ਪਾਇਲ ਨੇ 82.25 ਫੀਸਦੀ ਅੰਕ ਲੈ ਕੇ ਪੰਜਾਬ 'ਵਰਸਿਟੀ ਦੀ ਮੈਰਿਟ ਸੂਚੀ ਵਿਚ ਤੀਜਾ ਸਥਾਨ ਤੇ ਕਾਲਜ ਵਿਚੋਂ ਪਹਿਲਾ ਸਥਾਨ, ਵਿਦਿਆਰਥਣ ਅਨਮੋਲ ਕੌਸ਼ਲ ਨੇ 80.54 ਫੀਸਦੀ ਅੰਕ ਲੈ ਕੇ ਮੈਰਿਟ ਸੂਚੀ ਵਿਚ ਚੌਥਾ ਸਥਾਨ ਅਤੇ ਕਾਲਜ ਵਿਚੋਂ ਦੂਜਾ ਸਥਾਨ ਹਾਸਿਲ ਕੀਤਾ ਹੈ । ਵਿਦਿਆਰਥਣ ਸੀਆ ਨੇ 77.91 ਫੀਸਦੀ ਅੰਕ ਲੈ ਕੇ ਕਲਾਸ ਵਿਚੋਂ ਤੀਜਾ ਸਥਾਨ ਹਾਸਿਲ ਕੀਤਾ ਹੈ ।ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਪਾਇਲ ਅਤੇ ਅਨਮੋਲ ਕੌਸ਼ਲ ਦੇ ਮੈਰਿਟ ਸੂਚੀ ਵਿਚ ਸਥਾਨ ਹਾਸਿਲ ਕਰਨ 'ਤੇ ਵਿਦਿਆਰਥਣਾਂ, ਉਨ੍ਹਾਂ ਦੇ ਮਾਪਿਆਂ ਤੇ ਸਟਾਫ਼ ਨੂੰ ਵਧਾਈ ਦਿੰਦਿਆ ਕਿਹਾ ਕਿ ਵਿਦਿਆਰਥਣਾਂ ਦੀ ਇਸ ਪ੍ਰਾਪਤੀ ਨਾਲ ਵਿਦਿਆਰਥਣਾਂ ਨੇ ਆਪਣੇ ਮਾਪਿਆਂ ਤੇ ਅਦਾਰੇ ਦਾ ਨਾਂਅ ਰੌਸ਼ਨ ਕੀਤਾ ਹੈ।

# ਵਿਰੋਧੀ ਪਾਰਟੀਆਂ ਦਾ ਦਲਿਤ ਵਿਰੋਧੀ ਚਿਹਰਾ ਨੰਗਾ ਹੋਇਆ : ਕਰੀਮਪੁਰੀ

**ਜਲੰਧਰ (ਸ਼ੈਲੀ ਐਲਬਰਟ)**- ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਤੇ 'ਪੰਜਾਬ ਸੰਭਾਲੋ ਮੁਹਿੰਮ' ਦੇ ਮੁਖੀ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਾਂਗਰਸ, ਅਕਾਲੀ ਦਲ, ਭਾਜਪਾ 'ਤੇ ਦਲਿਤ ਅਤੇ ਪੱਛੜੇ ਵਰਗਾਂ ਪ੍ਰਤੀ ਅਤਿ ਦੀ ਨਫ਼ਰਤ, ਜਾਤੀਸੂਚਕ ਹੰਕਾਰ ਅਤੇ ਮਾਨਸਿਕ ਗੁਲਾਮੀ ਥੋਪਣ ਦੇ ਗੰਭੀਰ ਦੋਸ਼ ਲਾਏ ਹਨ।ਬਸਪਾ ਦੇ ਜਲੰਧਰ ਵਿਖੇ ਸੂਬਾ ਦਫਤਰ ਵਿੱਚ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੀਆਂ ਰਵਾਇਤੀ ਪਾਰਟੀਆਂ ਦੇ ਆਗੂਆਂ ਨੇ ਸਮੇਂ-ਸਮੇਂ 'ਤੇ ਅਨੁਸੂਚਿਤ ਜਾਤੀ ਸਮਾਜ ਦਾ ਨਿਰਾਦਰ ਕਰਕੇ ਸਾਬਤ ਕਰ ਦਿੱਤਾ ਹੈ ਕਿ ਇਨ੍ਹਾਂ ਦੇ ਦਿਲਾਂ ਵਿੱਚ ਗੁਰੂਆਂ ਵੱਲੋਂ ਦਰਸਾਈ ਗਈ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦੀ ਵਿਚਾਰਧਾਰਾ ਲਈ ਕੋਈ ਥਾਂ ਨਹੀਂ ਹੈ। ਡਾ. ਕਰੀਮਪੁਰੀ ਨੇ ਵਿਰੋਧੀ ਲੀਡਰਾਂ ਦੇ ਪੁਰਾਣੇ ਅਤੇ ਮੌਜੂਦਾ ਵਿਵਾਦਿਤ ਬਿਆਨਾਂ ਦਾ ਹਵਾਲਾ ਦਿੰਦੇ ਹੋਏ ਕ੍ਰਮਵਾਰ ਸਾਰੀਆਂ ਪਾਰਟੀਆਂ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ। ਉਨ੍ਹਾਂ ਕਿਹਾ ਵਿਧਾਨ ਸਭਾ ਵਿੱਚ ਜਦੋਂ ਦਲਿਤਾਂ ਦੀ ਭਲਾਈ ਅਤੇ ਐਸਸੀ ਸਕੀਮਾਂ ਦਾ ਮੁੱਦਾ ਉੱਠਦਾ ਹੈ, ਤਾਂ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਵਰਗੇ ਲੀਡਰ ਸ਼ਰੇਆਮ ਭੱਦੀ ਅਤੇ ਜਾਤੀਸੂਚਕ



ਸ਼ਬਦਾਵਲੀ ਵਰਤ ਕੇ ਆਪਣੀ ਜਾਤੀਵਾਦੀ ਸੋਚ ਉਜਾਗਰ ਕਰਦੇ ਹਨ। ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਗਰੀਬ ਵਰਗਾਂ ਲਈ 'ਭੇਡ' ਵਰਗੇ ਨਫ਼ਰਤੀ ਲਫ਼ਜ਼ਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਪ੍ਰਤਾਪ ਸਿੰਘ ਬਾਜਵਾ ਵੱਲੋਂ ਇੱਕ ਦਲਿਤ ਮੁੱਖ ਮੰਤਰੀ ਨੂੰ 'ਦੇਸੀ ਟੱਟੂ' ਕਹਿਣਾ ਇਨ੍ਹਾਂ ਦੇ ਅਮੀਰੀ ਹੰਕਾਰ ਨੂੰ ਦਰਸਾਉਂਦਾ ਹੈ। ਡਾ. ਕਰੀਮਪੁਰੀ ਨੇ ਸਮੂਹ ਇਨਸਾਫ਼ਪਸੰਦ ਲੋਕਾਂ ਨੂੰ ਅਪੀਲ ਕੀਤੀ ਕਿ ਹੁਣ ਸਮਾਂ ਆ ਗਿਆ ਹੈ ਕਿ ਇਨ੍ਹਾਂ ਹੰਕਾਰੀ ਅਤੇ ਜਾਤੀਵਾਦੀ ਸਿਆਸੀ ਆਗੂਆਂ ਨੂੰ ਸਬਕ ਸਿਖਾਇਆ ਜਾਵੇ। ਉਨ੍ਹਾਂ ਪੰਜਾਬ ਦੇ ਨੌਜਵਾਨਾਂ, ਬੁੱਧੀਜੀਵੀਆਂ, ਵਕੀਲਾਂ ਅਤੇ ਮਿਹਨਤਕਸ਼ ਲੋਕਾਂ ਨੂੰ ਬਸਪਾ ਵੱਲੋਂ ਚਲਾਈ ਜਾ ਰਹੀ 'ਪੰਜਾਬ ਸੰਭਾਲੋ ਮੁਹਿੰਮ' ਦੇ ਝੰਡੇ ਹੇਠ ਇਕੱਠੇ ਹੋਣ ਦਾ ਸੱਦਾ ਦਿੱਤਾ ਤਾਂ ਜੋ ਪੰਜਾਬ ਵਿੱਚ ਬਰਾਬਰੀ, ਸਤਿਕਾਰ, ਸੁਰੱਖਿਆ ਤੇ ਸਵੈਮਾਣ ਵਾਲਾ ਨਿਜ਼ਾਮ ਕਾਇਮ ਕੀਤਾ ਜਾ ਸਕੇ। ਇਸ ਮੌਕੇ ਪਾਰਟੀ ਆਗੂ ਤੀਰਥ ਮਹਿਰਾ ਰਾਜਪੁਰਾ, ਬਲਵਿੰਦਰ ਕੁਮਾਰ ਐਡਵੋਕੇਟ, ਇੰਜ. ਜਸਵੰਤ ਰਾਏ, ਪਰਮਜੀਤ ਮੱਲ, ਸਲਵਿੰਦਰ ਕੁਮਾਰ ਵੀ ਮੌਜੂਦ ਸਨ।

# 'ਨਵਾਂ ਜ਼ਮਾਨਾ' ਦੀ ਜ਼ਿੰਦਜਾਨ ਗੁਰਮੀਤ ਸ਼ੁਗਲੀ

**ਪਿਰਥੀਪਾਲ ਸਿੰਘ ਮਾੜੀਮੇਘਾ**

ਗੁਰਮੀਤ ਸਿੰਘ ਸ਼ੁਗਲੀ ਜੀ 'ਨਵਾਂ ਜ਼ਮਾਨਾ' ਅਖ਼ਬਾਰ ਦੀ ਜ਼ਿੰਦਜਾਨ ਸਨ। ਉਹ ਲਿਖਾਰੀ ਹੋਣ ਦੇ ਨਾਲ-ਨਾਲ ਇੱਕ ਸੂਝਵਾਨ ਪ੍ਰਬੰਧਕ ਵੀ ਸਨ। ਸ਼ੁਗਲੀ ਜੀ ਨੇ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਫਰਜ਼ ਸਮਝਾਉਂਦੇ ਹੋਇਆਂ ਹੀ ਬੜੇ ਪਿਆਰ ਨਾਲ ਗੁੱਸੇ ਵੀ ਹੋ ਲੈਣਾ।

ਸ਼ੁਗਲੀ ਜੀ ਦੀਆਂ 'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪਦੀਆਂ ਰਚਨਾਵਾਂ ਪੜ੍ਹਨ 'ਤੇ ਇੰਜ ਮਹਿਸੂਸ ਹੁੰਦਾ ਸੀ ਕਿ ਜਿਸ ਵਿਸ਼ੇ 'ਤੇ ਉਹ ਲਿਖ ਰਹੇ ਹਨ, ਜਿਵੇਂ ਉਸ ਵਿਸ਼ੇ ਸੰਬੰਧੀ ਕਿਸੇ ਨਾਲ ਗੱਲਬਾਤ ਕਰ ਰਹੇ ਹੋਣ।

ਸ਼ੁਗਲੀ ਜੀ ਦੀ ਰਚਨਾ 'ਕਾਨੂੰਨੀ ਨੁਕਤੇ ਤੇ ਆਮ ਆਦਮੀ' ਵਿੱਚ 50 ਤੋਂ ਵਧੇਰੇ ਲਿਖਤਾਂ ਹਨ। ਉਨ੍ਹਾ ਮੁਢਲੇ ਕਾਨੂੰਨੀ ਨੁਕਤਿਆਂ ਦਾ ਬੜਾ ਸਰਲ ਅਤੇ ਸੌਖੀ ਪੰਜਾਬੀ ਭਾਸ਼ਾ ਵਿੱਚ ਪੜਤਾਲ ਕਰਕੇ ਸ਼ਲਾਘਾਯੋਗ ਤੇ ਲੋਕਾਂ ਦੇ ਫਾਇਦੇ ਵਾਲਾ ਕੰਮ ਕੀਤਾ ਹੈ। ਰਚਨਾ ਦੀ ਇਸ ਲਿਫਾਜ਼ੀ ਤੋਂ ਪਤਾ ਲਗਦਾ ਹੈ ਕਿ ਉਹ ਉਚੀ ਪੱਧਰ ਦੇ ਪੜ੍ਹੇ-ਲਿਖੇ ਮਨੁੱਖ ਸਨ। ਆਪ ਅਧਿਆਪਕ, ਵਕੀਲ ਅਤੇ ਕਮਿਊਨਿਸਟ ਪਾਰਟੀ ਦੇ ਸਰਗਰਮ ਮੈਂਬਰ ਰਹੇ ਸਨ।

ਇਸ ਲਿਖਤ ਵਿੱਚ ਮੁੱਖ ਤੌਰ 'ਤੇ ਐੱਫ ਆਈ ਆਰ, ਚਲਾਨ, ਇਕਰਾਰਨਾਮਾ, ਬੈਨਾਮਾ, ਪਟਾਨਾਮਾ, ਮੁਖਤਾਰਨਾਮਾ-ਆਮ, ਮੁਖਤਾਰਨਾਮਾ-ਖਾਸ, ਵਕਾਲਤਨਾਮਾ, ਖਸਰਾ, ਗਿਰਦਾਵਰੀ ਦੀ ਦਰੁਸਤੀ, ਜ਼ਮਾਨਤ, ਤਲਾਕ ਅਤੇ ਸੱਤ ਇਕਵੰਜਾ ਬਾਰੇ ਮਹੱਤਵਪੂਰਨ ਜਾਣਕਾਰੀ ਉਪਲੱਬਧ ਹੈ। ਉਪਰ ਨੁਕਤਿਆਂ ਬਾਰੇ ਨਾਵਾਂ ਦਾ ਤੇ ਆਮ ਲੋਕਾਂ ਨੂੰ ਪਤਾ ਹੁੰਦਾ ਹੈ, ਪਰ ਸਹੀ ਜਾਣਕਾਰੀ ਪੜ੍ਹਿਆਂ ਹੀ ਮਿਲਦੀ ਹੈ।

ਗੁਰਮੀਤ ਸਿੰਘ ਸ਼ੁਗਲੀ ਨੇ ਆਪਣੀ ਲਿਖਤ 'ਸਚੁ ਸੁਣਾਇਸੀ' ਵਿੱਚ 2016 ਤੋਂ ਲੈ ਕੇ 2019 ਤੱਕ 'ਨਵਾਂ ਜ਼ਮਾਨਾ' ਵਿੱਚ ਛਪੀਆਂ ਲਿਖਤਾਂ ਨੂੰ ਇੱਕ ਕਿਤਾਬ ਦਾ ਰੂਪ ਦੇ ਕੇ ਇਕੱਠਿਆਂ ਕੀਤਾ ਹੈ। ਇਨ੍ਹਾਂ ਲਿਖਤਾਂ ਵਿੱਚ ਦੇਸ਼ ਦੀਆਂ ਸਰਮਾਏਦਾਰ ਰਾਜਨੀਤਕ ਧਿਰਾਂ ਦੀ ਸੋਚ ਅਤੇ ਲੁੱਟ ਬਾਰੇ ਦੱਸਿਆ ਹੈ। ਇਸ ਪੁਸਤਕ ਵਿੱਚ ਧਾਰਮਿਕ ਜੋੜ ਮੇਲਿਆਂ ਦੀ ਦੁਰਵਰਤੋਂ, ਜਾਤਪਾਤ ਨੂੰ ਰਾਜਨੀਤਕ ਥਾਪੜਾ, ਐੱਸ ਵਾਈ ਐੱਲ ਦੀਆਂ ਛੱਲਾਂ, ਬਜਟ ਸੈਸ਼ਨ ਉਤੇ ਫਿਰ ਉਹੀ ਤਮਾਸ਼ਾ ਅਤੇ ਲੀਡਰਾਂ ਦਾ ਭੰਡਪੁਣਾ ਮੁੱਖ ਆਰਟੀਕਲਾਂ ਸਮੇਤ 42 ਦੇ ਕਰੀਬ ਰਚਨਾਵਾਂ ਹਨ।

ਸ਼ੁਗਲੀ ਜੀ ਐਡਵੋਕੇਟ ਹੋਣ ਦੇ ਨਾਤੇ ਵਕਾਲਤ ਦੀ ਜਾਣਕਾਰੀ ਆਪਣੇ ਕੋਲ ਹੀ ਲੁਕਾ ਕੇ ਨਹੀਂ ਸੀ ਰੱਖਣਾ ਚਾਹੁੰਦੇ। ਵਕੀਲ ਆਮ ਤੌਰ 'ਤੇ ਕਾਨੂੰਨੀ ਨੁਕਤਿਆਂ ਨੂੰ ਲੁਕਾ ਕੇ ਰੱਖਦੇ ਹਨ। ਉਹ ਸਮਝਦੇ ਹਨ ਕਿ ਜੇ ਇਨ੍ਹਾਂ ਕਾਨੂੰਨੀ ਰਾਹਾਂ ਦਾ ਆਮ ਲੋਕਾਂ ਨੂੰ ਪਤਾ ਲੱਗ ਗਿਆ ਤਾਂ ਸਾਡੀ ਦੁਕਾਨਦਾਰੀ ਚੱਲਣੀ ਨਹੀਂ ਜਾਂ ਮੱਠੀ ਪੈ ਜਾਵੇਗੀ। ਸ਼ੁਗਲੀ ਜੀ ਦੀਆਂ ਅਦਾਲਤ ਤੇ ਵਕਾਲਤ ਬਾਰੇ ਸੌਖੀ ਭਾਸ਼ਾ ਪੰਜਾਬੀ ਵਿੱਚ ਛਪੀਆਂ ਪੁਸਤਕਾਂ ਪੜ੍ਹ ਕੇ ਘੱਟ ਪੜ੍ਹਿਆ-ਲਿਖਿਆ ਮਨੁੱਖ ਵੀ ਆਪ ਅਦਾਲਤ ਵਿੱਚ ਕੇਸ ਲੜ ਸਕਦਾ ਹੈ।

ਉਨ੍ਹਾ ਦੀਆਂ ਲਿਖਤਾਂ ਲੰਮੀਆਂ ਤੇ ਬੋਰ ਕਰਨ ਵਾਲੀਆਂ ਨਹੀਂ ਹਨ। ਜਿਸ ਕਰਕੇ 'ਨਵਾਂ ਜ਼ਮਾਨਾ' ਅਤੇ ਪੁਸਤਕਾਂ ਵਿੱਚ ਛਪੀਆਂ ਲਿਖਤਾਂ ਆਮ ਪਾਠਕ ਪੜ੍ਹ ਲੈਂਦਾ ਸੀ। ਉਨ੍ਹਾਂ ਦੀ ਪੁਸਤਕ ਹੈ 'ਪੇਂਡੂ ਅਬਾਦੀ ਲਈ ਕਨੂੰਨੀ ਰਾਹ।' ਇਸ ਪੁਸਤਕ ਵਿੱਚ ਮੁਰੱਬੇਬੰਦੀ ਕੀ ਹੈ, ਖੇਤਾਂ ਵਿੱਚ ਅੰਡਰ ਗਰਾਊਂਡ ਪਾਈਪ ਲਗਾਉਣ ਬਾਰੇ, ਖੇਤਾਂ ਦੇ ਬੰਨ੍ਹਿਆਂ ਉੱਤੇ ਲੱਗੇ ਦਰੱਖਤਾਂ ਬਾਰੇ, ਲਾਪਤਾ ਆਦਮੀ ਦੀ ਜਾਇਦਾਦ ਬਾਰੇ, ਸਾਂਝੇ ਖੂਹ ਜਾਂ ਦੁਹਲਟੇ ਖੂਹ ਤੋਂ ਪਾਣੀ ਦੀ ਵਾਰੀ ਬਾਰੇ ਜਾਣਕਾਰੀ, ਨਹਿਰਾਂ ਦੇ ਖੇਤਾਂ ਨੂੰ ਪਾਣੀ ਲਾਉਣ ਦੀ ਵਾਰੀ ਸੰਬੰਧੀ, ਗ੍ਰਾਮ ਪੰਚਾਇਤ ਦੀ ਆਮਦਨ ਬਾਰੇ, ਪਿੰਡਾਂ ਵਿੱਚ ਲੁਹਾਰਾ, ਤਰਖਾਣਾ ਕੰਮ/ਸੇਪੀ ਦੇ ਕੰਮ ਅਤੇ ਨੰਬਰਦਾਰ ਉਰਫ ਲੰਬੜਦਾਰ ਸਮੇਤ ਕੁੱਲ 55 ਲਿਖਤਾਂ ਹਨ।ਪੇਂਡੂ ਅਬਾਦੀ ਵਾਲੀ ਪੁਸਤਕ ਵਿੱਚ ਤਿੰਨ ਕਿਸਮਾਂ ਦੀਆਂ ਲਿਖਤਾਂ ਹਨ। ਇਸ ਦੇ ਪਹਿਲੇ ਹਿੱਸੇ ਵਿੱਚ ਆਮ ਲੋਕਾਂ ਵਿੱਚ ਪੈਦਾ ਹੋਣ ਵਾਲੇ ਝਗੜੇ ਹਨ, ਜਿਨ੍ਹਾਂ ਬਾਰੇ ਸ਼ੁਗਲੀ ਸਾਹਿਬ ਨੇ ਥੋੜ੍ਹੇ-ਥੋੜ੍ਹੇ ਸ਼ਬਦਾਂ ਵਿੱਚ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਕਿਤਾਬ ਦੇ ਦੂਜੇ ਹਿੱਸੇ ਵਿੱਚ ਪਿੰਡਾਂ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਜੀਵਨ ਵਿੱਚ ਪੰਚਾਇਤਾਂ ਦੀ ਕੀ ਭੂਮਿਕਾ ਹੋ ਸਕਦੀ ਹੈ, ਉਸ ਦੀ ਵਿਆਖਿਆ ਅਤੇ ਪੰਚਾਇਤਾਂ ਦੇ ਫ਼ਰਜ਼,ਅਧਿਕਾਰ ਅਤੇ ਕੰਮ ਕਰਨ ਦੇ ਢੰਗ ਨੂੰ ਦਰਸਾਇਆ ਗਿਆ ਹੈ। ਪੁਸਤਕ ਦੇ ਤੀਜੇ ਭਾਗ ਵਿੱਚ ਸਰਕਾਰ ਦੇ ਪ੍ਰਸ਼ਾਸਨਕ ਢਾਂਚੇ ਦੀ ਵਿਧੀ ਅਨੁਸਾਰ ਵਿਆਖਿਆ ਹੈ।

ਕਲਮ ਦੇ ਧਨੀ ਬਾਪ ਸਮਾਨ ਸ਼ੁਗਲੀ ਜੀ ਨੇ ਆਮ ਲਿਖਾਰੀਆਂ ਦੀ ਤਰ੍ਹਾਂ ਆਪਣੇ ਜਨਮ ਤੇ ਕਰਮ ਭੂਮੀ ਨੂੰ ਵੀ ਨਹੀਂ ਭੁਲਾਇਆ। ਜਾਣਕਾਰੀ ਲਈ ਉਹ ਆਪਣੇ ਪਿੰਡ ਮੰਡ ਮੌੜ ਨੇੜੇ ਕਰਤਾਰਪੁਰ ਹੀ ਰਹਿੰਦੇ ਸਨ।

ਉਨ੍ਹਾ ਆਪਣੇ ਘਰ ਦੇ ਵੇਹੜੇ ਵਿੱਚ ਬਹੁਤ ਹੀ ਸ਼ਾਨਦਾਰ ਬਗੀਚੀ ਲਾਈ ਹੋਈ ਸੀ, ਜੋ ਹੁਣ ਵੀ ਸੁਗੰਧ ਬਿਖੇਰ ਰਹੀ ਹੈ। ਬਗੀਚੀ ਦੀ ਦੇਖਭਾਲ ਇਸ ਵੇਲੇ ਉਨ੍ਹਾ ਦਾ ਵੱਡਾ ਪੁੱਤਰ ਰਜਿੰਦਰ ਮੰਡ ਐਡਵੋਕੇਟ ਕਰ ਰਿਹਾ ਹੈ। ਸ਼ੁਗਲੀ ਜੀ ਦੀ ਜੀਵਨ ਸਾਥਣ ਮਹਿੰਦਰ ਕੌਰ ਵਡੇਰੀ ਉਮਰ ਦੀ ਹੈ ਅਤੇ ਰਜਿੰਦਰ ਕੋਲ ਹੀ ਰਹਿੰਦੀ ਹੈ। ਸ਼ੁਗਲੀ ਜੀ ਦਾ ਛੋਟਾ ਪੁੱਤਰ ਰਮਨਜੀਤ ਮੰਡ ਐਡਵੋਕੇਟ ਵਿਦੇਸ਼ ਵਿੱਚ ਰਹਿੰਦਾ ਹੈ। ਉਨ੍ਹਾ ਆਪਣੇ ਪਿੰਡ ਬਾਰੇ ਜਾਣਕਾਰੀ 'ਮੇਰਾ ਪਿੰਡ : ਮੇਰਾ ਸਿਰਨਾਵਾਂ' ਰਚਨਾ ਵਿੱਚ ਹੈ।

ਇਸ ਲਿਖਤ ਤੋਂ ਪਤਾ ਲਗਦਾ ਹੈ ਕਿ ਇਸ ਪ੍ਰਤਿਭਾਵਾਨ ਮਨੁੱਖ ਨੂੰ ਆਪਣੇ ਪਿੰਡ ਨਾਲ ਕਿਨਾ ਪਿਆਰ ਸੀ। ਇਹ ਲਿਖਤ ਬਹੁਤ ਹੀ ਸੂਝਬੂਝ ਵਾਲੀ ਹੈ। ਇਸ ਪੁਸਤਕ ਵਿੱਚ ਮੇਰਾ ਪਿੰਡ ਮੇਰਾ ਸਿਰਨਾਵਾਂ, ਮੜ੍ਹੀਆਂ ਦੀ ਸਫਾਈ ਤੋਂ ਸ਼ੁਰੂ ਹੋਈ ਸਮਾਜ ਸੁਧਾਰ ਦੀ ਲਹਿਰ, ਪਿੰਡ ਦੀ ਮੁਰੱਬੇਬੰਦੀ, ਮੁੜ ਸਰਬਸੰਮਤੀ ਨਾਲ ਪਿੰਡ ਦੀ ਪੰਚਾਇਤ ਦਾ ਮਹੂਰਤ, ਇਨ੍ਹਾਂ ਸਿਵਿਆਂ ਨਾਲ ਜੁੜੀ ਇੱਕ ਬੇਹੱਦ ਖੂਬਸੂਰਤ ਕਹਾਣੀ, ਮੌਜੂਦਾ ਪਿੰਡ ਦਾ ਇੱਕ ਹੋਰ ਬਜ਼ੁਰਗ ਬੋਹੜ, ਮੰਡ ਗੋਤ ਦੀ ਜੜ੍ਹ ਅਤੇ ਇੱਕ ਸਫਾ ਦੇਸ ਰਾਜ ਕਾਲੀ ਦੇ ਨਾਂਅ ਸਮੇਤ 25 ਲੇਖ ਛਪੇ ਹਨ। ਇਹ ਪੁਸਤਕ ਪੜ੍ਹਣ ਨਾਲ ਮੇਰੀ ਸਮਝ ਬਣੀ ਹੈ ਕਿ ਜੇ ਆਪਣੇ ਪਿੰਡ ਬਾਰੇ ਲਿਖਣਾ ਹੋਵੇ ਤੇ ਇਸ ਲਿਖਤ ਵਾਲੇ ਢੰਗ ਨਾਲ ਲਿਖਿਆ ਜਾਵੇ।

ਸ਼ੁਗਲੀ ਜੀ ਆਪਣੀ ਪੁਸਤਕ ਦਾ ਨਾਮ ਵੀ ਪੁਸਤਕ ਵਿੱਚ ਛਪਣ ਵਾਲੀਆਂ ਲਿਖਤਾਂ ਮੁਤਾਬਕ ਬਹੁਤ ਘੋਖ ਕੇ ਰੱਖਦੇ ਸਨ। ਉਨ੍ਹਾਂ ਦੀ ਪੁਸਤਕ ਹੈ 'ਸੁਲਘਦੇ ਸਵਾਲਾਂ ਦਾ ਪਰਿਵਾਰ।' ਇਹ ਪੁਸਤਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵਾਹਯਾਤ ਤੋਂ ਲੈ ਕੇ ਮਮਤਾ ਬੈਨਰਜੀ ਦਾ ਸੰਘਰਸ਼, ਕਿਸਾਨਾਂ ਦੇ ਮੋਰਚੇ ਤੋਂ ਲੈ ਕੇ ਕੋਰੋਨਾ ਦੀ ਮਹਾਂਮਾਰੀ ਅਤੇ ਆਰਥਿਕ ਮੰਦਵਾੜੇ ਤੋਂ ਭਾਰਤ ਦੇ ਡਿਗਦੇ ਕੌਮਾਂਤਰੀ ਵਕਾਰ ਤੱਕ ਲੇਖ ਹਨ। ਇਸ ਪੁਸਤਕ ਵਿੱਚ 34 ਲੇਖ ਹਨ। ਕੀ ਮੋਦੀ ਸਾਹਿਬ ਬੈਲਟ ਪੇਪਰ ਰਾਹੀਂ ਚੋਣ ਕਰਾਉਣ ਦਾ ਚੈਲਿੰਜ ਮਨਜ਼ੂਰ ਕਰਨਗੇ, ਜਦ ਬਿਲਕਿਸ ਬਾਨੋ ਨੇ ਧਰਤ ਲਿਸ਼ਕਾਰੀ, ਜੀ-20 ਸੰਮੇਲਨ, ਭਾਜਪਾ, ਚੋਣਾਂ ਤੇ ਚੰਦਰਯਾਨ-3, ਮਨੀਪੁਰ ਦੀ ਦਰੋਪਤੀ ਦੇ ਚੀਰ ਹਰਨ ਸਮੇਂ ਵੀ ਰਾਜਾ ਅੰਨ੍ਹਾ, ਬੋਲਾ ਅਤੇ ਗੂੰਗਾ ਨਿਕਲਿਆ ਅਤੇ ਮਨੀਪੁਰ ਤੋਂ ਬਾਅਦ ਡਬਲ ਇੰਜਣ ਨੇ ਹਰਿਆਣੇ ਵਿੱਚ ਧੂੰਆਂ ਮਾਰਿਆ ਆਦਿ ਲੇਖ ਹਨ।

ਗੁਰਮੀਤ ਸਿੰਘ ਸ਼ੁਗਲੀ ਆਪਣੀ ਪੁਸਤਕ 'ਸਵਰਗ ਦਾ ਸਿਰਨਾਵਾਂ' ਵਿੱਚ ਸਵਰਗ ਹੈ ਕੀ ਇਹ ਸਪੱਸ਼ਟ ਕਰਦੇ ਹਨ। ਇਸ ਲਿਖਤ ਵਿੱਚ ਉਨ੍ਹਾ ਦੀਆਂ 31 ਰਚਨਾਵਾਂ ਹਨ। ਸਵਰਗਾਂ ਦੀ ਵਿਆਖਿਆ,ਸਵਰਗ ਦੀਆਂ ਕਿਸਮਾਂ,ਸਭ ਦੇ ਬਦਲੇ ਵਿੱਚ ਮਾਂ, ਨਾਨਕ ਸਵਰਗ ਸੁਨੇਹਾ ਆਦਿ ਲੇਖ ਜਾਣਕਾਰੀ ਭਰਪੂਰ ਲੇਖ ਹਨ।

ਗੁਰਮੀਤ ਸਿੰਘ ਸ਼ੁਗਲੀ ਬਾਰੇ ਖੋਜ ਭਰਪੂਰ ਜਾਣਕਾਰੀ ਇਸ ਲਿਖਤ ਦੇ ਲੇਖਕ ਨੇ ਪਿੰਡ ਮੰਡ ਮੌੜ ਉਨ੍ਹਾਂ ਦੇ ਘਰ ਜਾ ਕੇ ਉਨ੍ਹਾਂ ਕੋਲੋਂ ਲਈ ਸੀ। ਉਹ ਲਿਖਤ 'ਕਮਿਊਨਿਸਟ ਲਹਿਰ ਦੇ ਥੰਮ' ਭਾਗ -2 ਵਿੱਚ ਮੌਜੂਦ ਹੈ।

**# ਸੰਪਰਕ : 98760-78731**



# ਇੱਕ ਸ਼ੁਗਲੀ ਉਹ ਸੀ...

**ਇੰਦਰਜੀਤ ਚੁਗਾਵਾਂ**

ਸ਼ੁਗਲ ਦਾ ਮਤਲਬ ਭਲਾ ਕੀ ਹੁੰਦੈ ਵਿਹਲੇ ਸਮਾਂ ਬਿਤਾਉਣ ਲਈ ਕੀਤਾ ਜਾਂਦਾ ਕੋਈ ਕੰਮ ! ਹਰ ਬੰਦਾ ਆਪਣੀ ਸਮਝ, ਆਪਣੇ ਵਸੀਲਿਆਂ ਅਨੁਸਾਰ ਕੋਈ ਨਾ ਕੋਈ ਅਜਿਹਾ ਕੰਮ ਕਰਦਾ ਹੈ, ਜਿਸ ਨਾਲ ਉਸ ਦਾ ਸਮਾਂ ਵੀ ਬਤੀਤ ਹੋ ਜਾਵੇ ਤੇ ਅਕੇਵਾਂ ਵੀ ਨਾ ਹੋਵੇ, ਪਰ ਉਸ ਬੰਦੇ ਬਾਰੇ ਕੀ ਕਿਹਾ ਜਾਵੇ, ਜਿਸ ਦਾ ਸ਼ੁਗਲ ਹੀ ਉਸ ਦੇ ਪੇਸ਼ੇ ਤੋਂ ਵੱਡਾ ਹੋ ਜਾਵੇ। ਕੁਝ ਅਜਿਹੇ ਸਨ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ! ਹਰ ਵੇਲੇ ਚਿਹਰੇ 'ਤੇ ਤੇ ਮੱਠੀ-ਮਿੱਠੀ ਮੁਸਕਾਨ, ਲੰਮੀ ਕਹਾਣੀ ਕਹੇ ਬਿਨਾਂ ਆਪਣੀ ਗੱਲ ਕਹਿਣ ਦਾ ਹੁਨਰ, ਵਿਰੋਧੀ ਨੂੰ ਨਾਲ ਤੋਰਨ ਦੀ ਕਲਾ ਵਾਲੇ ਸ਼ੁਗਲੀ।

ਮੇਰਾ ਵਾਹ ਉਨ੍ਹਾ ਨਾਲ ਪਹਿਲਾਂ ਏਨਾ ਕੁ ਸੀ ਕਿ ਉਹ 'ਨਵਾਂ ਜ਼ਮਾਨਾ' ਦੀ ਸੰਚਾਲਕ ਸੰਸਥਾ 'ਅਰਜਨ ਸਿੰਘ ਗੜਗੱਜ ਫਾਊਂਡੇਸ਼ਨ' ਦੇ ਮੈਂਬਰ ਸਨ। ਕਦੇ-ਕਦੇ ਅਖ਼ਬਾਰ ਦਾ ਗੇੜਾ ਮਾਰ ਜਾਂਦੇ ਸਨ। ਉਨ੍ਹਾ ਦੇ ਵੱਡੇ ਬੇਟੇ ਐਡਵੋਕੇਟ ਰਜਿੰਦਰ ਮੰਡ ਨਾਲ ਸੰਪਰਕ ਆਮ ਹੀ ਰਹਿੰਦਾ ਸੀ, ਕਿਉਂਕਿ ਉਹ ਏ ਆਈ ਵਾਈ ਐੱਫ 'ਚ ਸਰਗਰਮ ਸੀ ਤੇ ਖ਼ਬਰਾਂ ਦੇ ਸੰਬੰਧ 'ਚ ਗੱਲਬਾਤ ਹੁੰਦੀ ਰਹਿੰਦੀ ਸੀ। ਬਾਅਦ 'ਚ ਉਨ੍ਹਾ ਦਾ ਛੋਟਾ ਬੇਟਾ ਰੋਮਾ (ਰਮਨਜੀਤ ਮੰਡ) ਖ਼ਬਰੀ ਮੇਜ਼ 'ਤੇ ਥੋੜ੍ਹੇ ਸਮੇਂ ਲਈ ਵੀ ਆਇਆ, ਜਿਸ ਨੇ ਮੈਨੂੰ ਹਮੇਸ਼ਾ ਵੱਡੇ ਭਰਾ ਵਾਲਾ ਮਾਣ-ਸਤਿਕਾਰ ਦਿੱਤਾ। ਸ਼ੁਗਲੀ ਹੁਰਾਂ ਨਾਲ ਸਿੱਧਾ ਵਾਹ 'ਨਵਾਂ ਜ਼ਮਾਨਾ' ਦੇ ਮੁੱਖ ਸੰਪਾਦਕ ਜਗਜੀਤ ਸਿੰਘ ਆਨੰਦ ਜੀ ਦੇ ਸਦੀਵੀ ਵਿਛੋੜੇ ਤੋਂ ਬਾਅਦ ਪਿਆ। ਉਸ ਵੇਲੇ ਮਹਿਸੂਸ ਹੋਇਆ ਕਿ ਇਹ ਮਨੁੱਖ ਕੇਵਲ ਵਕੀਲ ਹੀ ਨਹੀਂ ਹੈ, ਇਸ ਵਿੱਚ ਬਹੁਤ ਸਾਰੀਆਂ ਸਿਫ਼ਤਾਂ ਹਨ।

ਗੱਲ 2015 ਦੀ ਹੈ।ਰੋਜ਼ਾਨਾ 'ਨਵਾਂ ਜ਼ਮਾਨਾ' ਘੋਰ ਸੰਕਟ 'ਚੋਂ ਲੰਘ ਰਿਹਾ ਸੀ। ਹਾਲਾਤ ਹਨੇਰੀ ਗੁਫ਼ਾ 'ਚ ਦਾਖ਼ਲ ਹੋਣ ਵਰਗੇ ਸਨ। ਆਸ ਦੀ ਕੋਈ ਕਿਰਨ ਦਿਖਾਈ ਨਹੀਂ ਸੀ ਦੇ ਰਹੀ। ਇਸ ਸੰਕਟ 'ਚੋਂ ਨਿਕਲਣ ਲਈ ਇੱਕ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਇਸ ਕਮੇਟੀ 'ਚ ਸ਼ੁਗਲੀ ਹੁਰਾਂ ਦੇ ਨਾਲ ਬੈਂਕ ਮੁਲਾਜ਼ਮ ਆਗੂ ਅੰਮ੍ਰਿਤ ਲਾਲ ਅਤੇ ਨੌਜਵਾਨ ਸਭਾ ਦੇ ਆਗੂ ਪਿਰਥੀਪਾਲ ਮਾੜੀਮੇਘਾ ਸਨ। ਇਸ ਕਮੇਟੀ ਜ਼ਿੰਮੇ ਇਸ ਗੱਲ ਦਾ ਪਤਾ ਲਾਉਣਾ ਸੀ ਕਿ ਅਖ਼ਬਾਰ ਨੂੰ ਸੰਕਟ 'ਚੋਂ ਕੱਢਿਆ ਵੀ ਜਾ ਸਕਦੈ ? ਇਨ੍ਹਾਂ ਤਿੰਨਾਂ 'ਚੋਂ ਅਖ਼ਬਾਰ ਦੇ ਪ੍ਰਬੰਧਨ ਬਾਰੇ ਕੋਈ ਵੀ ਕੁਝ ਨਹੀਂ ਸੀ ਜਾਣਦਾ। ਸ਼ੁਗਲੀ ਹੁਰਾਂ ਏਧਰ-ਉਧਰ ਭੱਜ-ਨੱਠ ਕਰਨ ਦੀ ਬਜਾਏ ਸਭ ਤੋਂ ਪਹਿਲਾਂ ਵਰਕਰਾਂ ਨਾਲ ਮੀਟਿੰਗ ਨੂੰ ਤਰਜੀਹ ਦਿੱਤੀ। ਜਿਸ ਦਿਨ ਇਹ ਮੀਟਿੰਗ ਸੀ, ਮੈਂ ਉਸ ਦਿਨ ਛੁੱਟੀ 'ਤੇ ਸੀ। ਅਗਲੇ ਦਿਨ ਜਦ ਦਫ਼ਤਰ ਆਇਆ ਤਾਂ ਤਿੰਨੇ ਮੈਂਬਰ ਜਿਵੇਂ ਮੇਰੀ ਹੀ ਉਡੀਕ ਕਰ ਰਹੇ ਹੋਣ। ਮੈਨੂੰ ਦੇਖਦਿਆਂ ਆਵਾਜ਼ ਮਾਰ ਲਈ ਤੇ ਕੱਲ੍ਹ ਹੋਈ ਮੀਟਿੰਗ ਬਾਰੇ ਦੱਸਿਆ। ਸ਼ੁਗਲੀ ਹੁਰਾਂ ਕਿਹਾ ਕਿ ਸਾਡੀ ਇੱਛਾ ਹੈ ਕਿ ਅਖ਼ਬਾਰ ਜਾਰੀ ਰਹੇ, ਪਰ ਮੀਟਿੰਗ 'ਚੋਂ ਸਾਨੂੰ ਕੋਈ ਲੜ ਸਿਰਾ ਲੱਭਿਆ ਨਹੀਂ।ਮੈਂ ਕਿਹਾ, ਤੁਸੀਂ ਸਿਆਣੇ ਬੰਦੇ ਓ, ਮੇਰਾ ਇੱਕ ਸੁਝਾਅ ਹੈ, ਜੇ ਕੰਮ ਆ ਸਕੇ ਤਾਂ ਉਹ ਇਹ ਕਿ ਵਰਕਰਾਂ ਦੇ ਮੋਢੇ 'ਤੇ ਹੱਥ ਅਤੇ ਪੱਤਰਕਾਰਾਂ ਨੂੰ ਹੱਲਾਸ਼ੇਰੀ..!

ਪੱਤਰਕਾਰਾਂ ਨਾਲ ਮੀਟਿੰਗਾਂ ਦਾ ਦੌਰ ਸ਼ੁਰੂ ਹੋਇਆ। ਇਹ ਪਹਿਲੀ ਵਾਰ ਸੀ ਕਿ ਪੱਤਰਕਾਰਾਂ ਦੀ ਸੁਣੀ ਜਾ ਰਹੀ ਸੀ। ਹਰ ਮੀਟਿੰਗ 'ਚ ਮੈਨੂੰ ਬੁਲਾਇਆ ਜਾਂਦਾ ਤੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦੇਣ ਲਈ ਕਿਹਾ ਜਾਂਦਾ। ਮੀਟਿੰਗ ਦੇ ਸ਼ੁਰੂ 'ਚ ਸ਼ੁਗਲੀ ਜੀ ਬੋਲਦੇ। ਅਖ਼ਬਾਰ ਦੇ ਇਤਿਹਾਸ ਬਾਰੇ ਦੱਸਦੇ, ਇਸ ਦੇ ਰੋਲ ਦੀ ਵਿਆਖਿਆ ਕਰਦੇ। ਬਾਅਦ ''ਚ ਪੱਤਰਕਾਰ ਆਪਣੀਆਂ ਮੁਸ਼ਕਲਾਂ ਬਾਰੇ ਦੱਸਦੇ। ਇਸ ਤਰ੍ਹਾਂ ਪੱਤਰਕਾਰਾਂ ਨਾਲ ਇੱਕ ਪਰਿਵਾਰਕ ਸਾਂਝ ਬਣ ਗਈ। ਇਲਾਕਾਵਾਰ ਸਪਲੀਮੈਂਟ ਨਿਕਲਣ ਲੱਗੇ। ਸ਼ੁਗਲੀ ਜੀ 'ਚ ਇਹ ਸਿਫ਼ਤ ਸੀ ਕਿ ਉਹ ਮਨੁੱਖ ਦੀ ਕਦਰ ਕਰਨਾ ਜਾਣਦੇ ਸਨ।

ਜਦ ਕੋਈ ਪੱਤਰਕਾਰ ਸਪਲੀਮੈਂਟ ਕੱਢਦਾ ਤਾਂ ਸਵੇਰੇ-ਸਵੇਰੇ ਉਸ ਨੂੰ ਸ਼ੁਗਲੀ ਹੁਰਾਂ ਦਾ ਫੋਨ ਜਾਂਦਾ, ਸ਼ਾਬਾਸ਼ ਸ਼ੇਰਾ, ਕਮਾਲ ਕਰ ਦਿੱਤੀ ਤੁਸੀਂ ਤਾਂ ਬੱਸ ਹੁਣ ਅਵੇਸਲੇ ਨਾ ਹੋਇਓ ! ਜਦ ਕਿਸੇ ਪੱਤਰਕਾਰ ਦੀ ਕੋਈ ਖ਼ਾਸ ਰਿਪੋਰਟ ਛਪਦੀ ਤਾਂ ਸ਼ੁਗਲੀ ਹੁਰਾਂ ਦਾ ਸ਼ਾਬਾਸ਼ੀ ਵਾਲਾ ਫ਼ੋਨ ਜਾਂਦਾ। ਇਹ ਪਹਿਲੀ ਵਾਰ ਸੀ ਕਿ ਪੱਤਰਕਾਰਾਂ ਨਾਲ ਕਿਸੇ ਟਰੱਸਟੀ ਦਾ ਸਿੱਧਾ ਰਾਬਤਾ ਬਣ ਰਿਹਾ ਸੀ, ਜਿਸ ਦਾ ਸਿੱਟਾ ਇਹ ਨਿਕਲਿਆ ਕਿ 'ਨਵਾਂ ਜ਼ਮਾਨਾ' ਮੁੜ ਪੈਰਾਂ ਸਿਰ ਹੋ ਗਿਆ। ਬਾਅਦ 'ਚ ਨਵੀਂ ਪ੍ਰਿੰਟਿੰਗ ਪ੍ਰੈੱਸ ਲਗਵਾਉਣ ਦਾ ਫੈਸਲਾ ਲਿਆ ਗਿਆ। ਇਸ ਵਾਸਤੇ ਕਿਸੇ ਬੰਦੇ ਨੂੰ ਨਿੱਜੀ ਫ਼ੋਨ ਜਾਂ ਪਹੁੰਚ ਨਹੀਂ ਕੀਤੀ ਗਈ। ਸਿਰਫ ਅਖ਼ਬਾਰ 'ਚ ਅਪੀਲ ਛਾਪੀ ਗਈ। ਇਹ ਸ਼ੁਗਲ਼ੀ ਹੁਰਾਂ ਦੀ ਅਗਵਾਈ ਹੀ ਸੀ ਕਿ ਪ੍ਰਿੰਟਿੰਗ ਪ੍ਰੈੱਸ ਲਈ ਲੋੜੀਂਦੀ ਰਕਮ ਇਕੱਠੀ ਕਰਨ ਦਾ ਟੀਚਾ ਜਲਦੀ ਹੀ ਪੂਰਾ ਕਰ ਲਿਆ ਗਿਆ।

ਸ਼ੁਗਲ਼ੀ ਹੁਰਾਂ ਦਾ ਮੁੱਖ ਕਿੱਤਾ ਵਕਾਲਤ ਸੀ। ਪਹਿਲਾਂ ਉਹ ਕਚਹਿਰੀਸਥਿਤ ਆਪਣੇ ਦਫ਼ਤਰ ਜਾਂਦੇ ਤੇ ਬਾਅਦ 'ਚ 'ਨਵਾਂ ਜ਼ਮਾਨਾ' ਆ ਡੇਰੇ ਲਾਉਂਦੇ। ਮਾੜੀਮੇਘਾ ਨੇ ਬਾਅਦ 'ਚ ਗ਼ਦਰ ਪਾਰਟੀ ਮੈਮੋਰੀਅਲ ਸੰਸਥਾ ਦੀ ਜ਼ਿੰਮੇਵਾਰੀ ਸੰਭਾਲ ਲਈ ਤੇ ਅੰਮ੍ਰਿਤ ਲਾਲ ਆਪਣੀ ਯੂਨੀਅਨ ਦੀਆਂ ਜ਼ੁੰਮੇਵਾਰੀਆਂ 'ਚ ਵਧੇਰੇ ਮਸਰੂਫ਼ ਰਹੇ, ਪਰ ਸ਼ੁਗਲੀ ਹੁਰੀਂ ਲਗਾਤਾਰ ਦਫ਼ਤਰ ਆਉਂਦੇ ਰਹੇ। ਸਿੱਧੇ ਲਫ਼ਜ਼ਾਂ 'ਚ 'ਸ਼ੁਗਲ਼' ਵਜੋਂ 'ਨਵਾਂ ਜ਼ਮਾਨਾ' ਆ ਬੈਠਦੇ ਸਨ। ਆ ਕੇ ਪ੍ਰਬੰਧਕੀ ਅਮਲੇ ਨਾਲ ਗੱਲਬਾਤ ਕਰਦੇ। ਸਮਾਚਾਰ, ਕੰਪਿਊਟਰ ਅਮਲੇ ਦੇ ਕਿਸੇ ਮੈਂਬਰ 'ਤੇ ਨਜ਼ਰ ਪੈ ਗਈ ਤਾਂ ਉਸ ਨੂੰ ਖ਼ੁਦ ਆਵਾਜ਼ ਮਾਰ ਬੁਲਾ ਲੈਣਾ। ਉਨ੍ਹਾਂ ਨੂੰ ਮਿਲਣ ਲੱਗਿਆਂ ਕੋਈ ਵੀ ਮੈਂਬਰ ਝਿਜਕਦਾ ਨਹੀਂ ਸੀ। ਉਹ ਜਦ ਵੀ ਆਪਣੇ ਕਮਰੇ 'ਚ ਬੈਠਦੇ, ਦਰਵਾਜ਼ਾ ਹਮੇਸ਼ਾ ਖੁੱਲ੍ਹਾ ਰੱਖਦੇ। ਮੈਂ ਉਨ੍ਹਾ ਕੋਲ ਬੈਠਾ ਸੀ। ਇੱਕ ਵਰਕਰ ਆਇਆ ਤੇ ਉਸ ਨੇ ਅੰਦਰ ਵੜਨ ਲੱਗਿਆਂ ਦਰਵਾਜ਼ਾ ਬੰਦ ਕਰ ਦਿੱਤਾ। ਉਹ ਕਹਿਣ ਲੱਗੇ-ਦਰਵਾਜ਼ਾ ਨਹੀਂ ਭੇੜਨਾ, ਦਰਵਾਜ਼ਾ ਬੰਦ ਹੋਵੇ ਤਾਂ ਮੁੱਖਾਂ ਨਾਲ ਲੱਗ ਕੇ ਸੁਣਨ ਵਾਲਿਆਂ ਨੂੰ ਖਾਸੀ ਮਿਹਨਤ ਕਰਨੀ ਪੈਂਦੀ ਹੈ। ਸੁਣਨ ਲਈ ਸਭਨਾਂ ਨੂੰ ਪਤਾ ਹੋਣਾ ਚਾਹੀਦੈ ਕਿ ਅਸੀਂ ਕੀ ਕਰ ਰਹੇ ਆਂ..! ਇਹ ਕਹਿ ਕੇ ਉਹ ਮੱਠਾ-ਮੱਠਾ ਹੱਸ ਪਏ। ਮੈਂ ਸਮਝ ਗਿਆ ਸੀ ਕਿ ਉਹ ਕੀ ਕਹਿ ਰਹੇ ਹਨ।

'ਨਵਾਂ ਜ਼ਮਾਨਾ' ਸਟਾਫ਼ ਪ੍ਰਤੀ ਉਨ੍ਹਾ ਦੀ ਸੰਵੇਦਨਸ਼ੀਲਤਾ ਦੀ ਗੱਲ ਮੈਨੂੰ ਫੋਟੋਗ੍ਰਾਫਰ ਮਿੱਤਰ ਰਾਜੇਸ਼ ਥਾਪਾ ਨੇ ਦੱਸੀ। ਇੱਕ ਸਟਾਫ ਮੈਂਬਰ ਦੀਪਕ (ਕੰਪਿਊਟਰ ਅਪਰੇਟਰ) ਦੀ ਮੌਤ ਹੋ ਗਈ ਤਾਂ ਉਨ੍ਹਾ ਨੂੰ ਪਤਾ ਨਾ ਲੱਗੇ ਕਿ ਦੀਪਕ ਕਿਹੜਾ ਸੀ। ਫੇਰ ਕਹਿਣ ਲੱਗੇ ਮਾੜੀ ਗੱਲ ਐ ਯਾਰ, ਮੈਨੂੰ ਇਹ ਵੀ ਪਤਾ ਨਹੀਂ ਕਿ ਸਾਡਾ ਕਿਹੜਾ ਮੈਂਬਰ ਸਾਥੋਂ ਵਿੱਛੜ ਗਿਆ, ਏਦਾਂ ਕਰੋ, ਸਾਰੇ ਸਟਾਫ ਦੀ ਇੱਕ ਗਰੁੱਪ ਫੋਟੋ ਖਿੱਚ ਕੇ ਲਗਾਓ, ਪਤਾ ਤਾਂ ਲੱਗੇ ਕਿਸ ਬੰਦੇ ਦਾ ਕੀ ਨਾਂਅ ਹੈ..! ਥਾਪਾ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਸਟਾਫ ਨਾਲ ਫੋਟੋ ਕਰਵਾਂਦਿਆਂ ਕੀ ਪਤਾ ਸੀ ਕਿ ਇਹ ਫੋਟੋ ਉਨ੍ਹਾ ਦੀ ਆਖਰੀ ਫੋਟੋ ਹੋ ਨਿੱਬੜੇਗੀ!

ਕੋਈ ਵੀ ਅਦਾਰਾ, ਕੋਈ ਵੀ ਕੰਮ-ਕਾਰ ਉਸ ਵੇਲੇ ਹੀ ਸਫ਼ਲ ਹੁੰਦਾ ਹੈ, ਜਦ ਉਸ ਦੇ ਮਾਲਕਾਂ ਜਾਂ ਪ੍ਰਬੰਧਕਾਂ ਦੀ ਰੋਜ਼ੀ-ਰੋਟੀ ਸਿੱਧੇ ਤੌਰ 'ਤੇ ਉਸ ਕੰਮ ਨਾਲ ਜੁੜੀ ਹੋਵੇ ਜਾਂ ਉਸ ਕੰਮ ਲਈ ਉਨ੍ਹਾਂ ਸਿਰ ਜਨੂੰਨ ਹੋਵੇ! ਇਹ ਗੱਲ ਸ਼ਾਇਦ ਬਹੁਤਿਆਂ ਨੂੰ ਹਜ਼ਮ ਨਾ ਹੋਵੇ ਕਿ 'ਨਵਾਂ ਜ਼ਮਾਨਾ' ਚਲਾਉਣ ਵਾਲੀ ਫਾਊਂਡੇਸ਼ਨ ਦੇ ਕਿਸੇ ਵੀ ਮੈਂਬਰ ਦੀ ਰੋਜ਼ੀ-ਰੋਟੀ ਇਸ ਅਖ਼ਬਾਰ ਨਾਲ ਜੁੜੀ ਨਹੀਂ। ਸ਼ੁਗਲੀ ਜੀ ਸਿਰ ਇਹ ਜਨੂੰਨ ਸੀ ਕਿ ਇਹ ਅਦਾਰਾ ਕਾਇਮ ਹੀ ਨਹੀਂ ਰਹਿਣਾ ਚਾਹੀਦਾ, ਸਗੋਂ ਹੋਰ ਵੀ ਬੁਲੰਦ ਹੋਣਾ ਚਾਹੀਦੈ। ਸਭਨਾਂ ਨੂੰ ਇਹ ਸਪੱਸ਼ਟ ਸੀ ਕਿ ਉਹ ਸੀ ਪੀ ਆਈ ਨਾਲ ਸਿੱਧੇ ਤੌਰ 'ਤੇ ਜੁੜੇ ਹੋਏ ਹਨ, ਪਰ ਅਖ਼ਬਾਰ 'ਚ ਉਹ ਨਿਰਪੱਖ ਹੋ ਕੇ ਗੁਜ਼ਰਦੇ ਸਨ।

ਇੱਕ ਵਾਰ ਅਸੰਬਲੀ ਚੋਣਾਂ ਦੌਰਾਨ ਮੈਂ ਪਾਸਲਾ ਜੀ ਦੀ ਪਾਰਟੀ ਦੀ ਖ਼ਬਰ ਨੂੰ ਅੰਦਰਲੇ ਸਫ਼ੇ 'ਤੇ ਲਗਾ ਦਿੱਤਾ। ਮੈਨੂੰ ਬੁਲਾ ਕੇ ਕਹਿਣ ਲੱਗੇ-ਇੰਦਰਜੀਤ, ਇਹ ਖ਼ਬਰ ਤਾਂ ਪਹਿਲੇ ਸਫ਼ੇ ਵਾਲੀ ਸੀ ! ਮੈਂ ਆਪਣੀ ਮਜਬੂਰੀ ਦੱਸੀ ਤਾਂ ਕਹਿਣ ਲੱਗੇ, ਕਿਸੇ ਦਬਾਅ ਹੇਠ ਆ ਕੇ ਕੰਮ ਨਹੀਂ ਕਰਨਾ, ਬੱਸ ਖ਼ਬਰ ਨਾਲ ਇਨਸਾਫ ਹੋਣਾ ਚਾਹੀਦੈ!

ਜਦ ਮੈਂ ਅੱਠ ਮਈ 2018 ਨੂੰ ਸੇਵਾ-ਮੁਕਤ ਹੋਇਆ ਤਾਂ ਮੈਨੂੰ ਕਹਿਣ ਲੱਗੇ-ਸਾਨੂੰ ਕੋਈ ਹੋਰ ਇੰਦਰਜੀਤ ਹੀ ਦੇ ਜਾ ਯਾਰ ਏਨਾ ਕਹਿ ਕੇ ਉਨ੍ਹਾ ਮੈਨੂੰ ਕਲਾਵੇ 'ਚ ਲੈ ਲਿਆ। ਮੇਰੇ ਅਮਰੀਕਾ ਆਉਣ ਤੋਂ ਬਾਅਦ ਵੀ ਮੇਰਾ ਉਨ੍ਹਾ ਨਾਲ ਲਗਾਤਾਰ ਰਾਬਤਾ ਬਣਿਆ ਰਿਹਾ। ਅਖ਼ਬਾਰ ਨੂੰ ਲੈ ਕੇ ਆਪਣੀ ਚਿੰਤਾ ਉਹ ਲਗਾਤਾਰ ਸਾਂਝੀ ਕਰਦੇ ਰਹਿੰਦੇ।

ਉਨ੍ਹਾ ਵੱਲੋਂ ਲਿਖੀ ਕਿਤਾਬ 'ਕਾਨੂੰਨੀ ਨੁਕਤੇ ਤੇ ਆਮ ਆਦਮੀ' 'ਤੇ ਨਜ਼ਰ ਮਾਰੀ ਜਾਵੇ ਤਾਂ ਉਹ ਕਿਤਾਬ ਬੜੇ ਸੌਖੇ ਢੰਗ ਨਾਲ ਕਾਨੂੰਨ ਸਧਾਰਨ ਬੰਦੇ ਦੀ ਸਮਝ ਦਾ ਹਿੱਸਾ ਬਣਾ ਦਿੰਦੀ ਹੈ।

ਜੇ ਮਨੁੱਖ ਪੈਦਾ ਹੋਇਆ ਹੈ ਤਾਂ ਉਸ ਨੇ ਇੱਕ ਦਿਨ ਮਰਨਾ ਵੀ ਹੈ। ਮੁੱਲ ਉਸ ਵੱਲੋਂ ਜਨਮ ਤੇ ਮੌਤ ਵਿਚਾਲੇ ਕੀਤੇ ਕੰਮਾਂ ਨੇ ਪਾਉਣਾ ਹੈ..! ਸ਼ੁਗਲ਼ੀ ਹੁਰਾਂ ਦੀਆਂ ਪੈੜਾਂ ਨੇ ਉਨ੍ਹਾ ਨੂੰ ਜਿਊਂਦੇ ਰੱਖਣਾ ਹੈ, ਹੁਣ ਸਵਾਲ ਤਾਂ ਇਹ ਹੈ ਕਿ ਉਹ ਤਾਂ ਸ਼ੁਗਲ਼-ਸ਼ੁਗਲ਼ 'ਚ ਬਹੁਤ ਵੱਡਾ ਕੰਮ ਕਰ ਗਏ , ਧਰਮ ਨਿਰਪੱਖਤਾ ਤੇ ਜਮਹੂਰੀਅਤ ਦੇ ਚਾਨਣ-ਮੁਨਾਰੇ 'ਨਵਾਂ ਜ਼ਮਾਨਾ' ਨੂੰ ਰੁਸ਼ਨਾਈ ਰੱਖਿਆ।

# ਕਾਮਰੇਡ ਸ਼ੁਗਲੀ ਨੂੰ ਯਾਦ ਕਰਦਿਆਂ...

**ਰਾਜੇਸ਼ ਥਾਪਾ**

ਕਾਮਰੇਡ ਗੁਰਮੀਤ ਸਿੰਘ ਸ਼ੁਗਲੀ ਇੱਕ ਅਜਿਹੀ ਸ਼ਖ਼ਸੀਅਤ ਸਨ, ਜਿਨ੍ਹਾ ਦਾ ਜੀਵਨ ਉੱਚੇ-ਸੁੱਚੇ ਆਦਰਸ਼ਾਂ, ਅਣਥੱਕ ਮਿਹਨਤ ਅਤੇ ਸਮਰਪਣ ਦੀ ਇੱਕ ਮਿਸਾਲ ਸੀ। ਮੈਂ ਪਿਛਲੇ 30 ਸਾਲਾਂ ਤੋਂ ਉਨ੍ਹਾ ਨੂੰ ਜਾਣਦਾ ਸੀ, ਪਰ ਉਨ੍ਹਾ ਨੂੰ ਪਿਛਲੇ 15 ਸਾਲਾਂ ਤੋਂ ਬਹੁਤ ਨੇੜਿਓਂ ਜਾਣਨ ਅਤੇ ਸਮਝਣ ਦਾ ਸੁਭਾਗ ਪ੍ਰਾਪਤ ਹੋਇਆ। ਇਸ ਲੰਮੇ ਅਰਸੇ ਦੌਰਾਨ ਮੈਂ ਉਨ੍ਹਾ ਦੇ ਅੰਦਰ ਇੱਕ ਅਜਿਹਾ ਇਨਸਾਨ ਦੇਖਿਆ, ਜਿਸ ਦੀ ਕਥਨੀ ਅਤੇ ਕਰਨੀ ਵਿੱਚ ਕੋਈ ਫਰਕ ਨਹੀਂ ਸੀ।

ਇਮਾਨਦਾਰੀ ਉਨ੍ਹਾ ਦੇ ਖ਼ੂਨ ਵਿੱਚ ਰਚੀ ਹੋਈ ਸੀ। ਸਮੇਂ ਦੀ ਪਾਬੰਦੀ ਉਨ੍ਹਾ ਦਾ ਸਭ ਤੋਂ ਵੱਡਾ ਗਹਿਣਾ ਸੀ। ਉਹ ਜਿਸ ਵੀ ਕੰਮ ਨੂੰ ਹੱਥ ਪਾਉਂਦੇ, ਉਸ ਨੂੰ ਪੂਰੀ ਜ਼ਿੰਮੇਵਾਰੀ ਨਾਲ ਨਿਸ਼ਚਿਤ ਸਮੇਂ 'ਤੇ ਖ਼ਤਮ ਕਰਨਾ ਉਨ੍ਹਾ ਦਾ ਅਸੂਲ ਸੀ। ਹਰ ਕੰਮ ਨੂੰ ਸਮੇਂ ਸਿਰ ਕਰਨਾ ਅਤੇ ਅਨੁਸ਼ਾਸਨ ਵਿੱਚ ਰਹਿਣਾ ਉਨ੍ਹਾ ਦੀ ਜੀਵਨ ਸ਼ੈਲੀ ਦਾ ਅਹਿਮ ਹਿੱਸਾ ਸੀ।

'ਨਵਾਂ ਜ਼ਮਾਨਾ' ਅਖ਼ਬਾਰ ਲਈ ਉਨ੍ਹਾ ਦਾ ਯੋਗਦਾਨ ਇਤਿਹਾਸਕ ਸੀ । ਉਨ੍ਹਾ ਨੇ ਅਦਾਰੇ ਲਈ 'ਆਕਸੀਜਨ' ਵਾਂਗ ਕੰਮ ਕੀਤਾ। ਉਨ੍ਹਾ ਲਗਾਤਾਰ 'ਨਵਾਂ ਜ਼ਮਾਨਾ' ਦੇ ਪੱਤਰਕਾਰਾਂ ਨਾਲ ਮੀਟਿੰਗਾਂ ਦਾ ਦੌਰ ਸ਼ੁਰੂ ਕੀਤਾ, ਜਿਸ ਵਿੱਚ ਕਾਮਰੇਡ ਅੰਮ੍ਰਿਤ ਲਾਲ ਅਤੇ ਕਾਮਰੇਡ ਪ੍ਰਿਥੀਪਾਲ ਮਾੜੀਮੇਘਾ ਉਨ੍ਹਾ ਦੇ ਨਾਲ ਹੁੰਦੇ ਸਨ। ਪੱਤਰਕਾਰਾਂ ਦਾ ਵਿਸ਼ਵਾਸ ਜਿੱਤ ਕੇ ਉਨ੍ਹਾਂ ਨੂੰ 'ਨਵਾਂ ਜ਼ਮਾਨਾ' ਲਈ ਵੱਧ ਤੋਂ ਵੱਧ ਸਪਲੀਮੈਂਟ ਲਈ ਮਨਾਇਆ। ਉਨ੍ਹਾ ਪੱਤਰਕਾਰਾਂ ਦਾ ਮਾਰਗਦਰਸ਼ਨ ਵੀ ਕੀਤਾ ਕਿ ਕਿਵੇਂ ਤੁਸੀਂ ਐਡ ਇਕੱਠੀ ਕਰ ਸਕਦੇ ਹੋ। ਜਦੋਂ ਵੀ ਕਿਸੇ ਪੱਤਰਕਾਰ ਦਾ ਸਪਲੀਮੈਂਟ ਛਾਪਣਾ, ਉਨ੍ਹਾਂ ਉਸ ਨੂੰ ਵਧਾਈ ਦੇਣੀ ਅਤੇ ਉਸ ਦਾ ਉਤਸ਼ਾਹ ਵਧਾਉਣਾ। ਜਦੋਂ ਵੀ ਅਦਾਰੇ ਨੂੰ ਕਿਸੇ ਸੰਕਟ ਜਾਂ ਮਦਦ ਦੀ ਲੋੜ ਪਈ, ਕਾਮਰੇਡ ਸ਼ੁਗਲੀ ਨੇ ਦਿਨ-ਰਾਤ ਇੱਕ ਕਰ ਦਿੱਤਾ। ਉਨ੍ਹਾ ਨੇ ਕਦੇ ਵੀ ਆਪਣੀ ਸਿਹਤ ਜਾਂ ਆਰਾਮ ਦੀ ਪਰਵਾਹ ਨਹੀਂ ਕੀਤੀ ਅਤੇ ਆਪਣੇ ਆਖ਼ਰੀ ਸਾਹ ਤੱਕ ਨਿਰੰਤਰ ਕੰਮ ਕਰਦੇ ਰਹੇ।

ਮੇਰੇ ਲਈ ਉਹ 'ਰਾਹ-ਦਸੇਰਾ' (ਮਾਰਗ ਦਰਸ਼ਕ) ਬਣੇ। ਉਨ੍ਹਾ ਦੀ ਦ੍ਰਿੜ੍ਹਤਾ ਦਾ ਇਹ ਆਲਮ ਸੀ ਕਿ ਜੋ ਗੱਲ ਇੱਕ ਵਾਰ ਸੋਚ ਲਈ, ਉਸ ਨੂੰ ਪੂਰਾ ਕਰਕੇ ਹੀ ਦਮ ਲੈਂਦੇ ਸਨ। ਚੁਣੌਤੀਆਂ ਭਾਵੇਂ ਕਿੰਨੀਆਂ ਵੀ ਵੱਡੀਆਂ ਕਿਉਂ ਨਾ ਹੋਣ, ਉਹ ਕਦੇ ਪਿੱਛੇ ਨਹੀਂ ਹਟੇ।

ਅੱਜ ਉਹ ਸਰੀਰਕ ਤੌਰ 'ਤੇ ਸਾਡੇ ਵਿੱਚ ਨਹੀਂ ਹਨ, ਪਰ ਉਨ੍ਹਾ ਦੇ ਵਿਚਾਰ, ਕੰਮ ਪ੍ਰਤੀ ਵਫ਼ਾਦਾਰੀ ਅਤੇ ਇਮਾਨਦਾਰੀ ਹਮੇਸ਼ਾ ਸਾਡਾ ਮਾਰਗ-ਦਰਸ਼ਨ ਕਰਦੀ ਰਹੇਗੀ। ਉਹ ਇੱਕ ਸੱਚੇ ਅਤੇ ਨਿਸ਼ਕਾਮ ਕਾਮਰੇਡ ਸਨ, ਜਿਨ੍ਹਾ ਦਾ ਜੀਵਨ ਹਮੇਸ਼ਾ ਪ੍ਰੇਰਨਾ-ਸਰੋਤ ਬਣਿਆ ਰਹੇਗਾ। ਕਾਮਰੇਡ ਸ਼ੁਗਲੀ ਹਮੇਸ਼ਾ ਸਾਡੀਆਂ ਯਾਦਾਂ ਵਿਚ ਵਸਦੇ ਰਹਿਣਗੇ।ਉਨ੍ਹਾ ਨੂੰ ਕੋਟਿ-ਕੋਟਿ ਪ੍ਰਣਾਮ।

# ਉਲਝੀ ਤਾਣੀ ਸੁਲਝਾਉਣ ਵਾਲੇ ਸ਼ੁਗਲੀ

**ਸਵਰਨ ਸਿੰਘ ਟਹਿਣਾ**

ਪਹਿਲੀ ਵਾਰ ਮਿਲਿਆ ਤਾਂ ਉਹ ਰੌਣਕੀ ਜਿਹੇ ਲੱਗੇ। ਕਹਿੰਦੇ, 'ਟਹਿਣਿਆ, ਮਾਰੀ ਜਾਨਾਂ ਅੱਠੋ-ਅੱਠ...।'

ਮੈਂ ਝਕ ਗਿਆ, 'ਹਾਂ ਜੀ ਸਰ, ਬਸ ਚੱਲੀ ਜਾਂਦੀ। ਖ਼ਬਰਾਂ ਘੜੀ ਜਾਨੇ ਆਂ...।'

'ਖਿੱਚ ਕੇ ਰੱਖ ਕੰਮ ਤੇ ਚਾਹ ਪੀ ਕੇ ਜਾਈਂ...।' ਉਨ੍ਹਾ ਹੱਲਾਸ਼ੇਰੀ ਦਿੱਤੀ।

ਫੇਰ ਕਾਮਰੇਡ ਗੁਰਮੀਤ ਸਿੰਘ ਸ਼ੁਗਲੀ ਨਾਲ ਮੁਲਾਕਾਤ ਦੂਜੇ-ਤੀਜੇ ਦਿਨ ਹੋਣ ਲੱਗ ਗਈ। ਮੇਰੀ ਬੁੱਕਲ ਖੁੱਲ੍ਹ ਗਈ। ਬਿਨਾਂ ਕਿਸੇ ਸੰਕੋਚ ਮੈਂ ਕੋਈ ਵੀ ਗੱਲ ਕਹਿ ਦੇਣੀ ਤੇ ਘੰਟਿਆਂਬੱਧੀ ਗੱਲਾਂਬਾਤਾਂ ਹੁੰਦੀਆਂ ਰਹਿਣੀਆਂ।

ਇੱਕ ਦਿਨ ਉਹ ਲਿਖਾਈ ਜਾਣ। ਪੰਜ ਜਣੇ ਕੈਬਿਨ 'ਚ ਆਏ। ਦੋ ਬੀਬੀਆਂ, ਤਿੰਨ ਬੰਦੇ। ਉਨ੍ਹਾਂ ਸ਼ੁਗਲੀ ਜੀ ਨਾਲ ਗੱਲਾਂ ਸ਼ੁਰੂ ਕੀਤੀਆਂ ਤੇ ਮੈਂ ਸਰੋਤਾ। ਦੋ ਕੁ ਮਿੰਟਾਂ ਬਾਅਦ ਪਤਾ ਲੱਗ ਗਿਆ ਕਿ ਮਾਮਲਾ ਮੀਆਂ-ਬੀਵੀ ਦੇ ਝੇੜੇ ਦਾ ਹੈ। ਗੱਲ ਵਾਹਵਾ ਵਧੀ ਲੱਗਦੀ ਸੀ। ਬੀਵੀ ਵਾਰ-ਵਾਰ ਕਹੇ, 'ਮੈਂ ਏਸ ਬੰਦੇ ਨੂੰ ਤਾਰੇ ਦਿਖਾਉਣੇ, ਇਹ ਮੈਨੂੰ ਜਾਣਦਾ ਨਹੀਂ। ਸਾਰੀ ਉਮਰ ਰੇਲ ਬਣਾਊਂ...।' ਤਪੀ ਹੋਈ ਉਹ ਪਤਾ ਨਹੀਂ ਕੀ-ਕੀ ਬੋਲੀ ਗਈ।

ਸ਼ੁਗਲੀ ਸਾਹਿਬ ਨੇ ਘਰਵਾਲੇ ਵੱਲ ਅੱਖ ਕੀਤੀ। 'ਹਾਂ ਕਾਕਾ, ਤੂੰ ਕੀ ਚਾਹੁੰਨਾਂ...?'

ਉਹ ਵੀ ਬੰਬ ਵਾਂਗੂੰ ਫਟਿਆ, 'ਇਹ ਸਮਝਦੀ ਕੀ ਆ। ਭੱਜਦਿਆਂ ਨੂੰ ਵਾਹਣ ਇੱਕੋ ਜਹੇ ਹੁੰਦੇ। ਇਹ ਮੈਨੂੰ ਹਾਲੇ ਜਾਣਦੀ ਨਹੀਂ...।' ਕਿੰਨਾ ਕੁਝ ਉਹ ਇੱਕੋ ਸਾਹੇ ਕਹਿ ਗਿਆ।

ਟੋਪੀ ਲਾਹ ਕੇ ਸ਼ੁਗਲੀ ਸਾਹਿਬ ਨੇ ਇੱਕ ਪਾਸੇ ਰੱਖ ਦਿੱਤੀ। ਕਹਿੰਦੇ, 'ਪੁੱਤ ਪਹਿਲਾਂ ਸੜਕ 'ਤੇ ਜਾ ਕੇ ਜੁੰਡੋ-ਜੁੰਡੀ ਹੋ ਲਵੋ। ਆਪਾਂ ਤਾਂ ਫੇਰ ਵੀ ਬਹਿ ਲਵਾਂਗੇ।'

ਜੀਭ ਨਾਲ ਗ੍ਰਿਨੇਡ ਸੁੱਟਣ ਵਾਲੀਆਂ ਦੋਵੇਂ ਧਿਰਾਂ ਥੋੜ੍ਹੀਆਂ ਸ਼ਾਂਤ ਹੋਈਆਂ। ਸ਼ੁਗਲੀ ਸਾਹਿਬ ਨੇ ਬੀਬੀ ਵੱਲ ਉਂਗਲ ਕਰਕੇ ਆਖਰੀ ਦਾਅ ਖੇਡਿਆ, 'ਪੁੱਤ ਇਹਨੂੰ ਖੱਜਲ ਕਰਦੀ ਤੂੰ ਕਿਵੇਂ ਸੌਖੀ ਰਹੇਂਗੀ। ਦਸ ਵਾਰ ਤੂੰ ਕਚਹਿਰੀ ਜਾਣਾ, ਪੰਜ ਵਾਰ ਇਹਨੇ ਆਉਣਾ। ਵਕੀਲਾਂ ਨੇ ਥੋਨੂੰ ਘੁਮਾਈ ਫਿਰਨਾ। ਜੱਜਾਂ ਕੋਲ ਏਨਾ ਟੈਮ ਕਿੱਥੇ, ਥੋਡੀ ਚਾਰ ਘੰਟੇ ਦੀ ਕਥਾ ਸੁਣਨ। ਜੇ ਬਾਹਲੇ ਪੈਸੇ ਆ ਤਾਂ ਆਹ ਮੁੰਡੇ ਨੂੰ ਦੇ ਦਿਓ।' ਮੇਰੇ ਵੱਲ ਉਂਗਲ ਕਰਕੇ ਬੋਲੇ।

ਫੇਰ ਮੁੰਡੇ ਨੂੰ ਕਹਿੰਦੇ, 'ਕਾਕਾ ਰੇਲ ਥੋਡੀ ਦੋਹਾਂ ਦੀ ਬਣਨੀ, ਇੱਕ ਦੀ ਨਹੀਂ। ਥੋੜ੍ਹਾ ਬੋਲਾਂ 'ਤੇ ਕਾਬੂ ਰੱਖੋ, ਜੁੜਨ ਦੀ ਆਖਰੀ ਕੋਸ਼ਿਸ਼ ਕਰ ਲਵੋ, ਨਹੀਂ ਤਾਂ ਕਚਹਿਰੀ ਇੱਕ ਕਿਲੋਮੀਟਰ ਦੂਰ ਹੈ, ਉਥੇ ਥੋਡੇ ਵਰਗਿਆਂ ਕਰਕੇ ਬੜਿਆਂ ਦੀ ਰੋਟੀ ਚੱਲਦੀ।'

ਦੋਵੇਂ ਧਿਰਾਂ ਮੰਨ ਗਈਆਂ। ਸ਼ੁਗਲੀ ਸਾਹਿਬ ਨੇ ਚਾਹ ਪਿਆਈ ਤੇ ਤੋਰ ਦਿੱਤੇ।

ਮੈਂ ਆਖਿਆ, 'ਤੁਸੀਂ ਵਕੀਲ ਹੋ ਕੇ ਬਾਹਰੋ-ਬਾਹਰ ਜੋੜਨ ਦਾ ਕੰਮ ਕਰੀ ਜਾਨੇ ਓਂ, ਇਹ ਕੇਹੋ ਜਿਹੀ ਵਕਾਲਤ?'

ਕਹਿੰਦੇ, 'ਪੁੱਤ ਸਾਰੀ ਉਮਰ ਪੈਸੇ ਹੀ ਕਮਾਏ। ਜੇ ਕਿਸੇ ਦਾ ਮਸਲਾ ਬਿਨਾਂ ਪੈਸਿਓਂ ਹੱਲ ਹੋ ਜਾਊ ਤਾਂ ਚੇਤੇ ਰੱਖੂ।' ਬਾਅਦ 'ਚ ਮੈਨੂੰ ਪਤਾ ਲੱਗਾ ਕਿ ਪੈਸੇ ਲੈ ਕੇ ਕੇਸ ਲੜਨ ਨਾਲੋਂ ਉਹ ਮੁਫ਼ਤੀਆ ਰਾਇਆਂ ਦੇ ਕੇ ਬੰਦਿਆਂ ਨੂੰ ਵੱਧ ਤੋਰਦੇ ਸੀ।

ਸ਼ੁਗਲੀ ਜੀ ਨੂੰ ਲਿਖਣ ਦਾ ਸ਼ੌਕ ਵਧਿਆ ਤੇ ਹਰ ਐਤਵਾਰ ਸਿਆਸੀ ਜਾਂ ਸਮਾਜਿਕ ਵਿਸ਼ੇ 'ਤੇ ਲਿਖਾਉਂਦੇ। ਕਦੇ ਵੀਰਵਾਰ, ਕਦੇ ਸ਼ੁੱਕਰਵਾਰ। ਮੈਨੂੰ ਇੰਝ ਲੱਗਦਾ, ਜਿਵੇਂ ਇੱਕ ਵਾਰ ਫੇਰ ਉਸ ਵੇਲ਼ੇ 'ਚੋਂ ਲੰਘ ਰਿਹਾ ਹੋਵਾਂ, ਜਦੋਂ ਕਾਮਰੇਡ ਜਗਜੀਤ ਸਿੰਘ ਆਨੰਦ ਲਿਖਾਉਂਦੇ ਸੀ। ਕਾਮਰੇਡ ਆਨੰਦ ਦੇ ਵਿਸ਼ਿਆਂ ਤੇ ਇਨ੍ਹਾਂ ਦੇ ਵਿਸ਼ਿਆਂ 'ਚ ਫ਼ਰਕ ਸੀ, ਪਰ ਬੋਲ ਕੇ ਸ਼ੁਗਲੀ ਜੀ ਉਨ੍ਹਾਂ ਵਾਂਗ ਹੀ ਲਿਖਾਉਂਦੇ।

ਇੱਕ ਦਿਨ ਕਹਿੰਦੇ, 'ਟਹਿਣੇ, ਕਾਨੂੰਨੀ ਮਸਲਿਆਂ 'ਤੇ ਕਿਤਾਬ ਤਿਆਰ ਕਰਨੀ ਆ। ਲੇਖ 'ਕੱਠੇ ਕਰ ਲਏ। ਤੂੰ ਨਿਗ੍ਹਾ ਮਾਰ। ਗ਼ਲਤੀ ਨਾ ਰਹੇ ਕੋਈ, ਆਪਾਂ ਸੋਮਵਾਰ ਤੱਕ ਖਰੜਾ ਦੇਣਾ।'

ਮਹੀਨੇ ਕੁ ਤੱਕ ਕਿਤਾਬ ਆ ਗਈ ਤੇ ਫੇਰ ਉਤੋੜਿਤੀ ਕਿਤਾਬਾਂ ਦਾ ਸਿਲਸਿਲਾ ਸ਼ੁਰੂ। ਹਰ ਕਿਤਾਬ ਵੇਲ਼ੇ ਉਹ ਜੋਸ਼ 'ਚ ਹੁੰਦੇ। ਕਹਿੰਦੇ ਮੈਂ ਪ੍ਰਤੀ ਕਿਤਾਬ ਜਵਾਨ ਹੋ ਰਿਹਾਂ। ਸਮਾਗਮ ਰਚਾਉਂਦੇ। ਬੁਲਾਰੇ ਬੋਲਦੇ ਤੇ ਕੁਝ ਮਹੀਨਿਆਂ ਪਿੱਛੋਂ ਅਗਲੀ ਕਿਤਾਬ ਆ ਜਾਂਦੀ।

ਐਤਕੀਂ ਅਮਰੀਕਾ ਜਾਣ ਵੇਲ਼ੇ ਕਹਿੰਦੇ, 'ਮੈਂ ਦੋ ਕੁ ਮਹੀਨਿਆਂ 'ਚ ਮੁੜ ਆਉਣਾ। ਆ ਕੇ ਨਵੀਂ ਕਿਤਾਬ ਤਿਆਰ ਕਰਨੀ।'

ਫੇਰ ਅਚਾਨਕ ਫੋਨ ਆਇਆ, 'ਉਹ ਢਿੱਲੇ ਹੋ ਗਏ ਤੇ ਫੇਰ ਖ਼ਬਰ ਆਈ ਕਿ ਨਹੀਂ ਰਹੇ।' ਮੇਰੇ ਵਰਗੇ ਸੈਂਕੜੇ, ਹਜ਼ਾਰਾਂ ਸੁੰਨ ਸਨ। ਕੀ ਬਣ ਗਿਆ? ਇਹ ਕੀ ਹੋਇਆ? ਕਿਉਂ ਹੋਇਆ?

ਤੇ ਹੁਣ ਜਦੋਂ ਉਨ੍ਹਾ ਨੂੰ ਗਿਆਂ ਇੱਕ ਵਰ੍ਹਾ ਹੋ ਗਿਆ ਤਾਂ ਉਨ੍ਹਾਂ ਦੀ ਲਾਲ ਰੰਗ ਦੀ ਕਾਰ ਵੇਖਣ ਨੂੰ ਅੱਖਾਂ ਤਰਸੀਆਂ ਪਈਆਂ। ਜਿਹੜੀ ਕੁਰਸੀ 'ਤੇ ਉਹ ਬਹਿੰਦੇ ਸੀ, ਉਹ ਦੇਖ ਭਾਵੁਕ ਹੁੰਨਾਂ। ਮੇਖ 'ਤੇ ਟੰਗੀ ਉਨ੍ਹਾਂ ਦੀ ਫੋਟੋ ਰੁਆ ਛੱਡਦੀ।

ਜ਼ਿੰਦਗੀ 'ਚ ਬੰਦੇ ਆਉਂਦੇ-ਜਾਂਦੇ ਰਹਿੰਦੇ, ਪਰ ਤੁਹਾਨੂੰ ਤੁਹਾਡੇ ਪੱਧਰ 'ਤੇ ਜਾ ਕੇ ਸਮਝਾਉਣ ਵਾਲੇ ਬਹੁਤ ਘੱਟ ਮਿਲਦੇ। ਸ਼ੁਗਲੀ ਜੀ ਬੰਦੇ ਦੇ ਪੱਧਰ 'ਤੇ ਜਾ ਕੇ ਗੱਲ ਕਰਦੇ। ਸੇਵਾਦਾਰ ਨੂੰ ਵੀ ਖੁਸ਼ ਰੱਖਦੇ, ਐਡੀਟਰ ਨੂੰ ਵੀ, ਵਕੀਲ ਨੂੰ ਵੀ ਤੇ ਗਾਹਕ ਨੂੰ ਵੀ। ਇੰਝ ਲੱਗਦਾ ਜਿਵੇਂ ਹੁਣੇ ਉਨ੍ਹਾ ਦਾ ਫੋਨ ਆਵੇਗਾ ਤੇ ਕਹਿਣਗੇ, 'ਢਾਈ ਵਜੇ ਤੱਕ ਦਫ਼ਤਰ ਆ ਜਾਈਂ, ਆਪਾਂ ਲਿਖਣਾਂ...।'

ਔਖੇ ਵੇਲ਼ੇ ਮਦਦ ਕਰਨ ਵਾਲੇ ਭੁੱਲਦੇ ਨਹੀਂ। ਸ਼ੁਗਲੀ ਜੀ ਨੇ ਕਈ ਵਾਰ ਮੇਰੀ ਮਦਦ ਕੀਤੀ, ਮੈਂ ਕਿਵੇਂ ਭੁੱਲ ਸਕਦਾਂ।

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ 65 ਸਾਲ ਦੀ ਉਮਰ 'ਚ ਵਕਾਲਤ ਤੋਂ ਫਾਰਗ ਹੋ ਗਏ, ਪਰ ਦੋਸਤੀ ਦੇ ਗੂੜ੍ਹੇ ਰੰਗ ਕਾਇਮ ਰੱਖਣ ਲਈ ਉਨ੍ਹਾ ਅਮਰੀਕਾ ਜਾਣ ਤੱਕ ਕਚਹਿਰੀ ਜਾਣਾ ਆਉਣਾ ਜਾਰੀ ਰੱਖਿਆ। ਇਸ ਲਈ ਉਨ੍ਹਾਂ ਸੋਮਵਾਰ ਤੇ ਸ਼ੁੱਕਰਵਾਰ ਦੇ ਦਿਨ ਤੈਅ ਕੀਤੇ ਸਨ। ਇਸੇ ਸੰਦਰਭ 'ਚ ਉਨ੍ਹਾਂ ਦੇ ਬਚਪਨ ਦੇ ਦੋਸਤ ਨੇ ਕਵਿਤਾ ਲਿਖੀ, ਜੋ ਏਥੇ ਛਾਪੀ ਜਾ ਰਹੀ ਹੈ।** - **ਗਿਆਨ ਸੈਦਪੁਰੀ**

# ਉਹ ਕਿੱਧਰ ਗਏ ਦਿਹਾੜੇ...

ਉਹ ਕਿੱਧਰ ਗਏ ਦਿਹਾੜੇ, ਜਦ ਸੋਮ ਤੇ ਸ਼ੁੱਕਰ ਆਵੇ,
ਘੁੱਟ-ਘੁੱਟ ਜੱਫੀਆਂ ਪਾਉਂਦੇ ਸੀ, ਬਹਿ ਦਿਲ ਦੇ ਹਾਲ ਸੁਣਾਉਂਦੇ ਸੀ।
ਹੁਣ ਕੌਣ ਕੀਹਦੇ ਕੋਲ ਜਾਵੇ,
ਉਹ ਕਿੱਧਰ ਗਏ ਦਿਹਾੜੇ...।

ਘਰ ਫੁੱਲਾਂ ਦੀ ਫੁਲਵਾੜੀ 'ਚੋਂ, ਮਹਿਕ ਸ਼ੁਗਲ ਦੀ ਆਉਂਦੀ ਏ।
ਉੱਡ ਸੰਗ ਹਵਾ ਦੇ ਬੁੱਲੇ, ਮੇਰਾ ਰੋਮ-ਰੋਮ ਛੂਹ ਜਾਂਦੀ ਏ,
ਤੇਰੀ ਮੁੜ-ਮੁੜ ਯਾਦ ਦਿਲਾਵੇ,
ਉਹ ਕਿੱਧਰ ਗਏ ਦਿਹਾੜੇ...।

ਸ਼ੁਗਲ ਉਹਦੇ ਸੀ ਹੱਡੀਂ ਰਚਿਆ, ਸ਼ੁਗਲ ਹੀ ਨਾਲ ਹੰਢਾਇਆ।
ਸ਼ੁਗਲ-ਸ਼ੁਗਲ ਵਿੱਚ ਹੋ ਗਿਆ ਪੱਕਾ, ਸ਼ੁਗਲੀ ਨਾਮ ਕਮਾਇਆ।
ਤੇਰੇ ਇੱਕੋ ਸ਼ੁਗਲ ਨਾਲ ਮਿਟ ਜਾਂਦੇ, ਸਭ ਦੁੱਖ, ਦਰਦ, ਪੁਆੜੇ,
ਉਹ ਕਿੱਧਰ ਗਏ ਦਿਹਾੜੇ...।

ਸ਼ੁਗਲ-ਸ਼ੁਗਲ 'ਚ ਤੁਰ ਚੱਲਿਓਂ, ਇਹ ਸ਼ੁਗਲ ਸਾਨੂੰ ਮਨਜ਼ੂਰ ਨਹੀਂ।
ਰਹੂ ਵਸਦਾ ਸਦਾ ਦਿਲਾਂ ਦੇ ਵਿੱਚ, ਕਦੇ ਹੋਣਾ ਸਾਥੋਂ ਦੂਰ ਨਹੀਂ।
ਤੇਰੇ ਜਾਣ ਨਾਲ ਯੁਗ ਚਲਾ ਗਿਆ, ਜੋ ਪਰਤ ਕਦੇ ਨਾ ਆਵੇ,
ਉਹ ਕਿੱਧਰ ਗਏ ਦਿਹਾੜੇ...।

ਸਵਰਗਾਂ ਦੇ ਸਿਰਨਾਵੇਂ ਛੱਡੋ, ਕੋਈ ਦੱਸੋ ਉਹਦਾ ਸਿਰਨਾਵਾਂ।
ਉਹਦੀ ਪੈੜੇ ਚੱਲਦਾ-ਚੱਲਦਾ, ਮੈਂ ਉਹਨੂੰ ਲੱਭਣ ਜਾਵਾਂ।
ਪੁੱਛਾਂ ਉਹਨੂੰ ਤੂੰ ਦੱਸ ਮੈਨੂੰ, ਕਿਹੜੀ ਸੀ ਮਜਬੂਰੀ,
ਤਰਲਾ ਪਾ ਕੇ ਖਹਿੜੇ ਪੈ ਕੇ, ਉਹਨੂੰ ਮੋੜ ਲਿਆਵਾਂ।
ਚਲਾ ਗਿਆ ਕਿਉਂ ਛੱਡ ਕੇ ਸਾਨੂੰ, ਇਹੋ ਸੋਚ ਤੜਫ਼ਾਵੇ,
ਉਹ ਕਿੱਧਰ ਗਏ ਦਿਹਾੜੇ...।

ਬਿਨ ਤੇਰੇ ਇਹ ਦੁਨੀਆ ਸਾਰੀ, ਸੁੰਨੀ-ਸੁੰਨੀ ਲੱਗਦੀ।
ਚਾਰ-ਚੁਫ਼ੇਰੇ ਝਾਤ ਜੁ ਮਾਰਾਂ, ਘਾਟ ਤੇਰੀ ਸਭ ਜੱਗ ਦੀ,।
ਇੱਕ ਹੋਰ ਜੇ ਹੁੰਦਾ ਸ਼ੁਗਲੀ, ਨਾ ਬਹਿੰਦੇ ਹੋ ਖਾਲੀ,
ਅੱਖੀਂ ਨੀਰ ਨਾ ਵਗਦਾ ਰਹਿੰਦਾ, ਜੇ ਹੁੰਦੇ ਸਮਕਾਲੀ।
ਸ਼ੋਹਰਤ ਦੇ ਸਿਖਰਾਂ ਨੂੰ ਛੂਹ ਕੇ, ਜਿੱਤੀ ਬਾਜ਼ੀ ਹਾਰੇ,
ਉਹ ਕਿੱਧਰ ਗਏ ਦਿਹਾੜੇ...।

**- ਦਰਸ਼ਨ ਲਾਲ ਸਹਿਗਲ, ਐਡਵੋਕੇਟ**

## ...ਸਫ਼ਾ 1 ਦੇ ਬਾਕੀ

### ਗੁਰਮੀਤ ਸਿੰਘ ਸ਼ੁਗਲੀ : ਇੱਕ ਅੰਦਾਜ਼ ਸੀ...

ਉਹਨੂੰ ਮਜ਼ਾਕ ਦੀ ਫੂਕ ਮਾਰ ਕੇ ਭਸਮ ਕਰ ਸਕਦਾ ਸੀ। ਸਮਾਜ ਸੁਧਾਰਕ ਹੋਣ ਦੇ ਨਾਤੇ ਲੋਕਾਂ ਦੀ ਅਗਿਆਨਤਾ ਉਹਨੂੰ ਬਹੁਤ ਚੁੱਭਦੀ ਸੀ, ਤਰਲੋਮੱਛੀ ਹੋਇਆ ਰਹਿੰਦਾ ਸੀ ਕਿ ਉਹ ਲੋਕਾਂ ਨੂੰ ਐਹ ਵੀ ਦੱਸ ਦੇਵੇ ਅਤੇ ਔਹ ਵੀ ਦੱਸ ਦੇਵੇ । ਇੱਥੋਂ ਤੱਕ ਕਿ ਉਹ ਮਾਲ ਵਿਭਾਗ ਦੇ ਰਿਕਾਰਡ ਵਿੱਚ ਵਰਤੇ ਜਾਂਦੇ ਫਾਰਸੀ ਦੇ ਸ਼ਬਦਾਂ ਦੀ ਸਰਲ ਪੰਜਾਬੀ ਸਮਝਾਉਣ ਤੱਕ ਵੀ ਗਿਆ, ਤਾਂ ਕਿ ਸ਼ਬਦਾਂ ਦਾ ਜੰਜਾਲ ਉਨ੍ਹਾਂ ਨੂੰ ਭੰਬਲਭੂਸੇ ਵਿੱਚ ਨਾ ਪਾ ਸਕੇ । ਉਹਨੇ ਅਫਸਰਾਂ ਦੇ ਅਹੁਦੇ ਅਤੇ ਸ਼ਕਤੀਆਂ ਸਮਝਾਈਆਂ।ਗੁਰਮੀਤ ਸਿੰਘ ਸ਼ੁਗਲੀ 'ਨਵਾਂ ਜ਼ਮਾਨਾ' ਟਰੱਸਟ ਦਾ ਸਕੱਤਰ ਸੀ। ਉਹਨੇ 'ਨਵਾਂ ਜ਼ਮਾਨਾ' ਦੇ ਸਫਿਆਂ ਨੂੰ ਆਪਣੀਆਂ ਲਿਖਤਾਂ ਨਾਲ ਲਗਾਤਾਰ ਸ਼ਿੰਗਾਰਿਆ । ਫਿਰ ਇਕੱਠੀਆਂ ਕਰਕੇ ਕਿਤਾਬਾਂ ਛਪਵਾਉਂਦਾ ਗਿਆ । ਸ਼ੁਗਲੀ ਦੀਆਂ ਰਾਜਨੀਤਕ ਟਿੱਪਣੀਆਂ ਉਹਦੀ ਰਾਜਨੀਤਕ ਸਮਝ ਨੂੰ ਨਿਖਾਰਦੀਆਂ ਹਨ । ਉਹਨੇ ਆਪਣੀ ਪੜਚੋਲੀਆ ਪਹੁੰਚ ਨੂੰ ਸਹਿਜ ਰੂਪ ਵਿੱਚ ਪੇਸ਼ ਕੀਤਾ । ਉਹ ਪੱਕਾ-ਪੀਡਾ ਕਮਿਊਨਿਸਟ ਕਾਰਕੁਨ ਸੀ । ਕਮਿਊਨਿਸਟ ਲਹਿਰ ਅਤੇ ਕਮਿਊਨਿਸਟ ਲੀਡਰਾਂ ਬਾਰੇ ਕੋਈ ਸਖ਼ਤ ਟਿੱਪਣੀ ਕਰਨ ਤੋਂ ਗੁਰੇਜ਼ ਕਰਦਾ ਸੀ । ਦਲੀਲ ਨਾਲ ਗੱਲ ਕਹਿੰਦਾ ਸੀ । ਔਰਤਾਂ ਦੇ ਸੰਘਰਸ਼ ਅਤੇ ਅਧਿਕਾਰ ਦਾ ਅਲੰਬਰਦਾਰ ਸੀ । ਸ਼ੁਗਲੀ ਦਾ ਇਹ ਪੱਖ ਉਹਦੇ ਅੰਦਰੋਂ ਉਸ ਸਮੇਂ ਉੱਛਲਿਆ, ਜਦੋਂ ਉਹਨੇ ਆਪਣੀ ਇੱਕ ਪੁਸਤਕ ਵਿੱਚ ਫੋਟੋਆਂ ਸਮੇਤ ਪਿੰਡ ਦੀਆਂ ਧੀਆਂ ਦੀਆਂ ਪ੍ਰਾਪਤੀਆਂ ਦਰਜ ਕੀਤੀਆਂ ।

ਸ਼ੁਗਲੀ ਦੁਖੀ ਸੀ ਕਿ ਉਹਦਾ ਪਿੰਡ 'ਸਵਰਗ' ਦੀ ਭਾਲ ਵਿੱਚ ਐੱਨ ਆਰ ਆਈ ਹੋ ਗਿਆ ਹੈ, ਪਰ ਪ੍ਰਵਾਸੀ 'ਸਵਰਗ' ਦੀ ਭਾਲ ਵਿੱਚ ਉਹਦੇ ਪਿੰਡ ਆ ਗਏ ਹਨ, ਐੱਨ ਆਰ ਆਈਜ਼ ਦੇ ਬਜ਼ੁਰਗਾਂ ਦੀ ਸਾਂਭ-ਸੰਭਾਲ ਕਰਦੇ ਹਨ। ਸ਼ੁਗਲੀ ਦੁਖੀ ਹੈ ਕਿ ਉਹਦੇ ਪਿੰਡ ਦੀ ਜੱਦੀ ਵਸੋਂ ਦੇ ਬੱਚੇ ਬੱਸਾਂ ਵਿੱਚ ਬੈਠ ਕੇ ਸ਼ਹਿਰ ਪੜ੍ਹਨ ਜਾਂਦੇ ਹਨ, ਪਰ ਉਹ ਖ਼ੁਸ਼ ਹੈ ਕਿ ਪ੍ਰਵਾਸੀਆਂ ਦੇ ਬੱਚੇ ਪਿੰਡ ਦੇ ਸਕੂਲ ਵਿੱਚ ਪੰਜਾਬੀ ਪੜ੍ਹਦੇ ਹਨ, ਜੂੜੇ ਰੱਖ ਲਏ ਹਨ, ਪੱਗਾਂ ਬੰਨ੍ਹਦੇ ਹਨ । ਬੇਸ਼ੁਮਾਰ ਹੈ, ਜੋ ਗੁਰਮੀਤ ਸਿੰਘ ਸ਼ੁਗਲੀ ਬਾਰੇ ਕਿਹਾ ਜਾ ਸਕਦਾ ਹੈ, ਪਰ ਉਹਦੀ ਇੱਕ ਗੱਲ ਵਧੇਰੇ ਧਿਆਨਯੋਗ ਹੈ ਕਿ ਹਰ ਬੰਦਾ ਦੂਜੇ ਬੰਦੇ ਤੋਂ ਸਿੱਖਦਾ ਹੈ।

**# ਸੰਪਰਕ : 94172-70411**

### ਤਰਾਸ਼ ਦਰ ਤਰਾਸ਼...

ਜਾਣਕਾਰੀ ਸੀ, ਰਿਸ਼ਤੇਦਾਰੀ ਵੀ ਨੇੜੇ-ਨੇੜੇ ਕਾਫੀ ਫੈਲੀ ਹੋਈ ਸੀ। ਉਹ ਅਧਿਆਪਕਾਂ ਦੀ ਜਥੇਬੰਦੀ ਵਿਚ ਵੀ ਸਰਗਰਮ ਰਿਹਾ ਸੀ ਅਤੇ ਕਮਿਊਨਿਸਟ ਪਾਰਟੀ ਵਿਚ ਵੀ। ਸ਼ੁਗਲੀ ਕੋਲ ਮੁਕੱਦਮੇ ਆਉਣ ਲੱਗੇ। ਯੋਗ ਵਕੀਲ ਹੋਣ ਤੋਂ ਇਲਾਵਾ ਉਹ ਮਿਲਾਪੜੇ ਸੁਭਾਅ ਵਾਲਾ ਵੀ ਸੀ। ਵਕਾਲਤ ਚੱਲ ਨਿਕਲੀ ਤਾਂ ਉਹਦਾ ਦਫਤਰ ਵੀ ਤਖਤਪੋਸ਼ ਤੋਂ ਏਅਰ ਕੰਡੀਸ਼ਨਡ ਦਫਤਰ ਵਿਚ ਪਹੁੰਚ ਗਿਆ। ਹੌਲੀ-ਹੌਲੀ ਵਕੀਲਾਂ ਵਿਚ ਉਸ ਦੀ ਭੱਲ ਏਨੀ ਬਣ ਗਈ ਕਿ ਉਹ ਜਲੰਧਰ ਬਾਰ ਕੌਂਸਲ ਦੇ ਵਾਈਸ ਪ੍ਰੈਜ਼ੀਡੈਂਟ ਦੇ ਅਹੁਦੇ ਤੱਕ ਵੀ ਅੱਪੜਿਆ। ਮੈਂ ਅਮਰੀਕਾ ਤੋਂ ਵਾਪਸ ਆ ਕੇ ਕੁਝ ਸਮੇਂ ਲਈ ਉਨ੍ਹਾ ਦੇ ਨਾਲ ਕਚਹਿਰੀਆਂ ਵਿਚ ਜਾਂਦਾ ਰਿਹਾ। ਉਦੋਂ ਮੈਂ ਵੇਖਿਆ ਕਿ ਵਕੀਲਾਂ ਵਿਚ ਸ਼ੁਗਲੀ ਜੀ ਦਾ ਇੱਜ਼ਤ-ਮਾਣ ਏਨਾ ਹੈ ਕਿ ਵਕੀਲਾਂ ਦੀ ਕੋਈ ਵੀ ਮਹਿਫਲ ਉਨ੍ਹਾ ਤੋਂ ਬਗੈਰ ਊਣੀ ਸਮਝੀ ਜਾਂਦੀ ਸੀ। ਸ਼ੁਗਲੀ ਚਾਚਾ ਜੀ ਦੇ ਪਦ-ਚਿੰਨ੍ਹਾਂ ਦੇ ਮਗਰ ਮਗਰ ਪਹਿਲਾਂ ਉਨ੍ਹਾ ਦਾ ਵੱਡਾ ਪੁੱਤਰ ਰਾਜਿੰਦਰ ਮੰਡ ਵਕੀਲ ਬਣਿਆ ਤੇ ਫੇਰ ਛੋਟਾ ਰਮਨਜੀਤ ਮੰਡ ਵੀ। ਹੁਣ ਉਹ ਦੋਵੇਂ ਆਪਣੇ ਪਿਤਾ ਦੇ ਨਾਲ ਵਕਾਲਤ ਕਰਦੇ। ਹੌਲੀ-ਹੌਲੀ ਵਕਾਲਤ ਹੋਰ ਫੈਲਦੀ ਗਈ। ਹੁਣ ਕਈ ਜੂਨੀਅਰ ਵਕੀਲ ਵੀ ਇਨ੍ਹਾ ਦੇ ਨਾਲ ਆਣ ਜੁੜੇ ਸਨ ਅਤੇ ਇਕ ਹੋਰ ਦਫਤਰ ਵੀ ਜੁੜ ਗਿਆ ਸੀ। ਕੁਝ ਸਾਲਾਂ ਬਾਦ ਸ਼ੁਗਲੀ ਸਾਬ੍ਹ ਨੇ ਮਹਿਸੂਸ ਕੀਤਾ ਕਿ ਵਕਾਲਤ ਦਾ ਕੰਮ ਬੱਚਿਆਂ ਨੇ ਪੂਰੀ ਤਰ੍ਹਾਂ ਸੰਭਾਲ ਲਿਆ ਹੈ। ਉਨ੍ਹਾ ਖੁਦ ਦਾ ਕੰਮ ਘਟਾਉਣਾ ਸ਼ੁਰੂ ਕਰ ਦਿੱਤਾ। ਹੁਣ ਫੇਰ ਕੁਝ ਨਵਾਂ ਕਰਨ ਦੀ ਵਾਰੀ ਸੀ। ਇਹ ਨਵਾਂ ਕੰਮ ਸੀ 'ਨਵਾਂ ਜ਼ਮਾਨਾ' ਅਖਬਾਰ ਵਿਚ ਜ਼ਿੰਮੇਵਾਰੀ ਵਾਲਾ। ਨਵਾਂ ਜ਼ਮਾਨਾ ਦੇ ਟਰੱਸਟੀ ਤਾਂ ਉਹ ਚਿਰਾਂ ਤੋਂ ਸਨ, ਹੁਣ ਉਨ੍ਹਾ ਨੂੰ ਟਰੱਸਟ ਦੇ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ। ਏਸ ਅਹੁਦੇ ਨੂੰ ਉਨ੍ਹਾ ਗੰਭੀਰਤਾ ਨਾਲ ਨਿਭਾਇਆ। ਦੁਪਹਿਰੋਂ ਬਾਅਦ ਉਹ ਹਰ ਰੋਜ਼ 'ਨਵਾਂ ਜ਼ਮਾਨਾ' ਦੇ ਦਫਤਰ ਵਿਚ ਡਿਊਟੀ ਦੇਂਦੇ ਅਤੇ ਅਖਬਾਰ ਦੇ ਪ੍ਰਬੰਧ ਅਤੇ ਵਿਸਤਾਰ ਦੀਆਂ ਯੋਜਨਾਵਾਂ ਬਣਾਉਂਦੇ। ਉਧਰ ਆਪਣੇ ਪਿੰਡ ਦੀ ਨੁਹਾਰ ਬਦਲਣ ਲਈ ਵੀ ਉਹ ਸਰਗਰਮ ਹੋ ਗਏ। ਮਹਿੰਦਰ ਕੌਰ ਦੀ ਸਰਪੰਚੀ ਦੇ ਪੰਜ ਸਾਲਾਂ ਵਿਚ ਤਾਂ ਪਿੰਡ ਦੀ ਤਰੱਕੀ ਲਈ ਬਣਦੇ ਕੰਮ ਕੀਤੇ ਹੀ, ਉਸ ਦੇ ਬਾਹਰ ਜਾ ਕੇ ਕਈ ਕਾਰਜ ਨੇਪਰੇ ਚੜ੍ਹਾਏ, ਜਿਵੇਂ ਪਿੰਡ ਨੂੰ ਬੂਟਿਆਂ, ਫੁੱਲਾਂ ਨਾਲ ਸ਼ਿੰਗਾਰਨਾ ਅਤੇ ਸਾਂਝੀਆਂ ਥਾਂਵਾਂ 'ਤੇ ਬੈਂਚ ਲਗਾਉਣੇ। ਬੋਹੜ ਥੱਲੇ ਥੜ੍ਹਾ ਬਣਾਉਣ ਦਾ ਕੰਮ ਤਾਂ ਉਨ੍ਹਾ ਨੇ ਤੁਰ ਜਾਣ ਤੋਂ ਕੁਝ ਹਫਤੇ ਪਹਿਲਾਂ ਹੀ ਮੁਕੰਮਲ ਕੀਤਾ ਸੀ, ਪਰ ਇਕ ਵਾਰ ਫੇਰ ਏਨਾ ਹੀ ਕਰਦੇ ਰਹਿਣਾ ਉਨ੍ਹਾ ਦੀ ਫਿਤਰਤ ਦਾ ਹਿੱਸਾ ਨਹੀਂ ਸੀ।ਕੁਝ ਵਰ੍ਹੇ ਪਹਿਲਾਂ 'ਨਵਾਂ ਜ਼ਮਾਨਾ' ਐਤਵਾਰਤਾ ਵਿਚ ਉਨ੍ਹਾ ਦਾ ਇਕ ਕਾਲਮ ਚਲਦਾ ਸੀ 'ਅਸੀਂ ਤੇ ਕਾਨੂੰਨ' ਜਿਹੜਾ ਪਾਠਕਾਂ ਨੇ ਬੜਾ ਪਸੰਦ ਕੀਤਾ ਸੀ। ਹੁਣ ਉਨ੍ਹਾ ਨੇ ਰਾਜਨੀਤੀ ਬਾਰੇ ਆਪਣਾ ਕਾਲਮ ਸ਼ੁਰੂ ਕੀਤਾ। ਉਨ੍ਹਾ ਦੇ ਆਪਣੇ ਅੰਦਾਜ਼ ਨੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਉਨ੍ਹਾ ਦੇ ਹਜ਼ਾਰਾਂ ਪਾਠਕ ਪੈਦਾ ਕੀਤੇ। ਕਾਲਮ ਲਿਖਣ ਦੇ ਅਭਿਆਸ ਨੂੰ ਉਹ ਅਗਲੇ ਪੜਾਅ ਤੱਕ ਲੈ ਕੇ ਗਏ ਅਤੇ ਉਪਰੋਥਲੀ ਕਈ ਕਿਤਾਬਾਂ ਲਿਖ ਮਾਰੀਆਂ। ਪਿਛਲੇ ਸਾਲ ਅੱਜ ਦੇ ਦਿਨ ਜਦੋਂ ਉਨ੍ਹਾ ਦੀ ਮੌਤ ਹੋਈ, ਪੰਜਵੀਂ ਕਿਤਾਬ ਪ੍ਰਕਾਸ਼ਕ ਕੋਲ ਛਪਣ ਲਈ ਗਈ ਹੋਈ ਸੀ ਅਤੇ ਛੇਵੀਂ ਕਿਤਾਬ ਦਾ ਖਰੜਾ ਤਿਆਰ ਸੀ। ਕੀ ਪਤਾ ਕਿੰਨੀਆਂ ਹੋਰ ਕਿਤਾਬਾਂ ਦਾ ਖਰੜਾ ਉਨ੍ਹਾ ਦੇ ਦਿਮਾਗ ਵਿਚ ਪਿਆ ਸੀ, ਜਿਨ੍ਹਾਂ ਨੂੰ ਉਹ ਆਪਣੇ ਨਾਲ ਹੀ ਲੈ ਤੁਰੇ! ਤੇ ਕੀ ਪਤਾ ਗੁਰਮੀਤ ਸਿੰਘ ਸ਼ੁਗਲੀ ਦੀ ਸ਼ਖਸੀਅਤ ਨੇ ਅਜੇ ਹੋਰ ਕਿੰਨਾ ਤਰਾਸ਼ੇ ਜਾਣਾ ਸੀ!